# ਭ੍ਰਿਸ਼ਟਾਚਾਰ ਤੇ ਹੋਰ ਭਖਦੇ ਮਸਲੇ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ.**

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਭ੍ਰਿਸ਼ਟਾਚਾਰ ਤੇ ਹੋਰ ਭਖਦੇ ਮਸਲੇ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।

ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2012

© ਲੇਖਕ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-233244 ਫ਼ੈਕਸ : 241744

e-mail : anu_bnl@yahoo.com

www.tarksheel.com

**ਛਾਪਕ :** ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।

**ਕੀਮਤ :** 100/-

*© 2012 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
    - ਭਾਗ-1
    - ਭਾਗ-2
    - ਭਾਗ-3
    - ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਮੌਜੂਦਾ ਵਿਕਾਸ ਬਨਾਮ ਮੇਹਨਤਕਸ਼
16. ਪੂੰਜੀਵਾਦ ਦਾ ਵਿਨਾਸ਼ ਜਰੂਰੀ
17. ਕਟਹਿਰੇ 'ਚ ਰਾਜਨੀਤੀ
18. ਦਾਗੀ ਰਾਜਨੀਤੀ ਦੇ ਨਾਇਕ
19. ਆਲਮੀ ਤਪਸ਼ ਤੇ ਮਹਿੰਗਾਈ
20. ਸ਼ੀਸ਼ਾ ਬੋਲਦਾ ਹੈ
21. ਸ਼ਬਦ ਬੂੰਦ
22. ਨੰਗੇ ਹਰਫ਼
23. ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?
24. ਪਛੜੇ ਵਰਗ ਦੀ ਮੁਕਤੀ ਕਿਵੇਂ?
25. ਕੌਮਾਂਤਰੀ ਸਮੱਸਿਆਵਾਂ
26. ਔਰਤਾਂ ਦੀ ਦਸ਼ਾ ਤੇ ਦਿਸ਼ਾ
27. ਭ੍ਰਿਸ਼ਟਾਚਾਰ ਤੇ ਹੋਰ ਭਖਦੇ ਮਸਲੇ
28. ਮਾਓਵਾਦੀ ਵਿਚਾਰਧਾਰਾ ਤੇ ਆਦਿਵਾਸੀ

# ਤਤਕਰਾ


1. ਕੀ ਹੈ ਮਹਿੰਗਾਈ ਦੀ ਸਮੱਸਿਆ ਤੇ ਉਸ ਦਾ ਹੱਲ? 5
2. ਤੇਲ ਕੰਪਨੀਆਂ ਦੀ ਚਾਂਦੀ, ਲੋਕਾਂ ਦਾ ਕਚੂੰਬਰ 10
3. ਕੀ ਹੈ ਭ੍ਰਿਸ਼ਟਾਚਾਰ ਖਿਲਾਫ਼ ਸੰਘਰਸ਼ ਦਾ ਅਰਥ? 12
4. ਹਰ ਸ਼ਾਖ ਪੇ ਉੱਲੂ ਬੈਠਾ ਹੈ.... 14
5. ਦਿੱਲੀ ਮੈਟਰੋ ਬਨਾਮ ਮੇਹਨਤਕਸ਼-ਮਜ਼ਦੂਰ 17
6. ਬਾਬਾ ਰਾਮਦੇਵ ਦੀ ਅਣਖ ਤੇ ਖੁਸ਼ਹਾਲ ਮੱਧਵਰਗ 20
7. ਨਿਆਂਪਾਲਿਕਾ ਤੇ ਮੀਡੀਆ ਉਪਰ ਪੈਸਾ ਕਿਵੇਂ ਹਾਵੀ? 27
8. ਕੀ ਵਿਸ਼ਵੀ ਕਰਨ ਦੀ ਤਾਕਤਾਂ ਰੋਟੀ, ਪਾਣੀ, ਕੱਪੜਾ ਰੁਜ਼ਗਾਰ ਤੇ ਗੁਲਾਮੀ.... 31
9. ਕਤਾਈ ਮਿਲਾਂ ਦੇ ਮੰਦੇ ਹਾਲ ਕਿਉਂ? 36
10. ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵੇਖਣ ਦਾ ਕੀ ਹੋਵੇ ਨਜ਼ਰੀਆ? 39
11. ਜਨ ਲੋਕਪਾਲ ਕਿੰਨਾ ਕੁ ਕਾਰਗਰ? 42
12. ਨਵ-ਉਦਾਰਵਾਦ ਦੀ ਲਬਾਟਰੀ 'ਚ ਭ੍ਰਿਸ਼ਟਾਚਾਰ 46
13. ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਸਬੰਧੀ ਕੁਝ ਸੁਆਲ 56
14. ਅੰਨਾ ਹਜ਼ਾਰੇ ਦੇ ਸੰਘਰਸ਼ ਦਾ ਫਿਰਕੂ ਕਿਰਦਾਰ 60
15. ਕੀ ਹੈ ਮਾਇਆਵਤੀ ਦਾ ਮਾਫੀਆ ਤੰਤਰ ਤੇ ਰਾਜਸੀ ਅਪਰਾਧੀਕਰਨ? 64
16. ਜਿਹੋ ਜਿਹਾ ਦਰਖ਼ਤ, ਉਹੋ ਜਿਹੇ ਫਲ ਉਸਦੇ 68
17. ਕੀ ਹੈ ਜਨ ਲੋਕਪਾਲ ਬਿੱਲ ਅਤੇ ਇਸ ਦੇ ਮਾਅਨੇ? 71
18. ਨਵ-ਉਦਾਰਵਾਦੀ ਦੌਰ 'ਚ ਵਧਦੀ ਖੁਸ਼ਹਾਲੀ 'ਤੇ ਵਧਦਾ ਭ੍ਰਿਸ਼ਟਾਚਾਰ 78
19. ਅਸਲੀਅਤ 'ਚ ਕੀ ਹੈ ਅੰਨਾ ਹਜ਼ਾਰੇ ਦੀ ਮੁਹਿੰਮ? 80
20. ਅੰਨਾ ਹਜ਼ਾਰੇ, ਲੋਕਪਾਲ ਬਿੱਲ ਤੇ ਐਨ. ਜੀ. ਓ. 83
21. ਪ੍ਰਚੂਨ ਖੇਤਰ 'ਚ ਵਿਦੇਸ਼ੀ ਨਿਵੇਸ਼ ਕਿਸ ਦੇ ਹਿੱਤਾਂ 'ਚ? 85
22. 'ਤੇ ਭਗਵਾਨ ਮਰ ਗਏ ਭਵਿੱਖਬਾਣੀ ਕੰਮ ਨਾ ਆਈ 87
23. ਅਮੀਰ ਦੇਵਤੇ ਬਨਾਮ ਗਰੀਬ ਲੋਕ 90
24. ਮੁਨਾਫੇ ਦੀ ਹਵਸ਼ ਬਨਾਮ ਮਜ਼ਦੂਰਾਂ ਦੀ ਚੀਕਾਂ 95
25. ਭੋਲੇ ਭਾਲੇ ਲੋਕਾਂ ਨੂੰ ਸ਼ਿਕਾਰ ਬਣਾਉਣ ਵਾਲੇ ਜਾਹਲਸਾਜ 98
26. ਭ੍ਰਿਸ਼ਟਾਚਾਰ, ਮੱਧਵਰਗ, ਸਰਮਾਏਦਾਰ ਜਮਾਤ ਤੇ ਫਾਸ਼ੀਵਾਦ 101
27. ਅਬਦੁਲ ਕਲਾਮ ਨੇ ਦੇਸ਼ ਦੇ ਕਿਹੜੇ ਭਵਿੱਖ ਦੀ ਤਸਵੀਰ ਪੇਸ਼ ਕੀਤੀ? 106
28. ਇਤਿਹਾਸ ਦੇ ਝਰੋਖੇ 'ਚੋਂ-ਕਿੰਨਾ ਮਹਾਂਪੁਰਸ਼ਾਂ ਨੇ ਆਜ਼ਾਦੀ ਦੀ ਪਹਿਲੀ ਲੜਾਈ.... 112
29. ਇਤਿਹਾਸ ਦੇ ਝਰੋਖੇ 'ਚੋਂ-ਕਿਹੜੇ ਮਹਾਂਪੁਰਸ਼ਾਂ ਨੇ ਅਜ਼ਾਦੀ ਦੀ ਪਹਿਲੀ ਜੰਗ ਨੂੰ ਢਾਹ ਲਾਈ? 117
30. ਕੀ ਭ੍ਰਿਸ਼ਟਾਚਾਰ ਦੀ ਸਰੀਰਕ ਚੀਰਫਾੜ ਤੋਂ ਭਾਵ? 122
31. ਜਨ-ਲੋਕਪਾਲ ਬਿਲ-ਮੁੱਢੋਂ ਹੀ ਨੁਕਸਦਾਰ ਕਿਵੇਂ? 126
32. ਦੇਸ਼ ਘਪਲਿਆਂ ਤੋਂ ਮਹਾਂ ਘਪਲਿਆਂ ਵੱਲ ਨੂੰ?-ਕੀ ਭ੍ਰਿਸ਼ਟਾਚਾਰ ਨੇ ਕੈਂਸਰ.... 130
33. ਕੀ ਫਸ ਗਏ ਅਮਰ ਸਿੰਘ (ਵੋਟ ਬਦਲੇ ਨੋਟ ਮਾਮਲਾ) 134
34. ਕੀ ਹੈ ਗੈਰ ਕਾਨੂੰਨੀ ਵਿਤ ਵਹਾਅ ਬੁਨਾਮ ਡਕੈਤੀ ਦੇ ਪੈਸੇ ਦੇ ਨਿਕਾਸ ਦਾ ਵੱਡਾ ਪਰਨਾਲਾ? 139
35. ਕਰੰਸੀ ਨੋਟਾਂ ਸਬੰਧੀ – ਕੀ ਕਾਨੂੰਨੀ ਤੌਰ 'ਤੇ ਗਾਂਧੀ ਰਾਸ਼ਟਰ ਪਿਤਾ ਹੈ? 142
36. ਸਮਾਜਿਕ ਸਰੋਕਾਰਾਂ ਤੋਂ ਦੂਰ ਹੁੰਦਾ ਮੀਡੀਆ 145
37. ਇਕ ਦਵਾਈ ਦਾ ਪੇਟੈਂਟ ਜਾਂ ਲੱਖਾਂ ਲੋਕਾਂ ਦੀ ਮੌਤ ਦਾ ਪੈਗਾਮ 149
38. ਨਜਾਇਜ ਕਬਜੇ ਹਟਾਉਣ ਬਹਾਨੇ ਲੱਖਾਂ ਪ੍ਰੀਵਾਰ ਉਜੜੇ 151
39. ਕੀ ਹੈ ਅਮਰੀਕੀ ਸਾਮਰਾਜ ਦੀ ਜੰਗਬਾਜ ਨੀਤੀ? 153
40. ਕੀ ਹੈ ਦਹਿਸ਼ਤਗਰਦੀ ਖਿਲਾਫ਼ ਜੰਗ ਦਾ ਅਮਰੀਕੀ ਦਾਅਵਾ? 156

# ਕੀ ਹੈ ਮਹਿੰਗਾਈ ਦੀ ਸਮੱਸਿਆ ਤੇ ਉਸ ਦਾ ਹੱਲ?

ਮਹਿੰਗਾਈ ਅੱਜ ਸਾਰੇ ਪਾਸੇ ਚਰਚਿਤ ਮੁੱਦਾ ਬਣ ਚੁੱਕਿਆ ਹੈ। ਖਾਣ ਵਾਲੀਆਂ ਚੀਜ਼ਾਂ ਦੇ ਭਾਵਾਂ ਦੇ ਆਕਾਸ਼ ਚੜ੍ਹਨ ਨਾਲ ਹਰ ਘਰ ਦੀ ਰਸੋਈ ਦਾ ਬਜਟ ਵਧਦਾ ਜਾ ਰਿਹਾ ਹੈ। ਅਨਾਜ ਦੇ ਮਹਿੰਗਾ ਹੋਣ ਦਾ ਸਭ ਤੋਂ ਵੱਧ ਨੁਕਸਾਨ ਮਜ਼ਦੂਰ ਜਮਾਤ ਨੂੰ ਝੱਲਣਾ ਪੈ ਰਿਹਾ ਹੈ ਕਿਉਂਕਿ ਜਿਸ ਗਤੀ ਨਾਲ ਕੀਮਤਾਂ ਵੱਧ ਰਹੀਆਂ ਹਨ। ਉਸ ਦੀ ਤੁਲਨਾ 'ਚ ਮਜ਼ਦੂਰਾਂ ਦੀ ਤਨਖਾਹ 'ਚ ਵਾਧਾ ਨਾਂਹ ਦੇ ਬਰਾਬਰ ਜਾਂ ਖਾਸਾ ਘੱਟ ਹੈ। ਸਿਟੇ ਵਜੋਂ ਮਜ਼ਦੂਰ ਵਰਗ ਦਾ ਜੀਵਨ ਪੱਧਰ ਲਗਾਤਰ ਡਿਗਦਾ ਜਾ ਰਿਹਾ ਹੈ। ਪਿਆਜ ਤੇਲ ਦੀਆਂ ਕੀਮਤਾਂ ਪਿਛੋਂ ਹੁਣ ਖਾਣ-ਪੀਣ ਦੇ ਹਰ ਸਮਾਨ ਦੀ ਕੀਮਤ ਵਧ ਰਹੀ ਹੈ। ਮਹਿੰਗਾਈ ਦੀ ਮਾਰ ਭਾਰਤ 'ਚ ਹੀ ਨਹੀਂ ਬਲਕਿ ਸੰਸਾਰ ਪੱਧਰ 'ਤੇ ਮਹਿਸੂਸ ਕੀਤੀ ਜਾ ਸਕਦੀ ਹੈ। ਸੰਸਾਰ ਦੇ ਸਾਰੇ ਮੁਲਕਾਂ ਵਿੱਚ ਮਹਿੰਗਾਈ ਨੇ ਲੋਕਾਂ ਨੂੰ ਸੜਕਾਂ 'ਤੇ ਲੈ ਆਂਦਾ ਹੈ। ਕਈ ਦੇਸ਼ ਦੰਗਿਆਂ ਤੇ ਲੁਟਮਾਰ ਦੀ ਮਾਰ ਹੇਠ ਹਨ।

ਵਿਸ਼ਵੀ ਮਹਿੰਗਾਈ - ਪਿਛਲੇ ਕੁਝ ਹਫਤਿਆਂ 'ਚ ਟਿਊਨੇਸ਼ੀਆ, ਮੋਰਕੋ, ਅਲਜੀਰੀਆ, ਜਾਰਡਨ, ਮੋਜਾਮਬੀਕਾ ਆਦਿ ਦੇਸ਼ਾਂ ਵਿੱਚ ਮਹਿੰਗਾਈ ਦੀ ਮਾਰ ਕਾਰਨ ਦੰਗਿਆ ਤੇ ਵਿਰੋਧੀ ਮੁਜਾਹਰਿਆਂ ਦੀ ਇਕ ਲੰਬੀ ਲੜੀ ਪੈਦਾ ਹੋ ਗਈ ਹੈ। ਟਿਊਨੀਸ਼ੀਆ 'ਚ ਸਰਕਾਰ ਪਲਟੀ ਜਾ ਚੁੱਕੀ ਹੈ ਤਾਂ ਅਲਜੀਰੀਆਂ 'ਚ ਸਰਕਾਰ ਵਲੋਂ ਅਨਾਜ ਸਬਸਿਡੀ ਘਟਾਉਣ ਦੇ ਵਿਰੋਧ ਵਿੱਚ ਮੁਜਾਹਰਾਕਾਰਿਆਂ ਤੇ ਪੁਲਸ ਦਰਮਿਆਨ ਝੜਪਾਂ ਜਾਰੀ ਹਨ। ਇਸ 'ਚ ਤਿੰਨ ਨਾਗਰਿਕ ਮਾਰੇ ਜਾ ਚੁਕੇ ਹਨ। ਇਕ ਅੰਦਾਜੇ ਮੁਤਾਬਕ ਬੀਤੇ ਸਾਲ 2010 ਵਿੱਚ ਅਨਾਜ ਦੀਆਂ ਕੀਮਤਾਂ 'ਚ ਸੰਸਾਰ ਪੱਧਰ 'ਤੇ 25 ਫੀਸਦੀ ਵਾਧਾ ਹੋਇਆ ਹੈ। ਸੰਯੁਕਤ ਰਾਸ਼ਟਰ ਦੇ ਖੇਤੀ ਤੇ ਅਨਾਜ ਸੰਗਠਨ ਅਨੁਸਾਰ ਅਨਾਜ ਸੂਚਆਂਕ ਨੇ 2008 ਦਾ ਰਿਕਾਰਡ ਤੋੜ ਦਿੱਤਾ ਹੈ। ਸਾਲ 2008 'ਚ 18 ਮਹੀਨੇ ਦੇ ਫਰਕ ਨਾਲ ਅਨਾਜ ਦੀਆਂ ਕੀਮਤਾਂ ਲਗਭਗ ਦੁਗਣੀਆਂ ਹੋ ਗਈਆਂ ਸਨ। ਉਸ ਸਮੇਂ ਵੀ ਦਰਜਨਾ ਦੇਸ਼ਾਂ ਵਿੱਚ ਇਸ ਮੁੱਦੇ 'ਤੇ ਵਿਆਪਕ ਰੋਸ ਵੇਖਣ ਨੂੰ ਮਿਲਿਆ ਸੀ। ਜੇ ਬੀਤੇ ਸਾਲ 2010 ਦੀ ਗੱਲ ਕੀਤੀ ਜਾਵੇ ਤਾਂ ਮੱਕੀ ਦੀਆਂ ਕੀਮਤਾਂ 'ਚ 52% ਕਣਕ 'ਚ 49% ਸੋਆਬੀਨ 'ਚ 28 ਫੀਸਦੀ, ਕਾਫੀ 'ਚ 53 ਫੀਸਦੀ ਤੇ ਕਾਟਨ 'ਚ 119 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਸੀ। ਕੀਮਤਾਂ 'ਚ ਇਸ ਵਾਧੇ ਦਾ ਵੈਸੇ ਤਾਂ ਸਾਰੀ ਦੁਨੀਆਂ ਦੇ ਹੀ ਮਜ਼ਦੂਰਾਂ ਨੂੰ ਸ਼ਿਕਾਰ ਹੋਣਾ ਪਿਆ ਹੈ ਪਰ ਅਫਰੀਕੀ ਗਰੀਬ ਮੁਲਕਾਂ 'ਚ ਜਨਤਾ ਦਾ ਜੀਵਨ ਪੱਧਰ ਕਿਸ ਤਰ੍ਹਾਂ ਜਿੰਦਾ ਰਹਿਣ ਤੋਂ ਭੁੱਖਮਰੀ ਵੱਲ ਵੱਧ ਗਿਆ ਹੈ। ਮਿਸ਼ਰ, ਇਥੋਪੀਆ 'ਚ ਲੋਕ ਆਪਣੀ ਆਮਦਨ ਦਾ 50 ਫੀਸਦੀ ਤਕ ਖਾਣ ਵਾਲੀਆਂ ਚੀਜ਼ਾਂ 'ਤੇ ਖਰਚ ਕਰਨ ਲਈ ਮਜ਼ਬੂਰ ਹਨ ਤਾਂ ਮੋਜਾਮਬੀਕ 'ਚ ਇਹ ਅੰਕੜਾ 75 ਫੀਸਦੀ ਤੋਂ ਉਪਰ ਜਾ ਚੁੱਕਿਆ ਹੈ। ਸਹਿਜੇ ਹੀ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਆਪਣੀ ਆਮਦਨ ਦਾ ਤਿੰਨ ਚੌਥਾਈ ਖਾਣ ਵਾਲੀਆਂ ਚੀਜ਼ਾਂ 'ਤੇ ਖਰਚ ਕਰਨ ਪਿੱਛੋਂ ਮਜ਼ਦੂਰ ਤੇ ਆਮ ਮਿਹਨਤਕਸ਼ ਜਨਤਾ ਦੇ ਸਿੱਖਿਆ, ਸਿਹਤ, ਰਿਹਾਇਸ਼ ਮਨੋਰੰਜਨ ਆਦਿ ਦੀ ਕੀ ਹਾਲਤ ਹੋਵੇਗੀ। ਇਹ ਸਥਿਤੀ ਅਸਲ ਵਿੱਚ ਜਿਉਣ ਤੇ ਮਰਨ ਵਿਚਕਾਰ ਜ਼ਿੰਦਗੀ

ਦੇ ਲਟਕਣ ਦੀ ਸਥਿਤੀ ਹੈ। ਸੰਸਾਰ ਪੱਧਰ 'ਤੇ ਅਨਾਜ ਦੀਆਂ ਏਨੀਆਂ ਵਧਦੀਆਂ ਕੀਮਤਾਂ ਨੂੰ ਪੂੰਜੀਵਾਦੀ-ਸਾਮਰਾਜ ਪ੍ਰਚਾਰ ਤੰਤਰ 2010 'ਚ ਫਸਲਾਂ ਦਾ ਬੁਰਾ ਹੋਣਾ। ਕੁਝ ਦੇਸ਼ਾਂ 'ਚ ਕੁਦਰਤੀ ਆਫਤ ਦਾ ਸਿੱਟਾ ਐਲਾਨ ਕੇ ਜਨਤਾ ਨੂੰ ਇਸ 'ਆਫਤ' ਦਾ ਸ਼ਿਕਾਰ ਹੋਣ ਨੂੰ ਛੱਡ ਦੇਣ ਲਈ ਕਹਿ ਰਿਹਾ ਹੈ। ਇਹ ਸਹੀ ਹੈ ਕਿ ਪਿਛਲੇ ਸਾਲ। ਬ੍ਰਾਜੀਲ, ਆਸਟ੍ਰੇਲੀਆਂ 'ਚ ਆਏ ਭਿਆਨਕ ਹੜ੍ਹ ਨੇ ਕੁਝ ਫਸਲ ਨੂੰ ਬੁਰੀ ਤਰ੍ਹਾਂ ਬਰਬਾਦ ਕਰ ਦਿੱਤਾ। ਇਸ ਸਾਰੇ ਨਾਲ ਸੰਸਾਰ ਬਜ਼ਾਰ 'ਚ ਅਨਾਜ ਦੀ ਸਪਲਾਈ 'ਤੇ ਅਸਰ ਪਿਆ ਤੇ ਇਸਨੇ ਕੀਮਤਾ ਦੇ ਵਧਣ 'ਚ ਇਕ ਕਾਰਕ ਦਾ ਕੰਮ ਕੀਤਾ। ਪਰ ਉਪਰੋਕਿਤ ਕਾਰਣ ਮਹਿੰਗਾਈ ਦਾ ਇਕ ਵੱਡਾ ਕਾਰਨ ਹੀ ਹੈ, ਮੁੱਖ ਕਾਰਨ ਨਹੀਂ। ਕਿਉਂਕਿ ਕੀਮਤਾਂ 'ਚ ਵਾਧਾ ਸਿਰਫ਼ ਅਨਾਜ ਦੇ ਖੇਤਰ 'ਚ ਹੀ ਨਹੀਂ ਪੈਟਰੋਲੀਅਮ ਪਦਾਰਥਾਂ 'ਚ ਵੀ ਵੇਖਿਆ ਜਾ ਸਕਦਾ ਹੈ। ਪੈਟਰੋਲੀਅਮ ਕੱਚਾ ਤੇਲ ਸਾਲ ਭਰ 'ਚ 26.5 ਫੀਸਦੀ ਮਹਿੰਗਾ ਹੋ ਗਿਆ ਅਤੇ 100 ਡਾਲਰ ਪ੍ਰਤੀ ਬੈਰਲ ਜਾ ਪੁੱਜਾ ਹੈ। ਤਾਂਬੇ ਦੀਆਂ ਕੀਮਤਾਂ 'ਚ ਸਾਲ ਭਰ 'ਚ 30 ਫੀਸਦੀ ਦਾ ਵਾਧਾ ਹੋਇਆ ਹੈ।

ਪੈਟ੍ਰੋਲ-ਡੀਜ਼ਲ ਤੇ ਊਰਜਾ ਦੇ ਹੋਰ ਸਾਧਨਾ ਦੀਆਂ ਕੀਮਤਾਂ 'ਚ ਵਾਧੇ ਨਾਲ ਹੀ ਅਨਾਜ ਵਸਤਾਂ ਦੀਆਂ ਕੀਮਤਾਂ 'ਚ ਵਾਧੇ ਨੂੰ ਹੱਲਾਸ਼ੇਰੀ ਮਿਲੀ ਹੈ ਕਿਉਂਕਿ ਖੇਤੀ ਦੇ ਅਮਲ 'ਚ ਊਰਜਾ ਦੇ ਇਹਨਾਂ ਹੀ ਸਾਧਨਾ ਦੀ ਵਰਤੋਂ ਹੁੰਦੀ ਹੈ। ਅਮਰੀਕਾ ਆਪਣੀ ਮੱਕੀ ਦੀ ਪੈਦਾਵਾਰ ਦਾ ਵੱਡਾ ਹਿੱਸਾ ਅੱਜ ਤੇਲ ਬਣਾਉਣ 'ਚ ਲਾ ਰਿਹਾ ਹੈ ਤਾਂ ਸੁਭਾਵਕ ਹੀ ਹੈ, ਮੱਕੀ ਦੇ ਭਾਅ ਵਧਣਗੇ ਹੀ। ਇਕ ਗੱਲ ਜੋ ਗੌਰ ਕਰਨ ਵਾਲੀ ਹੈ ਕਿ ਅੱਜ ਹੜ-ਆਸਟੇਲੀਆ-ਬ੍ਰਾਜੀਲ 'ਚ ਆਉਂਦਾ ਹੈ ਪਰ ਇਸ ਦੇ ਸ਼ਿਕਾਰ ਅਫਰੀਕੀ ਗਰੀਬ ਮੁਲਕਾਂ ਦੇ ਲੋਕ ਬਣਦੇ ਹਨ। ਅਜਿਹਾ ਕਿਉਂ ਹੈ? ਅੱਜ ਦੋਹਾਂ ਦੀ ਵਜਾਹ ਅਫਰੀਕੀ ਮੁਲਕਾਂ ਦੀ ਸਾਮਰਜੀ ਲੁੱਟ 'ਚ ਛੁਪੀ ਹੈ। ਸਾਮਰਾਜੀ ਤਾਕਤਾਂ ਨੇ ਇਕ ਇਕ ਕਰਕੇ ਅਫਰੀਕੀ ਗਰੀਬ ਮੁਲਕਾਂ ਦੀ ਖੇਤ ਨੂੰ ਚੋਪਟ ਕੀਤਾ ਹੈ। ਉਹਨਾਂ ਨੂੰ ਵਿਸ਼ਵੀ ਪੂੰਜੀਵਾਦੀ ਪ੍ਰਣਾਲੀ 'ਚ ਸ਼ਾਮਲ ਕਰਕੇ ਖਾਣ ਵਾਲੀਆਂ ਚੀਜ਼ਾਂ ਲਈ ਵਿਸ਼ਵ ਬਾਜ਼ਾਰ 'ਤੇ ਨਿਰਭਰ ਬਣਾਇਆ ਹੈ। ਉਹਨਾਂ ਦੇ ਕੱਚੇ ਮਾਲ ਤੇ ਸਾਧਨਾ ਦੀ ਬੇਰਹਿਮ ਲੁਟ ਕਰਕੇ ਇਹਨਾ ਅਦਾਰਿਆਂ ਦੇ 'ਧਨੀ' ਦੇਸ਼ਾਂ ਦੇ ਲੋਕਾਂ ਨੂੰ ਭੁਖਮਰੀ ਦੇ ਕੰਢੇ ਧੱਕ ਦਿੱਤਾ ਹੈ। ਅਜਿਹੇ 'ਚ ਸਪਸ਼ਟ ਹੈ ਕਿ ਪੈਟ੍ਰੋਲੀਅਮ ਦੀਆਂ ਕੀਮਤਾਂ 'ਚ ਵਾਧੇ ਸਬੰਧੀ ਅਫਰੀਕੀ ਦੇਸ਼ਾਂ ਦੀ ਕੰਗਾਲੀ ਕਿਸੇ ਕੁਦਰਤੀ ਆਫਤ ਦਾ ਸਿੱਟਾ ਨਹੀਂ ਹੈ। ਇਹ ਸਾਮਰਾਜੀ ਲੁਟੇਰਿਆਂ ਦੀ ਅਜ਼ਾਰੇਦਾਰੀ ਤੇ ਮੁਨਾਫੇ ਦੀ ਹਵਸ਼ ਦਾ ਸਿੱਟਾ ਹੈ। ਜਿਸ ਨੂੰ ਅਫਰੀਕੀ ਲੋਕ ਸਭ ਤੋਂ ਨੰਗੇ-ਚਿਟੇ ਰੂਪ 'ਚ ਭੁਗਤ ਰਹੇ ਹਨ। 'ਵਿਸ਼ਵੀਕਰਨ-ਉਦਾਰੀਕਰਨ' ਦੇ ਅੱਜ ਦੇ ਦੌਰ 'ਚ ਸਭ ਦੇਸ਼ਾਂ ਦੇ ਬਜ਼ਾਰ ਆਤਮ ਨਿਰਭਰਤਾ ਤੇ ਰਾਖਵੇਂਕਰਨ ਦੀ ਨੀਤੀਆਂ ਨੂੰ ਪੂਰੀ ਤਰ੍ਹਾਂ ਤਿਆਗ ਕੇ ਵਿਸ਼ਵ ਬਜ਼ਾਰ 'ਚ ਅਜ਼ਾਰੇਦਾਰ ਹੁੰਦੇ ਜਾ ਰਹੇ ਹਨ। ਇਹਨਾ ਦਾ ਇਕ ਵਿਨਾਸ਼ਕਾਰੀ ਸਿੱਟਾ ਇਸ ਰੂਪ 'ਚ ਨਜ਼ਰ ਆਉਂਦਾ ਹੈ ਕਿ ਅੱਜ ਬਾਜ਼ਾਰ 'ਚ ਕੀਮਤ ਸਾਮਰਾਜੀ ਮੁਲਕਾਂ ਤੇ ਉਹਨਾਂ ਦੀਆਂ ਮੁਠੀਭਰ ਅਜ਼ਾਰੇਦਾਰ ਬਹੁਕੌਮੀ ਕੰਪਨੀਆਂ ਦੇ ਹੱਥਾਂ ਦੀ ਖੇਡ ਬਣ ਗਈ ਹੈ। ਕਾਰਗਲ ਵਰਗੀ ਅਮਰੀਕੀ ਅਨਾਜ ਕੰਪਨੀ ਨੂੰ ਮੋਟਾ ਮੁਨਾਫਾ ਹੁੰਦਾ ਰਹਿੰਦਾ ਹੈ। ਭਾਵੇਂ ਲੋਭ ਹੁੱਥ ਨਾਲ ਮਰਦੇ ਰਹਿਣ। ਇਸ ਤੋਂ ਸਪਸ਼ਟ ਹੈ ਕਿ ਮੌਜੂਦਾ ਵਿਸ਼ਵੀ ਮਹਿੰਗਾਈ 'ਚ ਕੁਝ ਦੇਸ਼ਾਂ ਦੀ ਫਸਲ ਮਾਰੀ ਜਾਣੀ, ਇਕ ਛੋਟਾ ਕਾਰਨ ਹੈ ਅਸਲ

ਕਾਰਨ ਤਾਂ ਸਾਮਰਾਜੀ-ਪੂੰਜੀਵਾਦੀ ਨੀਤੀਆਂ ਹਨ ਜਿਹਨਾਂ ਨੇ ਸਾਰੇ ਗਰੀਬ ਮੁਲਕਾਂ ਦੀ ਖੇਤੀ ਚੌਪਟ ਕਰਕੇ ਉਹਨਾਂ ਨੂੰ ਆਪਣੇ 'ਤੇ ਨਿਰਭਰ ਬਣਾਇਆ। ਵਿਸ਼ਵੀ ਬਾਜ਼ਾਰ 'ਤੇ ਇਹਨਾਂ ਦੇ ਕੰਟਰੋਲ ਰਾਹੀਂ ਅਤੇ ਇਹਨਾਂ ਦੀਆਂ ਉਦਾਰਵਾਦੀ ਨੀਤੀਆਂ ਕਾਰਨ ਮਹਿੰਗਾਈ ਪੈਦਾ ਹੋਈ ਸੱਟੇਬਾਜੀ ਤੇ ਜਮਾਖੋਰੀ ਦੀਆਂ ਤਾਕਤਾਂ ਅੱਜ ਸੰਸਾਰਕ ਪੱਧਰ 'ਤੇ ਕੰਮ ਕਰ ਰਹੀਆਂ ਹਨ। ਤਾਂਹੀ ਤਾਂ ਅਜਿਹਾ ਹੁੰਦਾ ਹੈ ਕਿ ਅਮਰੀਕੀ 'ਚ ਅਨਾਜ ਬਰਬਾਦ ਕੀਤਾ ਜਾਂਦਾ ਹੈ। ਤਾਂ ਕਿ ਕੀਮਤਾਂ ਡਿੱਗਣ ਨਾ ਵਪਾਰੀ ਤੇ ਧਨੀ ਕਿਸਾਨ ਘਾਟੇ 'ਚ ਨਾ ਜਾਣ। ਉਹ ਸਪਲਾਈ ਘਟਣ ਨਾਲ ਭਾਅ ਵਧਦੇ ਨਜ਼ਰ ਆਉਂਦੇ ਹਨ। ਇਸੇ ਕਾਰਨ ਹੁੰਦਾ ਹੈ ਕਿ ਵਿਸ਼ਵੀ ਪੈਮਾਨੇ 'ਤੇ ਅਨਾਜ ਦਾ ਨਿਯਮਨ ਤੇ ਵੰਡ ਸਬ-ਬਜ਼ਾਰ ਦੇ ਹਵਾਲੇ ਸੌਂਪਿਆ ਜਾ ਚੁੱਕਿਆ ਹੈ।

ਭਾਰਤ ਵਿੱਚ ਮਹਿੰਗਾਈ - 1990 ਦੇ ਪਿਛੋਂ ਤੋਂ ਭਾਰਤ ਦੀ ਹਾਕਮ ਦਲਾਲ ਨੌਕਰਸ਼ਾਹ ਸਰਮਾਏਦਾਰੀ ਨੇ ਵੀ ਤੇਜੀ ਨਾਲ ਉਦਾਰੀਕਰਣ-ਵਿਸ਼ਵੀਕਰਣ ਦੀਆਂ ਨੀਤੀਆਂ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਸੀ। ਅੱਜ ਦੁਨੀਆਂ ਦੇ ਬਾਕੀ ਮੁਲਕਾਂ ਵਾਗੂੰ ਭਾਰਤ ਵੀ ਵਿਸ਼ਵ ਬਾਜ਼ਾਰ 'ਚ ਅਜਾਰੇਦਾਰੀ ਹੁੰਦੀ ਜਾ ਰਹੀ ਹੈ। ਇਸ ਲਈ ਸੰਸਾਰਕ ਪੱਧਰ 'ਤੇ ਪੈਦਾ ਹੋਣ ਵਾਲੀ ਕਿਸੇ ਸਮੱਸਿਆ ਦਾ ਅਸਰ ਭਾਰਤ ਦੇ ਬਾਜ਼ਾਰ 'ਚ ਵੀ ਦਿਖਾਈ ਦੇਣਾ ਲਾਜਮੀ ਹੈ।

ਇਸ ਦੀ ਸਭ ਤੋਂ ਵੱਡੀ ਮਿਸਾਲ ਪਿਆਜ ਦੀ ਹੈ। ਪਿਛੇ ਜਿਹੇ ਹੀ ਪਿਆਜ ਦੇ ਭਾਅ ਵਧ ਕੇ ਅਚਾਨਕ 80-90 ਰੁਪਏ ਫੀ ਕਿਲੋ ਤਕ ਜਾ ਪਹੁੰਚੇ ਜਦ ਕਿ ਇਸ ਸਾਲ ਸਾਡੇ ਦੇਸ਼ 'ਚ ਪਿਆਜ ਦੀ ਪੈਦਾਵਾਰ 'ਚ ਕੋਈ ਖਾਸ ਗਿਰਾਵਟ ਨਹੀਂ ਹੋਈ ਸੀ। ਵਿਸ਼ਵ ਪੱਧਰ 'ਤੇ ਪਿਆਜ ਦੀਆਂ ਕੀਮਤਾਂ ਜਦ 60 ਰੁਪਏ ਫੀ ਕਿਲੋ ਪਹੁੰਚ ਗਈਆਂ ਤਾਂ ਸਾਡੇ ਦੇਸ਼ ਦੇ ਪਿਆਜ ਕਾਰੋਬਾਰੀਆਂ ਨੂੰ ਦੇਸ਼ ਅੰਦਰ ਪਿਆਜ ਵੇਚਣ ਤੋਂ ਵੱਧ ਫਾਇਦਾ ਬਰਾਮਦ ਕਰਨ 'ਚ ਹੋਣ ਲੱਗਿਆ ਅਤੇ ਇਸ ਸਾਲ ਭਾਰਤ ਤੋਂ ਰਿਕਾਰਡ 2200 ਕਰੋੜ ਰੁਪਏ ਦੇ ਪਿਆਜ ਬਰਾਮਦ ਹੋ ਗਏ। ਇਸ ਕਾਰਨ ਦੇਸ਼ ਅੰਦਰ ਕਿੱਲਤ ਪੈਦਾ ਹੋ ਗਈ ਤੇ ਭਾਅ ਵਧ ਕੇ 80-90 ਰੁਪਏ ਪ੍ਰਤੀ ਕਿਲੋ ਤੱਕ ਜਾ ਪਹੁੰਚੇ। ਅੰਤ 'ਚ ਸਰਕਾਰ ਨੂੰ ਪਾਕਿਸਤਾਨ ਤੋਂ ਪਿਆਜ ਦਰਾਮਦ ਕਰਨਾ ਪਿਆ। ਪੈਟ੍ਰੋਲੀਅਮ ਦੀਆਂ ਕੀਮਤਾਂ ਵੀ ਬਜ਼ਾਰ ਰਾਹੀਂ ਤਹਿ ਹੋਣ ਇਹ ਸਰਕਾਰ ਦੀ ਨੀਤੀ ਹੈ। ਜਿਸ ਦੇ ਤਹਿਤ ਵਿਸ਼ਵ ਬਜ਼ਾਰ 'ਚ ਤੇਲ ਦੀਆਂ ਕੀਮਤਾਂ ਵਧਣ ਨਾਲ ਭਾਰਤ 'ਚ ਵੀ ਕੀਮਤਾਂ ਵਧੀਆ ਤੇ ਜਿਸ ਦਾ ਅਸਰ ਬਾਕੀ ਸਭ ਪਦਾਰਥਾਂ ਦੇ ਭਾਵਾਂ ਦੇ ਵਾਧੇ 'ਚ ਨਿਕਲਿਆ। ਪੈਟ੍ਰੋਲ ਦੀ ਕੀਮਤ ਤਹਿ ਕਰਨ ਦਾ ਅਧਿਕਾਰ ਸਰਕਾਰ ਨੇ ਜਨਤਕ ਤੇ ਨਿੱਜੀ ਕੰਪਨੀਆਂ ਨੂੰ ਦੇ ਦਿੱਤਾ ਹੈ। ਡੀਜਲ-ਗੈਸ 'ਚ ਵੀ ਅਜਿਹਾ ਹੀ ਕਰਨ ਦਾ ਅਧਿਕਾਰ ਰੱਖਦੀ ਹੈ। ਇਸ ਦੇ ਨਾਲ ਹੀ ਸਰਕਾਰ ਵਲੋਂ ਜਮ੍ਹਾਖੋਰੀ ਸਟੇਬਾਜੀ ਆਦਿ ਨੂੰ ਕਾਨੂੰਨੀ ਜਾਮਾ ਪਹਿਨਾਇਆ। ਕੀਮਤਾਂ ਨੂੰ ਦੇਸ਼ ਦੇ ਵੱਡੇ ਵਪਾਰੀਆਂ ਦੇ ਹੱਥਾਂ ਦੀ ਖੇਡ ਬਣਾ ਦਿੱਤਾ। ਵਾਅਦਾ ਕਾਰੋਬਾਰ ਦੇ ਦਾਇਰੇ 'ਚ ਅਨੇਕਾਂ ਚੀਜ਼ਾਂ ਹੁਣ ਆ ਚੁੱਕੀਆਂ ਹਨ। ਸੁੱਟੇ ਦੀ ਇਹ ਖੇਡ ਲੋਕਾਂ ਦਾ ਗਲ ਘੁੱਟ ਰਹੀ ਹੈ। ਇਸ ਸਾਰੇ ਦਾ ਸਿੱਟਾ ਇਹ ਨਿਕਲਿਆ ਕਿ ਜਿੱਥੇ ਅਨਾਜ ਦੇ ਭਾਅ ਆਕਾਸ਼ ਛੂਹ ਰਹੇ ਹਨ। ਇਸ ਦਾ ਭੋਰਾ ਵੀ ਫਾਇਦਾ ਭਾਰਤ ਦੀ ਆਮ (ਧਨੀ ਕਿਸਾਨਾਂ ਤੇ ਕੁਲਕਾਂ ਨੂੰ ਛੱਡ ਕੇ) ਕਿਸਾਨ ਅਬਾਦੀ ਦੇ ਹੱਥਾਂ 'ਚ ਨਹੀਂ ਸੀ।

ਭਾਰਤ 2010 'ਚ ਹੀ 17000 ਤੋਂ ਵੱਧ ਕਿਸਾਨਾਂ ਨੇ ਆਤਮ ਹੱਤਿਆ ਕੀਤੀ ਯਾਨੀ ਕੀਮਤ ਵਾਧੇ ਦੀ ਸਾਰੀ ਖੇਡ ਤੇ ਵਿਚੋਲਿਆਂ ਨੇ ਹਾਸਲ ਕੀਤਾ। ਧਨੀ ਕਿਸਾਨੀ ਤੇ ਵੱਡੇ ਜਾਗੀਰਦਾਰ ਦਰਾਮਦ ਤੋਂ ਲੈਕੇ ਵਾਅਦਾ ਕਾਰੋਬਾਰ ਆਦਿ ਸਭ ਰਾਹੀਂ ਇਸ ਸਮੇਂ ਅਥਾਹ ਮੁਨਾਫਾ ਬਟੋਰ ਰਹੇ ਹਨ। ਵੈਸੇ ਸਰਕਾਰ ਬਰਾਮਦ 'ਤੇ ਰੋਕ, ਦਰਾਮਦ ਨੂੰ ਸੌਖਾ ਕਰਨ ਆਦਿ ਦੇ ਕਦਮ ਉਠਾ ਕੇ ਖੁਦ ਨੂੰ ਹਮਦਰਦ ਤਾਂ ਵਿਖਾਉਂਦੀ ਹੈ ਪਰ ਇਹ ਉਸ ਸਮੇਂ ਪਤਾ ਨਹੀਂ ਕਿਉਂ ਸੁੱਤੀ ਰਹਿੰਦੀ ਹੈ ਜਦ ਵੱਡੇ ਪੈਮਾਨੇ 'ਤੇ ਅਨਾਜ ਦੇਸ਼ ਤੋਂ ਬਾਹਰ ਪਹੁੰਚ ਜਾਂਦਾ ਹੈ ਅਤੇ ਦੇਸ਼ 'ਚ ਸਪਲਾਈ ਘਟ ਕੇ ਕੀਮਤਾਂ ਵਧਣ ਲੱਗਦੀਆਂ ਹਨ। ਸਾਫ਼ ਜਿਹੀ ਗੱਲ ਹੈ ਕਿ ਸ਼ਰਦ ਪਵਾਰ ਵਰਗੇ ਖੇਤੀ ਮੰਤਰੀ ਜੋ ਕਿ ਧਨੀ ਕਿਸਾਨਾ, ਵੱਡੇ ਭੋਇੰ ਮਾਲਕਾਂ ਤੇ ਖੇਤੀ ਖੇਤਰ ਵਿੱਚ ਸਰਗਰਮ ਸਰਮਾਏਦਾਰਾਂ ਦੀ ਹਿੱਤਾਂ ਦੀ ਨੁਮਾਇੰਦਗੀ ਕਰਦੇ ਹਨ। ਇਸ ਪਿਛੇ ਗਿਣਤੀਆਂ ਮਿਣਤੀਆਂ ਨੂੰ ਸੰਭਾਲ ਰਹੇ ਹੁੰਦੇ ਹਨ। ਇਹਨਾਂ ਦੀ ਮੰਗ ਹੈ ਕਿ ਸਰਕਾਰ ਖੇਤੀ ਖੇਤਰ ਦਾ ਰਿਹਾ ਸਿਹਾ ਕੰਟਰੋਲ ਵੀ ਬੰਦ ਕਰੇ। ਸਰਕਾਰ ਜਦ ਸਭ ਚੀਜ਼ਾਂ 'ਤੇ ਕੰਟਰੋਲ ਛੱਡ ਦੇਵੇਗੀ ਤਾਂ ਨਾ ਸਿਰਫ਼ ਕੀਮਤਾਂ ਬਲਕਿ ਸਪਲਾਈ ਵੀ ਕਾਰੋਬਾਰੀ ਸਰਮਾਏਦਾਰਾਂ ਦੇ ਹੱਥ 'ਚ ਆ ਜਾਵੇਗੀ ਅਤੇ ਜੇ ਮੁਨਾਫਾ ਦੇਸ਼ ਤੋਂ ਬਾਹਰ ਵੇਚਣ 'ਚ ਹੋਵੇਗਾ ਤਾਂ ਪਤਾ ਲੱਗੇਗਾ ਕਿ ਅੱਛੀ ਫਸਲ ਦੇ ਬਾਵਜੂਦ ਦੇਸ਼ 'ਚ ਲੋਕ ਭੁੱਖੇ ਮਰ ਰਹੇ ਹੋਣਗੇ। ਕੀਮਤਾਂ ਆਕਾਸ਼ ਛੂਹ ਰਹੀਆਂ ਹੋਣਗੀਆਂ। ਬਰਾਮਦ ਤੇ ਭੁੱਖਮਰੀ ਦੋਹਾਂ ਦੇ ਅੰਕੜੇ ਆਕਾਸ਼ ਛੂਹ ਰਹੇ ਹੋਣਗੇ।

ਮਹਿੰਗਾਈ ਤੇ ਪੂੰਜੀਪਤੀ ਰਾਜਨੀਤੀ – ਅੱਜ ਮਹਿੰਗਾਈ ਹਰ ਪੂੰਜੀਪਤੀ ਪਾਰਟੀ ਦੇ ਏਜੰਡੇ-ਪ੍ਰਚਾਰ 'ਚ ਜਗਾਹ ਬਣਾਈ ਰੱਖਦੀ ਹੈ। ਹਕੂਮਤੀ ਧਿਰ-ਵਿਰੋਧੀ ਧਿਰ, ਭਾਜਪਾ-ਕਾਂਗਰਸ, ਸਪਾ, ਬਸਪਾ ਸੀ. ਪੀ. ਆਈ.-ਸੀ. ਪੀ. ਐਮ. ਸਭ ਮਹਿੰਗਾਈ 'ਤੇ ਹੱਲਾ ਮਚਾਉਂਦੇ-ਵੱਡੀਆਂ-ਵੱਡੀਆਂ ਰੈਲੀਆਂ ਕਰਦੇ ਨਜ਼ਰ ਆਉਂਦੇ ਹਨ। ਇਕ ਜ਼ਮਾਨੇ ਦੇ 'ਗਰੀਬੀ ਹਟਾਓ' ਦੇ ਇਹਨਾਂ ਦਾ ਨਾਹਰੇ 'ਚ 'ਮਹਿੰਗਾਈ ਹਟਾਓ' ਦੀ ਸ਼ਕਲ ਲੈ ਲਈ ਹੈ। ਅਜੇ ਪਿਛੇ ਜਿਹੇ ਹੀ ਵਿਤ ਮੰਤਰੀਆਂ ਦੀ ਪਹਿਲੀ ਪਿਛਲੀ ਮੀਟਿੰਗ 'ਚ ਦੇਸ਼ ਦੇ ਵਿਤ ਮੰਤਰੀ ਪ੍ਰਣਾਬ ਮੁਕਰਜੀ ਨੇ ਰਾਜਾਂ ਨੂੰ ਸਿੱਖਿਆ ਦਿੱਤੀ ਕਿ ਰਾਜ ਅਨਾਜ ਵਸਤਾਂ 'ਤੇ ਲਾਏ ਜਾ ਰਹੇ ਟੈਕਸ 'ਚ ਕਮੀ ਕਰੇ ਤਾਂ ਕਿ ਮਹਿੰਗਾਈ ਘਟੇ। ਉਹਨਾਂ ਨੇ ਇਸ ਨੂੰ ਵਿਸ਼ਵੀ ਮਹਿੰਗਾਈ ਦਾ ਹਿੱਸਾ ਦੱਸਦਿਆਂ ਰਾਜ ਦੇ ਕੋਸ਼ਿਸ਼ ਕਰਨ 'ਤੇ ਜ਼ੋਰ ਦਿੱਤਾ। ਜਿਸਦੇ ਜੁਆਬ 'ਚ ਗੈਰ-ਕਾਂਗਰਸੀ ਸਰਕਾਰਾਂ ਨੇ ਕੇਂਦਰ 'ਤੇ ਮੋੜਵਾ ਵਾਰ ਕਰਦਿਆਂ ਕੇਂਦਰੀ ਟੈਕਸ ਤੇ ਹੋਰ ਚੀਜ਼ਾਂ 'ਤੇ ਕੇਂਦਰੀ ਟੈਕਸਾਂ 'ਚ ਕਟੌਤੀ ਦੀ ਮੰਗ ਕੀਤੀ। ਰਾਜ-ਕੇਂਦਰ ਦੇ ਇਸ ਗਣਿਤ 'ਚ ਹਰ ਕੋਈ ਇਕ-ਦੂਜੇ ਨੂੰ ਮਹਿੰਗਾਈ ਲਈ ਦੋਸ਼ੀ ਠਹਿਰਾ ਖੁਦ ਨੂੰ ਜਨ-ਹਿਤੈਸ਼ੀ ਸਾਬਤ ਕਰਨ ਦੀ ਦੌੜ 'ਚ ਲਗ ਗਿਆ ਹੈ। ਅਸਲ 'ਚ ਮਹਿੰਗਾਈ 'ਤੇ ਹੱਲਾ ਮਚਾਉਣ ਵਾਲੀਆਂ ਇਹਨਾਂ ਸਰਮਾਏਦਾਰ ਪਾਰਟੀਆਂ ਪਾਸ ਇਸ ਸਮੱਸਿਆ ਦਾ ਨਾ ਤਾਂ ਕੋਈ ਹੱਲ ਹੈ ਤੇ ਨਾ ਹੀ ਉਹ ਕਰਨਾ ਚਾਹੁੰਦੀਆਂ ਹਨ। ਅੱਜ ਦੇਸ਼ ਦੀਆਂ ਸਾਰੀਆਂ ਮੁਖ ਆਰਥਿਕ ਨੀਤੀਆਂ ਸਬੰਧੀ ਵੀ ਸਭ ਪਾਰਟੀਆਂ ਇਕ ਮਤ ਹਨ। ਇਹਨਾਂ ਦਾ ਇਕ ਹੀ ਮਕਸਦ ਹੈ ਕਿ ਹੱਲੇ ਰਾਹੀਂ ਆਪਣਾ ਵੋਟ ਬੈਂਕ ਵਧਾਉਣਾ। ਇਹਨਾਂ 'ਚੋਂ ਕੋਈ ਵੀ ਪਾਰਟੀ ਭੁਲਕੇ ਵੀ Wto ਵਿਚੋਂ ਭਾਰਤ ਦੇ ਬਾਹਰ ਆਉਣ, ਆਰਥਿਕ-ਉਦਾਰੀਕਰਨ ਦੀਆਂ

ਨੀਤੀਆਂ ਬਦਲਣ, ਸਟੇਬਾਜੀ-ਜਮਾਖੋਰੀ ਰੋਕਣ ਵਾਅਦਾ ਕਾਰੋਬਾਰ ਬੰਦ ਕਰਨ ਦੀ ਗੱਲ ਤਕ ਨਹੀਂ ਕਰਦੇ। ਅਜਿਹੇ ’ਚ ਸਪਸ਼ਟ ਹੈ ਕਿ ਮਹਿੰਗਾਈ ਨਾਲ ਪਿਸ ਰਹੀ ਜਨਤਾ ਨਾਲ ਇਹਨਾਂ ਦਾ ਕੋਈ ਸਰੋਕਾਰ ਨਾ ਤਾਂ ਪਹਿਲਾਂ ਸੀ ਅਤ ਨਾ ਹੀ ਅੱਜ ਹੈ। ਇਹ ਤਲ ਲੋਕਾਂ ਦੇ ਵਾਜਿਬ ਗੁੱਸੇ ਨੂੰ ਇਸੇ ਵਿਵਸਥਾ ਦੇ ਦਾਇਰੇ ’ਚ ਕੈਦ ਕਰਨਾ ਚਾਹੁੰਦਾ ਹੈ।

ਤਾਂ ਫਿਰ ਹੱਲ ਕੀ ਹੈ? – ਮਹਿੰਗਾਈ ਦੀ ਮਾਰ ਦਾ ਸ਼ਿਕਾਰ ਹੋ ਰਹੀ ਜਨਤਾ-ਮਜ਼ਦੂਰਾਂ ਨੂੰ ਪਹਿਲਾਂ ਤਾਂ ਰੰਗ-ਬਰੰਗੀਆਂ ਪੂੰਜੀਵਾਦੀ ਪਾਰਟੀਆਂ ਦੇ ਫਰੇਬ ਤੋਂ ਬਾਹਰ ਕੱਢਣਾ ਪੈਣਾ ਹੈ ਫਿਰ ਦੇਸ਼ ਵਿਆਪੀ ਅੰਦੋਲਨ ਰਾਹੀਂ ਸਰਕਾਰ ’ਤੇ ਦਬਾਅ ਬਣਾ ਕੇ ਮੰਗ ਕਰਨੀ ਹੋਵੇਗੀ ਕਿ ਸਰਕਾਰ ਖੇਤੀ ਲਾਗਤਾਂ ਤੋਂ ਸਬਸਿਡੀ ਹਟਾਉਣੀ ਬੰਦ ਕਰੇ। ਗਰੀਬ ਦਰਮਿਆਨੇ ਕਿਸਾਨਾਂ ਨੂੰ, ਸਾਰੀ ਬਿਜਲੀ-ਖਾਦ ਮੁਹੱਈਆ ਕਰਾਏ। ਜਨਤਕ ਵੰਡ ਪ੍ਰਣਾਲੀ ਮਜ਼ਬੂਤ ਕਰੇ। ਦੇਸ਼ ’ਚ ਉਪਜ ਤੇ ਸਪਲਾਈ ਦਾ ਕੰਟਰੋਲ ਸਰਕਾਰ ਕਰੇ। Wto ਤੋਂ ਭਾਰਤ ਬਾਹਰ ਆਵੇ। ਸਾਮਰਾਜੀ ਦੀ ਦਲਾਲੀ ਛੱਡੇ। ਜਮਾਖੋਰੀ-ਕਾਲਾ ਬਜ਼ਾਰੀ-ਸੱਟੇਬਾਜੀ ’ਤੇ ਪਾਬੰਦੀ ਲੱਗੇ। ਵਿਸ਼ਵੀਕਰਨ-ਉਦਾਰੀਕਰਨ ਦੀ ਨੀਤੀ ਛੱਡੀਆਂ ਜਾਣ ਗਰੀਬ ਲੋਕਾਂ ਨੂੰ ਸਬਸੀਡਾਈਜ਼ਡ ਕੀਮਤਾਂ ’ਤੇ ਰਾਸ਼ਣ ਮਿਲੇ। ਰੇਟ ਲਿਸਟ ਸਰਕਾਰ ਐਲਾਨੇ। ਉਪਰੋਕਿਤ ਮੰਗਾਂ ਨੂੰ ਉਠਾਉਂਦਿਆਂ ਦੇਸ਼ ਵਿਆਪੀ ਅੰਦੋਲਨ ’ਚ ਹੋ ਸਕਦਾ ਹੈ ਕਿ ਸਰਕਾਰ ਨੂੰ ਰਾਹਤ ਦੇ ਉਪਾਵਾਂ ਲਈ ਮਜ਼ਬੂਰ ਕੀਤਾ ਜਾ ਸਕੇ। ਪਰ ਦਲਾਲ ਸਰਮਾਏਦਾਰੀ ਦੇ ਹਿੱਤ ਕਿਉਂਕਿ ਉਕਤ ਕੰਮਾਂ ’ਚ ਨਹੀਂ ਹਨ। ਇਸ ਲਈ ਸਰਕਾਰ ਇਹ ਮੰਗਾਂ ਨਹੀਂ ਮੰਨੇਗੀ। ਮਹਿੰਗਾਈ ਦੀ ਦਲਦਲ ਦਾ ਹੱਲ ਪੂੰਜੀਵਾਦ ਦੇ ਦਾਇਰੇ ’ਚ ਰਹਿ ਕੇ ਨਹੀਂ ਕੀਤਾ ਜਾ ਸਕਦਾ। ਸਮਾਜਵਾਦੀ ਵਿਵਸਥਾ ਸਥਾਪਤ ਕਰਕੇ ਹੀ ਮਹਿੰਗਾਈ ਨੂੰ, ਨੱਥ ਮਾਰੀ ਜਾ ਸਕਦੀ ਹੈ।

# ਤੇਲ ਕੰਪਨੀਆਂ ਦੀ ਚਾਂਦੀ, ਲੋਕਾਂ ਦਾ ਕਚੂੰਬਰ

ਪੈਟਰੋਲ ਦੀਆਂ ਕੀਮਤਾਂ ਬੇਲਗਾਮ ਵਧ ਰਹੀਆਂ ਹਨ। ਸਰਕਾਰ ਨੇ ਆਪਣਾ ਕੰਟਰੋਲ ਤੇਲ ਕੰਪਨੀਆਂ ਤੋਂ ਖ਼ਤਮ ਕਰਕੇ ਲੋਕਾਂ ਨੂੰ ਦਰਿੰਦਿਆਂ ਤੇ ਮੁਨਾਫਾਖੋਰਾਂ ਦੇ ਹਵਾਲੇ ਕਰ ਦਿੱਤਾ ਹੈ। ਪੈਟਰੋਲ ਦੇ ਭਾਅ ਨੂੰ ਕੰਪਨੀਆਂ ਤਹਿ ਕਰਦੀਆਂ ਹਨ। ਰਸੋਈ ਗੈਸ ਤੇ ਡੀਜ਼ਲ ਦੇ ਭਾਅ ਤਹਿ ਕਰਨ ਦਾ ਅਧਿਕਾਰ ਖੁਦ ਸਰਕਾਰ ਕੋਲ ਹੈ। ਤੇਲ ਕੰਪਨੀਆਂ 'ਚ ਵੀ ਬਹੁਤੀਆਂ ਕੰਪਨੀਆਂ ਸਰਕਾਰੀ ਹੀ ਹਨ। ਕੇਂਦਰ ਸਰਕਾਰ ਆਪ ਕੀਮਤ ਵਧਾਵੇ ਜਾਂ ਤੇਲ ਕੰਪਨੀਆਂ ਨੂੰ ਕੀਮਤਾਂ ਵਧਾਉਣ ਦੇਵੇ। ਇਹ ਖਪਤਕਾਰ ਲਈ ਇਕੋ ਜਿੰਨਾ ਮਹੱਤਵ ਰੱਖਦਾ ਹੈ। ਕੀਮਤਾਂ ਵਧਾਉਣ ਪਿੱਛੇ ਪੇਸ਼ ਕੀਤੀਆਂ ਜਾਂਦੀਆਂ ਦਲੀਲਾਂ ਝੂਠੀਆਂ ਹਨ, ਬੇਬੁਨਿਆਦ ਹਨ। ਸਰਕਾਰ ਲੋਕਾਂ ਨੂੰ ਗਲਤ ਤੱਥ ਪੇਸ਼ ਕਰ ਰਹੀ ਹੈ ਤੇ ਇਹਨਾ ਗਲਤ ਤੱਥਾਂ 'ਤੇ ਅਧਾਰਤ ਹੀ ਤੇਲ ਦੀਆਂ ਕੀਮਤਾਂ ਵਧਾਈਆਂ ਜਾ ਰਹੀਆਂ ਹਨ। ਆਉਣ ਵਾਲੇ ਦਿਨਾਂ 'ਚ ਤੇਲ ਕੀਮਤ ਫੇਰ ਵਧਾਈਆਂ ਜਾਣਗੀਆਂ। ਸਰਕਾਰ ਡੀਜ਼ਲ ਦੇ ਭਾਅ ਸਬੰਧੀ ਵੀ ਖੁਸ਼ ਨਹੀਂ ਹੈ। ਉਹ ਰਸੋਈ ਗੈਸ ਦੀਆਂ ਕੀਮਤਾਂ ਵੀ ਵਧਾਉਣਾ ਚਾਹੁੰਦੀ ਹੈ। ਸਰਕਾਰ ਲਗਾਤਾਰ ਪ੍ਰਚਾਰ ਕਰ ਰਹੀ ਹੈ ਕਿ ਤੇਲ ਪਦਾਰਥਾਂ ਦੀਆਂ ਕੀਮਤਾਂ ਨਾ ਵਧਾਏ ਜਾਣ ਕਰਕੇ ਤੇਲ ਕੰਪਨੀਆਂ ਘਾਟੇ 'ਚ ਜਾ ਰਹੀਆਂ ਹਨ। ਜੇ ਕੀਮਤਾਂ ਨਾ ਵਧਾਈਆਂ ਤਾਂ ਤੇਲ ਕੰਪਨੀਆਂ ਦਾ ਦਿਵਾਲਾ ਨਿਕਲ ਜਾਵੇਗਾ ਪਰ ਤੇਲ ਕੰਪਨੀਆਂ ਦੇ ਵਹੀ ਖਾਤੇ ਤਾਂ ਦੇਖੋ। ਸਭ ਤੇਲ ਕੰਪਨੀਆਂ ਮਾਲਾ ਮਾਲ ਹੋ ਰਹੀਆਂ ਹਨ। ਪਿਛਲੇ ਕਈ ਦਹਾਕਿਆਂ ਤੋਂ ਕਦੇ ਕਿਸੇ ਤੇਲ ਕੰਪਨੀ ਨੂੰ ਘਾਟਾ ਪਿਆ ਹੀ ਨਹੀਂ। ਤੇਲ ਕੰਪਨੀਆਂ ਉਹਨਾਂ ਨੂੰ ਆਪਣੇ ਮੁਨਾਫੇ ਦਾ ਕਾਫੀ ਹਿੱਸਾ ਕਮਾਕੇ ਦੇ ਰਹੀਆਂ ਹਨ। ਸਰਕਾਰੀ ਕੰਪਨੀਆਂ ਦੀ ਮਾਲਕ ਸਰਕਾਰ ਖੁਦ ਹੈ ਤੇ ਨਿੱਜੀ ਕੰਪਨੀਆਂ ਦੇ ਮਾਲਕ ਗ਼ੈਰ ਸਰਕਾਰੀ ਲੋਕ ਹਨ।

ਤੇਲ ਕੰਪਨੀਆਂ ਦਾ ਮੁਨਾਫਾ ਬਹੁਤ ਹੈ ਇਕ ਤੇਲ ਕੰਪਨੀ ਦਾ ਮਾਲਕ ਖੁਦ ਮੁਕੇਸ਼ ਅੰਬਾਨੀ ਹੈ। ਉਸ ਕੰਪਨੀ ਨੂੰ ਸਾਲ 2010-11 'ਚ 20 ਹਜ਼ਾਰ ਕਰੋੜ ਦਾ ਮੁਨਾਫਾ ਹੋਇਆ। ਉਸ ਤੋਂ ਪਿਛਲੇ ਸਾਲ 'ਚ ਉਸ ਦਾ ਮੁਨਾਫਾ 15898 ਕਰੋੜ ਦਾ ਸੀ। ਯਾਨੀ ਇਕ ਸਾਲ 'ਚ ਉਸ ਦਾ ਮੁਨਾਫਾ 25 ਫੀਸਦੀ ਵਧਿਆ। ਇਕ ਹੋਰ ਤੇਲ ਕੰਪਨੀ ਓ. ਐਨ. ਜੀ. ਸੀ ਹੈ। ਇਹ ਕੰਪਨੀ ਸਰਕਾਰੀ ਖੇਤਰ ਦੀ ਹੈ। ਇਸ ਦਾ ਮੁਨਾਫਾ ਵੀ ਸਾਲ 2010-11 'ਚ 20 ਹਜ਼ਾਰ ਕਰੋੜ ਰੁਪਏ ਦਾ ਸੀ। ONGC ਨੇ ਕੇਂਦਰ ਸਰਕਾਰ ਨੂੰ ਇਸਦਾ 90 ਫੀਸਦੀ ਹਿੱਸਾ ਸ਼ੇਅਰ (Divident) ਵਜੋਂ ਦੇ ਦਿੱਤਾ। ਇਸ ਤੋਂ ਇਲਾਵਾ ਟੈਕਸ, ਸੈਸ ਡਿਊਟੀ ਤੇ ਰਿਆਇਲਟੀ ਵਜੋਂ ONGC ਨੇ ਕੇਂਦਰ ਸਰਕਾਰ ਨੂੰ ਵੱਖਰੇ ਦਿੱਤੇ ਸਨ। ਮੁਕੇਸ਼ ਅੰਬਾਨੀ ਦੀ ਰਿਲਾਇੰਸ ਇੰਡਸਟ੍ਰੀਜ਼ ਲਿਮਟਿਡ ਤੇ ਸਰਕਾਰੀ ਓ. ਐਨ. ਜੀ. ਸੀ ਤੋਂ ਇਲਾਵਾ ਕਈ ਹੋਰ ਤੇਲ ਕੰਪਨੀਆਂ ਵੀ ਹਨ। ਇਸਾਰ ਕੰਪਨੀ ਨਿੱਜੀ ਖੇਤਰ ਦੀ ਹੈ। ਉਸ ਦਾ ਨੈੱਟ ਮੁਨਾਫਾ ਪਿਛਲੇ ਸਾਲ ਦੋ ਹਜ਼ਾਰ ਕਰੋੜ ਰੁਪੈ ਦਾ ਸੀ। ਤਿੰਨ ਸਰਕਾਰੀ ਕੰਪਨੀਆਂ ਇੰਡੀਅਨ ਆਇਲ, ਹਿੰਦੁਸਤਾਨ ਪੈਟਰੋਲੀਅਮ ਤੇ ਭਾਰਤ ਪੈਟਰੋਲੀਅਮ ਦਾ ਮੁਨਾਫਾ ਪਿਛਲੇ ਸਾਲ 11000 ਕਰੋੜ ਰੁਪਏ ਦਾ ਸੀ। ਇੰਡੀਅਨ ਆਇਲ ਨੂੰ ਪਿਛਲੇ ਸਾਲ 7445 ਕਰੋੜ ਰੁਪਏ ਦਾ ਸ਼ੁੱਧ ਮੁਨਾਫਾ ਹੋਇਆ ਸੀ। ਉਸ ਮੁਨਾਫੇ ਤੋਂ ਪਹਿਲਾਂ ਇਸ ਨੇ ਕੇਂਦਰ ਸਰਕਾਰ ਨੂੰ 78 ਹਜ਼ਾਰ ਕਰੋੜ ਰੁਪਏ

ਟੈਕਸ ਵਜੋਂ ਭੁਗਤਾਨ ਕੀਤਾ ਸੀ। ਪਿਛਲੇ 44 ਸਾਲਾਂ 'ਚ ਇਹ ਕੰਪਨੀ ਲਗਾਤਾਰ ਮੁਨਾਫਾ ਕਮਾਉਂਦੀ ਰਹੀ ਹੈ ਤੇ ਹਰ ਸਾਲ ਮੁਨਾਫੇ ਦਾ ਵੱਡਾ ਹਿੱਸਾ ਸਰਕਾਰ ਨੂੰ ਦਿੰਦੀ ਰਹੀ ਹੈ ਅਤੇ ਹਰ ਸਾਲ ਯਾਨੀ ਤੇਲ ਦੀਆਂ ਕੰਪਨੀਆਂ ਮਾਲਾਮਾਲ ਹੋ ਰਹੀਆਂ ਹਨ। ਫਿਰ ਵੀ ਸਰਕਾਰ ਕਹਿੰਦੀ ਹੈ ਕਿ ਦੇਸ਼ 'ਚ ਤੇਲ ਦੀਆਂ ਕੀਮਤਾਂ ਘਟਣ ਨਾਲ ਕੰਪਨੀਆਂ ਦਿਵਾਲੀਆ ਹੋ ਜਾਣਗੀਆਂ ਅਤੇ ਅਜਿਹਾ ਕਹਿ ਕੇ ਪੈਟਰੋਲ, ਡੀਜ਼ਲ, ਮਿਟੀ ਦਾ ਤੇਲ ਤੇ ਰਸੋਈ ਗੈਸ ਦੀਆਂ ਕੀਮਤਾਂ ਨੂੰ ਵਧਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਲੋਕਾਂ ਨੂੰ ਲੁਟਿਆ ਜਾ ਰਿਹਾ ਹੈ। ਇਸ ਨਾਲ ਦੇਸ਼ 'ਚ ਮਹਿੰਗਾਈ ਦੀ ਸਥਿਤੀ ਵੀ ਵਿਗੜਦੀ ਜਾ ਰਹੀ ਹੈ। ਤੇਲ ਕੰਪਨੀਆਂ ਦੇ ਘਾਟੇ ਦੇ ਨਾਂ ਹੇਠ ਕੀਮਤਾਂ ਵਧਾਈਆਂ ਜਾਂਦੀਆਂ ਹਨ।

ਕੌਮਾਂਤਰੀ ਬਜ਼ਾਰ 'ਚ ਤੇਲ ਦੀ ਵਧਦੀਆਂ ਕੀਮਤਾਂ ਦਾ ਹਵਾਲਾ ਦੇ ਕੇ ਵੀ ਕੀਮਤਾਂ ਵਧਾਈਆਂ ਜਾਂਦੀਆਂ ਹਨ ਤਾਂ ਇੱਥੇ ਵੀ ਤੇਲ ਉਤਪਾਦਾਂ ਦੀਆਂ ਕੀਮਤਾਂ ਵਧਾ ਦਿੱਤੀਆਂ ਜਾਂਦੀਆਂ ਹਨ, ਪਰ ਜਦ ਕੌਮਾਂਤਰੀ ਬਜ਼ਾਰ 'ਚ ਤੇਲ ਸਸਤਾ ਹੁੰਦਾ ਹੈ ਤਾਂ ਇਥੇ ਤੇਲ ਸਸਤਾ ਨਹੀਂ ਕੀਤਾ ਜਾਂਦਾ। ਇਕ ਸਮਾਂ ਸੀ ਜਦ ਕੌਮਾਂਤਰੀ ਬਜ਼ਾਰ 'ਚ ਕੱਚਾ ਤੇਲ 140 ਡਾਲਰ ਪ੍ਰਤੀ ਬੈਰਲ ਸੀ। ਉਸ ਸਮੇਂ ਭਾਰਤ 'ਚ ਤੇਲ ਦੀ ਕੀਮਤ ਅੱਜ ਦੀ ਕੀਮਤ ਨਾਲੋਂ ਅੱਧੀ ਸੀ। ਅੱਜ ਜਦ 100 ਡਾਲਰ ਪ੍ਰਤੀ ਬੈਰਲ ਹੈ ਤਾਂ ਫਿਰ ਕੀਮਤਾਂ ਨੂੰ ਉਸ ਪੱਧਰ 'ਤੇ ਹੀ ਦੁਗਣੀਆਂ ਰੱਖਣ ਦਾ ਕੀ ਮਤਲਬ ਹੈ? ਇਸ ਤੋਂ ਇਲਾਵਾ ਸਰਕਾਰ ਤੇਲ ਦੇ ਸੱਟਾ ਬਜ਼ਾਰ ਦੀਆਂ ਕੀਮਤਾਂ ਨੂੰ ਦਿਖਾ ਕੇ ਇਥੇ ਕੀਮਤਾਂ ਵਧਾਉਣ ਦਾ ਮਾਹੌਲ ਬਣਾਉਂਦੀ ਹੈ ਜਦ ਕਿ ਸਚਾਈ ਇਹ ਹੈ ਕਿ ਭਾਰਤ ਸਰਕਾਰ ਸੱਟਾ ਬਜ਼ਾਰ ਦੀਆਂ ਕੀਮਤਾਂ 'ਤੇ ਤੇਲ ਨਹੀਂ ਖਰੀਦਦੀ ਇਹ ਸੱਟੇਬਾਜੀ ਨਹੀਂ ਕਰਦੀ। ਬਲਕਿ ਤੇਲ ਵਿਕ੍ਰੇਤਾਂ ਕੰਪਨੀਆਂ ਤੋਂ ਵਾਯ ਘਾਟਾ (ਸੌਦੇਬਾਜ਼ੀ) ਕਰਕੇ ਸੱਟਾਬਾਜ਼ਾਰ ਦੀਆਂ ਕੀਮਤਾਂ ਤੋਂ ਬਹੁਤ ਘੱਟ ਕੀਮਤ 'ਤੇ ਤੇਲ ਖਰੀਦਦੀ ਹੈ ਪਰ ਆਪਣੇ ਦੇਸ਼ 'ਚ ਤੇਲ ਉਤਪਾਦਾਂ ਦੀਆਂ ਕੀਮਤਾਂ ਵਧਾਉਂਦੇ ਸਮੇਂ ਸੱਟਾ ਬਜ਼ਾਰ ਦੀ ਕੀਮਤ ਦਾ ਹਵਾਲਾ ਦਿੱਤਾ ਜਾਂਦਾ ਹੈ। ਇਹ ਤਾਂ ਸ਼ਰੇਆਮ ਲੋਕਾਂ ਨਾਲ ਧੋਖਾਧੜੀ ਹੈ। ਮੁਨਾਫਾਖੋਰੀ ਹੈ।

# ਕੀ ਹੈ ਭ੍ਰਿਸ਼ਟਾਚਾਰ ਖਿਲਾਫ਼ ਸੰਘਰਸ਼ ਦਾ ਅਰਥ?

ਜਦ ਸਰਕਾਰੀ ਨੇਤਾ ਅਜ਼ਾਦੀ ਦਾ ਜਸ਼ਨ ਮਨਾਉਣ ਦੀ ਤਿਆਰੀ ਵਿੱਚ ਹਨ ਤਾਂ ਲੋਕਾਂ ਨੇ ਘਪਲਿਆਂ ਤੇ ਘਪਲੇਬਾਜ਼ਾਂ ਖਿਲਾਫ਼ ਕੇਂਦਰ ਤੇ ਰਾਜ ਸਰਕਾਰਾਂ ਦੇ ਖਿਲਾਫ਼ ਉਹਨਾਂ ਦੇ ਦਫ਼ਤਰਾਂ ਮੂਹਰੇ ਮੁਜਾਹਰੇ ਕੀਤੇ, ਵੱਖ-ਵੱਖ ਥਾਵਾਂ 'ਤੇ ਰੈਲੀਆਂ ਕੀਤੀਆਂ ਅਤੇ ਅਰਥੀਆਂ ਫੂਕੀਆਂ। ਇਸ ਦੇਸ਼ ਦੀ ਧਨ ਦੌਲਤ ਨੂੰ ਅੰਨੇਵਾਹ ਲੁੱਟ ਰਹੇ ਭ੍ਰਿਸ਼ਟ ਰਾਜਸੀ ਨੇਤਾਵਾਂ, ਨੌਕਰਸ਼ਾਹਾਂ, ਸਨਅਤੀ ਘਰਾਣਿਆਂ ਤੇ ਮਾਫੀਆ ਖਿਲਾਫ਼ ਸੰਘਰਸ਼ ਦੀ ਇਹ ਇਕ ਅੱਛੀ ਸ਼ੁਰੂਆਤ ਹੈ। ਇਸ ਮੁਹਿੰਮ ਦੌਰਾਨ ਇਸ ਤੱਥ ਨੂੰ ਜਨਤਾ ਮੂਹਰੇ ਰੱਖਣਾ ਚਾਹੀਦਾ ਹੈ ਕਿ ਇਹ ਪਿੱਛਾਖੜੀ ਪ੍ਰਬੰਦ ਜੋ ਪੂਰੀ ਤਰ੍ਹਾਂ ਮੁਨਾਫੇ ਅਤੇ ਅਸਾਨੀ ਨਾਲ ਪੈਸਾ ਕਮਾਉਣ ਦਾ ਜਰੀਆ ਬਣ ਚੁੱਕੀਆ ਹੈ ਕਿਸ ਤਰ੍ਹਾਂ ਮੌਜੂਦਾ ਹਾਲਾਤ ਲਈ ਜ਼ਿੰਮੇਵਾਰ ਹੈ ਅਤੇ ਇਸ ਵਿਵਸਥਾ 'ਚ ਭ੍ਰਿਸ਼ਟਾਚਾਰ ਨੇ ਕਿਸ ਤਰ੍ਹਾਂ ਸਰਭ-ਵਿਆਪੀ ਰੂਪ ਅਖਤਿਆਰ ਕਰ ਲਿਆ ਹੈ। ਇਸ ਲਈ ਘਪਲਿਆਂ ਅਤੇ ਘਪਲੇਬਾਜਾਂ ਖਿਲਾਫ਼ ਹਕੂਮਤੀ ਪ੍ਰਬੰਤ ਦੇ ਖਿਲਾਫ਼ ਸੰਘਰਸ਼ ਹੈ। ਇਹ ਗੱਲ ਦਿਨ-ਬ-ਦਿਨ ਸਾਫ਼ ਹੁੰਦੀ ਜਾ ਰਹੀ ਹੈ ਕਿ ਮੰਤਰੀਆਂ ਤੋਂ ਲੈ ਕੇ ਨੌਕਰਸ਼ਾਹਾਂ ਤੱਕ ਅਤੇ ਇੱਥੋਂ ਤੱਕ ਹੇਠਲੇ ਪੱਧਰ 'ਤੇ ਵੀ ਭ੍ਰਿਸ਼ਟਾਚਾਰ ਨੇ ਵਿਆਪਕ ਰੂਪ ਧਾਰਨ ਕਰ ਲਿਆ ਹੈ। ਭ੍ਰਿਸ਼ਟਾਚਰ ਅੱਜ ਕੱਲ੍ਹ ਦਾ ਸਭਿਆਚਾਰ ਬਣ ਗਿਆ ਹੈ। ਸਿੱਟੇ ਵਜੋਂ ਭ੍ਰਿਸ਼ਟਾਚਾਰੀਆਂ ਨੂੰ ਕੁਝ ਸਮਾਂ ਪਹਿਲਾਂ ਤਕ ਸਮਾਜ 'ਚ ਜਿਸ ਨਜ਼ਰ ਨਾਲ ਵੇਖਿਆ ਜਾਂਦਾ ਸੀ, ਅੱਜ ਐਸੀ ਗੱਲ ਨਹੀਂ ਹੈ। ਜਿਸ ਤਰ੍ਹਾਂ ਬੋਫ਼ਰਜ਼ ਕਾਂਡ ਸਮੇਂ ਉਹਨਾਂ ਦੀ ਪਾਰਟੀ ਕਾਂਗਰਸ ਨੇ ਰਜੀਵ ਗਾਂਧੀ ਦਾ ਬਚਾਅ ਕੀਤਾ ਸੀ। ਉਵੇਂ ਹੀ ਅੱਜ ਰਾਜਾ ਤੇ ਯੇਦਿਯੁਰੱਪਾ ਵਰਗੇ ਕਰੋੜਾਂ-ਅਰਬਾਂ ਦੇ ਘਪਲੇ ਕਰਨ ਵਾਲਿਆਂ ਨੂੰ ਉਹਨਾਂ ਦੀਆਂ ਪਾਰਟੀਆਂ ਵਲੋਂ ਬਚਾਅ ਕੀਤਾ ਜਾ ਰਿਹਾ ਹੈ। ਅਜਿਹਾ ਲਗਦਾ ਹੈ ਕਿ ਜਿਵੇਂ ਕਾਂਗਰਸ ਅਤੇ ਭਾਜਪਾ ਵਿਵਾਦ ਸਿਰਫ਼ ਇਸ ਗੱਲ ਸਬੰਧੀ ਹੈ ਕਿ ਕੌਣ ਵੱਧ ਭ੍ਰਿਸ਼ਟ ਹੈ।

ਅਖੌਤੀ ਪੰਚਾਇਤੀ ਰਾਜ ਤੇ ਵਿਕੇਂਦਰੀਕਰਨ ਨੇ ਜਨਤਾ ਨੂੰ ਅਸਲ ਵਿੱਚ ਅਧਿਕਾਰਾਂ ਦੀ ਚੇਤੰਨਤਾ ਨਾਲ ਲੈਸ ਨਹੀਂ ਕੀਤਾ ਹੈ। ਸੱਤਾ ਅਸਲ 'ਚ ਉਹਨਾਂ ਦੇ ਹੱਥਾਂ 'ਚ ਨਹੀਂ ਆਈ ਹੈ। ਇਸ ਨਾਲ ਸਿਰਫ਼ ਛੋਟੇ ਤੇ ਵੱਡੇ ਪੈਮਾਨੇ ਦੇ ਭ੍ਰਿਸ਼ਟਾਚਾਰ ਤੇ ਘਪਲਿਆਂ ਦਾ ਵਿਕੇਂਦਰੀਕਰਨ ਹੋਇਆ ਹੈ। ਇੱਥੋਂ ਤਕ ਕਿ ਚੋਣਾ ਵੀ, ਚਾਹੇ ਉਹ ਸੰਸਦ ਦੀਆਂ ਹੋਣ ਜਾਂ ਪੰਚਾਇਤ ਦੀਆਂ, ਇਕ ਦਮ ਭ੍ਰਿਸ਼ਟ ਹੋ ਚੁੱਕੀਆਂ ਹਨ। ਅਖੌਤੀ ਲੋਕ ਨੁਮਾਇੰਦਿਆਂ ਦੀ ਖਰੀਦ-ਫਰੋਖਤ ਵੀ ਅੱਜ ਕੱਲ੍ਹ ਆਮ ਗੱਲ ਹੋ ਗਈ ਹੈ। ਸਿੱਟੇ ਵਜੋਂ ਜਦ ਸਹੀ ਪੈਸਿਆਂ ਨਾਲ ਹਰੇਕ ਚੀਜ਼ ਖਰੀਦੀ ਜਾ ਸਕਦੀ ਹੈ ਤਾਂ ਇਸ ਨਾਲ ਆਖਰਕਾਰ ਗ਼ਰੀਬ ਆਦਮੀ ਨੂੰ ਹੀ ਨੁਕਸਾਨ ਹੁੰਦਾ ਹੈ। ਉਸ ਨੂੰ ਹੀ ਆਪਣੇ ਹੱਕਾਂ ਤੋਂ ਵਾਂਝੇ ਹੋਣਾ ਪੈਂਦਾ ਹੈ। ਇਸ ਹਾਲਤ 'ਚ ਭ੍ਰਿਸ਼ਟਾਚਾਰ ਨਾਲ ਵੱਧ, ਫੁਲ ਰਹੀ ਹਕੂਮਤੀ ਪ੍ਰਣਾਲੀ ਖਿਲਾਫ਼ ਸੰਘਰਸ਼ ਕਰਕੇ ਹੀ ਉਹ ਆਪਣੇ ਹੱਕਾਂ ਨੂੰ ਹਾਸਲ ਕਰ ਸਕਦੇ ਹਨ ਅਤੇ ਜਮਹੂਰੀ ਮੁੱਲਾਂ ਦੀ ਰਾਖੀ ਕਰ ਸਕਦੇ ਹਨ। ਇਹ ਪੂਰੀ ਪ੍ਰਣਾਲੀ ਦੇ ਸ਼ੁੱਧੀਕਰਨ ਦਾ ਸੰਘਰਸ਼ ਹੈ ਪਰ ਅਤੀਤ ਦਾ ਅਨੁਭਵ ਦਰਸਾਉਂਦਾ ਹੈ ਕਿ ਨਿੱਜੀ ਜਾਇਦਾਦ ਅਤੇ ਮੁਨਾਫੇ 'ਤੇ ਅਧਾਰਤ ਇਹ ਪ੍ਰਣਾਲੀ ਸੁਧਾਰੀ ਨਹੀਂ ਜਾ ਸਕਦੀ। ਅਜਿਹੀ ਹਾਲਤ 'ਚ ਇਸ ਦਾ ਅੰਤ ਕਰਕੇ ਇਕ ਨਵੀਂ ਪ੍ਰਣਾਲੀ ਦੀ ਸਥਾਪਨਾ ਹੀ

ਇਕੋ ਇਕ ਵਿਕੱਲਪ ਹੈ। ਇਸ ਬੇਹਿਸਾਬ ਭ੍ਰਿਸ਼ਟਾਚਾਰ 'ਚ ਕਮੀ ਵੀ ਸਿਰਫ਼ ਤਾਂ ਸੰਭਵ ਹੈ ਜਦ ਘਪਲੇਬਾਜ਼ਾਂ, ਮਾਫੀਆ ਗ੍ਰੋਹਾਂ ਨੂੰ ਇਹ ਗੱਲ ਸਮਝ 'ਚ ਆ ਜਾਵੇ ਕਿ ਉਹ ਲੋਕਾਂ ਦੇ ਗੁੱਸੇ ਤੋਂ ਬਚ ਨਹੀਂ ਸਕਦੇ ਕਿਉਂਕਿ ਅਦਾਲਤਾਂ ਵੀ ਭ੍ਰਿਸ਼ਟਾਚਾਰ ਤੋਂ ਅਛੂਤ ਨਹੀਂ ਰਹਿ ਗਈਆਂ ਹਨ ਅਤੇ ਜਾਂਚ ਏਜੰਸੀਆਂ ਹਕੂਮਤੀ ਪਾਰਟੀਆਂ ਦੇ ਕੰਟਰੋਲ 'ਚ ਕੰਮ ਕਰਦੀਆਂ ਹਨ। ਅਜਿਹੀ ਹਾਲਤ 'ਚ ਘਪਲੇਬਾਜਾਂ ਨੂੰ ਸਿਰਫ਼ ਤਾਂ ਹੀ ਸਬਕ ਸਿਖਾਇਆ ਜਾ ਸਕਦਾ ਹੈ ਜਦ ਲੋਕ ਸੜਕਾਂ 'ਤੇ ਆ ਕੇ ਆਪਣੇ ਫੈਸਲੇ ਸੁਣਾਉਂਦੇ ਹਨ।

ਅਰਥੀ ਫੂਕ ਤੇ ਪਰਦਾਫਾਸ਼ ਦੇ ਹੋਰ ਤਰੀਕਿਆਂ ਨਾਲ ਮੁਹਿੰਮ ਸ਼ੁਰੂ ਕਰਕੇ ਘਪਲਿਆਂ ਤੇ ਘਪਲੇਬਾਜਾਂ ਖਿਲਾਫ਼ ਸੰਘਰਸ਼ ਸਿੱਖੀ ਕਾਰਵਾਈ ਦੀ ਦਿਸ਼ਾ 'ਚ ਵਧਣਾ ਚਾਹੀਦਾ ਹੈ ਤੇ ਸਰਕਾਰ ਨੂੰ ਵਿਦੇਸ਼ੀ ਬੈਂਕਾਂ 'ਚ ਜਮ੍ਹਾ ਧਨ ਨੂੰ ਜਬਤ ਕਰਨ ਲਈ ਮਜ਼ਬੂਰ ਕੀਤਾ ਜਾਣਾ ਚਾਹੀਦਾ ਹੈ।

# ਹਰ ਸ਼ਾਖ ਪੇ ਉੱਲੂ ਬੈਠਾ ਹੈ....

ਸਾਡੇ ਦੇਸ਼ ਦੀ ਪਤਿਤ ਦਲਾਲ ਪੂੰਜੀਪਤੀ ਰਾਜਨੀਤੀ ਦਾ ਭਿਅੰਕਰ ਚਿਹਰਾ ਗੁਜਰਾਤ ਦੇ ਗ੍ਰਹਿ ਰਾਜ ਮੰਤਰੀ ਅਮਿਤ ਸ਼ਾਹ 'ਤੇ ਲੱਗੇ ਦੋਸ਼ ਅਤੇ ਉਹਨਾਂ ਦੀ ਗ੍ਰਿਫ਼ਤਾਰੀ ਸਮੇਂ ਹੋਏ ਨਾਟਕਾਂ ਤੋਂ ਫਿਰ ਜਾਹਰ ਹੋ ਗਿਆ ਹੈ। ਇਹ ਰਾਜਸੀ ਨਾਟਕ ਉਸ ਸਮੇਂ ਚੋਟੀ 'ਤੇ ਪਹੁੰਚਿਆ ਜਦ ਦੇਸ਼ ਦੇ ਪ੍ਰਧਾਨ ਮੰਤਰੀ ਵਲੋਂ ਦਿੱਤੇ ਗਏ ਦੁਪਹਿਰ ਦੇ ਖਾਣੇ ਦਾ ਭਾਜਪਾ ਨੇ ਬਾਈਕਾਟ ਕਰ ਦਿੱਤਾ ਅਤੇ ਉਸ ਵੱਲੋਂ ਹਕੂਮਤ ਵਾਲੇ ਰਾਜ ਦਾ ਗ੍ਰਹਿ ਰਾਜ ਮੰਤਰੀ ਜੋ ਗ੍ਰਿਫ਼ਤਾਰੀ ਤੋਂ ਬਚਣ ਲਈ ਥਾਂ-ਥਾਂ ਲੁਕਿਆ ਫਿਰ ਰਿਹਾ ਸੀ। ਅਚਾਨਕ ਸੁਬਾਈ ਭਾਜਪਾ ਦੇ ਦਫ਼ਤਰ 'ਚ ਇਕ ਹੀਰੋ ਵਾਂਗੂੰ ਪ੍ਰਗਟ ਹੋਇਆ। ਭਾਜਪਾ ਨੇ ਉਸ ਦੀ ਆਰਤੀ ਉਤਾਰੀ ਅਤੇ ਫਿਰ ਇਹ ਦੋਸ਼ੀ ਮੈਜਿਸਟ੍ਰੇਟ ਸਾਹਮਣੇ ਪੇਸ਼ ਹੋਇਆ ਅਤੇ ਮੈਜਿਸਟ੍ਰੇਟ ਨੇ ਉਸ ਨੂੰ 14 ਦਿਨ ਲਈ ਜੇਲ੍ਹ ਭੇਜ ਦਿੱਤਾ। ਇੱਕ ਸੂਬੇ ਦਾ ਗ੍ਰਹਿ ਮੰਤਰੀ ਇਸ ਸਮੇਂ ਜੇਲ੍ਹ ਦੀ ਸ਼ੋਭਾ ਵਧਾ ਰਿਹਾ ਹੈ। ਅਮਿਤ ਸ਼ਾਹ ਤੇ ਲੱਗੇ ਦੋਸ਼ਾਂ ਤੋਂ ਜ਼ਾਹਿਰ ਹੈ ਕਿ ਇਹ ਰਾਜਨੇਤਾ-ਪੁਲਿਸ-ਗੁੰਡਾ ਗਠਜੋੜ ਨੂੰ ਚਲਾਉਣ ਵਾਲਾ ਇਕ ਸ਼ਾਤਰ ਅਤੇ ਮਾਹਰ ਆਦਮੀ ਹੈ। ਨੇਤ-ਪੁਲਸ-ਗੁੰਡਿਆਂ ਦਾ ਇਹ ਗਠਜੋੜ ਬੰਬਈ ਫਿਲਮਾਂ ਦਾ ਹੀ ਇਕ ਹਿੱਟ ਫਾਰਮੂਲਾ ਨਹੀਂ ਹੈ ਬਲਕਿ ਇਹ ਹਕੂਮਤੀ ਜਮਾਤ ਰਾਜਨੀਤੀ ਦਾ ਵੀ ਹਿੱਟ ਫਾਰਮੂਲਾ ਹੈ। ਅਤਿਮਸ਼ਾਹ ਵਰਗੇ ਰਾਜਸੀ ਨੇਤਾ ਭਾਜਪਾ 'ਚ ਹੀ ਨਹੀਂ ਬਲਕਿ ਹਰ ਪਾਰਟੀ 'ਚ ਮੌਜੂਦ ਹਨ ਅਤੇ ਕਈ ਤਾਂ ਕੇਂਦਰੀ ਸਰਕਾਰ 'ਚ ਵੀ ਮੰਤਰੀ ਬਣਦੇ ਰਹੇ ਹਨ। ਬਸ ਅਜੇ ਤਕ ਦੇਸ਼ ਦੇ ਪ੍ਰਧਾਨ ਮੰਤਰੀ ਦਾ ਅਹੁੱਦਾ ਅਜਿਹੇ ਬੰਦਿਆਂ ਦੀ ਪਹੁੰਚ ਤੋਂ ਦੂਰ ਰਿਹਾ ਹੈ। ਦੁਨੀਆਂ ਦੇ ਕਈ ਦੇਸ਼ਾਂ 'ਚ ਤਾਂ ਉਹ ਇਸ ਨੂੰ ਵੀ ਹਾਸਲ ਕਰ ਚੁੱਕੇ ਹਨ। ਅਮਿਤ ਸ਼ਾਹ ਨੂੰ ਬਚਾਉਣ ਲਈ ਭਾਰਤੀ ਜਨਤਾ ਪਾਰਟੀ ਜਿਹੋ ਜਿਹੇ ਹੱਥਕੰਡੇ ਅਪਣਾਉਂਦੀ ਰਹੀ ਹੈ, ਉਹ ਇਹ ਦੱਸਣ ਲਈ ਕਾਫੀ ਹਨ ਕਿ ਇਸ ਦੇਸ਼ 'ਚ ਨੈਤਿਕਤਾ ਸੁੱਚਤਾ, 'ਹਮ ਦੂਸਰੋਂ ਸੇ ਅਲੱਗ ਹੈਂ।' ਸੰਸਕਾਰ, ਆਦਰਸ਼ ਆਦਿ ਗੱਲ ਨੂੰ ਕਰਨ ਵਾਲੇ ਉਸ ਚਿੱਕੜ 'ਚ ਗਲੇ ਤਕ ਧਸੇ ਹੋਏ ਹਨ। ਜਿਸ ਬਾਰੇ ਉਹਨਾਂ ਦਾ ਦਾਅਵਾ ਸੀ ਕਿ ਉਹ ਚਿਕੜ 'ਚ ਕਮਲ ਵਾਂਗੂੰ ਹਨ। ਸੀ. ਬੀ. ਆਈ. ਦੇ ਦੋਸ਼ਾਂ ਅਨੁਸਾਰ ਅਮਿਤ ਸ਼ਾਹ ਦੇ ਸਿੱਧੇ ਨਿਰਦੇਸ਼ਾਂ ਦੇ ਅਧਾਰ 'ਤੇ ਪੁਲਸ ਅਧਿਕਾਰੀਟਾਂ ਨੇ ਸਾਜਸ਼ੀ ਢੰਗ ਨਾਲ ਪਹਿਲਾਂ ਸੋਹਰਾਬੁਦੀਨ ਫਿਰ ਉਸ ਦੀ ਬਿਲਕੁਲ ਨਿਰਦੋਸ਼ ਪਤਨੀ ਕੌਸਰ ਬੀ ਅਤੇ ਫਿਰ ਇਕ ਚਮਸ਼ਦੀਦ ਗਵਾਹ ਤੁਲਸੀ ਪ੍ਰਜਾਪਤੀ ਦੀ ਬੇਕਿਰਕ ਹੱਤਿਆ ਕਰ ਦਿੱਤੀ। ਯਾਨੀ ਇਹਨਾ ਤਿੰਨਾਂ ਵਿਅਕਤੀਆਂ ਦੇ ਕਤਲ ਦੀ ਸਾਜਿਸ ਰਾਜ ਦਾ ਗ੍ਰਹਿ ਰਾਜ ਮੰਤਰੀ ਪੁਲਸ ਅਧਿਕਾਰੀਆਂ ਨਾਲ ਮਿਲਕੇ ਰਚਦਾ ਹੈ। 2005 'ਚ ਵਾਪਰੀ ਇਸ ਘਟਨਾ ਦੇ ਦੋਸ਼ੀ ਪੰਜ ਸਾਲ ਬਾਅਦ ਤਦ ਗ੍ਰਿਫ਼ਤਾਰ ਕੀਤੇ ਜਾ ਰਹੇ ਹਨ ਜਦ ਦੇਸ਼ ਦੀ ਸੁਪਰੀਮ ਕੋਰਟ ਦੇਸ਼ ਦੀ ਮੁਖ ਜਾਂਚ ਏਜੰਸੀ ਸੀ. ਬੀ. ਆਈ. ਨੂੰ ਇਹ ਕੇਸ ਸੌਂਪਦੀ ਹੈ। ਯਾਨੀ ਇਸ ਫਰਜ਼ੀ ਮੁਕਾਬਲੇ ਦੇ ਵੱਖ-ਵੱਖ ਪਹਿਲੂ ਉਦੋਂ ਉਜਾਗਰ ਹੋ ਸਕੇ ਜਦ ਇਹ ਦੇਸ਼ ਦੀ ਸਮੁੱਚੀ ਰਾਜਸੀ ਤੇ ਨਿਆ ਪ੍ਰਣਾਲੀ ਦੀ ਸ਼ਾਖ 'ਤੇ ਸੁਆਲ ਨਹੀਂ ਖੜ੍ਹੇ ਹੋ ਗਏ। ਅਮਿਤਸ਼ਾਹ ਦੀ ਗ੍ਰਿਫ਼ਤਾਰੀ ਨਾਲ ਬੁਖਲਾਏ ਗੁਜਰਾਤ ਦੇ ਮੁਖ ਮੰਤਰੀ ਨਰੇਂਦਰ ਮੋਦੀ ਨੇ ਇਕ ਸੱਚ ਜਾਹਿਰ ਕੀਤਾ ਕਿ ਦੇਸ਼ 'ਚ 700 ਫਰਜੀ ਮੁਕਾਬਲੇ ਹੋਏ ਹਨ ਅਤੇ ਫਿਰ ਗੁੱਸਾ ਜ਼ਾਹਿਰ

ਕੀਤਾ ਕਿ ਯੂ. ਪੀ. ਏ. ਸਰਕਾਰ ਨਿਸ਼ਾਨਾ ਸਿਰਫ਼ ਗੁਜਰਾਤ ਨੂੰ ਹੀ ਕਿਉਂ ਬਣਾ ਰਹੀ ਹੈ। ਸੱਚ ਇਹੀ ਹੈ ਕਿ ਦੇਸ਼ ਵਿੱਚ ਫਰਜ਼ੀ ਮੁਕਾਬਲਿਆਂ ਦੀ ਗਿਣਤੀ 700 ਤੋਂ ਕਿਤੇ ਵੱਧ ਬਣ ਜਾਵੇਗੀ ਅਤੇ ਜੇ ਇਸ ਵਿੱਚ ਜੰਮੂ-ਕਸ਼ਮੀਰ, ਅਸਮ, ਮਣੀਪੁਰ, ਮਿਜ਼ੋਰਮ, ਛਤੀਸ਼ਗੜ੍ਹ, ਆਂਧਰਾ, ਝਾਰਖੰਡ ਵਰਗੇ ਰਾਜਾਂ 'ਚ ਹੋਣ ਵਾਲੇ ਪੁਲਸ ਮੁਕਾਬਲਿਆਂ ਨੂੰ ਵੀ ਜੋੜ ਲਿਆ ਜਾਵੇ। ਸੀ. ਪੀ. ਆਈ. (ਮਾਓਵਾਦੀ) ਦੇ ਚੋਟੀ ਦੇ ਨੇਤਾ ਅਜ਼ਾਦ ਅਤੇ ਉਤਰਖੰਡ ਦੇ ਪਤ੍ਰਕਾਰ ਹੇਮਚੰਦਰ ਪਾਂਡੇ ਦੇ ਕਤਲ ਦਾ ਕੇਸ ਅਜੇਹਿਆਂ ਹੀ ਮੁਕਾਬਲਿਆਂ ਦਾ ਹੈ। ਇਸ ਮਾਮਲੇ ਦੀ ਜਾਂਚ ਅਤੇ ਦੋਸ਼ੀਆਂ ਨੂੰ ਸਜ਼ਾ ਮਿਲਣੀ ਅਸੰਭਵ ਹੀ ਹੈ। ਜਿੱਥੋਂ ਤਕ ਸੀ. ਬੀ. ਆਈ. ਦੀ ਕੇਂਦਰ ਸਰਕਾਰ ਵਲੋਂ ਦੁਰਵਰਤੋਂ ਦਾ ਸੁਆਲ ਹੈ। ਉਸ 'ਚ ਸਚਾਈ ਹੈ ਜੋ ਕੰਮ ਅੱਜ ਯੂ. ਪੀ. ਏ. ਨੇ ਆਪਣੇ ਵਿਰੋਧੀਆਂ ਤੇ ਮੁਲਾਇਮ-ਮਾਇਆਵਤੀ ਵਰਗੇ ਸਹਿਯੋਗੀਆਂ ਦੇ ਨਾਲ ਕਰ ਰਹੀ ਹੈ, ਉਹ ਹੀ ਐਨ. ਡੀ. ਏ. ਆਪਣੇ ਰਾਜਕਾਲ 'ਚ ਕਰ ਰਿਹਾ ਸੀ।

ਲਾਲ ਕ੍ਰਿਸ਼ਨ ਅਡਵਾਣੀ ਨੂੰ ਬਾਬਰੀ ਮਸਜਿਦ ਢਹਿ ਢੇਰੀ ਕਰਨ 'ਚੋਂ ਬਰੀ ਕਰਨ ਦਾ ਕੇਸ ਅਜਿਹਾ ਹੀ ਸੀ। ਯਾਨੀ ਪੂੰਜੀਵਾਦੀ ਪਾਰਟੀ ਸੱਤਾ 'ਚ ਬਣੇ ਰਹਿਣ ਲਈ ਜਾਂ ਹਾਸਲ ਕਰਨ ਲਈ ਹਰ ਹੱਥ ਕੰਡੇ ਅਪਣਾਉਂਦੀਆਂ ਹਨ। ਵਿਰੋਧੀਆਂ ਸਹਿਯੋਗੀਆਂ ਨੂੰ ਦਬਾਉਣ ਪੱਟਣ ਲਈ ਪੂੰਜੀਵਾਦੀ ਸਮਾਜ ਦੀਆਂ ਅਖੌਤੀ ਪਵਿੱਤਰ ਸੰਸਥਾਵਾਂ ਦੀ ਵਰਤੋਂ ਉਨੀ ਹੀ ਪੁਰਾਣੀ ਹੈ। ਜਿੰਨੀਆਂ ਪੁਰਾਣੀਆਂ ਇਹ ਸੰਸਥਾਵਾਂ ਹਨ ਪਰ ਅਮਿਤ ਸ਼ਾਹ ਘਟਨਾਕ੍ਰਮ 'ਚ ਜਾਂਚ ਦਾ ਆਦੇਸ਼ ਕੇਂਦਰ ਸਰਕਾਰ ਨੇ ਨਹੀਂ ਬਲਕਿ ਸੁਪਰੀਮ ਕੋਰਟ ਨੇ ਦਿੱਤਾ ਹੋਇਆ ਹੈ। ਅਜਿਹੇ 'ਚ ਨਰੇਂਦਰ ਮੋਦੀ ਇਕ ਝੂਠ ਖੜ੍ਹਾ ਕਰਕੇ ਆਪਣੇ ਤੇ ਆਪਣੀ ਸਰਕਾਰ ਦੇ ਕਾਲੇ ਕਾਰਨਾਮਿਆਂ 'ਤੇ ਮਿੱਟੀ ਪਾ ਰਹੇ ਹਨ ਅਤੇ ਆਪਣੀ ਰਾਜਸੀ ਸ਼ਾਖ ਬਚਾਉਣ ਦੇ ਨਾਲ ਨਾਲ ਲੋਕਾਂ ਨੂੰ ਹਿੰਦੂ ਮੁਸਲਿਮ ਦੇ ਅਧਾਰ 'ਤੇ ਧਰੁਵੀਕ੍ਰਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸੋਹਰਾਬੁਦੀਨ ਦੀ ਲਾਸ਼ 'ਤੇ ਰਾਜਸੀ ਰੋਟੀਆਂ ਭਾਜਪਾ ਤੇ ਕਾਂਗਰਸ 2007 ਦੇ ਵਿਧਾਨ ਸਭਾ ਤੇ 2009 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸੇਕ ਚੁੱਕੀਆਂ ਹਨ। ਹੁਣ ਅਮਿਤ ਸ਼ਾਹ ਨੂੰ ਇੱਕ ਹੀਰੋ ਜਾਂ ਸ਼ਹੀਦ ਵਾਂਗੂੰ ਪੇਸ਼ ਕਰਕੇ ਭਾਜਪਾ ਅਜਿਹਾ ਹੀ ਕਰ ਰਹੀ ਹੈ। ਇਸ ਰਾਜਸੀ ਨਾਟਕ 'ਚ ਕਈ ਏਪੀਸੋਡ ਇਸ ਮਹੀਨੇ ਲੋਕਾਂ ਨੂੰ ਭਾਰਤੀ ਲੋਕਰਾਜ ਦੇ ਮਹਾਨ ਮੰਦਰ ਸੰਸਦ 'ਚ ਵੇਖਣ ਨੂੰ ਮਿਲਣਗੇ। ਇਸ ਘਟਨਾਕ੍ਰਮ ਦਾ ਇਕ ਹੋਰ ਪੱਖ ਬਣਦਾ ਹੈ। ਦੇਸ਼ ਦੇ ਕਈ ਮੁਖ ਪੂੰਜੀਵਾਦੀ ਅਖਬਾਰਾਂ ਤੇ ਬੁੱਧੀ ਜੀਵੀਆਂ ਨੇ ਜੋ ਭਾਜਪਾ ਨਾਲ ਹਮਦਰਦੀ ਰੱਖਦੇ ਹਨ। ਭਾਜਪਾ ਦੇ ਕਦਮਾਂ ਦੀ ਆਲੋਚਨਾ ਕੀਤੀ। ਉਹਨਾਂ ਨੇ ਫਰਮਾਇਆ ਕਿ ਭਾਜਪਾ ਨੂੰ ਖਾਸ ਕਰਕੇ ਨਰੇਂਦਰ ਮੋਦੀ ਤੇ ਅਮਿਤ ਸ਼ਾਹ ਨੂੰ ਅਦਾਲਤ ਦੀ ਮਰਿਆਦਾ ਦਾ ਖ਼ਿਆਲ ਰੱਖਦਿਆਂ ਕੰਮ ਕਰਨਾ ਚਾਹੀਦਾ ਹੈ ਤੇ ਇਸ ਕੇਸ ਦਾ ਰਾਜਸੀਕਰਨ ਨਹੀਂ ਕਰਨਾ ਚਾਹੀਦਾ। ਅਜਿਹੀ ਮੰਗ ਕਰਨ ਵਾਲੀਆਂ ਐਸੀਆਂ ਸੰਸਥਾਵਾਂ ਤੇ ਵਿਅਕਤੀ ਹਨ ਜੋ ਜਾਣਦੇ ਹਨ ਕਿ ਪੂੰਜੀਵਾਦ ਰਾਜ ਦੇ ਪੱਖ 'ਚ ਇਹ ਠੀਕ ਹੈ ਕਿ ਮੁਖ ਪਾਰਟੀਆਂ, ਨੇਤਾ ਇਨ੍ਹਾਂ ਸੰਸਥਾਵਾਂ ਦੀ ਸ਼ਾਖ ਬਣਾ ਕੇ ਰੱਖਣ ਅਤੇ ਉਸ ਅਨੁਸਾਰ ਵਰਤਾਅ ਕਰਨ ਪਰ ਪਾਰਲੀਮਾਨੀ ਪਾਰਟੀਆਂ ਜਾਣਦੀਆਂ ਹਨ ਕਿ ਜੇ ਆਪਣੀ ਰਿਸ਼ਵਤਖੋਰੀ, ਅਪਰਾਧਾਂ ਆਦਿ ਨੂੰ ਰਾਜਸੀ ਰੰਗਤ ਨਾ ਦੇਣ ਤਾਂ ਉਹ ਇਕ ਦਿਨ ਵੀ ਆਪਣੇ ਵੋਟ ਬੈਂਕ ਜਾਂ ਜਨਤਕ ਅਧਾਰ ਬਣਾ ਕੇ ਨਹੀਂ ਰੱਖ

ਸਕਦੀਆਂ। ਮੋਦੀ, ਸੋਹਰਾਬੁਦੀਨ, ਨੂੰ ਮੁਸਲਮਾਨ ਲਕਸ਼ਰ-ਏ-ਤੋਇਬਾ ਦਾ ਵਰਕਰ, ਦਹਿਸ਼ਤਗਰਦ ਆਦਿ ਨਾਲ ਨਵਾਜ ਕੇ ਰਾਜਨੀਤੀ ਨਾ ਕਰਦੇ ਤਾਂ ਕਿ ਉਹ ਗੁਜਰਾਤ ਦੇ ਮੁਖ ਮੰਤਰੀ 2007 ’ਚ ਬਣ ਸਕਦੇ? ਕੁਲ ਮਿਲਾ ਕੇ ਵੇਖਿਆ ਜਾਵੇ ਤਾਂ ਹਰ ਛੋਟੀ-ਵੱਡੀ ਘਟਨਾ ਸਮੇਂ ਪੂੰਜੀਵਾਦੀ ਰਾਜਸੀ ਪਾਰਟੀਆਂ ਤੇ ਸੰਸਥਾਵਾਂ ਦਾ ਵਿਹਾਰ ਇਹ ਵਿਖਾ ਰਿਹਾ ਹੈ ਕਿ ਉਹ ਆਪਣੀ ਸ਼ਾਖ ਗੁਆ ਰਹੀਆਂ ਹਨ ਤੇ ਲੋਕਾਂ ਸਾਹਮਣੇ ਇਹਨਾਂ ਦਾ ਦੰਭੀ ਚਿਹਰਾ ਨੰਗਾ ਹੋ ਰਿਹਾ ਹੈ।

# ਦਿੱਲੀ ਮੈਟਰੋ ਬਨਾਮ ਮੇਹਨਤਕਸ਼-ਮਜ਼ਦੂਰ

ਦਿੱਲੀ ਮੈਟਰੋ 'ਚ ਕੰਮ ਕਰਦੇ ਮਜ਼ਦੂਰਾਂ ਦੀ ਹਾਲਤ ਅੱਜ ਸਾਨੂੰ ਸੋਚਣ ਲਈ ਮਜ਼ਬੂਰ ਕਰ ਰਹੀਆਂ ਹਨ ਕਿ ਦੇਸ਼ ਦੀ ਅਜ਼ਾਦੀ ਦੇ 63 ਸਾਲਾਂ ਪਿੱਛੋਂ ਵੀ ਕੀ ਸਚਮੁੱਚ ਦੇਸ਼ ਦੀ ਮੇਹਨਤਕਸ਼ ਅਬਾਦੀ ਅਜ਼ਾਦ ਹੈ? ਜੇ ਉਹ ਅਜ਼ਾਦ ਹੈ ਤਾਂ 10-12 ਘੰਟੇ ਰੋਜ਼ਾਨਾ ਮੌਤ ਦੇ ਪਰਛਾਵੇਂ ਹੇਠਾਂ ਗੁਲਾਮਾਂ ਵਾਂਗੂੰ ਕੰਮ ਕਰਨ ਲਈ, ਜਿਸ 'ਚ ਜੇ ਉਹ ਜਿਉਂਦਾ ਰਿਹਾ ਤੇ ਦਿਹਾੜੀ ਮਿਲ ਜਾਵੇਗੀ ਵਰਨਾ ਉਹ ਵੀ ਕੰਮ ਦੇ ਦੌਰਾਨ ਰੋਜ਼ਾਨਾ ਦੇਸ਼ 'ਚ ਮਰਨ ਵਾਲੇ 6000 ਮਜ਼ਦੂਰਾਂ ਦੀ ਗਿਣਤੀ 'ਚ ਸ਼ਾਮਲ ਹੋ ਜਾਣਗੇ। ਦੂਜੇ ਪਾਸੇ ਇਹਨਾਂ ਸਾਰੇ ਬੇਕਸੂਰ ਮਿਹਨਤਕਸ਼ਾਂ ਦੀ ਮੌਤ ਦੇ ਜ਼ਿੰਮੇਵਾਰ ਕਾਤਲਾਂ ਦੀ ਨਾ ਤਾਂ ਗ੍ਰਿਫ਼ਤਾਰੀ ਹੁੰਦੀ ਹੈ, ਨਾ ਹੀ ਸਜ਼ਾ ਮਿਲਦੀ ਹੈ ਅਤੇ ਨਾ ਹੀ ਮਜ਼ਦੂਰਾਂ ਨੂੰ ਇਨਸਾਫ਼ ਮਿਲਦਾ ਹੈ। ਜਮਰੂਦਪੁਰ ਮੇਟਰੋ ਹਾਦਸੇ ਦੀ ਤਾਜਾ ਘਟਨਾ ਉਸ ਦਾ ਇਕ ਹੋਰ ਸਬੂਤ ਹੈ। ਪਿਛਲੀ ਜੁਲਾਈ ਦੀ ਸਵੇਰੇ ਦਿੱਲੀ ਦੇ ਜਮਰੂਦਪੁਰ ਇਲਾਕੇ 'ਚ ਮੈਟਰੋ ਰੇਲ ਦਾ ਬਣ ਰਿਹਾ ਪੁਲ ਡਿੱਗ ਜਾਣ ਨਾਲ 6 ਮਜ਼ਦੂਰਾਂ ਦੀ ਮੌਤ ਹੋ ਗਈ। ਕਰੀਬ 20 ਤੋਂ 25 ਮਜ਼ਦੂਰ ਜ਼ਖ਼ਮੀ ਹੋ ਗਏ। ਉਸ ਥਾਂ 'ਤੇ ਕੰਮ ਕਰਨ ਵਾਲੇ ਮਜ਼ਦੂਰਾਂ ਤੇ ਉਹਨਾਂ ਦੇ ਸੁਪਰਵਾਈਜਰ ਨੇ ਮੈਟਰੋ ਪ੍ਰਸਾਸ਼ਨ ਅਤੇ ਠੇਕਾ ਕੰਪਨੀ ਗੈਮਨ ਨੂੰ ਬਹੁਤ ਪਹਿਲਾਂ ਹੀ ਦਸ ਦਿੱਤਾ ਸੀ ਕਿ ਇਸ ਥਾਂ 'ਤੇ ਕੰਮ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ ਹੈ। ਪਤਾ ਲੱਗਿਆ ਕਿ ਪੁਲ ਦੇ ਪਿਲਰ ਨੰ. 67 'ਚ ਕੁਝ ਮਹੀਨੇ ਪਹਿਲਾਂ ਦਰਾਰ ਆ ਗਈ ਸੀ ਜਿਸ ਕਾਰਨ ਕਰੀਬ 3 ਮਹੀਨੇ ਪਹਿਲਾਂ ਕੰਮ ਰੋਕਣਾ ਪਿਆ ਸੀ। ਪਰ 2010 ਦੀਆਂ ਕਾਮਨਵੈਲਥ ਖੇਡਾਂ ਤੋਂ ਪਹਿਲਾਂ ਮੈਟਰੋ ਪ੍ਰਸਾਸ਼ਨ ਨੇ ਠੇਕਾ ਕੰਪਨੀਆਂ ਨੂੰ ਮਜ਼ਦੂਰ ਦੀ ਲੁੱਟ ਕਰਨ, ਸਭ ਕਿਰਤ ਕਾਨੂੰਨਾਂ ਦੀ ਉਲੰਘਣਾ ਕਰਨ ਅਤੇ ਸਾਰੇ ਸੁਰੱਖਿਆ ਉਪਾਵਾਂ ਦੀ ਅਣਦੇਖੀ ਕਰਨ ਦੀ ਪੂਰੀ ਛੋਟ ਦੇ ਰੱਖੀ ਸੀ। ਇਸ ਲਈ ਠੇਕਾ ਕੰਪਨੀ ਗੈਮਨ ਇੰਡੀਆ ਨੇ ਮੈਟਰੋ ਪ੍ਰਸਾਸ਼ਨ ਦੇ ਇੰਜਨੀਅਰਾਂ ਦੀ ਜਾਣਕਾਰੀ ਅਤੇ ਇਜਾਜ਼ਤ ਨਾਲ ਉਸ ਦਰਾਰ ਦੀ ਥੋੜ੍ਹੀ ਬਹੁਤ ਮੁਰੰਮਤ ਕਰਵਾ ਕੇ ਦੋ ਤਿੰਨ ਦਿਨਾਂ 'ਚ ਹੀ ਫੇਰ ਕੰਮ ਸ਼ੁਰੂ ਕਰਵਾ ਦਿੱਤਾ। 11 ਜੁਲਾਈ ਦੀ ਰਾਤ ਵੀ ਪੁਲ ਦੇ ਟੁੱਟਣ ਦੇ ਡਰ ਨਾਲ ਕੰਮ ਨੂੰ ਰੋਕਣਾ ਪਿਆ ਸੀ ਪਰ ਮੁਨਾਫ਼ੇ ਦੀ ਹਵਸ਼ ਵਿੱਚ ਅੰਨ੍ਹੀ ਕੰਪਨੀ ਨੇ 12 ਜੁਲਾਈ ਦੀ ਸੁਬਾਹ 4.30 ਵਜੇ ਫਿਰ ਤੋਂ ਕੰਮ ਸ਼ੁਰੂ ਕਰਵਾ ਦਿੱਤਾ। ਕੁਝ ਹੀ ਦੇਰ 'ਚ ਤਰੇੜ ਵਾਲਾ ਖੰਭਾ ਟੁੱਟ ਗਿਆ ਅਤੇ ਪੁਲ 'ਚ ਲੱਗਣ ਵਾਲਾ ਲੋਹੇ ਦਾ ਕਈ ਸੌ ਟਨ ਦਾ ਲਾਂਚਰ ਟੁੱਟ ਕੇ ਡਿੱਗ ਪਿਆ। ਜਿਸ ਦੇ ਹੇਠਾਂ ਕਰੀਬ 35 ਮਜ਼ਦੂਰ ਆ ਗਏ। ਇਹਨਾਂ 'ਚੋਂ ਕੁਝ ਨੇ ਉਥੋਂ ਹੀ ਅਤੇ ਬਾਕੀ ਨੇ ਹਸਪਤਾਲ ਪਹੁੰਚਦੇ ਪਹੁੰਚਦੇ ਦਮ ਤੋੜ ਦਿੱਤਾ। ਇਸ ਘਟਨਾ ਤੋਂ ਫੌਰਨ ਪਿੱਛੋਂ ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਦੇ ਪ੍ਰਬੰਦਕ ਨਿਰਦੇਸ਼ਕ ਈ. ਸ੍ਰੀਧਰਨ ਨੇ ਪ੍ਰੈਸ ਕਾਨਫਰੰਸ 'ਚ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ। ਜਿਵੇਂ ਕਿ ਤਹਿ ਹੀ ਸੀ ਸ਼ੀਲਾ ਦੀਕਸ਼ਤ ਦੀ ਸਰਕਾਰ ਨੇ ਅਸਤੀਫਾ ਨਾ ਮੰਨਜ਼ੂਰ ਕਰ ਦਿੱਤਾ। ਸਾਫ਼ ਹੈ ਕਿ ਇਹ ਅਸਤੀਫਾ ਇਸ ਭਿਅੰਕਰ ਦੁਰਘਟਨਾ ਤੋਂ ਧਿਆਨ ਹਟਾਉਣ ਲਈ ਕੀਤੀ ਗਈ ਇਕ ਰਸਮ ਸੀ, ਨਾਟਕ ਸੀ ਤਾਂ ਕਿ ਲੋਕਾਂ ਦਾ ਧਿਆਨ ਮੁਖ ਮੁੱਦੇ ਤੋਂ ਲਾਂਭੇ ਕੀਤਾ ਜਾ ਸਕੇ। ਅਜਿਹੇ 'ਚ ਸੋਚਣ ਦੀ ਗੱਲ ਇਹ ਹੈ ਕਿ ਮੌਤਾਂ ਦਾ ਜ਼ਿੰਮੇਵਾਰ ਕੌਣ ਹੈ? ਇਸ ਘਟਨਾ ਤੋਂ ਅਗਲੇ ਹੀ ਦਿਨ ਉਸ ਜਗਾਹ

'ਤੇ ਟੁੱਟੇ ਲਾਂਚਰ ਨੂੰ ਹਟਾਉਣ ਲਈ ਲਗਾਈਆਂ ਚਾਰ ਕ੍ਰੇਨਾ ਉਲਟ ਗਈਆਂ ਜਿਸ ਨਾਲ ਪੂਰਾ ਲਾਂਚਰ ਤੇ ਅਥਾਹ ਮਲਬਾ ਫਿਰ ਹੇਠਾਂ ਡਿੱਗ ਪਏ। ਇਸ ਘਟਨਾ 'ਚ ਤਿੰਨ ਇੰਜਨੀਅਰ ਤੇ ਤਿੰਨ ਮਜ਼ਦੂਰ ਜ਼ਖ਼ਮੀ ਹੋ ਗਏ।

ਕਾਰਪੋਰੇਟ ਜਗਤ ਦੀਆਂ ਅੱਖਾਂ ਦੇ ਤਾਰੇ ਬਣੇ ਸ੍ਰੀ ਧਰਨ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਇਹਨਾਂ ਮਜ਼ਦੂਰਾਂ ਨੂੰ ਠੇਕਾ ਕੰਪਨੀਆਂ ਦੀ ਮੁਨਾਫੇ ਦੀ ਹਵਸ਼ ਦੇ ਭਰੋਸੇ ਛੱਡ ਦੇਣ ਸਮੇਂ ਉਹਨਾਂ ਦੀ ਨੈਤਿਕਤਾ ਕਿੱਥੇ ਚਲੀ ਗਈ ਸੀ? ਇਸ ਘਟਨਾ ਤੋਂ ਦੋ ਦਿਨ ਬਾਅਦ ਹੀ 14 ਜੁਲਾਈ ਦੀ ਸੁਬਾਹ ਮੁੰਬਈ ਮੈਟਰੋ ਦਾ ਵੀ ਪਿਲਰ ਡਿੱਗ ਪਿਆ। ਇੱਥੇ ਵੀ ਗੈਮਨ ਇੰਡੀਆ ਕੰਮ ਕਰਵਾ ਰਹੀ ਸੀ। ਇਹ ਉਹ ਠੇਕਾ ਕੰਪਨੀ ਹੈ ਜਿਸ ਵੱਲੋਂ ਬਣਾਇਆ ਇਕ ਫਲਾਈਓਵਰ ਪਿਛਲੇ ਸਾਲ ਹੈਦਰਾਬਾਦ 'ਚ ਢਹਿ ਢੇਰੀ ਹੋ ਗਿਆ ਸੀ। ਜਿਸ 'ਚ ਦੋ ਲੋਕਾਂ ਦੀ ਮੌਤ ਹੋ ਗਈ ਸੀ। ਗੈਮਨ ਇੰਡੀਆ ਵਲੋਂ ਬਣਾਏ ਗਏ ਢਾਂਚੇ ਪਿਛਲੇ ਸਾਲ ਨੁਕਸਾਨ ਦੀ ਮਾਰ 'ਚ ਆ ਚੁੱਕੇ ਹਨ। ਇਸ ਸਭ ਦੇ ਬਾਵਜੂਦ ਗੈਮਨ ਇੰਡੀਆ ਨੂੰ ਹਮੇਸ਼ਾ 'ਕਲੀਨਚਿਟ' ਮਿਲ ਗਈ। ਇਸ ਤੋਂ ਠੇਕਾ ਕੰਪਨੀਆਂ ਤੇ ਸਰਕਾਰ 'ਚ ਬੈਠੇ ਅਧਿਕਾਰੀਆਂ ਦੀ ਮਿਲੀ ਭੁਗਤ ਤੇ ਗਠਜੋੜ ਬਾਰੇ ਸਾਫ਼ ਪਤਾ ਲੱਗ ਜਾਂਦਾ ਹੈ। ਮੈਟਰੋ ਰੇਲ ਦੀ ਉਸਾਰੀ 'ਚ ਹੋਣ ਵਾਲੀ ਇਹ ਪਹਿਲੀ ਦੁਰਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਅਕਤੂਬਰ 2008 'ਚ ਚਾਂਦਨੀ ਚੌਂਕ ਤੇ ਜੁਲਾਈ 2008 'ਚ ਰਾਮ ਮਨੋਹਰ ਲੋਹੀਆ ਦੇ ਕੋਲ ਵੀ ਮੈਟਰੋ ਉਸਾਰੀ ਵਾਲੀਆਂ ਥਾਵਾਂ 'ਤੇ ਵੀ ਦੁਰਘਟਨਾਵਾਂ ਹੋ ਚੁੱਕੀਆਂ ਹਨ। ਜਿਹਨਾਂ 'ਚ ਬੇਗੁਨਾਹ ਮਜ਼ਦੂਰ ਤੇ ਨਾਗਰਿਕ ਮਾਰੇ ਗਏ ਸਨ। ਛੋਟੀਆਂ ਛੋਟੀਆਂ ਦੁਰਘਟਨਾਵਾਂ ਦੀ ਤਾਂ ਗਿਣਤੀ ਹੀ ਨਹੀਂ ਹੈ। ਇਕ ਘਟਨਾ ਵਿੱਚ ਤਾਂ ਮੈਟਰੋ ਦੇ ਇਕ ਡੰਪਰ ਨੇ ਸੁੱਤੇ ਮਜ਼ਦੂਰਾਂ 'ਤੇ ਮਿੱਟੀ ਦਾ ਭਰਿਆ ਇੱਕ ਟਰੱਕ ਉਲਟਾ ਦਿੱਤਾ ਸੀ ਜਿਸ ਨਾਲ ਕਈ ਮਜ਼ਦੂਰਾਂ ਦੀ ਦਬ ਕੇ ਮੌਤ ਹੋ ਗਈ ਸੀ। ਇਹਨਾਂ ਘਟਨਾਵਾਂ ਦੀ ਸਭ ਤੋਂ ਵੱਡੀ ਦਿਕਤ ਇਹ ਹੈ ਕਿ ਇਸ ਪੂਰੀ ਉਸਾਰੀ 'ਚ ਕਿਸੇ ਦੀ ਜ਼ੁੰਮੇਵਾਰੀ ਤਹਿ ਨਹੀਂ ਹੈ। ਠੇਕਾ ਕੰਪਨੀਆਂ ਸੁਰੱਖਿਆ ਪੈਮਾਨਿਆਂ ਦਾ ਪਾਲਣਾ ਨਹੀਂ ਕਰਦੀਆਂ ਹਨ। ਅਜਿਹੇ 'ਚ ਕੋਈ ਵੀ ਦੁਰਘਟਨਾ ਹੋਣ 'ਤੇ ਸਰਕਾਰ ਡੀ. ਐਮ. ਆਰ. ਸੀ. 'ਤੇ ਜ਼ਿੰਮੇਵਾਰੀ ਪਾਉਂਦੀ ਹੈ। ਡੀ. ਐਮ. ਆਰ. ਸੀ ਠੇਕੇਦਾਰ 'ਤੇ ਅਤੇ ਠੇਕੇਦਾਰ ਛੋਟੇ ਠੇਕੇਦਾਰ 'ਤੇ ਜਾਂ ਛੋਟੇ ਕਰਮਚਾਰੀਆਂ ਨੂੰ ਜ਼ਿੰਮੇਵਾਰ ਠਹਿਰਾ ਕੇ ਪੱਲਾ ਛੁਡਾ ਲੈਂਦੇ ਹਨ ਅਤੇ ਬਲੀ ਦਾ ਬਕਰਾ ਬਣਦਾ ਹੈ ਇਕ ਛੋਟਾ ਮੁਲਾਜ਼ਮ ਜਦ ਕਿ ਹਕੀਕਤ 'ਚ ਮੂਲ ਜ਼ਿੰਮੇਵਾਰੀ ਡੀ. ਐਮ. ਆਰ. ਸੀ. ਦੀ ਬਣਦੀ ਹੈ। ਕਿਉਂਕਿ ਡੀ. ਐਮ. ਆਰ. ਸੀ. ਹੀ ਸੁਰੱਖਿਆ ਤਾਣਾ ਬਾਣਾ ਤੇ ਠੇਕਾ ਕੰਪਨੀਆਂ ਦੀ ਨਿਗਰਾਨੀ ਲਈ ਜੁਆਬਦੇਹ ਹੈ। ਕਿਰਤ ਕਾਨੂੰਨਾਂ ਦੀ ਇਹ ਨੰਗੀ ਚਿੱਟੀ ਉਲੰਘਣਾ ਸਿਰਫ਼ ਉਸਾਰੀ ਮਜ਼ਦੂਰਾਂ ਦੇ ਨਾਲ ਹੀ ਨਹੀਂ ਹੋ ਰਹੀ ਹੈ। ਮੈਟਰੋ 'ਚ ਕੰਮ ਕਰਨ ਵਾਲੇ ਸਮੁੱਚੇ ਠੇਕਾ ਮਜ਼ਦੂਰਾਂ ਦੇ ਕਿਰਤ ਅਧਿਕਾਰੀਆਂ ਦਾ ਡੀ. ਐਮ. ਆਰ. ਸੀ. ਤੇ ਠੇਕਾ ਕੰਪਨੀਆਂ ਬੇਸ਼ਰਮੀ ਨਾਲ ਮਾਖੌਲ ਉਡਾ ਰਹੀਆਂ ਹਨ। ਕੁਝ ਹੋਰ ਤੱਥਾਂ 'ਤੇ ਨਜ਼ਰ ਮਾਰੀਏ। ਮੈਟਰੋ ਸਟੇਸ਼ਨਾ ਅਤੇ ਡਿਪੋ 'ਤੇ ਕੰਮ ਕਰਨ ਵਾਲੇ ਕਰੀਬ 3000 ਸਫ਼ਾਈ ਕਰਮਚਾਰੀ ਨੌ ਠੇਕਾ ਕੰਪਨੀਆਂ ਤਹਿਤ ਕੰਮ ਕਰ ਰਹੇ ਹਨ। ਜਿਹਨਾਂ ਨੂੰ 2800 ਤੋਂ 3000 ਰੁਪਏ ਤਕ ਤਨਖਾਹ ਮਿਲਦੀ ਹੈ ਜਦਕਿ ਕਾਨੂੰਨਣ ਉਹਨਾਂ ਦੀ ਤਨਖਾਹ 5300 ਰੁਪਏ ਹੋਣੀ ਚਾਹੀਦੀ ਹੈ। ਇਸ 'ਤੇ ਜਦ ਮਜ਼ਦੂਰਾਂ ਨੇ 'ਮੈਟਰੋ

ਕਾਮਗਾਰ ਸੰਘਰਸ਼ ਸੰਮਤੀ ਬਣਾ ਕੇ ਅੰਦੋਲਨ ਕੀਤਾ ਤਾਂ ਅੰਦੋਲਨ 'ਚ ਸ਼ਾਮਲ ਮਜ਼ਦੂਰਾਂ ਨੂੰ ਡੀ. ਐਮ. ਆਰ. ਸੀ. ਤੇ ਠੇਕਾ ਕੰਪਨੀਆਂ ਨੇ ਕੱਢਣਾ ਸ਼ੁਰੂ ਕੀਤਾ। ਜਦ ਇਸ ਨਾਲ ਵੀ ਗੱਲ ਨਹੀਂ ਬਣੀ ਤਾਂ ਦਿੱਲੀ ਪ੍ਰਸਾਸ਼ਨ ਨਾਲ ਮਿਲਕੇ ਡੀ. ਐਮ. ਆਰ. ਸੀ. ਨੇ ਉਹਨਾਂ ਨੂੰ ਦੋ ਦਿਨ ਲਈ ਜ਼ੇਲ੍ਹ 'ਚ ਵੀ ਬੰਦ ਕਰਵਾ ਦਿੱਤਾ। ਇਹ ਸੰਘਰਸ਼ ਅਜੇ ਵੀ ਜਾਰੀ ਹੈ। ਇਸ ਤਰ੍ਹਾਂ ਦੇ ਸੈਂਕੜੇ ਅੰਕੜੇ ਗਿਣਾਏ ਜਾ ਸਕਦੇ ਹਨ। ਜਿਸ ਰਾਹੀ ਡੀ. ਐਮ. ਆਰ. ਸੀ. ਤੇ ਠੇਕਾ ਕੰਪਨੀਆਂ ਵਲੋਂ ਕਿਰਤ ਕਾਨੂੰਨਾ, ਸੁਰੱਖਿਆ ਉਪਾਵਾਂ ਤੇ ਕੰਮ ਵਾਲੀਆਂ ਥਾਵਾਂ ਦੀ ਅਣਦੇਖੀ ਦਾ ਸਬੂਤ ਮਿਲਦਾ ਹੈ। ਇਹ ਕੋਈ ਅਣਜਾਣੇ 'ਚ ਹੋਣ ਵਾਲੀ ਅਣਦੇਖੀ ਨਹੀਂ ਹੈ। ਇਸ ਪਿੱਛੇ ਡੀ. ਐਮ. ਆਰ. ਸੀ. ਤੇ ਠੇਕਾ ਕੰਪਨੀਆਂ ਦਾ ਮੁਨਾਫੇ ਦੀ ਹਵਸ਼ ਤੇ ਉਹਨਾਂ ਦਾ ਭ੍ਰਿਸ਼ਟਾਚਾਰ ਹੈ। 'ਮੈਟਰੋ ਕਾਮਗਾਰ ਸੰਘਰਸ਼ ਸੰਮਤੀ ਨੇ ਇਹਨਾਂ ਅਤਿਆਚਾਰਾਂ ਖਿਲਾਫ਼ ਸੰਘਰਸ਼ ਦਾ ਰਾਹ ਅਖਤਿਆਰ ਕੀਤਾ ਹੈ।

# ਬਾਬਾ ਰਾਮਦੇਵ ਦੀ ਅਣਖ ਤੇ ਖੁਸ਼ਹਾਲ ਮੱਧਵਰਗ

ਬਾਬਾ ਰਾਮਦੇਵ ਭਾਰਤੀ ਮੱਧਵਰਗ ਦੇ ਇਕ ਬਹੁਤ ਵੱਡੇ ਹਿੱਸੇ ਦਾ ਸਿੰਗ ਹੈ, ਨਹੁੰ ਹੈ, ਚਾਰ ਭੁਜਾਧਾਰੀ ਵਿਸ਼ਣੂ ਹੈ ਜੋ ਇਕ ਭੁਜਾ ਤੋਂ ਬੀਮਾਰੀ ਦਾ ਸੰਚਾਰ ਕਰਦੇ ਹਨ, ਦੂਜੀ ਬਾਂਹੀ ਤੋਂ ਭ੍ਰਿਸ਼ਟਾਚਾਰ ਦਾ ਤੀਜੀ ਬਾਂਹ ਨਾਲ ਸਵਦੇਸ਼ੀ ਦਾ ਸੰਖ ਵਜਾਉਂਦੇ ਹਨ, ਚੌਥੀ ਬਾਂਹੀ ਨਾਲ ਦੇਸ਼ ਦੇ ਮਾਣ ਸਨਮਾਨ ਦੀ ਰਾਖੀ ਕਰਦੇ ਹਨ। ਜਦ ਬਾਬਾ ਰਾਮਦੇਵ ਯੌਗਿਕ ਕ੍ਰਿਆਵਾਂ ਦੇ ਨਾਲ ਸਵਦੇਸੀ ਦਾ ਸੰਪਨਾਦ ਕਰਦੇ ਹਨ ਅਤੇ ਭ੍ਰਿਸ਼ਟਾਚਾਰ ਖਿਲਾਫ਼ ਫੁਕਾਰਾ ਮਾਰਦੇ ਹਨ ਤਾਂ 'ਬਾਬਾ ਰਾਮਦੇਵੀ ਪੰਜੈ ਹੋ' ਦੇ ਸ਼ੋਰ ਤੇ ਨਗਾਰਿਆਂ ਦੀ ਆਵਾਜ਼ 'ਚ ਵਾਤਾਵਰਣ ਡੁੱਬ ਜਾਂਦਾ ਹੈ। ਆਪਣੀ ਭਾਰਤ ਸੂਚਿਤਾ ਦੀ ਸੱਤ ਬਚਨ ਦੀ, ਪਰਿਵਾਰਵਾਦ ਤੋਂ ਉਪਰ ਉਠ ਕੇ ਸਮੁੱਚੇ ਸੰਸਾਰ ਨੂੰ ਆਪਣਾ ਪਰਿਵਾਰ ਸਮਝਣ ਦੀ। ਇਸ ਪਿੱਛੋਂ ਬਾਬਾ ਆਸਣ ਬਦਲਦੇ ਹਨ ਅਤੇ ਕਪਾਲ ਭਾਰਤੀ ਕ੍ਰਿਆ ਕਰਦੇ ਹੋਏ ਜੋਰ ਜੋਰ ਨਾਲ ਸਾਹ ਖਿੱਚਦੇ ਹਨ, ਗੱਲ ਕਰਦੇ ਹਨ, ਯੋਗ ਤੇ ਆਧਾਰਵੇਦ ਮਹਿਮਾ ਦੀ, ਵਿਸ਼ਵਗੁਰੂ ਭਾਰਤ ਦੀ ਆਬਰੂ ਦੀ ਰਾਖੀ ਦੀ। ਫਿਰ ਬਾਬਾ ਲੋਕਾਂ ਤੋਂ ਹੱਥ ਖੜ੍ਹੇ ਕਰਵਾਉਂਦੇ ਹਨ। ਵਿਦੇਸ਼ਾਂ 'ਚ ਜਮ੍ਹਾ ਕਾਲੇ ਧਨ ਨੂੰ ਵਾਪਸ ਲੈਣ ਲਈ ਉਹਨਾ ਦੇ 4 ਜੂਨ ਤੋਂ ਸ਼ੁਰੂ ਮਰਨ ਵਰਤ (ਜਿਸ 'ਚ ਪਹਿਲਾਂ ਹੀ ਤਹਿ ਸੀ ਕਿ ਇਸ ਵਰਤ ਨਾਲ ਬਾਬਾ ਮਰਨ ਤਕ ਨਹੀਂ ਜਾਣਗੇ) 'ਚ ਸਾਥ ਦੇਣ ਦੀ। ਅਸੀਂ ਇਸ ਬਾਬਾ ਦੇ ਪ੍ਰਸੰਗ 'ਚ ਆਪਣੀਆਂ ਕੁਝ ਗੱਲਾਂ ਕਰਨੀਆਂ ਚਾਹੁੰਦੇ ਹਾਂ, ਗੁੱਸੇ ਨਾ ਹੋਇਓ। ਦੁਨੀਆਂ ਦੀ ਇਸ ਸਭ ਤੋਂ ਵੱਡੀ ਜਮਹੂਰੀਅਤ 'ਚ ਸਾਨੂੰ ਵੀ ਆਪਣੀ ਗੱਲ ਕਰਨ ਦੀ ਅਜਾਦੀ ਹੈ। ਅਸੀਂ ਬਸ ਬਾਬਾ ਰਾਮਦੇਵ ਦੇ ਸਵਦੇਸ਼ੀ, ਭ੍ਰਿਸ਼ਟਾਚਾਰ ਵਿਰੋਧ, ਸੱਤ ਵਚਨ ਤੇ ਯੋਗਾ ਅਤੇ ਆਯੁਰਵੇਦ ਰਾਹੀਂ ਸਭ ਬੀਮਾਰੀਆਂ ਦੇ ਇਲਾਜ ਦੇ ਦਾਅਵੇ ਆਪਣੀ ਗੱਲ ਰੱਖਣੀ ਚਾਹੁੰਦੇ ਹਨ। ਉਮੀਦ ਹੈ ਤੁਸੀਂ ਗੌਰ ਜ਼ਰੂਰ ਕਰੋਂਗੇ। ਬਾਬਾ ਰਾਮਦੇਵ ਦੇ ਦਿਲ 'ਚ ਸਵਦੇਸ਼ੀ-ਸਵਦੇਸ਼ੀ ਦੀ ਹੂਕ ਉਠਦੀ ਹੈ। ਵਿਦੇਸ਼ੀ ਸੂਲ ਉਹਨਾਂ ਦੇ ਕਲੇਜੇ 'ਚ ਖੁਭ ਜਾਂਦੀ ਹੈ ਤੇ ਉਹ ਜ਼ੋਰ ਨਾਲ ਸਵਦੇਵੀ ਗੌਰਵ ਗਾਣ 'ਚ ਡੁੱਬ ਜਾਂਦੇ ਹਨ। ਆਓ, ਉਹਨਾਂ ਦੇ ਸਵਦੇਸ਼ੀ-ਰਾਗ ਦੀ ਮੂਲ ਗੱਲ 'ਤੇ ਇਕ ਨਜ਼ਰ ਮਾਰੀਏ। ਪੂੰਜੀਵਾਦੀ ਪ੍ਰਣਾਲੀ ਦਾ ਆਮ ਨਿਯਮ ਹੈ ਕਿ ਵੱਡੀ ਮੱਛੀ ਛੋਟੀ ਮੱਛੀ ਨੂੰ ਨਿਗਲਦੀ ਹੈ। ਯਾਨੀ ਵੱਡੀ ਪੂੰਜੀ ਛੋਟੀ ਪੂੰਜੀ ਨੂੰ ਖਾ ਜਾਂਦੀ ਹੈ। ਅਜਿਹਾ ਉਹ ਆਪਣੀ ਸਾਖ, ਵਿਤੀ ਉਪਾਵਾਂ, ਉੱਨਤ ਤਕਨੀਕ ਸਾਸ਼ਨ ਤੇ ਪ੍ਰਸਾਸ਼ਨ 'ਚ ਆਪਣੇ ਪ੍ਰਭਾਵ ਰਾਹੀਂ ਕਰਦੀਆਂ ਹਨ। ਛੋਟੀ ਮੱਛੀ ਨੂੰ ਵੱਡੀ ਮੱਛੀ ਬਣਨ ਲਈ ਹਮੇਸ਼ਾ ਹੀ ਧਰਮ, ਨਸਲ ਅੰਨੀ ਕੌਮੀ ਪ੍ਰਸਤੀ (ਜਾਂ ਸਵਦੇਸ਼ੀ) ਆਦਿ ਦੀ ਲੋੜ ਪੈਂਦੀ ਹੈ। ਅਜਿਹਾ ਕਰਕੇ ਉਹ ਨਾ ਸਿਰਫ਼ ਆਪਣੀਆਂ ਵਸਤਾਂ ਦੀ ਪੈਦਾਵਾਰੀ ਲਾਗਤ ਨੂੰ ਘੱਟ ਕਰਨ 'ਚ ਸਫਲ ਹੋ ਜਾਂਦੇ ਹਨ ਬਲਕਿ ਵਿਕਰੀ ਵੀ ਵਧਾਉਣ 'ਚ ਕਾਮਯਾਬ ਹੋ ਜਾਂਦੇ ਹਨ। ਬਾਬਾ ਰਾਮਦੇਵ ਦੋਨੋਂ ਹੱਥ ਕੰਡੇ ਅਪਣਾਉਂਦੇ ਹਨ। ਬਾਬਾ ਦੇ ਟਰੱਸਟਾਂ ਨੂੰ ਕੋਈ ਵੀ ਟੈਕਸ ਨਹੀਂ ਦੇਣਾ ਪੈਂਦਾ। ਧਰਮ ਅਤੇ "ਦੇਸ਼ ਦੇ ਮਾਣ" ਦੀ ਧੁਨ 'ਚ ਮਗਨ ਬਹੁਤ ਸਾਰੇ ਦਾਨੀਆਂ ਦਾ ਪੈਸਾ (ਕਾਲਾ ਜਾਂ ਸਫ਼ੈਦ) ਵੀ ਬਾਬੇ ਲਈ ਪੂੰਜੀ ਦੀ ਕਮੀ ਨੂੰ ਦੂਰ ਕਰਦਾ ਹੈ। ਧਰਮ ਦੇ ਅੰਨੇ ਉਤਸ਼ਾਹ 'ਚ ਬਹੁਤ ਸਾਰੇ ਸਵੈਮਸੇਵਕ ਬਿਨਾਂ ਦਿਹਾੜੀ ਦੇ ਆਪਣੀ ਕਿਰਤ ਮੁਫਤ ਮੁਹੱਈਆ ਕਰਵਾਉਂਦੇ ਹਨ ਤੇ ਫਿਰ

ਮਜ਼ਦੂਰਾਂ ਦੀ ਕਿਰਤ ਦੀ ਭਿਅੰਕਰ ਲੁੱਟ ਕਰਦੇ ਹਨ। ਜਿਸ ਵਗੈਰ ਮੁਨਾਫਾ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਧਿਆਨ ਦੇਣ ਵਾਲੀ ਗੱਲ ਹੈ ਕਿ ਮਈ 2005 ’ਚ ਘਟੋ ਘੱਟ ਮੇਹਨਤ ਮਜ਼ਦੂਰੀ ਵੀ ਨਾ ਮਿਲਣ ਕਰਕੇ ਦਿਵਿਆ ਫਾਰਮੇਸੀ ਦੇ ਮਜ਼ਦੂਰਾਂ ਨੇ ਹੜਤਾਲ ਕਰ ਦਿੱਤੀ ਸੀ ਜਿਹਨਾਂ ਨੂੰ ਪਿੱਛੋਂ ਫੈਕਟਰੀ ’ਚੋਂ ਬਾਹਰ ਕੱਢ ਦਿੱਤਾ ਗਿਆ। ਇਸ ਤੋਂ ਸਹਿਜੇ ਦੀ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਬਾਬਾ ਆਪਣੀਆਂ ਵਸਤਾਂ ਦੀ ਲਾਗਤ ਨੂੰ ਕਿੰਨਾ ਘੱਟ ਕਰਨ ’ਚ ਸਫਲ ਹੁੰਦਾ ਹੈ। ਜਦਕਿ ਵਸਤਾਂ ਦੀ ਵੇਚ ਕੀਮਤ ਬਹੁਤ ਉਚੀ ਰੱਖਣ ਕਰਕੇ ਉਸ ਦਾ ਮੁਨਾਫਾ ਕਈ ਗੁਣਾ ਵੱਧ ਜਾਂਦਾ ਹੈ। ਹੁਣ ਬਾਬਾ ਦੀ ਸਵਦੇਸ਼ੀ ਦੀ ਹੂਕ ਉਠਦੀ ਹੈ। ਬਾਬਾ ਜੋਰ-ਜੋਰ ਨਾਲ ਪ੍ਰਾਚੀਨ ਭਾਰਤੀ ਸਭਿਆਚਾਰ ਦਾ ਗੌਰਵ-ਗਾਣ ਕਰਨ ਲੱਗਦਾ ਹੈ। ਜਦ ਲੋਕ ਯੋਗ-ਬਲ ਤੇ ਆਯੂਰਵੈਦਿਕ ਦਵਾਈਆਂ ਦੀ ਵਰਤੋਂ ਕਰਕੇ 200-300 ਸਾਲ ਨਿਰੋਗ ਜਿਉਂਦੇ ਸਨ। ਵਿਸ਼ਵ ਗੁਰੂ ਭਾਰਤ ਦੀ ਪ੍ਰਸਿੱਧ ਪ੍ਰਾਚੀਨ ਯੋਗ ਰਵਾਇਤ ਤੇ ਅਧੁਨਿਕ ਦਵਾਈਆਂ ਦੀ ਵਰਤੋਂ ਕਰਨ ਲਈ ਬਾਬਾ ਰਾਮਦੇਵ ਦੇਸ਼ ਦੇ ਲੋਕਾਂ ਨੂੰ ਝਿੜਕਦੇ ਹਨ। ਧੂਰੇ ਅਤੀਤ ਦੇ ਗੁਣ ਗਾਉਂਦੇ ਹਨ। ਉਹਨਾਂ ਸੁਨਹਿਰੀ ਦਿਨਾਂ ਦੀ ਯਾਦ ਦਿਵਾਉਂਦੇ ਹਨ ਜਦ ਸ਼ੇਰ ਤੇ ਬੱਕਰੀ ਇਕੋ ਘਾਟ ’ਤੇ ਪਾਣੀ ਪੀਂਦੇ ਸਨ। ਲੁੱਟ ਘਸੁੱਟ ਦੀ ਸ਼ਿਕਾਰ ਜਨਤਾ ਬਾਬੇ ਦੇ ਭਰਮ ਜਾਲ ’ਚ ਫਸ ਕੇ ਆਪਣੀ ਸ਼ੁੱਧ-ਬੁੱਧ ਖੋਹ ਬੈਠਦੀ ਹੈ। ਬਸ ਇਸੇ ਸਮੇਂ ਬਾਬਾ ਆਪਣੇ ਯੋਗ ਦਾ ਗੁਟਕਾ ਤੇ ਦਵਾਈਆਂ ਦੀ ਪੋਟਲੀ ਕੱਢਦੇ ਹਨ। ਬਾਬਾ ਕਹਿੰਦੇ ਹਨ ਕਿ ਦਵਾ ਖਰੀਦਣ ਨਾਲ ਵਿਸ਼ਵ ਗੁਰੂ ਭਾਰਤ ਦੀ ਯੋਗ ਰਵਾਇਤ ਦੀ ਹਿਫਾਜਤ ਹੋਵੇਗੀ। ਲੋਕ ਨਿਰੋਗ ਹੋਣਗੇ ਤੇ ਫਿਰ ਰਾਮਰਾਜ ਦੀ ਵਾਪਸੀ ਹੋਵੇਗੀ। ਦਿਵਿਆ ਦਵਾਈਆਂ ਦੀ ਵਿਕਰੀ ਵਧਦੀ ਹੈ ਤੇ ਬਾਬਾ ਖਟਾਰਾ ਸਕੂਟਰ ਤੋਂ 1100 ਕਰੋੜ ਟਰਨ ਓਵਰ ਵਾਲੇ ਟ੍ਰਸਟਾਂ ਦੇ ਮਾਲਕਾਂ ਬਣ ਜਾਂਦੇ ਹਨ। ਪਰ ਪੂੰਜੀ ਦੀ ਆਪਣੀ ਗਤੀ ਹੁੰਦੀ ਹੈ। ਬਾਬਾ ਸਵਦੇਸ਼ੀ ਦਾ ਜਾਪ ਕਰਦੇ ਕਰਦੇ ਅਰਬਾਂ ਰੁਪਏ ਨਾਲ ਵਿਦੇਸ਼ਾਂ ’ਚ ਅਮਰੀਕਾ ਦੇ ਹਿਊਸਟਨ ’ਚ 100 ਏਕੜ ਜ਼ਮੀਨ ਖ਼ਰੀਦ ਲੈਂਦੇ ਹਨ ਅਤੇ ਸਰਾਟਲੈਂਡ ’ਚ ਇਕ ਮਹਾਂਦੀਪ ਅਤੇ ਹੁਣ ਸਵਦੇਸ਼ੀ ਬਾਬਾ ਵਿਦੇਸ਼ੀ ਅਮਰੀਕੀ ਕੰਪਨੀ ਦੇ ਨਾਲ ਪੈਦਾਵਾਰ ਕਰਨਗੇ। ਉਮੀਦ ਹੈ ਕਿ ਬਾਬਾ ਦੇ ਸਵਦੇਸ਼ੀ ਰਾਗ ਦਾ ਸੁਰਤਾਲ ਤਾਂ ਹੁਣ ਸਮਝ ਹੀ ਗਏ ਹੋਵੋਗੇ। ਹੁਣ ਥੋੜੀ ਗੱਲ ਬਾਬਾ ਦੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੀ ਕਰੀਏ। ਬਾਬਾ ਰਾਮਦੇਵ ਦਾ ਭ੍ਰਿਸ਼ਟਾਚਾਰ ’ਤੇ ਗੁੱਸਾ ਪ੍ਰਾਚੀਨ ਪੈਰਾਣਿਕ ਕ੍ਰੋਧੀ ਰਿਸ਼ੀ ਦੁਰਵਾਸਾ ਤੋਂ ਘੱਟ ਨਹੀਂ ਹੈ। ਉਹ ਆਪਣੇ ਭਾਰਤ ਸਵੈਮਾਣ ਮੁਹਿੰਮ ਦੌਰਾਨ ਐਲਾਨ ਕਰਦੇ ਹਨ ਕਿ ਭ੍ਰਿਸ਼ਟਾਚਾਰੀਆਂ ਨੂੰ ਸੂਲੀ ’ਤੇ ਚੜ੍ਹਾ ਕੇ ਉਹਨਾਂ ਦੀਆਂ ਲਾਸ਼ਾਂ ’ਤੇ ਰਸਾਇਣਕ ਲੇਪ ਲਾ ਕੇ ਉਹਨਾਂ ਨੂੰ ‘ਮੰਮੀ’ ਵਜੋਂ ਸੁਰੱਖਿਅਤ ਰੱਖਣ ਦਾ ਕਾਨੂੰਨ ਬਣਾ ਦਿੰਦੇ ਹਨ।

ਦੇਸ਼ ਅੰਦਰਲੇ ਭ੍ਰਿਸ਼ਟਾਚਾਰ ਕਰਕੇ ਗੁੱਸੇ ਦੀ ਅੱਗ ’ਚ ਜਲ ਕੇ ਤੀਲਾ ਬਣੇ ਬਾਬਾ ਰਾਮਦੇਵ ਦੇ ਭ੍ਰਿਸ਼ਟਾਚਾਰ ਨੂੰ ਵੇਖੋ ਤੇ ਉਸ ਪਿੱਛੋਂ ਤਹਿ ਕਰੋ ਕਿ ‘ਮਮੀਆਂ’ ਦੀ ਸੂਚੀ ’ਚ ਕਿੰਨੇ ਨਾਂ ਹੋਰ ਹੋਣੇ ਚਾਹੀਦੇ ਹਨ। ਇਸ ਲਈ ਰਾਮ ਕ੍ਰਿਸ਼ਨ ਯਾਦਵ ਤੋਂ ਬਾਬਾ ਰਾਮਦੇਵ ਬਣਨ ਤੱਕ ਯਾਨੀ 3 ਕਮਰਿਆਂ ਤੋਂ 1100 ਕਰੋੜ ਦੀ ਟਰਨ ਓਵਰ ਵਾਲੇ ਦੋ ਟਰੱਸਟਾਂ ਅਤੇ ਅਰਬਾਂ ਰੁਪਿਆ ’ਚ ਅਮਰੀਕਾ ਤੇ ਸਕਾਟ ਲੈਂਡ ’ਚ ਇਕ ਟਾਪੂ ਦੇ ਮਾਲਕ ਬਣਨ ਤੱਕ ਦੀ ਬਾਬਾ ਦੀ ਜੀਵਨ ਯਾਤਰਾ ’ਤੇ ਇਕ ਨਜ਼ਰ ਮਾਰਨੀ

ਜ਼ਰੂਰੀ ਹੋਵੇਗੀ। ਸ਼ੁਰੂ 'ਚ ਰਾਮਕ੍ਰਿਸ਼ਨ ਅਚਾਰੀਆ ਬਾਲਕ੍ਰਿਸ਼ਨ ਤੇ ਅਚਾਰੀਆ ਕਰਮਬੀਰ, ਕ੍ਰਿਪਾਲਬਾਗ ਆਸ਼ਰਮ ਵਿੱਚ ਸੁਆਮੀ ਸੰਕਰਦੇਵ ਦੇ ਚੇਲੇ ਬਣ ਕੇ ਰਹਿਣਾ ਸ਼ੁਰੂ ਕੀਤਾ। ਇਥੇ ਹੀ ਉਹਨਾਂ ਨੇ ਸੰਨਿਆਸ ਗ੍ਰਹਿਣ ਕੀਤਾ ਅਤੇ ਰਾਮਦੇਵ ਬਣੇ। 5 ਜਨਵਰੀ 1995 'ਚ ਸੁਆਮੀ ਸ਼ੰਕਰਦੇਵ ਦੇ ਨਾਲ ਇਹਨਾਂ ਤਿੰਨਾਂ ਨੇ 'ਦਿਵਅਯੋਗ' ਨਾਂ ਹੇਠ ਇਕ ਟਰੱਸਟ ਬਣਾਇਆ। ਸੁਆਮੀ ਸ਼ੰਕਰਦੇਵ ਦੀ ਸਾਰੀ ਜਾਇਦਾਦ ਨੂੰ ਵੀ ਇਸ ਟਰੱਸਟ 'ਚ ਸ਼ਾਮਲ ਕਰ ਲਿਆ ਗਿਆ। ਟਰੱਸਟ ਬਣਨ ਦੇ 2-3 ਸਾਲਾਂ 'ਚ ਸ਼ਾਮਲ ਹੋਣ ਸੰਨਿਆਸੀਆਂ ਨੂੰ ਸਾਰੇ ਦੋਸ਼ ਲਾ ਕੇ ਹੌਲੀ-ਹੌਲੀ ਬਾਹਰ ਕੱਢ ਦਿੱਤਾ ਗਿਆ। ਫਿਰ ਬਾਬਾ ਰਾਮਦੇਵ ਤੇ ਅਚਾਰੀਆ ਬਾਲ ਕ੍ਰਿਸ਼ਨ ਨੇ ਆਪਣੇ ਗੁਰੂ ਸੁਆਮੀ ਸ਼ੰਕਰਦੇਵ ਨੂੰ ਇਹ ਵੀ ਲਿਖਿਆ ਕਿ ਸੰਨਿਆਸ ਦੇ ਟੁੱਟਣ ਦੀ ਹਾਲਤ 'ਚ ਉਸ ਦੀ ਜਾਇਦਾਦ ਕਿਸੇ ਹੋਰ ਨੂੰ ਤਬਦੀਲ ਹੋ ਜਾਵੇਗੀ। 2007 'ਚ ਇਹਨਾਂ ਦੇ ਗੁਰੂ ਸ਼ੰਕਰਦੇਵ ਭੇਦਭਰੀਆਂ ਹਾਲਤਾਂ 'ਚ ਲਾਪਤਾ ਹੋ ਗਏ। ਜਿਹਨਾਂ ਦਾ ਅੱਜ ਤੱਕ ਪਤਾ ਹੀ ਨਹੀਂ ਲੱਗਿਆ। ਇਸ ਜਾਇਦਾਦ 'ਤੇ ਕਾਨੂੰਨੀ ਤੌਰ 'ਤੇ ਰਾਮਦੇਵ ਤੇ ਬਾਲਕ੍ਰਿਸ਼ਨ ਦਾ ਅਧਿਕਾਰ ਹੋ ਗਿਆ। ਖੁਦ ਨੂੰ ਗ਼ਰੀਬ ਕਿਸਾਨ ਦਾ ਪੁੱਤ ਕਹਿਣ ਵਾਲੇ ਬਾਬਾ ਰਾਮਦੇਵ ਕਿਸਾਨਾਂ ਦੇ ਦੁੱਖਾਂ ਨਾਲ ਵਿਆਕੁਲ ਹੋ ਜਾਂਦੇ ਹਨ ਅਤੇ ਸਰਕਾਰ ਨੂੰ ਕੋਸਦੇ ਹਨ ਕਿ ਸਰਕਾਰਾਂ ਨੇ ਦੇਸ਼ ਦੇ ਕਿਸਾਨਾਂ ਦੀ ਡਟ ਕੇ ਲੁੱਟ ਕੀਤੀ ਹੈ। ਇਹਨਾਂ ਦੀ ਜ਼ਮੀਨਾਂ ਨੂੰ ਹੜੱਪਣ ਲਈ ਸਰਕਾਰਾਂ ਨੇ ਵੱਖ-ਵੱਖ ਕਾਨੂੰਨ ਜ਼ਮੀਨ ਇਕਵਾਇਰ ਕਰਨ ਲਈ ਬਣਾਏ ਹਨ। ਇਹਨਾਂ ਕਾਨੂੰਨਾਂ ਰਾਹੀਂ ਸਰਕਾਰਾਂ ਕਿਸਾਨਾਂ ਦੀਆਂ ਜ਼ਮੀਨਾਂ ਕੌਡੀਆਂ ਦੇ ਭਾਅ ਖ਼ਰੀਦ ਕੇ ਸਨਅਤਕਾਰਾਂ ਨੂੰ ਤੋਹਫੇ 'ਚ ਦਿੰਦੀ ਹੈ। ਇਸ ਸੱਚ ਨੂੰ ਸਾਰੇ ਹੀ ਮੰਨਦੇ ਹਨ ਪਰ ਬਾਬੇ ਦੇ ਇਸ ਸੱਚ ਨੂੰ ਵੀ ਅਸੀਂ ਉਜਾਗਰ ਕਰਨਾ ਚਾਹਾਂਗੇ ਕਿ ਬਾਬੇ ਦਾ ਕਿਸਾਨਾਂ ਦੇ ਦੁੱਖਾਂ ਸਬੰਧੀ ਬੇਚੈਨੀ ਕਿੰਨੀ ਪਾਖੰਡਪੂਰਨ ਹੈ। ਇਸ ਗ਼ਰੀਬ ਦੇ ਬੇਟੇ ਨੇ ਖੁਦ ਕਿਸਾਨਾਂ ਨੂੰ ਤਬਾਹ ਕਰਕੇ ਨਜਾਇਜ ਤਰੀਕੇ ਨਾਲ ਉਹਨਾਂ ਦੀ ਜ਼ਮੀਨ ਹੜੱਪੀ ਹੈ। ਇਸ ਦੀਆਂ ਕੁਝ ਮਿਸਾਲਾਂ ਆਪ ਦੇ ਸਾਹਮਣੇ ਹਨ - ਉਤਰਾਖੰਡ ਰਾਜ ਬਣਨ ਪਿੱਛੋਂ 2004 'ਚ ਕਾਂਗਰਸ ਸਰਕਾਰ ਵੱਲੋਂ ਬਣਾਏ ਜ਼ਮੀਨ ਸੋਧ ਕਾਨੂੰਨ 'ਚ ਰਾਜ 'ਚ ਬਾਹਰਲੇ ਨਿਵਾਸੀ ਸਿਰਫ਼ 500 ਵਰਗ ਮੀਟਰ ਜ਼ਮੀਨ ਹੀ ਖ਼ਰੀਦ ਸਕਦੇ ਹਨ ਪਰ ਤਦ ਤਕ ਬਾਬਾ ਰਾਮਦੇਵ ਨੇ 800 ਵਿੱਘੇ ਤੋਂ ਵੀ ਵੱਧ ਜ਼ਮੀਨ ਇਕੱਠੀ ਕਰ ਲਈ ਸੀ। 2007 'ਚ ਉਤਰਾਖੰਡ 'ਚ ਭਾਜਪਾ ਸਰਕਾਰ ਆਉਣ ਪਿੱਛੋਂ ਬਾਹਰੀ ਬੰਦੇ ਨੂੰ 250 ਵਰਗ ਮੀਟਰ ਤੋਂ ਵੱਧ ਜ਼ਮੀਨ ਬਿਨਾਂ ਇਜਾਜਤ ਦੇ ਨਾ ਮਿਲਣ ਦੀ ਵਿਵੱਸਥਾ ਕੀਤੀ ਗਈ ਪਰ ਇਹ ਨਿਯਮ ਬਾਬਾ ਲਈ ਕੰਮ ਨਹੀਂ ਕਰਦਾ। 2008 ਦੇ ਜੁਲਾਈ ਮਹੀਨੇ ਤਕ ਦੋ ਨੋਟੀਫੀਕੇਸ਼ਨ ਰਾਹੀਂ ਬਾਬਾ ਰਾਮਦੇਵ ਨੂੰ 1700 ਵਿੱਘੇ ਜ਼ਮੀਨ ਖਰੀਦਣ ਦੀ ਇਜਾਜ਼ਤ ਮਿਲੀ। ਇਹ ਜ਼ਮੀਨ ਕਿਸਾਨਾਂ ਤੋਂ ਕੌਡੀਆਂ ਦੇ ਭਾਅ ਖਰੀਦੀ ਗਈ ਸੀ। ਇਹਨਾਂ ਵਿਚੋਂ ਮੁਸਤਫਾਬਾਦ ਦੀ 800 ਵਿਘਾ ਜ਼ਮੀਨ ਨੂੰ ਬਾਬਾ ਨੇ ਸਨਅਤੀ ਪਾਰਕ 'ਚ ਬਦਲਣ ਲਈ ਹੁਕਮਤ ਨੂੰ ਮਸੌਦਾ ਭੇਜਿਆ ਹੈ। ਹਰਿਦੁਆਰ 'ਚ ਰਿਅਲ ਸਟੇਟ ਦੇ ਇਕ ਦਿਉ ਕੱਦ ਅਨੁਸਾਰ ਸਨਅਤੀ ਖੇਤਰ ਦਾ ਐਲਾਨ ਹੁੰਦਿਆਂ ਹੀ ਵੱਡੀ ਖੇਡ ਸ਼ੁਰੂ ਹੋ ਗਈ। ਤਦ ਇਹ ਭੂਮੀ ਗਜਾਂ ਦੇ ਹਿਸਾਬ ਨਾਲ ਵਿਕੇਗੀ ਤੇ ਉਹ ਵੀ ਖਰੀਦ ਮੁੱਲ ਤੋਂ ਕਈ ਗੁਣਾ ਵੱਧ ਕੀਮਤ 'ਚ। ਇੱਥੇ ਸਹਿਯੋਗੀ ਇਕਾਈਆਂ ਲਾਉਣ ਲਈ ਉਦਯੋਗਾਂ ਨੂੰ ਬੁਲਾਇਆ ਜਾਵੇਗਾ। ਯਾਨੀ ਮਾਲ ਬਣਾਉਣ ਵਾਲੇ

ਬਾਬਾ ਦੀਆਂ ਸ਼ਰਤਾਂ 'ਤੇ ਜ਼ਮੀਨ ਖਰੀਦ ਕੇ ਨਿਵੇਸ਼ ਕਰਨਗੇ ਅਤੇ ਫੇਰ ਬਾਬਾ ਉਸ ਮਾਲ ਨੂੰ ਆਪਣੇ ਬ੍ਰਾਂਡ ਨਾਲ ਵੇਚਣਗੇ। ਹਰਿਦੁਆਰ ਤਹਿਸੀਲ ਦੇ ਔਰੰਗਾਬਾਦ ਪਿੰਡ ਦੇ ਲੋਕਾਂ ਦਾ ਦੋਸ਼ ਹੈ ਕਿ ਬਾਬਾ ਨੇ ਯੋਗ ਪਿੰਡ ਦੇ ਬਹਾਨੇ ਗ੍ਰਾਮ ਸਮਾਜ ਦੀ ਲਗਭਗ 200 ਵਿਘਾ ਜ਼ਮੀਨ 'ਤੇ ਕਬਜਾ ਕਰ ਰੱਖਿਆ ਹੈ। ਯੋਗ ਪਿੰਡ ਦੇ ਦੋਨੋਂ ਪਾਸੇ ਬਰਸਾਤੀ ਨਦੀ ਵਗਦੀ ਹੈ। ਬਾਬਾ ਦੇ ਚੇਲਿਆਂ ਨੇ ਰਤਮਊ ਨਦੀ ਦੀ ਅੱਧਾ ਕਿਲੋਮੀਟਰ ਲੰਬੀ ਜ਼ਮੀਨ ਨੂੰ ਲਗਭਗ 20 ਮੀਟਰ ਚੌੜਾਈ ਤਕ ਭਰ ਕੇ ਨਜਾਇਜ ਤਰੀਕੇ ਨਾਲ ਵਰਤੋਂ ਕੀਤੀ ਹੈ। ਇਸੇ ਪਿੰਡ ਦੇ ਅਜਬ ਸਿੰਘ ਚੌਹਾਨ ਦਾ ਕਹਿਣਾ ਹੈ ਕਿ ਪਿਛਲੀ ਬਰਸਾਤ 'ਚ ਬਾਬਾ ਦੇ ਚੇਲਿਆਂ ਨੇ ਰਾਤੋ ਰਾਤ ਭਾਰੀ ਮਸ਼ੀਨਾਂ ਦੀ ਮਦਦ ਨਾਲ ਬੰਨ ਬਣਾ ਕੇ ਰਤਮਈ ਨਦੀ ਦਾ ਵਹਾਅ ਪਿੰਡ ਦੇ ਖੇਤਾਂ ਵੱਲ ਕਰ ਦਿੱਤਾ ਸੀ ਜਿਸ ਕਰਕੇ ਪਿੰਡ ਦੇ ਗ਼ਰੀਬ ਕਿਸਾਨਾਂ ਦੀ ਕਰੀਬ 1500 ਵਿਘਾ ਜ਼ਮੀਨ ਬੰਜਰ 'ਚ ਬਦਲ ਗਈ ਸੀ। ਇਥੋਂ ਦੋ ਕਿਲੋਮੀਟਰ ਦੂਰ ਸ਼ਿਵਦਾਸਪੁਰ ਪਿੰਡ ਵਿੱਚ ਵੀ ਇਤਿਹਾਸਕ ਚੰਦਾ ਤਾਲ ਦੀ ਜ਼ਮੀਨ ਹੁਣ ਪਤੰਜਲੀ ਯੋਗ ਪੀਠ ਦੇ ਕਬਜੇ ਵਿੱਚ ਹੈ। ਬਾਬਾ ਦੇ ਜਿਸ ਪ੍ਰੋਜੈਕਟ 'ਚ ਕੁਝ ਕਿਸਾਨਾ ਨੇ ਕੌਡੀਆਂ ਦੇ ਭਾਅ ਜ਼ਮੀਨ ਨਹੀਂ ਵੇਚੀ ਹੈ। ਉਹਨਾਂ ਬਾਰੇ ਅਚਾਰੀਆਂ ਬਾਲ ਕ੍ਰਿਸ਼ਨ ਦਾ ਕਹਿਣਾ ਹੈ ਕਿ ਇਹ ਕੁਝ ਅਨਾੜੀ ਕਿਸਾਨਾਂ ਦੀਆਂ ਜ਼ਮੀਨਾਂ ਹਨ ਜੋ ਇਹਨਾਂ ਨੂੰ ਵੇਚਣ ਲਈ ਤਿਆਰ ਨਹੀਂ ਪਰ ਜਾਣਗੇ ਕਿੱਥੇ? ਝਕ ਮਾਰ ਕੇ ਸਾਡੇ ਹੀ ਪੈਰਾਂ 'ਚ ਆਉਣਗੇ?

ਬਾਬਾ ਰਾਮਦੇਵ ਮੇਹਨਤਕਸ਼ਾਂ ਦਾ ਖ਼ੂਨ ਚੂਸਣ ਵਿੱਚ ਵੀ ਕੋਈ ਕਮੀ ਨਹੀਂ ਛੱਡਦੇ। ਧਿਆਨ ਦੇਣ ਯੋਗ ਗੱਲ ਹੈ ਕਿ ਮਈ 2005 'ਚ ਦਿਵਿਆ ਫਾਰਮੇਸੀ ਦੇ ਮੈਨੇਜਰ ਰਾਮ ਭਾਰਤ ਨੇ ਫਾਰਮੇਸੀ 'ਚੋਂ ਉਹਨਾਂ 90 ਮਜ਼ਦੂਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ ਜੋ ਘੱਟੋ ਘੱਟ ਤਨਖਾਹ ਦੇਣ ਦੀ ਮੰਗ ਕਰ ਰਹੇ ਹਨ। ਇਸ ਦੇ ਵਿਰੋਧ 'ਚ ਬਾਕੀ ਮਜ਼ਦੂਰਾਂ ਨੇ ਵੀ ਹੜਤਾਲ ਕਰ ਦਿੱਤੀ। 16 ਦਿਨਾਂ ਦੀ ਹੜਤਾਲ ਪਿੱਛੋਂ ਇਕ ਤਿੰਨ ਧਾਰੀ ਲਿਖਤੀ ਸਮਝੌਤੇ ਪਿੱਛੋਂ ਦਿਵਿਆ ਪੀਠ ਵੱਖ-ਵੱਖ ਸ਼੍ਰੇਣੀਆਂ 'ਚ ਘੱਟੋ ਘੱਟ ਤਨਖਾਹ ਦੇਣ ਲਈ ਸਹਿਮਤ ਹੋ ਗਿਆ ਪਰ ਜਦ ਮਜ਼ਦੂਰ ਫੈਕਟਰੀ 'ਚ ਕੰਮ ਕਰਨ ਗਏ ਤਾਂ ਉਹਨਾਂ ਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ ਉਲਟਾ ਆਪਣੇ ਪ੍ਰਭਾਵ ਦੀ ਵਰਤੋਂ ਕਰਕੇ ਮਜ਼ਦੂਰਾਂ 'ਤੇ ਝੂਠੇ ਮੁਕੱਦਮੇ ਵੀ ਦਰਜ ਕਰਵਾਏ ਗਏ। ਅੰਦੋਲਨ ਪਿੱਛੋਂ 114 ਮਜ਼ਦੂਰ ਨੌਕਰੀਓ ਕੱਢੇ ਗਏ। ਹੁਣ ਕੇਸ ਲੇਬਰ ਕੋਰਟ 'ਚ ਚੱਲ ਰਿਹਾ ਹੈ। ਅਸਲ 'ਚ ਵੇਖਿਆ ਜਾਵੇ ਤਾਂ ਭਾਰਤ 'ਚ ਹੀ ਨਹੀਂ ਸਮੁੱਚੀ ਦੁਨੀਆਂ 'ਚ ਕਾਨੂੰਨੀ ਤੇ ਗੈਰ ਕਾਨੂੰਨੀ ਢੰਗ ਨਾਲ ਖੁੱਲ੍ਹੇ ਆਮ ਕਿਰਤ ਦੀ ਲੁੱਟ ਮੱਚੀ ਹੋਈ ਹੈ। ਬਹੁਗਿਣਤੀ ਮੇਹਨਤਕਸ਼ਾਂ ਦੀ ਲੁੱਟ ਨਾਲ ਮੁੱਠੀਭਰ ਧਨਾਂਢਾਂ ਲਈ ਵਿਲਾਸਤਾਂ ਦੀਆਂ ਮਿਨਾਰਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਸਭ ਤੋਂ ਵੱਡਾ ਭ੍ਰਿਸ਼ਟਾਚਾਰ ਤਾਂ ਕਿਰਤ ਦੀ ਲੁੱਟ ਹੈ ਜਿਸ 'ਚ ਬਾਬਾ ਰਾਮਦੇਵ ਕਿਸੇ ਸਰਮਾਏਦਾਰ ਤੋਂ ਘੱਟ ਨਹੀਂ ਹੈ। ਬਾਬੇ ਦਾ ਕਾਨੂੰਨ 'ਚ ਮਿਲਾਵਟ ਖੋਰਾਂ ਲਈ ਸਜਾ ਫਾਂਸੀ ਹੈ। ਉਹ ਸ਼ੁੱਧਤਾ ਦੇ ਬਹੁਤ ਵੱਡੇ ਹਮਾਇਤੀ ਹਨ ਜਦਕਿ ਉਹਨਾਂ ਦੇ ਕਾਰਖਾਨਿਆਂ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਵੀ ਦੱਸਿਆ ਕਿ ਰਾਮਦੇਵ ਦੀ ਫਾਰਮੇਸੀ ਦੀਆਂ ਦਵਾਈਆਂ 'ਚ ਜਾਨਵਰਾਂ ਤੇ ਮਨੁੱਖਾਂ ਦੀਆਂ ਹੱਡੀਆਂ ਦੀ ਮਿਲਾਵਟ ਕੀਤੀ ਜਾਂਦੀ ਹੈ। ਦਵਾਈਆਂ ਦੇ ਨਮੂਨੇ ਲੈ ਕੇ ਉਹਨਾਂ ਦੀ ਜਾਂਚ ਕਰਵਾਈ ਗਈ ਤਾਂ ਪਾਇਆ ਗਿਆ ਕਿ ਫਾਰਮੇਸੀ ਵਲੋਂ

ਭਾਰਤੀ ਡਰੱਗ ਤੇ ਕਾਸਮੈਟਿਕ ਐਕਟ ਦੀ ਉਲੰਘਣਾ ਹੋ ਰਹੀ ਹੈ। ਸੱਤ ਬਚਨ ਬਾਬਾ ਰਾਮਦੇਵ ਦਾ ਪ੍ਰਾਚੀਨ ਆਦਰਸ਼ ਹੈ ਉਹ ਸਭ ਨੂੰ ਸੱਚ ਬੋਲਣ ਦੀ ਸਿੱਖਿਆ ਦਿੰਦੇ ਹਨ। ਬਸ ਇਹ ਸਿੱਖਿਆ ਉਹ ਆਪਣੇ ਖਾਸਮਖਾਸ ਅਚਾਰੀਆ ਬਾਲ ਕ੍ਰਿਸ਼ਨ ਨੂੰ ਦੇਣਾ ਭੁੱਲ ਗਏ। ਗੌਰ ਕਰਨ ਵਾਲੀ ਗੱਲ ਹੈ ਕਿ ਬਾਲ ਕ੍ਰਿਸ਼ਨ ਨਿਪਾਲੀ ਮੂਲ ਦਾ ਹੈ ਪਰ ਉਹਨਾਂ ਨੇ ਭਾਰਤੀ ਪਾਸਪੋਰਟ ਲਈ ਅਰਜੀ ਦਿੰਦੇ ਸਮੇਂ ਖੁਦ ਨੂੰ ਭਾਰਤੀ ਨਾਗਰਿਕ ਦੱਸਦਿਆਂ ਆਪਣਾ ਜਨਮ ਸਥਾਨ ਹਰਿਦੁਆਰ ਦਰਸਾਇਆ ਹੈ। ਐਲ. ਆਈ. ਯੂ. ਅਨੁਸਾਰ ਬਾਲ ਕ੍ਰਿਸ਼ਨ ਦੇ ਝੂਠੇ ਤੱਥਾਂ ਦੇ ਅਧਾਰ ’ਤੇ ਨਾ ਸਿਰਫ਼ ਭਾਰਤ ਦਾ ਪਾਸਪੋਰਟ ਲਿਆ ਬਲਕਿ ਇਕ ਪਸਤੌਲ ਤੇ ਇਕ ਰਾਈਫਲ ਦਾ ਲਾਇਸੰਸ ਵੀ ਹਾਸਲ ਕੀਤਾ। ਹੁਣ ਜਦ ਦੁਨਿਆਵੀ ਸੁੱਖਾਂ ਤੋਂ ਦੂਰ ਇਹਨਾਂ ਸਨਿਆਸੀਆਂ ਦੇ ਝੂਠਾਂ ਦੀ ਗੱਲ ਹੋ ਰਹੀ ਹੈ ਤਾਂ ਇਕ ਦੋ ਝੂਠ ਹੋਰ। 2008 ’ਚ ਅਚਾਰੀਆ ਬਾਲ ਕ੍ਰਿਸ਼ਨ ਨੇ ਇਕੋ ਇਕ ਲਛਮਣ ਦੀ ਮੂਰਛਾ ਹਟਾਉਣ ਵਾਲੀ ਸੰਜੀਵਨੀ ਬੂਟੀ ਲੱਭ ਲੈਣ ਦਾ ਦਾਅਵਾ ਕੀਤਾ ਜਿਸ ਨਾਲ ਬੰਦਾ ਸੈਂਕੜੇ ਸਾਲ ਜਿਉਂਦਾ ਰਹੇਗਾ। ਪਿੱਛੋਂ ਪੇਂਡੂਆਂ ਤੇ ਵਨਸਪਤੀ ਸਾਸ਼ਤਰੀਆਂ ਵਲੋਂ ਮਖੌਲ ਕਰਨ ਕਰਕੇ ਚੁੱਪ ਕਰ ਗਏ। ਫਿਰ ਇਕ ਪੁਸਤਕ ਛਾਪ ਕੇ ਦਾਅਵਾ ਕੀਤਾ ਕਿ ਚਵਨ ਪ੍ਰਾਸ਼ ’ਚ ਪੈਣ ਵਾਲੀ ਜੋ ਦਿਵਿਆ ਅਸ਼ਟ ਵਰਗ ਦਵਾਈਆਂ ਅਲੋਪ ਹੋ ਗਈਆਂ ਹਨ। ਉਹਨਾਂ ਨੂੰ ਅਸੀਂ ਖੋਜ ਲਿਆ ਹੈ। ਜਦ ਕਿ ਭਾਰਤ ਵਣ ਖੋਜ ਸੰਸਥਾ ਦੇ ਗੱਜਟੀਅਰ ਰਾਹੀਂ ਮਖੌਲ ਹੋਣ ਤੇ ਚੁਪ ਸਾਧ ਗਏ। ਇਸ ਗੱਜਟੀਅਰ ’ਚ 60 ਦੇ ਦਹਾਕੇ ’ਚ ਹੀ ਨਾ ਸਿਰਫ਼ ਇਹ ਦਵਾਈਆਂ ਦਾ ਵਰਨਣ ਹੈ ਬਲਕਿ ਉਹਨਾਂ ਦੇ ਚਿੱਤਰ ਵੀ ਛਪੇ ਹਨ। ਬਾਬਾ ਵੰਸ਼ਵਾਦ, ਪ੍ਰੀਵਾਰਵਾਦ ਦੇ ਬਹੁਤ ਵੱਡੇ ਵਿਰੋਧੀ ਹਨ ਪਰ ਇਹਨਾਂ ਦੇ ਸਾਰੇ ਟਰੱਸਟਾਂ ਆਦਿ ਦੇ ਮਹੱਤਵਪੂਰਨ ਅਹੁੱਦਿਆਂ ’ਤੇ ਬਾਬਾ ਰਾਮਦੇਵ ਦੇ ਪਰਿਵਾਰ ਦੇ ਲੋਕ ਕਾਬਜ ਹਨ। ਸਾਰੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਭ੍ਰਿਸ਼ਟਾਚਾਰ ਨੂੰ ਕੋਸਣ ਵਾਲੇ ਬਾਬਾ ਰਾਮਦੇਵ ਦੇ ਪਤੰਜਲੀ ਕੰਪਨੀ ਲਿਮਟਿਡ ਦੇ ਪੈਸਿਆਂ ਨਾਲ ਪਿਛਲੀਆਂ ਲੋਕ ਸਭਾ ਚੋਣਾਂ ’ਚ ਭਾਜਪਾ ਨੂੰ ਦਸ ਲੱਖ ਦਾ ਚੰਦਾ ਦਿੱਤਾ ਗਿਆ। ਸੂਚਨਾ ਅਧਿਕਾਰ ਕਾਨੂੰਨ ਰਾਹੀਂ ਇਹ ਗੱਲ ਸਾਹਮਣੇ ਆਉਣ ’ਤੇ ਬਾਲ ਕ੍ਰਿਸ਼ਨ ਨੇ ਸਾਰੇ ਭ੍ਰਿਸ਼ਟਾਚਾਰੀਆਂ ਦੇ ਨਾਲ ਆਪਣੀ ਮਿਲੀ ਭੁਗਤ ਦੀ ਪੋਲ ਇਹ ਕਹਿ ਕੇ ਖੋਲ੍ਹ ਦਿੱਤੀ ਕਿ ਉਹਨਾਂ ਨੇ ਕਾਂਗਰਸ ਨੂੰ ਵੀ 10 ਲੱਖ ਦਾ ਚੰਦਾ ਦਿੱਤਾ ਸੀ। ਬਾਬਾ ਰਾਮਦੇਵ ਹੋਏ ਸਾਧੂ ਆਦਮੀ ਇਹਨਾਂ ਨੂੰ ਕੀ ਪਤਾ ਕਿ ਇਹਨਾਂ ਪਾਰਟੀਆਂ ਦੀ ਹਕੂਮਤ ਸਮੇਂ ਤਾਬੂਤ ਘੋਟਾਲਾ, ਰਾਸ਼ਟਰ-ਮੰਡਲ ਤੇ ਜੀ-2 ਸਪੈਕਟਰਮ ਵਰਗੇ ਮਹਾਂਘੋਟਾਲੇ ਹੋਏ। ਇਹਨਾਂ ਪਾਰਟੀਆਂ ਦਾ ਸਮੁੱਚਾ ਕਾਲਾ ਧਨ ਵਿਦੇਸ਼ੀ ਬੈਂਕਾਂ ’ਚ ਜਮ੍ਹਾ ਹੈ ਤਾਂ ਇਹਨਾਂ ਭ੍ਰਿਸ਼ਟਾਚਾਰੀਆਂ ਨੂੰ ਚੰਦਾ! ਗੱਲ ਹਜ਼ਮ ਨਹੀਂ ਹੋਈ ਤੇ ਬਾਬੇ ਦਾ ਕੋਈ ਵੀ ਪਾਖੰਡ, ਕਰਤਵ ਜਾਂ ਦਿਵਅ ਦਵਾਈ ਗਲ ਨੂੰ ਹਜ਼ਮ ਕਰਵਾ ਵੀ ਨਹੀਂ ਸਕਦੀ। ਕਿਉਂਕਿ ਗੱਲ ਹਜ਼ਮ ਹੋਣ ਵਾਲੀ ਹੈ ਹੀ ਨਹੀਂ ਗੱਲ ਤਾਂ ਸੋਚਣ ਵਾਲੀ ਹੈ ਅਤੇ ਗੱਲ ਇਹ ਹੈ ਕਿ ਚੋਰ-ਚੋਰ ਮਸੇਰੇ ਭਾਈ। ਗੱਲ ਉਹੀ ਹੈ ਜੋ ਫਰਾਂਸ ਦੇ ਮਹਾਨ ਲੇਖਕ ਬਾਲਜਾਕ ਨੇ ਕਹੀ ਸੀ ਕਿ ਕੋਈ ਵੀ ਜਾਇਦਾਦ ਦਾ ਸਾਮਰਾਜ ਬਿਨਾਂ ਲੁੱਟ ਘਸੁੱਟ, ਅਤਿਆਚਾਰ ਤੇ ਅਪਰਾਧ ਤੇ ਤਿਕੜਮ ਬਿਨਾਂ ਖੜ੍ਹਾ ਨਹੀਂ ਹੋ ਸਕਦਾ। ਅੰਤ ’ਚ ਥੋੜ੍ਹੀ ਗੱਲ ਯੋਗ ਤੇ ਅਯੁਰਵੇਦ ਬਾਰੇ। ਬਾਬੇ ਦਾ ਦਾਅਵਾ ਹੈ ਕਿ ਯੋਗ ਤੇ ਆਪਣੀ ਦਿਵਆ ਦਵਾ ਰਾਹੀਂ ਸਮੁੱਚੀਆ ਬੀਮਾਰੀਆਂ ਤੋਂ ਦੇਸ਼ ਨੂੰ

ਹੀ ਨਹੀਂ ਵਿਦੇਸ਼ਾਂ ਦੇ ਲੋਕਾਂ ਨੂੰ ਵੀ ਨਿਰੋਗ ਕਰ ਦੇਣਗੇ। ਇਕ ਦਮ ਕੌਮਾਂਤਰੀਵਾਦੀ ਢੰਗ ਨਾਲ ਪਰ ਜੇ ਅਸੀਂ ਗੌਰ ਕਰੀਏ ਤਾਂ ਦੇਖਾਂਗੇ ਕਿ ਯੋਗ ਦੇ ਇਸ ਦਾਅਵੇ 'ਚ ਉਹ ਮਰਜਾਂ ਹੀ ਆਉਂਦੀਆਂ ਹਨ। ਜਿਹਨਾਂ ਦਾ ਇਲਾਜ ਹੀ ਯੋਗ ਰਾਹੀਂ ਸੰਭਵ ਹੈ। ਜਿਹਨਾਂ ਦਾ ਸਬੰਧ ਮੱਧ ਵਰਗ ਦੇ ਖਾਂਦੇ ਪੀਂਦੇ, ਮੋਟੇ ਤੇ ਅੰਨ ਦੇ ਵੈਰੀ, ਮਾਨਸਿਕ ਤਣਾਅ ਆਦਿ ਨਾਲ ਹੈ। ਉਹ ਦਵਾਈਆਂ ਹਨ ਗੈਸ, ਕਬਜੀ, ਚਰਬੀ, ਮੋਟਾਪਾ ਤੇ ਹੋਰ ਦੀਆਂ ਹਨ।

ਅਸੀਂ ਇਹ ਨਹੀਂ ਕਹਿ ਰਹੇ ਕਿ ਮੇਹਨਤਕਸ਼ ਆਮ ਅਬਾਦੀ ਇਹਨਾਂ ਬੀਮਾਰੀਆਂ ਤੋਂ ਅਜਾਦ ਹੈ ਪਰ ਇਹ ਤਹਿ ਹੈ ਕਿ ਇਹਨਾਂ ਦੀ ਬਹੁਤਾਤ ਮੱਧਵਰਗ ਤੇ ਉਚ ਵਰਗ 'ਚ ਹੀ ਮਿਲਦੀ ਹੈ। ਜਦ ਕਿ ਇਸ ਦੇਸ਼ ਦੀ 84 ਕਰੋੜ ਅਬਾਦੀ ਜੋ ਖੁਦ ਸਰਕਾਰ ਵਲੋਂ ਗਠਿਤ ਅਰਜਨ ਸੇਨ ਗੁਪਤਾ ਕਮੇਟੀ ਮੁਤਾਬਕ ਰੋਜਾਨਾ 20 ਰੁਪੈ ਜਾਂ ਉਸ ਤੋਂ ਵੀ ਘੱਟ ਖਰਚ ਕਰ ਸਕਦੀ ਹੈ। ਇਹ ਅਬਾਦੀ ਹੱਡ-ਭੰਨਵੀਂ ਮੇਹਨਤ। ਕੰਮ ਦੀਆਂ ਰੋਗ ਗ੍ਰਸਿਤ ਹਾਲਤਾਂ, ਪੌਸ਼ਟਿਕ ਭੋਜਨ ਲੈ ਸਕਣ ਦੀ ਅਸਮਰਥਾ, ਗੰਦੀਆਂ ਬਸਤੀਆਂ (ਜਿੱਥੇ ਨਾ ਪੀਣ ਦਾ ਸਾਫ਼ ਪਾਣੀ ਹੈ, ਨਾ ਹੀ ਸਾਫ਼ ਗੁਸਲਖਾਨਾ, ਖੁੱਲ੍ਹੀਆਂ ਨਾਲੀਆਂ ਹਨ ਜਿੱਥੇ ਗੰਦਗੀ ਭਰੀ ਤੁਰੀ ਰਹਿੰਦੀ ਹੈ) 'ਚ ਰਹਿਣ ਦੀ ਮਜ਼ਬੂਰੀ, ਬੇਹਤਰ ਡਾਕਟਰ, ਹਸਪਤਾਲਾਂ ਦੀ ਸਹੂਲਤ ਤੇ ਦਵਾਈਆਂ ਨਾ ਖ਼ਰੀਦ ਸਕਣ ਕਰਕੇ ਕੁਪੋਸ਼ਣ, ਖ਼ੂਨ ਦੀ ਕਮੀ, ਪੀਲੀਆ, ਟੀ. ਬੀ. ਹੈਜਾ ਬੇਵਕਤ ਮੌਤ ਵਰਗੀਆਂ ਬੀਮਾਰੀਆਂ ਦੇ ਸ਼ਿਕਾਰ ਹਨ। ਸਾਡਾ ਸੁਆਲ ਇਹ ਹੈ ਕਿ 33 ਕਰੋੜ ਲੋਕ ਜੋ ਇਕ ਹੀ ਡੰਗ ਭੋਜਨ ਕਰ ਸਕਦੇ ਹਨ? 46 ਫੀਸਦੀ ਖ਼ੂਨ ਦੀ ਘਾਟ ਦਾ ਸ਼ਿਕਾਰ ਔਰਤਾਂ ਦੀਆਂ ਨਸਾਂ 'ਚ ਕੀ ਯੋਗਾ ਬਲੱਡ ਸਪਲਾਈ ਪੈਦਾ ਕਰ ਸਕਦਾ ਹੈ? ਰੋਜਾਨਾ ਕੁਪੋਸ਼ਣ ਦੇ ਕਾਰਨ ਮਰਨ ਵਾਲੇ 9000 ਬੱਚਿਆਂ ਨੂੰ ਕੀ ਯੋਗਾ ਤੇ ਦਿਵਆ ਦਵਾਈਆਂ ਜੀਵਨ ਦਾਨ ਦੇ ਸਕਦੀਆਂ ਹਨ? (ਸਭ ਅੰਕੜੇ ਕੌਮੀ ਨਮੂਨਾ ਸਰਵੇਖਣ ਅਨੁਸਾਰ) ਤੁਸੀਂ ਸੋਚਦੇ ਹੋਵੋਂਗੇ ਕਿ ਇਹ ਤਾਂ ਜ਼ਿਆਦਾ ਹੀ ਹੋ ਰਿਹਾ ਹੈ ਕਿ ਯੋਗਾ ਇਹਨਾਂ ਨੂੰ ਕਿਵੇਂ ਦੂਰ ਕਰ ਸਕਦਾ ਹੈ? ਹਾਂ! ਠੀਕ ਅਸੀਂ ਵੀ ਇਹ ਕਹਿਣਾ ਚਾਹੁੰਦੇ ਹਾਂ ਕਿ ਯੋਗਾ ਤੇ ਦਿਵਅ ਦਵਾਈ ਇਹਨਾਂ ਨੂੰ ਉਕਾ ਹੀ ਦੂਰ ਨਹੀਂ ਕਰ ਸਕਦੀ ਤਾਂ ਬਾਬਾ ਰਾਮਦੇਵ ਦਾ ਯੋਗ ਰਾਹੀ ਸੰਸਾਰ ਨੂੰ ਸਾਰੀਆਂ ਅਲਾਮਤਾਂ ਤੋਂ ਮੁਕਤ, ਕਰਾਉਣ ਦਾ ਪਾਖੰਡਪੂਰਨ ਪ੍ਰਚਾਰ ਕੀ ਲੋਕਾਂ ਦਾ ਧਿਆਨ ਹਟਾ ਕੇ ਮੂਲ ਬੀਮਾਰੀ 'ਤੇ ਇਹ ਪਰਦਾ ਪਾਉਣ ਦੀ ਕੋਸ਼ਿਸ਼ ਨਹੀਂ ਹੈ? ਭ੍ਰਿਸ਼ਟਾਚਾਰ ਵਿਰੋਧੀ ਸ਼ੋਰ ਮਚਾ ਕੇ ਵੀ ਇਹ ਕਰਦਾ ਹੈ ਜਦ ਕਿ ਮੂਲ ਬੀਮਾਰੀ ਹੈ ਲੁੱਟ ਤੇ ਜਬਰ 'ਤੇ ਟਿਕੀ ਮੌਜੂਦਾ ਵਿਵਸਥਾ। ਕੋਈ ਅਜਿਹੀ ਲੋਕਪੱਖੀ ਵਿਵਸਥਾ ਹੋਵੇ ਜਿੱਥੇ ਬੰਦਾ ਮਾਨਸਿਕ ਤੇ ਸਰੀਰਕ ਕੰਮ ਦੋਨੋ ਕਰਦਾ ਹੋਵੇ। ਥੋੜ੍ਹੇ ਜਿਹੇ ਲੋਕ ਕੁਰਸੀ ਨਾ ਤੋੜਦੇ ਹੋਣ ਤੇ ਬਹੁਤ ਗਿਣਤੀ 10 ਤੋਂ 12 ਘੰਟੇ ਹੱਡ ਭੰਨਵੀਂ ਮੇਹਨਤ ਕਰਨ ਲਈ ਮਜ਼ਬੂਰ ਨਾ ਕੀਤੀ ਜਾਂਦੀ ਹੋਵੇ। ਮੁਨਾਫੇ ਦੀ ਗੱਲ ਵੱਢ ਮੁਕਾਬਲੇ 'ਚ ਵਸਤਾਂ ਨੂੰ ਗਦਾਮਾਂ 'ਚ ਬੰਦ ਕਰਕੇ ਲੋਕਾਂ ਨੂੰ ਥੁੜ ਤੇ ਦਹਿਦਰਤਾ 'ਚ ਦਰ ਦਰ ਭਟਕਣ ਲਈ ਮਜ਼ਬੂਰ ਨਾ ਕੀਤਾ ਜਾਂਦਾ ਹੋਵੇ। ਮੁਨਾਫੇ ਦੀ ਅੰਨੀ ਹਵਸ਼ 'ਚ ਖਾਣ ਵਾਲੀ ਸਮੱਗਰੀ ਤੋਂ ਲੈ ਕੇ ਪੂਰੇ ਵਾਤਾਵਰਣ ਨੂੰ ਪ੍ਰਦੂਸ਼ਿਤ ਨਾ ਕੀਤਾ ਜਾਂਦਾ ਹੋਵੇ। ਸਭ ਨੂੰ ਪੌਸ਼ਟਿਕ ਖੁਰਾਕ, ਸਾਫ਼ ਸੁਥਰਾ ਮਾਹੌਲ ਮਿਲਦਾ ਹੋਵੇ ਤਾਂ ਹਰ ਤਰ੍ਹਾਂ ਦੀਆਂ ਬੀਮਾਰੀਆਂ ਦੀ ਦਰ ਹੈਰਾਨੀਜਨਕ ਪੱਧਰ ਤੱਕ ਘੱਟ ਕੀਤੀ ਜਾ ਸਕਦੀ ਹੈ

ਪਰ ਇਸ ਲਈ ਤਾਂ ਪਹਿਲਾਂ ਲੁੱਟ ਘਸੁੱਟ ਤੇ ਟਿਕੀ ਵਿਵਸਥਾ ਮੁਨਾਫਾ ਕੇਂਦਰਿਤ ਨਿਜ਼ਾਮ ਨੂੰ ਜੜੋਂ ਉਖਾੜਨਾ ਪਵੇਗਾ ਪਰ ਇਸ ਵਿਵਸਥਾ 'ਚ ਬਾਬਾ ਰਾਮਦੇਵ ਵਰਗੇ ਦੇ ਵਾਰੇ-ਨਿਆਰੇ ਹਨ। ਉਹ ਭਲਾ ਅਜਿਹੀ ਤਬਦੀਲੀ ਕਿਉਂ ਚਾਹੁਣਗੇ? ਜੋ ਬਾਬਾ ਰਾਮਦੇਵ ਵਰਗੇ ਲੋਕ ਲੋਕਾਂ ਨੂੰ ਨਿਰੋਗ ਕਰਨ ਦਾ ਢੌਂਗ ਰਚਦੇ ਹਨ ਤੇ ਦਵਾਈ ਵੇਚਕੇ ਤਜੌਰੀ ਭਰਦੇ ਹਨ। ਲੋਕਾਂ ਦੇ ਪਿਛੜੇਪਣ, ਠਹਿਰਾਅ ਤੇ ਇਨਕਲਾਬੀ ਸ਼ਕਤੀਆਂ ਦੀ ਕਮਜੋਰ ਤਾਕਤ ਪਾਖੰਡੀ, ਅੰਨੇ ਕੌਮਪ੍ਰਸਤ, ਧਾਰਮਕ-ਫਾਸ਼ੀਵਾਦ ਉਠਾ ਰਹੇ ਹਨ ਪਰ ਜਨਤਾ ਕਦੇ ਨਾ ਕਦੇ ਇਹਨਾਂ ਦੇ ਕੁਕਰਮਾ ਨੂੰ ਸਮਝੇਗੀ। ਮੇਹਨਤ ਦੀ ਲੁਟੇਰੀ ਵਿਵਸਥਾ 'ਚ ਹੀ ਅਜਿਹੇ ਲੋਕ ਵਧਦੇ ਫੁਲਦੇ ਹਨ। ਅਜਿਹੇ ਪਾਖੰਡੀਆਂ ਨੂੰ ਵੀ ਡੂੰਘੀ ਕਬਰ 'ਚ ਲੋਕ ਦਫਨ ਕਰਨਗੇ।

# ਨਿਆਂਪਾਲਿਕਾ ਤੇ ਮੀਡੀਆ ਉਪਰ ਪੈਸਾ ਕਿਵੇਂ ਹਾਵੀ?

ਸੰਨ 2009 ਦੀਆਂ ਸੰਸਦੀ ਆਮ ਚੋਣਾ ਨੇ ਕੁੱਝ ਮਹੱਤਵਪੂਰਨ ਰਾਜਸੀ ਰੁਝਾਣਾ ਨੂੰ ਜੱਗ ਜਾਹਰ ਕਰ ਦਿੱਤਾ ਹੈ। ਇਕ ਤਾਂ ਕਾਂਗਰਸ ਦੀ ਇਹ ਲਾਲਸਾ ਕਿ ਉਹੀ ਦੇਸ਼ ਦੀ ਰਵਾਇਤੀ ਹਕੂਮਤੀ ਪਾਰਟੀ ਹੈ ਜਿਸ ਨੇ ਹਰ ਹਾਲ ਸੱਤਾ 'ਚ ਇਕ ਵਾਰੀ ਫਿਰ ਆਪਣੀ ਅਜ਼ਾਰੇਦਾਰੀ ਕਾਇਮ ਕਰਨੀ ਹੈ। ਬਿਲਕੁਲ ਸਾਹਮਣੇ ਆਉਂਦੀ ਹੈ ਪਰ ਇਹ ਗੱਲ ਵੀ ਵੈਸੇ ਹੀ ਦੁਹਰਾਈ ਗਈ ਕਿ ਉੜੀਸਾ, ਉਤਰ ਪੂਰਵੀ ਭਾਰਤ, ਪੱਛਮੀ ਬੰਗਾਲ, ਬਿਹਾਰ, ਉਤਰ ਪ੍ਰਦੇਸ਼, ਹਰਿਆਣਾ, ਪੰਜਾਬ, ਮਹਾਂਰਾਸ਼ਟਰ, ਆਂਧਰਾ ਤੇ ਤਾਮਿਲਨਾਡੂ 'ਚ ਖੇਤਰੀ ਪਾਰਟੀਆਂ ਰਾਜਨੀਤੀ ਦੇ ਸਥਾਈ ਤੱਤ ਬਣ ਗਏ ਹਨ। ਤੀਜੇ ਪਿਛੜੀਆਂ ਤੇ ਦਲਿਤ ਜਾਤੀਆਂ ਦੇ ਅਧਾਰ 'ਤੇ ਬਣਿਆ ਪਾਰਟੀਆਂ ਨੂੰ ਉਤਰ ਪ੍ਰਦੇਸ਼, ਬਿਹਾਰ ਤੋਂ ਹਟਾਉਣਾ ਸੌਖਾ ਨਹੀਂ ਹੈ। ਚੌਥੀ ਗੱਲ : ਭਾਰਤੀ ਜਨਤਾ ਪਾਰਟੀ ਅਤੇ ਸ਼ਿਵ ਸੈਨਾ ਦੀ ਸਥਾਈ ਮੌਜੂਦਗੀ ਹੈ। ਉਹ ਕੇਂਦਰ 'ਚ ਦੂਜੀ ਵਾਰੀ ਸੱਤਾ ਹਾਸਲ ਕਰਨ ਲਈ ਭਾਵੇਂ ਅਸਫਲ ਰਹੀ ਹੋਵੇ ਪਰ ਉਸ ਨੇ ਆਪਣੀ ਉਤਰ-ਭਾਰਤ-ਪੱਛਮੀ ਭਾਰਤ ਤੱਕ ਸੀਮਤ ਰਹਿਣ ਦੀ ਭੂਗੋਲਿਕ ਹੱਕ ਨੂੰ ਲੰਘ ਲਿਆ ਹੈ। ਸੰਨ 2004 ਦੀਆਂ ਸੰਸਦੀ ਆਮ ਚੋਣਾ 'ਚ ਆਪਣੀ ਮੜਕ ਨੂੰ ਲਗਾਮ ਦੇ ਕੇ ਕਾਂਗਰਸ ਪਾਰਟੀ ਨੇ ਇਹ ਨਰਮੀ ਵਿਖਾਈ ਸੀ ਕਿ ਉਹ ਸਭਾ ਭਾਜਪਾ-ਵਿਰੋਧੀ ਪਾਰਟੀਆਂ ਦੇ ਨਾਲ ਸੱਤਾ 'ਚ ਹਿੱਸੇਦਾਰੀ ਲਈ ਤਿਆਰ ਹੈ। ਇਸ ਕਾਰਨ ਉਹ ਸਾਂਝੀ ਗਠਜੋੜ (ਯੂ. ਪੀ. ਏ.) ਦੀ ਉਸਾਰੀ ਤੇ ਸੱਤਾ ਹਾਸਲ ਕਰਨ 'ਚ ਸਫਲ ਰਹੀ ਤੇ ਇਸ ਵਾਰੀ ਫਿਰ ਉਸੇ ਗਠਜੋੜ ਦੀ ਨੇਤਾ ਪਾਰਟੀ ਵਜੋਂ ਉਹ ਹਕੂਮਤ ਵਿੱਚ ਹੈ ਪਰ ਇਸ ਚੋਣ ਨੇ ਉਸ ਨੂੰ ਇਹ ਹੌਸਲਾ ਦਿੱਤਾ ਹੈ ਕਿ ਉਹ 1947-96 ਦੀ ਰਾਜਨੀਤੀ 'ਤੇ ਇਕ ਹੀ ਪਾਰਟੀ ਦੀ ਸਰਦਾਰੀ ਦੇ ਇਤਿਹਾਸ ਨੂੰ ਦੁਹਰਾ ਸਕਦੀ ਹੈ। ਸਾਡੀ ਚੋਣ ਪ੍ਰਣਾਲੀ ਦੀ ਇਹ ਅਜੀਬ ਖੇਡ ਹੈ ਕਿ 28.4 ਫੀਸਦੀ ਵੋਟਾਂ ਲੈ ਕੇ ਸੰਨ 1999 ਦੀਆਂ ਸੰਸਦੀ ਚੋਣਾ 'ਚ ਉਸ ਦੇ 166 ਮੈਂਬਰ ਪਾਰਲੀਮੈਂਟ ਜਿੱਤੇ ਸਨ ਅਤੇ ਵੋਟਾਂ ਦੀ ਇਸ ਅਨੁਪਾਤ 'ਤੇ ਬੀਤੀਆਂ ਆਮ ਚੋਣਾ 'ਚ 205 ਮੈਂਬਰ ਜਿੱਤੇ। ਆਪਣੀ ਇਸ ਲਾਲਸਾ ਦੇ ਤਹਿਤ ਉਸ ਨੇ ਆਪਣੀ ਰਵਾਇਤੀ ਅਧਾਰ ਉਤਰ ਪ੍ਰਦੇਸ਼ 'ਚ ਵਾਪਸੀ ਦੀ ਤੇਜ ਮੁਹਿਮ ਸ਼ੁਰੂ ਕਰ ਦਿੱਤੀ ਹੈ। ਕਾਂਗਰਸ 'ਚ ਮੁਖ ਸਕੱਤਰ ਤੇ ਸੰਸਦ ਰਾਹੁਲ ਗਾਂਧੀ ਇਸ ਮੁਹਿੰਮ ਦੇ ਇਕੋ ਇੱਕ ਘੁਲਾਟੀਏ ਹਨ। ਇਹ ਵੀ ਮੌਕਾਮੇਲ ਹੀ ਹੈ ਕਿ ਨਹਿਰੂ-ਗਾਂਧੀ ਪਰਿਵਾਰ ਦਾ ਹੀ ਮੈਂਬਰ ਇਸ ਮਿਸ਼ਨ ਨੂੰ ਲੈ ਕੇ ਅੱਗੇ ਵਧਿਆ ਹੈ। ਪਾਰਟੀ ਦਾ ਇਤਿਹਾਸ ਇਸ ਪਰਿਵਾਰ ਨਾਲ ਅਜਿਹਾ ਜੁੜਿਆ ਹੈ ਕਿ ਉਸ ਤੋਂ ਵੱਖ ਕਰਕੇ ਪਾਰਟੀ ਦੀ ਕਲਪਨਾ ਕਰਨਾ ਲਗਭਗ ਅਸੰਭਵ ਹੈ। ਇਸ ਕਾਰਨ ਪਾਰਟੀ ਦੀ ਪਰਿਵਾਰਵਾਦੀ ਭੂਮਿਕਾ ਵੀ ਇਕ ਵਾਰ ਫਿਰ ਜੱਗ ਜਾਹਿਰ ਹੋ ਗਈ ਹੈ। ਉਤਰ ਪ੍ਰਦੇਸ਼ 'ਚ ਕਾਂਗਰਸ ਨੇ 21 ਮੈਂਬਰ ਜਿਤਾਏ, ਇਸ ਗੱਲ ਦਾ ਸਿਹਰਾ ਰਾਹੁਲ ਗਾਂਧੀ ਨੂੰ ਹੀ ਦਿੱਤਾ ਜਾ ਰਿਹਾ ਹੈ ਅਤੇ ਫਿਰੋਜਾ-ਬਾਦ ਸੰਸਦੀ ਖੇਤਰ ਦੀ ਉਪ ਚੋਣ ਵਿੱਚ ਰਾਜ ਬੱਬਰ ਦੀ ਜਿੱਤ ਦਾ ਵੀ ਇਹ ਮਹੱਤਵਪੂਰਨ ਹੈ ਕਿ ਨਾ ਸਿਰਫ਼ ਟਿਕਟਾਂ ਵੰਡਣ 'ਚ ਬਲਕਿ ਕੇਂਦਰੀ ਮੰਡਲ ਦੇ

ਗਠਨ 'ਚ ਵੀ ਉਹਨਾਂ ਦੀ ਸਲਾਹ ਮੰਨ ਕੇ ਨੌਜਵਾਨਾਂ ਨੂੰ ਅੱਗੇ ਲਿਆਂਦਾ ਗਿਆ ਹੈ। ਉਹ ਆਪਣੀ ਨਿੱਜੀ ਟੀਮ ਦੇ ਅਧਾਰ 'ਤੇ ਪਾਰਟੀ ਦੀ ਭਵਿੱਖ ਦੀ ਰਾਜਨੀਤੀ ਨੂੰ ਅਜਾਰੇਦਾਰ ਬਣਾਉਣ ਲਈ ਬੇਚੈਨ ਹੈ। ਕਾਂਗਰਸ ਪਾਰਟੀ ਦੀ ਸਥਾਪਤ ਲੀਡਰਸ਼ਿਪ ਉਂਜ ਵੀ ਬੁੱਢੀ ਹੋ ਰਹੀ ਹੈ। ਨਰਾਇਣ ਦੱਤ ਤਿਵਾੜੀ ਤੇ ਅਰਜਨ ਸਿੰਘ ਤਾਂ ਪਾਰਟੀ ਤੋਂ ਬਾਹਰ ਹੀ ਹਨ। ਮੋਹਸਿਨਾ ਕਿਦਵਈ ਤੇ ਮੋਤੀ ਲਾਲ ਵੋਹਰਾ ਵੀ ਪਿੱਛੇ ਰਹਿੰਦੇ ਜਾ ਰਹੇ ਹਨ। ਹੁਣ ਉਚਿਆ 'ਚ ਸਿਰਫ਼ ਪ੍ਰਣਾਬ ਮੁਕਰਜੀ ਹੀ ਹਨ। ਰਾਹੁਲ ਗਾਂਧੀ ਦੇ ਚੇਲੇ ਹੁਣ ਆਮ ਵਰਗਾਂ 'ਚੋਂ ਨਹੀਂ ਬਲਕਿ ਅਮੀਰ ਜਾਤੀਆਂ ਦੇ ਨੌਜਵਾਨ ਹੋਣਗੇ ਇਹ ਗੱਲ ਵੀ ਸਾਫ਼ ਹੈ। ਕਾਂਗਰਸ ਦੇ ਲਗਭਗ ਸਾਰੇ ਨੌਜਵਾਨ ਸੰਸਦ ਕਰੋੜਪਤੀ ਹਨ ਤੇ ਹੋਰਾਂ ਪਾਰਟੀਆਂ 'ਚ ਵੀ ਕਰੋੜਪਤੀਆਂ ਦਾ ਬੋਲਬਾਲਾ ਹੀ ਪਹਿਲੀ ਵਾਰੀ 542 ਸੰਸਦਾਂ 'ਚੋਂ 360 ਕਰੋੜਪਤੀ ਹਨ। ਜਿਸ ਤਰ੍ਹਾਂ ਕਾਂਗਰਸ ਪਾਰਟੀ ਦਾ ਪਰਿਵਾਰਵਾਦ ਚੇਨਈ ਤੋਂ ਲੈ ਕੇ ਸ੍ਰੀ ਨਗਰ ਤੱਕ ਪਹੁੰਚ ਗਿਆ ਹੈ। ਉਸੇ ਤਰ੍ਹਾਂ ਕਾਰਪੋਰੇਟ ਸੱਭਿਆਚਾਰ ਵੀ ਸ਼ਰਦ ਪਵਾਰ, ਮੁਲਾਇਮ ਸਿੰਘ ਤੇ ਮਾਇਆਵਤੀ ਤਕ ਪਹੁੰਚ ਜਾਵੇਗਾ ਅਤੀ ਭਾਰਤ ਦੀ ਪਾਰਲੀਮੈਂਟ ਪਿੱਕੀ ਦੀ ਸਾਧਾਰਨ ਸਭਾ ਦਾ ਮੁਕਾਬਲਾ ਕਰੇਗੀ। ਕਾਂਗਰਸ ਦੀ ਰਾਜਨੀਤੀ ਮੱਧ ਵਰਗ ਤੋਂ 1991 ਤੋਂ ਹੀ ਪਰੇ ਹਟਣ ਲੱਗੀ ਸੀ ਅਤੇ ਹੁਣ ਉਸ ਦੇ ਰਾਜ ਵਿੱਚ ਬਹੁਕੌਮੀ ਨਿਗਮਾਂ, ਦੇਸੀ-ਵਿਦੇਸ਼ੀ ਪੂੰਜੀਪਤੀਆਂ ਤੇ ਅਰਧ-ਜਾਗੀਰੂ ਰਾਜਕੁਮਾਰਾਂ ਦੀ "ਜੈ ਹੋ" ਦਾ ਯੁੱਗ ਆ ਗਿਆ ਹੈ ਪਰ ਸਿਰਫ਼ 29-30 ਫੀਸਦੀ ਵੋਟਾਂ ਦੇ ਆਸਰੇ ਕਾਂਗਰਸ ਆਪਣੇ ਜਨਤਕ ਅਧਾਰ ਨੂੰ ਚੌੜਾ ਕੀਤੇ ਬਿਨਾਂ ਆਪਣੇ ਹੀ ਦਮ 'ਤੇ ਹਕੂਮਤ ਕਿਵੇਂ ਲਿਆਵੇਗੀ?

ਰਾਹੁਲ ਗਾਂਧੀ ਕੋਲ ਇਸ ਦਾ ਜੁਆਬ ਹੈ, ਦਲਿਤਾਂ ਦੀਆਂ ਝੌਪੜੀਆਂ ਇਕ ਦੋ ਰਾਤਾਂ ਖਾਣਾ-ਸੌਣਾ, ਆਦੀਵਾਸੀ ਔਰਤ ਕਲਾਵਤੀ ਦੀਆਂ ਰੋਜਾਨਾ ਲੋੜਾਂ ਨੂੰ ਸੰਸਦ ਦੀ ਮੇਜ਼ 'ਤੇ ਲਿਆਉਣਾ ਤੇ ਅਲੀਗੜ੍ਹ ਯੂਨੀਵਰਸਿਟੀ 'ਚ ਇਹ ਭਰੋਸਾ ਦੇਣਾ ਕਿ ਕਿਸੇ ਦਿਨ ਕੋਈ ਮੁਸਲਮਾਨ ਵੀ ਦੇਸ਼ ਦਾ ਪ੍ਰਧਾਨ ਮੰਤਰੀ ਬਣ ਸਕਦਾ ਹੈ। ਅਜਿਹੇ ਪ੍ਰਤੀਕਾਂ ਨੂੰ ਉਭਾਰ ਕੇ ਇੰਦਰਾ ਗਾਂਧੀ ਦੇ ਸੰਨ 1971 ਦੇ ਚੁਣਾਵੀ ਕੌਸ਼ਲ ਨੂੰ ਉਹ ਦੁਹਰਾਨਾ ਚਾਹੁੰਦੇ ਹਨ। ਜੋ ਦਲਿਤਾਂ, ਆਦੀਵਾਸੀਆਂ ਤੇ ਧਾਰਮਿਕ ਘੱਟ ਗਿਣਤੀਆਂ ਦੇ ਵਿਸ਼ਾਲ ਜਨਤਕ ਅਧਾਰ ਦੀ ਉਸਾਰੀ ਕਰ ਰਿਹਾ ਸੀ ਪਰ ਉਸ ਦੇ ਨਾਲ ਸੀ 'ਗਰੀਬੀ ਹਟਾਓ' ਦਾ ਮੰਤਰ ਤੇ ਬੈਂਕ ਦੇ ਕੌਮੀਕਰਨ ਦੀ ਅਗਾਂਹ-ਵਧੂ ਲੋਕ ਪੱਖੀ ਛਵੀ। ਇੰਦਰਾ ਗਾਂਧੀ ਨੂੰ ਉਸ ਚੋਣ 'ਚ ਖੇਤਰੀ ਪਾਰਟੀਆਂ ਦੀ ਹਮਾਇਤ ਵੀ ਮਿਲੀ ਹੋਈ ਸੀ। ਖੱਬੇ ਪੱਖੀ ਰੁਝਾਣ ਵਾਲਿਆਂ 'ਚ ਉਹਨਾਂ ਦੀ ਪੈਂਠ ਬਣੀ ਸੀ। ਸਾਧਾਰਨ ਘਰਾਂ ਦੇ ਚੰਦਰਸ਼ੇਖਰ, ਰਾਮਧਾਨ, ਚੰਦਰਜੀਤ ਯਾਦਵ ਵਰਗੇ ਲੋਕ 'ਨਵੀਂ ਕਾਂਗਰਸ' ਦੇ ਅਲੰਬਰ ਸਨ। ਰਾਹੁਲ ਗਾਂਧੀ ਨੂੰ ਇਹਨਾਂ ਦੋਹਾਂ ਹਾਲਤਾ ਦੇ ਫ਼ਰਕ ਨੂੰ ਸਮਝਣਾ ਪਊ। ਕਾਂਗਰਸ ਦੀ ਸੱਤਾ ਵਿਰੋਧੀ ਧਿਰ ਦੀ ਵਿਆਪਕ ਏਕਤਾ ਕਾਰਨ ਉਖੜੀ ਹੈ। ਸੰਨ 1998-99 'ਚ ਉਸ ਨੂੰ ਕੌਮੀ ਜਮਹੂਰੀ ਗਠਜੋੜ ਨੇ ਖੱਬਿਆਂ ਦੀ ਹਮਾਇਤ ਬਿਨਾਂ ਹੀ ਸੱਤਾ 'ਚ ਆਉਣ ਤੋਂ ਰੋਕ ਦਿੱਤਾ ਸੀ। ਹੁਣ ਜਦ ਕਾਂਗਰਸ ਇਸ ਤਿਆਰੀ ਵਿੱਚ ਹੈ ਕਿ ਵੀਹ ਸਾਲ ਪਹਿਲਾਂ ਦਾ ਗੌਰਵ ਬਹਾਲ ਕਰੇ ਤਾਂ ਇਸ ਗੱਲ ਦੀ ਸੰਭਾਵਨਾ ਬਣ ਸਕਦੀ ਹੈ ਕਿ ਦੇਰ ਸਵੇਰ ਗ਼ੈਰ ਕਾਂਗਰਸਵਾਦ ਵੀ ਉਭਰੇ। ਪਰ ਭਾਰਤੀ ਰਾਜਨੀਤੀ ਨੂੰ ਦੋ ਵੱਡੀਆਂ ਵਿਕੱਲਪਿਕ ਪਾਰਟੀਆਂ ਜਾਂ ਮੋਰਚਿਆਂ ਦੇ ਦੁਆਲੇ ਘੁੰਮਦੀ

ਰਹੇ। ਜੋ ਇੱਕੋ ਜਿਹੀ ਆਰਥਿਕ ਨੀਤੀ ਤੇ ਚਲਦੇ ਹਨ। ਜਦਕਿ ਇਹ ਨੀਤੀ ਪੂਰੀ ਤਰ੍ਹਾਂ ਲੋਕ ਵਿਰੋਧੀ ਹੈ। ਇਹ ਹਾਲਾਤ ਜਮਹੂਰੀਅਤ ਲਈ ਵੱਡੀ ਚਣੌਤੀ ਹਨ। ਇਸ ਚੱਕਰ ਨੂੰ ਤੋੜਨਾ ਜ਼ਰੂਰੀ ਹੈ। ਇਸ ਦੀ ਸੰਭਾਵਨਾ ਤਲਾਸ਼ਣ ਵਿੱਚ ਭਾਜਪਾ ਦੇ ਇਕ ਸਮੇਂ ਦੇ ਸਿਧਾਂਤਕ ਗੋਵਿੰਦਾ ਚਾਰੀਆ ਅਤੇ ਕਿਸੇ ਵੇਲੇ ਦੀ ਪ੍ਰਗਤੀਸ਼ੀਲ ਲਾਰਡ ਮੇਘਨਾਦ ਦੇਸਾਈ ਦੇ ਉਹ ਪ੍ਰਸਤਾਵ ਯਾਦ ਆ ਜਾਂਦੇ ਹਨ। ਜੋ ਕਾਂਗਰਸ ਤੇ ਭਾਜਪਾ ਦੇ ਗਠਜੋੜ ਦੀ ਵਕਾਲਤ ਕਰਦੇ ਹਨ। ਭਾਜਪਾ ਜੇ ਹਿੰਦੂਤਵ ਦੇ ਤਿੰਨ ਮੁਖ ਵਿਸ਼ਿਆ ਬਾਬਰੀ ਮਸਜਿਦ ਦੀ ਥਾਂ 'ਤੇ ਰਾਮ ਮੰਦਰ ਉਸਾਰੀ, ਸੰਵਿਧਾਨ ਦੇ 370ਵੇਂ ਅਨੁਛੇਦ ਨੂੰ ਲਾਗੂ ਕਰਨਾ ਅਤੇ ਇਕੋ ਜਿਹੀ ਨਾਗਰਿਕ ਕੋਡ ਆਫ ਕੁੰਡਕਟ ਪਿੱਛੇ ਸੁੱਟ ਕੇ ਸੱਤਾ ਹਾਸਲ ਕੀਤੀ ਸੀ। ਸੰਘ ਨੇ ਵੱਡੀ ਪੱਧਰ 'ਤੇ ਭਾਜਪਾ ਅੰਦਰ ਦਖਲ ਅੰਦਾਜੀ ਸ਼ੁਰੂ ਕਰ ਦਿੱਤੀ ਹੈ। ਭਾਜਪਾ ਦਾ ਵਿਸਥਾਰ ਅਰੁਣਾ ਚਲ ਪ੍ਰਦੇਸ਼ ਉੜੀਸਾ ਤੇ ਕਰਨਾਟਕ ਤਕ ਹੋ ਗਿਆ ਹੈ। ਇਹ ਉਸ ਦੇ ਲਚਕੀਲੇਪਨ ਕਰਕੇ ਹਾਂ ਨਹੀਂ ਹੋਇਆ ਹੈ ਬਲਕਿ ਕਾਂਗਰਸ ਤੇ ਹੋਰ ਫਿਰਕੂ ਵਿਰੋਧੀ ਪਾਰਟੀਆਂ ਦੀ ਨਾਕਾਮੀ ਕਾਰਨ ਵੀ ਹੋਇਆ ਹੈ।

ਵਧਦੀ ਮਹਿੰਗਾਈ, ਬੇਰੁਜ਼ਗਾਰੀ ਜਾਂ ਉਜਾੜਾ ਯੂ. ਪੀ. ਏ. ਸਰਕਾਰ ਦੀ ਲੋਕਾਂ 'ਚ ਸ਼ਾਖ ਨੂੰ ਖੋਰਾ ਲਾ ਰਹੇ ਹਨ ਪਰ ਖੱਬੇਪੱਖੀ ਇਹਨਾਂ ਮੁਦਿਆਂ ਨੂੰ ਨਹੀਂ ਵਰਤ ਰਹੇ। ਯੂ. ਪੀ. ਏ. ਸਰਕਾਰ 'ਚ ਸ਼ਮੂਲੀਅਤ ਨਾ ਕਰਕੇ ਖੱਬਿਆਂ ਨੇ ਸੱਤਾ ਦੇ ਮੌਕੇ ਨੂੰ ਗੁਆਇਆ ਹੈ। ਨਰੇਗਾ ਅਤੇ ਆਰ. ਟੀ. ਆਈ. ਐਕਟ ਦਾ ਸਿਹਰਾ ਵੀ ਉਹ ਨਹੀਂ ਲੈ ਸਕੇ। ਹੁਣ ਜਦ ਕਿ ਪੂਰੇ ਦੇਸ਼ ਵਿੱਚ ਵਿਸ਼ੇਸ਼ ਆਰਥਿਕ ਖੇਤਰਾਂ ਤੇ ਬਹੁਕੌਮੀ ਕੰਪਨੀਆਂ ਨੂੰ ਖਾਣਾ ਦੀ ਖੁਦਾਈ ਦੀ ਇਜਾਜ਼ਤ ਨਾਲ ਵੱਡੇ ਪੈਮਾਨੇ 'ਤੇ ਉਜਾੜੇ ਖਿਲਾਫ਼ ਕਿਸਾਨ ਤੇ ਆਦਵਾਸੀ ਇਕਜੁੱਟ ਹੋ ਰਹੇ ਹਨ। ਹੁਣ ਪਾਰਲੀਮਾਨੀ ਖੱਬੇ ਕਿੱਥੇ ਹਨ? ਨਵੰਬਰ ਦੇ ਆਖਰੀ ਹਫ਼ਤੇ ਗੋਰਾਈ (ਮਹਾਂਰਾਸ਼ਟਰ) 'ਚ ਸੇਜ ਖਿਲਾਫ਼ ਬਾਰਾਂ ਸੂਬਿਆਂ ਦੇ ਨੁਮਾਇੰਦੇ ਇਕੱਠੇ ਹੋਏ ਪਰ ਉਥੇ ਵੀ ਸੰਸਦੀ ਖੱਬੇ ਪੱਖੀ ਮੌਜੂਦ ਨਹੀਂ ਸਨ। ਉੜੀਸਾ, ਝਾਰਖੰਡ ਤੇ ਛਤੀਸ਼ਗੜ੍ਹ 'ਚ ਉਜਾੜੇ ਖਿਲਾਫ਼ ਜੋ ਜਨਤਕ ਉਭਾਰ ਆਇਆ ਹੈ। ਇਹ ਉਸ ਤੋਂ ਵੀ ਕੱਟੇ ਹੋਏ ਹਨ। ਬਿਹਾਰ ਸਰਕਾਰ ਨੇ ਭੂਮੀ ਸੁਧਾਰ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਨਹੀਂ ਮੰਨਿਆ ਪਰ ਪਾਰਲੀਮਾਨੀ ਖੱਬੀਆਂ ਪਾਰਟੀਆਂ ਫਿਰ ਵੀ ਨਹੀਂ ਬੋਲੀਆਂ। ਨਕਸਲੀ ਤੇ ਮਾਓਵਾਦੀ ਆਪਣੇ ਆਪਣੇ ਖੇਤਰਾਂ 'ਚ ਸਰਗਰਮ ਹਨ ਤਾਂ ਕਿ ਬਹੁਕੌਮੀ ਕੰਪਨੀਆਂ ਵੱਲੋਂ ਨਜਾਇਜ਼ ਖੁਦਾਈ ਤੇ ਉਸ ਕਾਰਨ ਉਜਾੜੇ ਦਾ ਵਿਰੋਧ ਕਰ ਸਕਣ। ਮਾ. ਕਪਾ ਨੂੰ ਇਹਨਾਂ ਦੋਹਾਂ 'ਚੋਂ ਵੀ ਮੁਸ਼ਕ ਆਉਂਦਾ ਹੈ। ਭਾ. ਕ. ਪਾ. ਉੜੀਸਾ 'ਚ ਦੱਖਣੀ ਕੋਰੀਆਈ ਕੰਪਨੀ 'ਬੋਸਕੋ' ਦੇ ਨਾਲ ਰਾਜ ਸਰਕਾਰ ਵਲੋਂ ਕੀਤੇ ਸਮਝੌਤਿਆਂ ਖਿਲਾਫ਼ ਅੰਦੋਲਨ 'ਚ ਸ਼ਾਮਲ ਸੀ ਪਰ ਪੱਛਮੀ ਬੰਗਾਲ 'ਚ ਮਾਕਪਾ ਦੇ ਨਾਲ ਉਸਦੀ ਜੋ ਬਦਨਾਮੀ ਹੋਈ। ਉਸ ਪਿੱਛੋਂ ਉਸਦਾ ਮਨੋਬਲ ਡਿੱਗਿਆ ਹੋਇਆ ਹੈ। ਨਕਸਲਵਾਦੀਆਂ 'ਚ ਤਾਂ ਵੱਖ-ਵੱਖ ਗੁੱਟ ਹਨ ਤੇ ਮਾਓਵਾਦੀਆਂ ਨਾਲ ਉਹਨਾਂ ਦੀ ਰਚਕ ਨਹੀਂ ਬੈਠਦੀ। ਸਪਾ ਅਨਿਲ ਅੰਬਾਨੀ ਦੀ ਅਜਿਹੀ ਪੈਰੋਕਾਰ ਬਣ ਗਈ ਹੈ ਕਿ ਉਸ ਦੀ ਵੀ ਸ਼ਾਖ ਡਿੱਗ ਪਈ ਹੈ। ਸਾਡੀਆਂ ਰਾਜਸੀ ਪਾਰਲੀਮਾਨੀ ਪਾਰਟੀਆਂ ਵਾਲੀ ਮਾੜੀ ਹਾਲਤ ਮੀਡੀਆ ਦੀ ਵੀ ਹੋ ਗਈ ਹੈ। ਅਖਬਾਰਾਂ-ਚੈਨਲਾਂ ਨੇ ਬੀਤੀਆਂ ਆਮ ਚੋਣਾਂ 'ਚ ਪਾਰਟੀਆਂ ਤੇ ਉਮੀਦਵਾਰਾਂ ਤੋਂ "ਪੈਕਟ" ਲੈ ਕੇ ਜੋ

ਸੂਚਨਾ ਦੀ ਗੈਰ ਪੱਖਪਾਤੀ ਦਾ ਘਾਣ ਕੀਤਾ ਤੇ ਨਾ ਹੀ ਪੈਸੇ ਦੇ ਲਾਲਚ ਕਾਰਨ ਆਪਣੀ ਸ਼ਾਖ ਨੂੰ ਵੀ ਖੋਰਾ ਲਾ ਲਿਆ। ਨਿਆਂਪਾਲਿਕਾ ਦਾ ਜੋ ਦ੍ਰਿਸ਼ ਨਿਆਂਮੂਰਤੀ ਸੁਸਿਮਤ ਬੋਸ ਤੇ ਨਿਆਂ ਮੂਰਤੀ ਦਿਨਕਰ ਸਬੰਧੀ ਝਮੇਲੇ ਕਾਰਣ ਜਨਤਾ ਸਾਹਮਣੇ ਆਇਆ ਹੈ। ਉਹ ਵੀ ਕੁਝ ਆਕਰਸ਼ਿਕ ਨਹੀਂ ਹੈ। ਬਰਜੂਆ ਜਮਹੂਰੀਅਤ ਦੇ ਇਹਨਾਂ ਦੋਹਾਂ ਤੇ ਪੈਸੇ ਦਾ ਗਲਬਾ ਕੁਲ ਮਿਲਾ ਕੇ ਪੈਣ ਲੱਗਿਆ ਹੈ। ਧਨਤੰਤਰ ਕਿੰਨਾ ਮਜ਼ਬੂਤ ਹੋ ਰਿਹਾ ਹੈ ਉਸ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ 2007-08 ਅਤੇ 2008-09 ਸਲਾਨਾ ਬਜਟਾਂ 'ਚ ਆਬਕਾਰੀ ਟੈਕਸ ਤੇ ਸੀਮਾ ਟੈਕਸ ਨੂੰ ਹਟਾ ਕੇ ਤੇ ਹੋਰ ਸਿੱਧੇ ਟੈਕਸਾਂ ਨੂੰ ਹਟਾ ਕੇ ਕੇਂਦਰ ਸਰਕਾਰ ਨੇ ਸਰਮਾਏਦਾਰਾਂ ਨੂੰ ਰੋਜਾਨਾ 700 ਕਰੋੜ ਰੁਪਏ ਦੀ ਬਖਸਿਸ਼ ਦਿੱਤੀ ਹੈ। ਵਿਸ਼ਵੀ ਆਰਥਿਕ ਮੰਦੀ ਨਾਲ ਉਹਨਾਂ ਦੀ ਰਾਖੀ ਲਈ ਜੋ ਭਾਰੀ ਧਨ ਦਿੱਤਾ ਗਿਆ ਹੈ, ਉਹ ਇਸ 'ਚ ਸ਼ਾਮਲ ਨਹੀਂ ਹੈ। ਸਿੱਖਿਆ 'ਚ ਨਿੱਜੀਕਰਨ ਤੇ ਵਪਾਰੀਕਰਨ ਨੂੰ ਸੰਸਦ ਵੱਲੋਂ ਪਾਸ ਬਿਲ ਨੇ ਵਧਾਇਆ ਹੀ, ਹੁਣ ਕੇਂਦਰ ਸਰਕਾਰ ਵਲੋਂ ਨਿਯੁਕਤ ਨਿਆਮੂਰਤੀ ਵਾਲਿਹਾਨ ਕਮਿਸ਼ਨ ਨੇ ਏਮਜ਼ (AIIMS) ਦੇ ਨਿੱਜੀਕਰਨ ਤੇ ਦਵਾ ਬਣਾਉਣ ਵਾਲੀ ਤੇ ਹੋਰ ਨਿੱਜੀ ਕੰਪਨੀਆਂ ਦੇ ਨੁਮਾਇੰਦਿਆਂ ਨੂੰ ਉਸ ਦੇ ਪ੍ਰਬੰਦ 'ਚ ਹਿੱਸੇਦਾਰ ਬਣਾਉਣ ਦੀ ਸਿਫਾਰਸ਼ ਕੀਤੀ ਹੈ। ਸੰਸਦ, ਮੀਡੀਆ, ਸਿੱਖਿਆ ਸੰਸਥਾਵਾਂ ਦੀ ਇਕ ਹੀ ਰਫ਼ਤਾਰ ਤੇ ਦਿਸ਼ਾ ਹੈ ਜੋ ਲੋਕ ਵਿਰੋਧੀ ਹੈ ਤੇ ਜਮਹੂਰੀਅਤ ਲਈ ਵਿਨਾਸ਼ਕਾਰੀ ਵੀ ਹੈ। ਵਿਕਾਸ ਦੀ ਦਿਸ਼ਾ ਵਿਨਾਸ਼ਕਾਰੀ ਹੋਵੇ, ਰਾਜਨੀਤੀ ਲੋਕ ਵਿਰੋਧੀ-ਜਮਹੂਰੀਅਤ ਵਿਰੋਧੀ ਹੋਵੇ, ਰਾਜ ਸਿੱਧਾ ਧਨਾਢਾਂ ਦੇ ਹੱਥ ਜਾਵੇ ਤੇ ਲੋਕਾਂ ਦੇ ਸਾਰੇ ਜਮਹੂਰੀ ਮੌਕੇ ਖੋਹਲਣੇ ਜਾਣ ਤਾਂ ਫਿਰ ਰਾਹ ਕੀ ਹੈ? ਇੱਕ ਪਾਸੇ ਕੇਂਦਰ ਸਰਕਾਰ ਸਾਰੇ ਵਿਰੋਧੀਆਂ ਨੂੰ ਮਾਓਵਾਦੀ ਦੱਸ ਕੇ ਹਥਿਆਰਬੰਦ ਜੰਗ ਦੀ ਚੁਣੌਤੀ ਦੇ ਰਹੀ ਹੈ ਤਾਂ ਦੂਜੇ ਪਾਸੇ ਮਾਓਵਾਦੀ ਹਥਿਆਰਬੰਦ ਇਨਕਲਾਬ 'ਤੇ ਤੁਲੇ ਹੋਏ ਹਨ ਪਰ ਹਥਿਆਰਬੰਦ ਜ਼ੁਲਮ ਕਿਸੇ ਸਮੱਸਿਆ ਦਾ ਹੱਲ ਨਹੀਂ। ਦੇਸ਼ ਦੀ ਰਾਜਨੀਤੀ ਤੇ ਮੀਡੀਆ ਨੂੰ ਪੈਸੇ ਦੀ ਜਕੜ ਤੋਂ ਅਜ਼ਾਦ ਕਰਾਉਣ ਲਈ ਸਾਰੇ ਨਿਆਂ ਪਸੰਦ ਲੋਕਾਂ ਦੀ ਲੋੜ ਹੈ।

# ਕੀ ਵਿਸ਼ਵੀ ਕਰਨ ਦੀ ਤਾਕਤਾਂ ਰੋਟੀ, ਪਾਣੀ, ਕੱਪੜਾ ਰੁਜ਼ਗਾਰ ਤੇ ਗੁਲਾਮੀ ਤੋਂ ਅਜ਼ਾਦੀ ਦੇ ਸਕੀਮਾਂ?

ਆਰਥਿਕ ਮੰਦੀ ਦੇ ਬਹਾਨੇ ਸਾਨੂੰ ਹਨੇਰੇ 'ਚ ਰੱਖਿਆ ਜਾ ਰਿਹਾ ਹੈ ਅਤੇ ਇਹ ਮੰਦੀ ਸਥਾਈ ਕਿਉਂ ਹੁੰਦੀ ਜਾ ਰਹੀ ਹੈ? ਸਾਰੀ ਦੁਨੀਆਂ 'ਚ ਬੇਰੁਜ਼ਗਾਰੀ ਵਧਦੀ ਜਾ ਰਹੀ ਹੈ ਅਤੇ ਮਹਿੰਗਾਈ ਕਿਸੇ ਦੇ ਕਾਬੂ 'ਚ ਨਹੀਂ ਆ ਰਹੀ ਤਾਂ ਕਿਉਂ? ਵਿਆਪਕ ਤੌਰ 'ਤੇ ਅੱਜ ਕਿਨੀ ਬੇਚੈਨੀ ਭਾਰਤ ਵਿੱਚ ਹੈ? ਉਨੀਂ ਇਸ ਤੋਂ ਪਹਿਲਾਂ ਕਦੀ ਨਹੀਂ ਸੀ। ਅੰਗਰੇਜ਼ਾਂ ਦੀ ਰਾਜਸੀ ਗੁਲਾਮੀ ਵੇਲੇ ਜਿੰਨਾ ਅਸੰਤੋਸ਼ ਪੈਦਾ ਹੋਇਆ ਸੀ, ਅੱਜ ਉਸ ਤੋਂ ਵੀ ਵੱਧ ਹੈ ਅਤੇ ਉਸ ਤੋਂ ਵੀ ਵੱਧ ਖ਼ਤਰਨਾਕ ਹੈ ਕਿਉਂਕਿ ਇਹ ਅਜ਼ਾਦੀ ਦੀ ਸਾਰੀ ਕਲਪਨਾ 'ਤੇ ਹੀ ਚੋਟ ਕਰ ਰਿਹਾ ਹੈ। ਨਕਸਲੀਆਂ ਮਾਓਵਾਦੀਆਂ ਦੀ ਹੀ ਗੱਲ ਨਹੀਂ ਹੈ। ਗਾਂਧੀਵਾਦੀਆਂ ਤੋਂ ਲੈ ਕੇ ਦੇਸ਼ ਦੇ ਵੱਖ-ਵੱਖ ਸੰਘਰਸ਼ਾਂ ਦੇ ਆਗੂਆਂ ਤੱਕ ਇਹ ਗੱਲ ਲੋਕਾਂ ਦੇ ਮਨ 'ਚ ਬੈਠਦੀ ਜਾ ਰਹੀ ਹੈ ਕਿ ਭਾਰਤ ਉਪਰ ਵਿਸ਼ਵੀ ਸਾਮਰਾਜੀ ਤਾਕਤਾਂ ਦਾ ਹਮਲਾ ਹੈ। ਇਹ ਦੇਸ਼ ਉਹੀ ਹੈ ਜਿੱਥੇ ਗਾਂਧੀ ਸ਼ੈਤਾਨੀ ਸੱਭਿਅਤਾ ਦਸ ਗਏ ਹਨ ਤੇ ਇਹ ਭਾਰਤ ਉਹੀ ਹੈ ਜਿਸ ਨੂੰ ਜਵਾਹਰ ਲਾਲ ਨਹਿਰੂ ਗੋਬਰ ਦਾ ਢੇਰ ਹੀ ਸਮਝਦੇ ਸਨ। ਤੁਸੀਂ ਜਿੱਥੇ ਵੀ ਚਾਹੋਂ, ਜਦੋਂ ਚਾਹੋਂ ਭਾਰਤ ਤੇ ਇੰਡੀਆ ਦਾ ਨਾਂ ਹਟਾ ਕੇ ਕਿਸੇ ਹੋਰ ਦੇਸ਼ ਦਾ ਨਾਂ ਪਾ ਦਿਉ ਕਹਾਣੀ ਉਹੀ ਬਣੀ ਰਹੇਗੀ। ਵਿਸ਼ਵੀਕਰਨ ਦੀ ਹਨੇਰੀ ਵਗਣ ਦੇ ਬਾਵਜੂਦ ਇਹ ਸੰਕਟ ਦਾ ਕੌਮਾਂਤਰੀ ਚਿਹਰਾ ਹੈ। ਵਿਸ਼ਵੀਕਰਨ ਦੀ ਅੰਧਾਧੁੰਦੀ ਨੇ ਜੋ ਸਭ ਤੋਂ ਵੱਡਾ ਤੇ ਸੱਚਾ ਕੰਮ ਕੀਤਾ ਹੈ। ਉਹ ਇਹ ਹੈ ਕਿ ਉਸ ਨੇ ਸਾਡੀਆਂ ਅੱਖਾਂ ਤੋਂ ਬਹੁਤ ਸਾਰੇ ਪਰਦੇ ਹਟਾ ਦਿੱਤੇ ਹਨ। ਕੌਮਾਂਤਰੀ ਅਰਥ ਸਾਸ਼ਤਰੀ ਪ੍ਰਧਾਨ ਮੰਤਰੀ ਅਤੇ ਅਰਥ ਸਾਸ਼ਤਰ ਪੱਖੋਂ ਅਨਪੜ੍ਹ ਵਿੱਤ ਮੰਤਰੀ ਦਾ ਫ਼ਰਕ ਉਸ ਨੇ ਮਿਟਾ ਦਿੱਤਾ ਹੈ ਇਸ ਨੇ ਸਾਨੂੰ ਵਿਖਾ ਦਿੱਤਾ ਹੈ ਕਿ ਤੁਸੀਂ ਇਨਕਲਾਬੀ ਨਿਕਾਬ ਪਹਿਨ ਕੇ ਆਮ ਕਿਸਾਨਾਂ ਦੀਆਂ ਜ਼ਮੀਨਾ ਲੁਟੋ ਅਤੇ ਦਲਿਤ ਲਿਬਾਸ ਪਹਿਨ ਕੇ ਨਤੀਜਾ ਇਕ ਹੀ ਨਿਕਲਦਾ ਹੈ ਕਿ ਤੁਹਾਡੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਂਦੀ ਹੈ ਅਤੇ ਫਿਰ ਕੋਈ ਅਦਾਲਤ ਸਾਨੂੰ ਚੇਤੇ ਕਰਵਾਉਂਦੀ ਹੈ ਕਿ ਭਾਰਤੀ ਸੰਵਿਧਾਨ 'ਚ ਕਿਸੇ ਵੀ ਸਰਕਾਰ ਨੂੰ ਕੋਈ ਹੱਕ ਨਹੀਂ ਹੈ ਕਿ ਉਹ ਲੋਕ ਹਿੱਤ ਦੇ ਕੰਮਾਂ ਤੋਂ ਇਲਾਵਾ ਕਿਸੇ ਹੋਰ ਕੰਮ ਨੂੰ ਲਈ ਜ਼ਮੀਨ ਕਬਜੇ 'ਚ ਲਵੇ। ਪੱਛਮੀ ਬੰਗਾਲ ਜਾਂ ਉਤਰ ਪ੍ਰਦੇਸ਼ 'ਚ ਜ਼ਮੀਨ ਅੱਜ ਵਾਪਸ ਕੀਤੀ ਜਾ ਰਹੀ ਹੈ। ਖੁੱਲ੍ਹੇ ਅਰਥਚਾਰੇ ਦੇ ਸਭ ਤੋਂ ਵੱਡੇ ਪੈਰੋਕਾਰਾਂ ਦੀ ਅਗਵਾਈ 'ਚ ਚਲ ਰਹੀ ਸਾਡੀ ਸਰਕਾਰ ਦਿਨੋ ਦਿਨ ਆਰਥਿਕ ਮੋਰਚੇ 'ਤੇ ਨਾਕਾਮ ਹੁੰਦੀ ਜਾ ਰਹੀ ਹੈ? ਰਿਜ਼ਰਵ ਬੈਂਕ ਦੇ ਮਹਾਂਰਥੀ ਆਪਣਾ ਤਰਕਸ਼ ਚਲਾ ਰਹੇ ਹਨ ਪਰ ਬਾਜ਼ਾਰ 'ਤੇ ਉਹਨਾਂ ਦਾ ਕੋਈ ਅਸਰ ਨਹੀਂ ਹੋ ਰਿਹਾ ਹੈ।

ਖਰਬਾਂ ਦੇ ਡਾਲਰ ਛਾਪ ਕੇ ਅਮਰੀਕੀ ਰਾਸ਼ਟਰਪਤੀ ਓਬਾਮਾ ਆਪਣੀਆਂ ਲੁਟੇਰੀਆਂ ਕਾਪੀਆਂ ਨੂੰ ਉਭਾਰਨ 'ਚ ਲੱਗੇ ਹਨ ਪਰ ਉਥੇ ਕੁਝ ਵੀ ਨਹੀਂ ਹੋ ਰਿਹਾ ਹੈ। ਕਲਿਆਣਕਾਰੀ ਰਾਜ ਦੀ ਸਾਰੀ ਹੈਂਕੜ ਦੁਨੀਆਂ ਭਰ 'ਚ ਦਮ ਤੋੜ ਰਹੀ ਹੈ

ਕਿਉਂਕਿ ਆਪਣੇ 'ਕਲਿਆਣ' ਤੋਂ ਇਲਾਵਾ ਕਿਸੇ ਦਾ ਵੀ ਭਲਾ ਨਹੀਂ ਕਰ ਸਕੀ ਹੈ। ਧੁਰ 1909 'ਚ ਗਾਂਧੀ ਨੇ ਇਸ ਕਲਿਆਣਕਾਰੀ ਰਾਜ 'ਸੰਸਦੀ ਲੋਕਤੰਤਰ' ਬਾਰੇ ਕੀ ਲਿਖਿਆ "...ਜਿਸ ਨੂੰ ਤੁਸੀਂ ਪਾਰਲੀਮੈਂਟ ਦੀ ਮਾਂ ਕਹਿੰਦੇ ਹੋ, ਉਹ ਪਾਰਲੀਮੈਂਟ ਤਾਂ ਬਾਂਝ ਅਤੇ ਵੇਸਵਾ ਹੈ, ਕਿਉਂਕਿ ਹੁਣ ਤੱਕ ਇਸ ਪਾਰਲੀਮੈਂਟ ਨੇ ਕੁੱਝ ਵੀ ਅੱਛਾ ਕੰਮ ਨਹੀਂ ਕੀਤਾ ਹੈ। ਸੰਸਦ ਦੇ ਮੈਂਬਰ ਦਿਖਾਵਟੀ ਤੇ ਸਵਾਰਥੀ ਹਨ। ਸਿਰਫ਼ ਡਰ ਦੇ ਕਾਰਨ ਹੀ ਪਾਰਲੀਮੈਂਟ ਕੁਝ ਕਰਦੀ ਹੈ। ਅੱਜ ਤੱਕ ਇਕ ਵੀ ਚੀਜ਼ ਨੂੰ ਪਾਰਲੀਮੈਂਟ ਸਿਰੇ ਲਾਇਆ ਹੋਵੇ। ਐਸੀ ਕੋਈ ਵੀ ਮਿਸਾਲ ਨਹੀਂ ਹੈ। ਵੱਡੇ ਸੁਆਲਾਂ ਦੀ ਚਰਚਾ ਜਦ ਤਕ ਪਾਰਲੀਮੈਂਟ 'ਚ ਚਲਦੀ ਹੈ। ਤਦ ਉਸ ਦੇ ਮੈਂਬਰ ਪੈਰਾ ਫੈਲਾਅ ਕੇ ਲੁੱਟਦੇ ਹਨ ਜਾਂ ਬੈਠੇ-ਬੈਠੇ ਉਘਦੇ ਰਹਿੰਦੇ ਹਨ ਜਾਂ ਫਿਰ ਏਨੇ ਜ਼ੋਰ ਨਾਲ ਚੀਕਦੇ ਹਨ ਸੁਨਣ ਵਾਲੇ ਹੈਰਾਨ ਪ੍ਰੇਸ਼ਾਨ ਹੋ ਜਾਂਦੇ ਹਨ। ਜਿੰਨਾ ਸਮਾ ਤੇ ਪੈਸਾ ਪਾਰਲੀਮੈਂਟ ਖਰਚ ਕਰਦੀ ਹੈ ਉਨਾ ਸਮਾਂ ਤੇ ਪੈਸਾ ਜੇ ਅੱਛੇ ਲੋਕਾਂ ਨੂੰ ਮਿਲ ਜਾਵੇ ਤਾਂ ਪਰਜਾ ਦਾ ਕਲਿਆਣ ਹੋ ਸਕਦਾ ਹੈ। ਪਾਰਲੀਮੈਂਟ ਬਾਂਝ ਇਸ ਲਈ ਹੈ ਕਿਉਂਕਿ ਉਸ ਦਾ ਕੋਈ ਮਾਲਕ ਨਹੀਂ ਅਤੇ ਉਸ ਦਾ ਕੋਈ ਮਾਲਕ ਨਹੀਂ ਸਕਦਾ। ਪਰ ਗੱਲ ਏਨੀ ਹੀ ਨਹੀਂ ਹੈ ਜਦ ਕੋਈ ਉਸ ਦਾ ਮਾਲਕ ਬਣਦਾ ਹੈ ਜਿਵੇਂ ਪ੍ਰਧਾਨ ਮੰਤਰੀ ਤਦ ਉਸ ਦੀ ਚਾਲ ਇਕੋ ਜਿਹੀ ਨਹੀਂ ਰਹਿੰਦੀ। ਜਿਵੇਂ ਬੁਰੇ ਹਾਲ ਵੇਸਵਾ ਦੇ ਹੁੰਦੇ ਹਨ। ਆਪਣੀ ਪਾਰਟੀ ਨੂੰ ਮਜ਼ਬੂਤ ਬਣਾਉਣ ਲਈ ਪ੍ਰਧਾਨ ਮੰਤਰੀ ਪਾਰਲੀਮੈਂਟ ਤੋਂ ਕਿਹੋ ਜਿਹੇ ਕੰਮ ਕਰਵਾਉਂਦਾ ਹੈ। ਇਸ ਦੀ ਮਿਸਾਲਾਂ ਜਿੰਨੀਆਂ ਚਾਹੋ ਮਿਲ ਸਕਦੀਆਂ ਹਨ। ਪਾਰਲੀਮੈਂਟ ਦੇ ਹਾਲ ਹਮੇਸ਼ਾ ਵੇਸਵਾ ਵਰਗੇ ਹੁੰਦੇ ਹਨ। ਪ੍ਰਧਾਨ ਮੰਤਰੀ ਨਾਲ ਮੈਨੂੰ ਕੋਈ ਨਰਾਜ਼ਗੀ ਨਹੀਂ ਹੈ ਪਰ ਤਜਰਬੇ 'ਚ ਮੈਂ ਵੇਖਿਆ ਹੈ ਕਿ ਉਚੇ ਸੱਚੇ ਦੇਸ਼ ਭਗਤ ਭਿਮਾਨੀ ਨਹੀਂ ਕਹੇ ਜਾ ਸਕਦੇ। ਮੈਂ ਹਿੰਮਤ ਨਾਲ ਕਹਿ ਸਕਦਾ ਹਾਂ ਕਿ ਉਹਨਾਂ 'ਚ ਸਦਭਾਵਨਾ ਤੇ ਸੱਚੀ ਇਮਾਨਦਾਰੀ ਨਹੀਂ ਹੁੰਦੀ। ਇਸ 'ਚ ਅੰਗ੍ਰੇਜ਼ਾਂ ਦਾ ਕੋਈ ਖਾਸ ਕਸੂਰ ਨਹੀਂ ਹੈ ਪਰ ਯੂਰਪ ਦੀ ਅੱਜਕੱਲ੍ਹ ਦੀ ਸੱਭਿਅਤਾ ਦਾ ਕਸੂਰ ਹੈ। ਇਹ ਸੱਭਿਅਤਾ ਨੁਕਸਾਨਦੇਹ ਹੈ। ਆਪਾਂ ਤਰੀਕਾ ਬਦਲ ਦੇਈਏ ਤੇ ਬ੍ਰਿਟੇਨ ਦੀ ਥਾਂ ਭਾਰਤ ਦਾ ਨਾਂ ਲਿਖ ਦੇਈਏ ਤਾਂ ਇਹ ਸਾਡੇ ਕਿਸੇ ਵੀ ਪ੍ਰਧਾਨ ਮੰਤਰੀ ਤੇ ਕਿਸੇ ਵੀ ਦੌਰ ਦੀ ਸਾਡੀ ਪਾਰਲੀਮੈਂਟ ਦੀ ਕਹਾਣੀ ਬਣ ਸਕਦੀ ਹੈ। ਤਾਂ ਗੱਲ ਕਿੱਧਰੇ ਪਿੱਛੇ ਜਾਣ ਦੀ ਨਹੀਂ ਹੈ, ਗੱਲ ਅੱਗੇ ਦੀ ਸੋਚਣ ਦੀ ਹੈ। ਆਖਰ ਇਹ ਕੀ ਹੈ ਜੋ ਸਾਡੇ ਹੱਥੋਂ ਖੁੱਸ ਰਿਹਾ ਹੈ? ਅਤੇ ਇਸ ਲਈ ਸਾਡੇ ਹੱਥ ਕੁੱਝ ਵੀ ਨਹੀਂ ਰਿਹਾ ਹੈ? ਵਿਸ਼ਵੀਕਰਨ ਦੇ ਇਸ ਦੌਰ 'ਚ ਉਹ ਕੀ ਹੈ ਜੋ ਭਾਰਤੀ ਹੈ ਤੇ ਰੱਖਿਅਕ ਹੈ? ਸਭ ਤੋਂ ਪਹਿਲੀ ਗੱਲ ਤਾਂ ਜੋ ਸਮਝਣ ਦੀ ਹੈ ਉਹ ਇਹ ਹੈ ਕਿ ਅਸੀਂ ਗਰੀਬ ਦੇਸ਼ ਦੇ ਨਹੀਂ ਗਰੀਬ ਦੁਨੀਆਂ ਦੇ ਵਾਸੀ ਹਾਂ। ਗਰੀਬੀ ਦਾ ਮਤਲਬ ਇਥੇ ਦੂਜਾ ਕੁੱਝ ਨਹੀਂ ਬਲਕਿ ਇਹ ਹੈ ਕਿ ਭਾਰਤ ਦੇ ਕੋਲ ਹੀ ਨਹੀਂ ਸਾਰੀ ਦੁਨੀਆਂ ਕੋਲ ਜਿਉਣ ਦੇ ਵਸੀਲੇ ਸੀਮਤ ਹਨ। ਇਸ ਲਈ ਬਜ਼ਾਰ ਵੱਡਾ ਕਰਨ ਨਾਲ ਸਾਧਨ (ਵਸੀਲੇ) ਨਹੀਂ ਵਧਦੇ। ਇਸ ਲਈ ਆਪਣੀਆਂ ਲੋੜਾਂ ਘਟੋ ਘੱਟ ਕਰਨਾ ਕਿਸੇ ਗਾਂਧੀਵਾਦ ਦੀ ਸਖਤੀ ਨਹੀਂ, ਜੀਵਨ ਜਿਉਣ ਦਾ ਸੱਭਿਆਚਾਰ ਹੈ।

ਕੁਦਰਤ ਤੋਂ ਕਿੰਨੇ ਵੀ ਸਾਧਨ ਅਸੀਂ ਲੈਂਦੇ ਹਾਂ ਉਹ ਕਿਸੇ ਗਜਨਬੀ ਵਾਂਗੂੰ ਲੁਟੇਰੇ ਦੀ ਭੂਮਿਕਾ 'ਚ ਨਹੀਂ ਬਲਕਿ ਜੀਵਨ ਜਿਉਣ ਦੀ ਕੋਸ਼ਿਸ਼ 'ਚ ਲੱਗੇ ਕੁਦਰਤ ਦੇ ਇਕ ਘਟਕ ਵਜੋਂ ਲੈਂਦੇ ਹਨ। ਤਦ ਪੈਟ੍ਰੋਲ ਕਿੰਨਾ, ਗੱਡੀਆਂ ਕਿੰਨੀਆਂ, ਹਵਾਈ

ਜਹਾਜ਼ ਕਿੰਨੇ ਤੇ ਹਵਾਈ ਅੱਡੇ ਕਿੰਨੇ ਸੜਕਾਂ ਕਿੰਨੀਆਂ ਅਤੇ ਰੇਲਾਂ ਕਿੰਨੀਆਂ ਸਭ ਦਾ ਹਿਸਾਬ ਲਾਉਣਾ ਪਵੇਗਾ। ਤੁਸੀਂ ਚਾਹੇ ਨਾ ਕਰੋ, ਜਿਵੇਂ ਅਸੀਂ ਅੱਜ ਨਹੀਂ ਕਰ ਰਹੇ ਤਾਂ ਸਿੱਟਾ ਕੀ ਹੋਵੇਗਾ? ਤੁਸੀਂ ਵਿਸ਼ਵੀਕਰਨ ਦੀ ਹਨੇਰੀ ਵਗਾ ਲਵੋਗੇ ਪਰ ਨਦੀਆਂ 'ਚ ਪਾਣੀ ਨਹੀਂ ਭਰ ਸਕੋਗੇ। ਘਰਾਂ 'ਚ ਰੋਸ਼ਨੀ ਨਹੀਂ ਕਰ ਸਕੋਗੇ ਤੇ ਸਾਹ ਲੈਣ ਲਾਇਕ ਹਵਾ ਦੀ ਖੋਜ ਕਰਦੇ ਰਹਿ ਜਾਉਗੇ। ਜੀਵਣ ਜਿਉਣ ਦੇ ਜ਼ਰੂਰੀ ਸਾਧਨ ਤੇ ਜੀਵਨ ਸਜਾਉਣ ਦੇ ਸਾਧਨਾ 'ਚ ਜੋ ਵਿਵੇਕ ਭਾਰਤੀ ਸੋਚ 'ਚ ਰਹੀ ਹੈ। ਉਸ ਨੂੰ ਅੱਜ ਅਜੇ ਹੋਰ ਫੜਣ ਦੀ ਲੋੜ ਹੈ। ਵਿਕਾਸ ਦੀ ਕਸੌਟੀ, ਸਹੂਲਤਾਂ ਤੜਕ-ਫੜਕ ਤੇ ਬਹੁਲਤਾ ਨਹੀਂ, ਸੁੱਖ ਸ਼ਾਂਤੀ ਤੇ ਸਭ ਨੂੰ ਮੁਹੱਈਆ ਹੋ ਸਕੇ ਉਹ ਖੁਸ਼ਹਾਲੀ ਹੈ। ਇਹ ਭਾਰਤੀ ਜੀਵਨ-ਜਾਂਚ ਹੈ ਜੋ ਅਜੇ ਤੱਕ ਮਰੀ ਨਹੀਂ ਹੈ। ਮਰਨ ਕੰਢੇ ਜ਼ਰੂਰ ਹੋ ਗਈ ਹੈ। ਇਸੇ ਨੂੰ ਮੁੜ ਜੀਵਤ ਕਰਨਾ ਜ਼ਰੂਰੀ ਹੈ। ਕਿਉਂਕਿ ਵਿਸ਼ਵੀਕਰਨ ਨੂੰ ਇਸ ਬਿਨਾਂ ਤੁਸੀਂ ਅਰਥਯੋਗ ਨਹੀਂ ਬਣਾ ਸਕਦੇ। ਗਾਂਧੀ ਦੀ ਸਮਾਧੀ ਤੇ ਜਾ ਕੇ ਫੁਲ ਭਾਵੇਂ ਨਾ ਚੜਾਓ। ਇਹ ਨਾਟਕ ਏਨਾ ਖੋਖਲਾ ਹੋ ਚੁੱਕਿਆ ਹੈ ਕਿ ਉਸ ਨੂੰ ਦੇਖਣ 'ਚ ਵੀ ਸ਼ਰਮ ਮਹਿਸੂਸ ਹੁੰਦੀ ਹੈ। ਇਸ ਤੋਂ ਕਿਤੇ ਬੇਹਤਰ ਹੈ ਕਿ ਗਾਂਧੀ ਦੀ ਕੁਟੀਆ, ਚਸ਼ਮਾ ਤੇ ਘੜੀ ਅਤੇ ਚਪਲਾਂ ਨੂੰ ਵੇਖੀਏ, ਉਸ ਨਾਲ ਸਾਦਗੀ, ਸਰਲਤਾ ਦਾ ਜੋ ਸੰਦੇਸ਼ ਮਿਲਦਾ ਹੈ। ਉਸ ਨੂੰ ਕੌਮੀ ਨੀਤੀ ਦਾ ਅਟੁੱਟ ਅੰਗ ਬਣਾਓ। ਆਪਣੀ ਦੌਲਤ ਦਾ ਬੇਸ਼ਰਮ ਮੁਜਾਹਰਾ ਕਰਨ 'ਚ ਜੋ ਨਹੀਂ ਸ਼ਰਮਾਉਂਦੇ ਉਹਨਾਂ ਦੇ ਸਮਾਗਮਾ 'ਚ ਜਾਣ ਤੋਂ ਤਾਂ ਗੁਰੇਜ ਜ਼ਰੂਰ ਕਰੋ। ਜੇ ਰਾਜਸੀ ਪਾਰਟੀਆਂ ਸਰਕਾਰਾਂ ਦੀ ਅੱਜ ਦੀ ਵਿਵਸਥਾ ਸ਼ਰੇਆਮ ਉਹਨਾਂ ਸਾਰਿਆਂ ਨੂੰ ਸਾਸਦ, ਵਿਧਾਇਕ ਆਦਿ ਬਣਾਉਣ 'ਚ ਲੱਗੀ ਹੈ। ਜਿਹਨਾਂ ਦੀ ਇਕ ਹੀ ਯੋਗਤਾ ਹੈ ਕਿ ਉਹਨਾਂ ਕੋਲ ਅਥਾਹ ਦੌਲਤ ਹੈ। ਇਹ ਵਿਵਸਥਾ ਕੀ ਕਦੀ ਇਸ ਸਮਝ ਸਕੇਗੀ ਕਿ ਦੇਸ਼ ਨੂੰ ਕਿਸੇ ਅਮਰੀਕਾ ਜਾਂ ਚੀਨ ਦੇ ਸਾਮਰਾਜੀਆਂ ਹੱਥੋਂ ਬੰਦੀ ਰੱਖਣ ਦੀ ਪੀੜਾ ਤੇ ਅਪਮਾਨ ਕੀ ਹੁੰਦਾ ਹੈ? ਡੁਬਦਾ ਆਦਮੀ ਕਿਸੇ ਨੂੰ ਕੀ ਤਾਰੇਗਾ ਪਰ ਤੈਰਦਾ ਆਦਮੀ ਜ਼ਰੂਰ ਦੂਜੇ ਨੂੰ ਤਾਰੇਗਾ। ਅਸੀਂ ਖੁਦ ਗੁਲਾਮ ਹੋਵਾਂਗੇ ਤੇ ਦੂਜਿਆਂ ਨੂੰ ਅਜ਼ਾਦ ਕਰਨ ਦੀ ਗੱਲ ਗਰਾਂਗੇ ਤਾਂ ਇਹ ਸੰਭਵ ਨਹੀਂ ਹੈ। ਠੀਕ ਇਹੀ ਤਾਂ ਅਸੀਂ ਕਰ ਰਹੇ ਹਾਂ। ਸੰਸਦ ਤੇ ਵਿਧਾਨ ਸਭਾਵਾਂ 'ਚ ਇਹੋ ਜਿਹੇ ਹੀ ਲੋਕ ਬੈਠੇ ਹਨ ਜਿਹਨਾਂ ਨੂੰ ਖੁਦ ਨੂੰ ਕਿਸੇ ਰਾਹ ਦਾ ਗਿਆਨ ਨਹੀਂ ਤੇ ਅਸੀਂ ਉਹਨਾਂ ਨੂੰ ਹੀ ਕਹਿੰਦੇ ਹਾਂ ਕਿ ਸਾਡਾ ਮਾਰਗ ਦਰਸ਼ਨ ਕਰੋ। ਜਲ-ਜੰਗਲ-ਜ਼ਮੀਨ ਕਲ ਤੱਕ ਤੁਸੀਂ ਹੀ ਸਾਨੂੰ ਸਿਖਾ ਰਹੇ ਸੀ ਕਿ ਇਸ ਦੇ ਅਧਾਰ 'ਤੇ ਜੋ ਜਿਉਂਦੇ ਹਨ ਉਹ ਸਭ ਪਿਛੜੇ ਹੋਏ ਹਨ, ਅਗਿਆਨੀ ਤੇ ਆਦੀਵਾਸੀ ਹਨ। ਤੁਸੀਂ ਕੁਦਰਤੀ ਜੰਗਲ ਦੇ ਜੁਆਬ 'ਚ ਕੰਕਰੀਟ ਦੇ ਆਪਣੇ ਜੰਗਲ ਖੜ੍ਹੇ ਕਰਕੇ ਆਪਣੀ ਸਭਿਅਤਾ ਦਾ ਜਸ਼ਨ ਮਨਾ ਰਹੇ ਸੀ। ਅੱਜ ਕੀ ਹੋਇਆ ਕਿ ਹਰ ਵਪਾਰੀ, ਹਰ ਕਾਰਪੋਰੇਟ, ਹਰ ਰਾਜਸੀ ਨੇਤਾ ਜਾਂ ਕਰੋ ਕਿ ਅੱਜ ਦੇ ਸਮਾਜ ਦਾ ਹਰ ਹੈਸੀਅਤਦਾਰ ਇਸੇ ਜਲ-ਜੰਗਲ ਤੇ ਜ਼ਮੀਨ ਉਪਰ ਕਬਜਾ ਕਰਨ 'ਚ ਲੱਗਿਆ ਹੋਇਆ ਹੈ? ਵਿਕਾਸ ਦੀ ਗੰਗਾ ਉਲਟੀ ਕਿਵੇਂ ਵਹਿਣ ਲੱਗੀ ਹੈ। ਕਲ ਤੱਕ ਤੁਸੀਂ ਹੀ ਸਾਨੂੰ ਦੁਰਕਾਰ ਰਹੇ ਸੀ ਕਿ ਤੁਹਾਡੀ ਗਰੀਬੀ, ਬਦਹਾਲੀ-ਭੁੱਖਮਰੀ ਦੂਰ ਕਿਵੇਂ ਹੋ ਸਕਦੀ ਹੈ। ਜਦ ਤੁਸੀਂ ਏਨੀਆ ਛੋਟੀਆਂ ਛੋਟੀਆਂ ਜੋਤਾਂ ਦਾ ਰਿਵਾਜ ਚਲਾਈ ਰਖੋਗੇ? ਤੁਸੀਂ ਸਾਨੂੰ ਸਿਖਾਇਆ ਕਿ ਵੱਡੀਆਂ ਵੱਡੀਆਂ ਕਿ ਦਿਓ ਆਕਾਰ ਕਾਰਪੋਰੇਟ ਫਾਰਮਿੰਗ 'ਚ ਹੀ ਭੁੱਖ-ਗਰੀਬੀ-ਬਦਹਾਲੀ ਤੋਂ ਛੁਟਕਾਰਾ

ਦਿਵਾਉਣ ਦੀ ਸ਼ਕਤੀ ਹੈ। ਆਪਣੇ ਇੱਥੇ ਵੀ ਉਹੀ ਕੀਤਾ ਤੇ ਸਾਨੂੰ ਵੀ ਅਜਿਹਾ ਕਰਨ ਲਈ ਮਜ਼ਬੂਰ ਕੀਤਾ। ਸਾਡੇ ਨਕਲਚੀ ਤੇ ਦਿਸ਼ਾਹੀਣ ਆਗੂ, ਅਰਥ ਸਾਸ਼ਤਰੀ, ਖੇਤੀ ਮਾਹਰਾ ਨੇ ਇਸਦਾ ਢੋਲ ਵਜਾਉਣਾ ਸ਼ੁਰੂ ਕੀਤਾ ਅਤੇ ਹਰ ਇਨਕਲਾਬੀ ਕਰਕੇ ਹੀ ਸਾਹ ਲਿਆ। ਖੇਤੀ ਨੂੰ ਸਨਅਤ 'ਚ ਬਦਲ ਦਿੱਤਾ ਗਿਆ। ਖੇਤੀ ਜੋ ਜੈਵਿਕ ਅਮਲ ਹੈ ਉਸ ਨੂੰ ਇੱਕ ਰਸਾਇਣਕ ਸਮੀਕਰਣ 'ਚ ਢਾਲ ਦਿੱਤਾ ਗਿਆ ਅਤੇ ਫੌਰੀ ਸਿੱਟਿਆਂ ਦਾ ਏਨਾ ਢੋਲ ਬਜਾਇਆ ਗਿਆ ਕਿ ਕੋਈ ਇਹ ਦੇਖ ਸੁਣ ਨਾ ਸਕੇ ਕਿ ਛੋਟੇ ਤੇ ਦਰਮਿਆਨੇ ਕਿਸਾਨ ਖੇਤੀ ਤੋਂ ਬਾਹਰ ਨਿਕਲ ਕੇ ਮਜ਼ਦੂਰ ਬਣਦੇ ਜਾ ਰਹੇ ਹਨ। ਖੇਤੀ ਦੇ ਸਾਧਨ ਬੇਹੱਦ ਮਹਿੰਗੇ ਹੀ ਨਹੀਂ ਹੁੰਦੇ ਜਾ ਰਹੇ ਬਲਕਿ ਦੁਨੀਆਂ ਦੀਆਂ ਦੋ-ਚਾਰ-ਦਸ ਕੰਪਨੀਆਂ ਦੀ ਉਹਨਾਂ 'ਤੇ ਅਜ਼ਾਰੇਦਾਰੀ ਹੁੰਦੀ ਜਾ ਰਹੀ ਹੈ। ਉਹਨਾਂ ਦੀ ਬੀਜ, ਉਹਨਾਂ ਦੀ ਖਾਦ ਉਹਨਾਂ ਦੀ ਕੀਟ ਨਾਸ਼ਕ, ਬਿਜਲੀ, ਸਿੰਚਾਈ ਦਾ ਪਾਣੀ। ਖੇਤੀ ਦਾ ਰਵਾਇਤੀ ਭਾਰਤੀ ਢਾਂਚਾ ਬਿਖਰ ਗਿਆ। ਆਪਣੀ ਜ਼ਮੀਨ, ਆਪਣੀ ਮੌਸਮ ਦੇ ਅਨਕੂਲ ਬੀਜ ਗਾਇਬ ਕਰ ਦਿੱਤੇ ਗਏ। ਨਦੀਆਂ-ਛੱਪੜ, ਤਲਾਅ ਸਭ ਸੁਕ ਗਏ ਜਾਂ ਸੁਕਾ ਦਿੱਤੇ ਗਏ। ਭੁੱਖ ਮਿਟਾਉਣ ਵਾਲੀ ਰੋਟੀ ਨੂੰ ਨਕਦੀ ਕਮਾਉਣ ਵਾਲੀ ਮਸ਼ੀਨ 'ਚ ਬਦਲ ਦਿੱਤਾ ਗਿਆ। ਇਹ ਸਭ ਹੋਇਆ ਤੇ ਏਨਾ ਖ਼ੂਬ ਢੋਲ ਵੀ ਵੱਜਿਆ ਪਰ ਜੋ ਹੋਇਆ ਉਸ ਦਾ ਕੀ? ਲੋਕਾਂ ਦੀ ਭੁੱਖ ਨਹੀਂ ਮਿਟੀ, ਅਨਾਜ ਦੀ ਪੈਦਾਵਾਰ ਡਿੱਗਣ ਲੱਗੀ। ਨਕਦੀ ਦੀਆਂ ਫਸਲਾਂ ਸੱਟਾ ਬਜ਼ਾਰ 'ਚ ਉਤਾਰ ਕੇ ਭਾਈ ਲੋਕਾਂ ਨੇ ਮਨਮਾਨੀ ਕਮਾਈ ਕੀਤੀ, ਪਰ ਕਿਸਾਨ ਨੂੰ ਉਸ ਦਾ ਹਿੱਸਾ ਨਹੀਂ ਮਿਲਿਆ। ਉਹ ਹਰ ਪਾਸਿਆਂ ਲੁਟਿਆ ਜਾਣ ਲੱਗਿਆ ਪਿੰਡ ਦਾ ਸ਼ਾਹੂਕਾਰ ਸਰਕਾਰ ਦਾ ਬੈਂਕ, ਕੰਪਨੀਆਂ ਦੇ ਦਲਾਲ ਸਾਰੇ ਉਸ 'ਤੇ ਟੁੱਟ ਪਏ। ਉਸ ਨੇ ਆਤਮ ਹੱਤਆ ਦਾ ਰਾਹ ਲੱਭਿਆ ਤਾਂ ਉਥੇ ਵੀ ਇਹ ਸਾਰੀਆਂ ਤਾਕਤਾਂ ਆਪਣਾ ਹਿੱਸਾ ਲੈਣ ਲਈ ਪਹੁੰਚ ਗਈਆਂ ਅਤੇ ਕਿਸਾਨਾਂ ਨੂੰ ਡਰਪੋਕ, ਆਲਸੀ, ਸ਼ਹਿਰੀ ਜੀਵਨ ਜਾਂਚ ਦਾ ਨਕਲਚੀ, ਬੁਰੀਆਂ ਆਦਤਾਂ ਦਾ ਆਦੀ ਆਦਿ ਸਾਬਤ ਕਰਨ ਲੱਗੀਆਂ ਪਰ ਕਹਾਣੀ ਇੱਥੇ ਹੀ ਖ਼ਤਮ ਨਹੀਂ ਹੁੰਦੀ ਹੈ। ਸੰਯੁਕਤ ਰਾਸ਼ਟਰ ਵੱਲੋਂ ਹੁਣੇ-ਹੁਣੇ ਸੰਸਾਰ ਦਾ ਆਰਥਿਕ ਤੇ ਸਮਾਜਿਕ ਸਰਵੇ ਜਾਰੀ ਕੀਤਾ ਗਿਆ ਹੈ ਜਿਸ 'ਚ ਕਿਹਾ ਗਿਆ ਹੈ ਕਿ ਜੇ ਦੁਨੀਆਂ ਤੋਂ ਭੁੱਖ ਖ਼ਤਮ ਕਰਨੀ ਹੋਵੇ ਤੇ ਖਤਰਨਾਕ ਹੁੰਦੇ ਜਾ ਰਹੇ ਅੰਨ ਸੰਕਟ ਨੂੰ ਕਾਬੂ ਕਰਨਾ ਹੋਵੇ ਤਾਂ ਹੁਣ ਇਕ ਹੀ ਰਾਹ ਹੈ ਕਿ ਅਸੀਂ ਛੋਟੀ ਖੇਤੀ ਵਲ ਮੁੜੀਏ। ਜਿਸ 'ਚ ਰਸਾਇਣਕ ਤੱਤਾਂ-ਖਾਦਾਂ, ਕੀਟਨਾਸ਼ਕ, ਬੇਹੱਦ ਪਾਣੀ ਆਦਿ ਦੀ ਲੋੜ ਘਟੋ ਘੱਟ ਹੋਵੇ। ਰੀਪੋਟ ਕਹਿ ਰਹੀ ਹੈ ਕਿ ਖੇਤੀ ਯੋਗ ਜ਼ਮੀਨ ਦਾ ਬੰਜਰ ਹੋਣਾ, ਵਾਤਾਵਰਣ ਦਾ ਸਥਾਈ ਨੁਕਸਾਨ ਹੋਣੇ, ਆਦਿ ਨੂੰ ਰੋਕਣਾ ਹੋਵੇ ਤਾਂ ਖੇਤੀ ਦੇ ਪੂਰੇ ਢਾਂਚੇ ਨੂੰ ਬਦਲਣ ਦੀ ਲੋੜ ਹੈ ਤਾਂ ਤੁਸੀਂ ਆਪ ਸੋਚੋ ਕਿ ਇਹੀ ਤਾਂ ਭਾਰਤੀ ਢਾਂਚਾ ਸੀ ਸਾਡੀ ਖੇਤੀ ਨੂੰ ਜਿਸ ਨੇ ਕਿਵੇਂ ਨਾ ਕਿਵੇਂ ਬਰਬਾਦ ਕੀਤਾ ਹੁਣ ਤੁਸੀਂ ਕਹਿ ਰਹੇ ਹੋ ਕਿ ਇਹ ਸਹੀ ਸੀ ਤਾਂ ਇਸ ਦੀ ਜ਼ਿੰਮੇਵਾਰੀ ਕਿਸ ਦੀ? ਪਰ ਪਹਿਲਾਂ ਕੰਮ ਤਾਂ ਇਹ ਕਰੋ ਕਿ ਭਾਰਤੀ ਖੇਤੀ 'ਚ ਆਪਣੀ ਘੁਸਪੈਂਠ ਬੰਦ ਕਰ ਦਿਉ। ਖੇਤੀ ਦੀ ਪੁਰਾਣੀ ਵਿਵਸਥਾ ਦਾ ਭਾਰਤੀ ਜੀਨਿਅਸ ਬਣਿਆ ਰਹਿਣ ਦਿਉ। ਕਸੌਟੀ ਕੀ ਹੈ। ਜੁਆਬ ਇਹ ਹੈ ਕਿ ਸਾਰੀ ਦੁਨੀਆਂ 'ਚ ਇਹੀ ਆਦਮੀ ਜੋ ਸਾਨੂੰ ਸਫਲ ਜਾਂ ਅਸਫਲ ਸਾਬਤ ਕਰ ਰਿਹਾ ਹੈ। ਵਿਕਾਸ, ਖੁਸ਼ਹਾਲੀ ਦੇ ਸਾਡੇ ਸਾਰੇ ਅੰਕੜੇ ਗਲਤ, ਖੋਖਲੇ ਸਾਬਤ ਹੋ

ਜਾਂਦੇ ਹਨ ਜਦ ਇਹ ਆਦਮੀ ਸਾਹਮਣੇ ਆ ਖੜ੍ਹਾ ਹੁੰਦਾ ਹੈ।

ਵਿਸ਼ਵੀਕਰਣ ਦੇ ਇਸ ਦੌਰ ਵਿੱਚ ਹੀ ਇਹ ਯਾਦ ਰੱਖਣ ਅਤੇ ਉਸ ਦਿਸ਼ਾ 'ਚ ਤੇਜੀ ਨਾਲ ਵਧਣ ਦੀ ਲੋੜ ਹੈ ਕਿ ਭਾਰਤੀ ਉਪ ਮਹਾਂਦੀਪ ਨੂੰ ਇਕ ਆਰਥਿਕ-ਸੱਭਿਆਚਾਰਕ, ਸਮੀਕਰਣ 'ਚ ਜੱਥੇਬੰਦ ਕੀਤਾ ਜਾਵੇ। ਅਫਗਾਨਿਸਤਾਨ, ਮਿਆਂਮਾਰ, ਸ੍ਰੀ ਲੰਕਾ ਦਾ ਇੱਕ ਤ੍ਰਿਭੁਜ ਬਣਾਓ। ਅਸੀਂ ਅਤੇ ਇਸ ਦਾਇਰੇ 'ਚ ਆਉਣ ਵਾਲੇ ਦੇਸ਼ਾਂ ਦਾ ਸਾਂਝਾ ਬਜ਼ਾਰ, ਸਾਂਝਾ ਵਪਾਰ, ਸਾਂਝੀ ਸੁਰੱਖਿਆ ਤੇ ਸਾਂਝੀ ਮੁਦਰਾ ਦੀਆਂ ਸੰਭਾਵਨਾਵਾਂ ਵੇਖੋ। ਸਾਰਕ ਦਾ ਸਾਡਾ ਤਜਰਬਾ ਤੇ ਯੂਰਪੀ ਸੰਘ ਦੀ ਵਰਤੋਂ ਸਾਨੂੰ ਅੱਗੇ ਦੀ ਦਿਸ਼ਾ ਤੇ ਸਾਵਧਾਨੀਆਂ ਦੱਸੇਗਾ। ਦੋ ਗੱਲਾਂ ਦੀ ਗੰਢ ਬੰਨ ਲਓ ਕਿ ਰਿਸ਼ਤਿਆਂ ਦਾ ਅਧਾਰ ਜੇ ਸਿਰਫ਼ ਆਰਥਿਕ ਹੋਵੇਗਾ ਤਾਂ ਬਿਖਰ ਜਾਵੇਗਾ ਅਤੇ ਜੇ ਅਜਿਹੀ ਕੋਸ਼ਿਸ਼ ਵਿੱਚ ਕਿਸੇ ਨੂੰ ਵੀ ਭੂਮਿਕਾ ਵੱਡੇ ਭਾਈ ਦੀ ਦਾਦਗਿਰੀ ਵਰਗੀ ਹੋਵੇਗੀ ਤਾਂ ਚੀਜ਼ਾਂ ਆਜਰ ਨਹੀਂ ਲੈਣਗੀਆਂ। ਅਮਰੀਕੀ ਵਿਸ਼ਵੀਕਰਣ 'ਚ ਇਹੀ ਦੋ ਤੱਤ ਹਨ ਅਤੇ ਇਸ ਲਈ ਇਹ ਸਮੱਸਿਆਵਾਂ ਹੱਲ ਕਰਨ ਦੀ ਬਜਾਏ ਸਮੱਸਿਆਵਾਂ ਪੈਦਾ ਕਰ ਰਿਹਾ ਹੈ। ਬਿਹਾਰ 'ਚ ਹੋਏ ਇਕ ਆਯੋਜਨ ਵਿੱਚ ਮੈਂ ਵੇਖਿਆ ਸੀ ਕਿ ਉਹ ਲੋਕ ਵਿਸ਼ਵੀਕਰਨ ਨੂੰ ਭੂਮੰਡਲੀਕਰਨ ਕਹਿ ਰਹੇ ਸਨ ਏਨੀ ਅਰਥ ਪੂਰਨ ਸ਼ਬਦ ਚੋਣ ਹੈਰਾਨ ਕਰ ਰਹੀ ਸੀ। ਸਾਡੀ ਭਾਰਤੀ ਰਵਾਇਤ ਜਿਸ ਨੂੰ ਵਸੂਧੈਵ ਕੁਟੁੰਬਕਮ ਕਹਿ ਕੇ ਪਹਿਚਾਨਣ 'ਚ ਲੱਗ ਰਹੀ ਹੈ। ਇਹ ਸਾਰੀ ਦੁਨੀਆਂ ਨੂੰ ਬਜ਼ਾਰ ਬਣਾਉਣ ਵਾਲੀ ਕਲਪਨਾ ਨਹੀਂ ਹੈ। ਇਸ ਉਪਰ ਵਰਨਣਿਤ ਤ੍ਰਿਕੋਣ ਦੀ ਦਿਸ਼ਾ 'ਚ ਵਧਣ ਦੀ ਲੋੜ ਹੈ। ਅਜਿਹੀ ਹੀ ਇਕ ਦੂਜੀ ਪ੍ਰੀਕਲਪਨਾ ਨੂੰ ਸਾਕਾਰ ਕਰਨ ਦੀ ਸ਼ੁਰੂਆਤ ਕਰਨੀ ਪੈਣੀ ਹੈ। ਜੋ ਹਿਮਾਲਿਆ ਤੋਂ ਸ਼ੁਰੂ ਹੁੰਦੀ ਹੈ। ਹਿਮਾਲਿਆ ਸਿਰਫ਼ ਪਰਬਤ ਹੀ ਨਹੀਂ ਹੈ, ਕੁਦਰਤ ਨਾਲ ਸਾਡੇ ਸਬੰਧਾਂ ਦੀ ਕਸੌਟੀ ਹੈ। ਅਜੇ ਤੱਕ ਅਸੀਂ ਇਸ ਦਾ ਫ਼ੌਜੀ ਪੱਖ ਹੀ ਸੋਚਿਆ ਸਮਝਿਆ ਹੈ। ਇਹ ਪਾਣੀ, ਹਵਾ, ਮੀਂਹ, ਜੰਗਲ ਸਭ ਨੂੰ ਸਮੇਟ ਕੇ ਬਣੀ ਕੁਦਰਤੀ ਵਿਭਿੰਨਤਾ ਦੀ ਐਸੀ ਛਤਰੀ ਹੈ ਜਦ ਦਾ ਕਬਾੜ ਹੋਇਆ ਤਾਂ ਇਹ ਪੂਰਾ ਏਸ਼ੀਆ ਮਹਾਂਦੇਸ਼ ਲੜਖੜਾ ਜਾਵੇਗਾ। ਚੀਨ ਦੇ ਨਾਲ ਇਸਦੇ ਅਧਾਰ 'ਤੇ ਨਵੇਂ ਸਮੀਕਰਣ ਬਣਾਉਣ ਦੀ ਲੋੜ ਹੈ। ਚੀਨ ਵੀ ਵਿਚੋਂ ਉਬਲ ਰਿਹਾ ਹੈ। ਸਮਾਜਿਕ ਬੇਚੈਨੀ ਉਥੇ ਵੀ ਵਧ ਰਹੀ ਹੈ। ਤਿਬਤ ਉਸ ਦੇ ਗਲੇ ਦੀ ਹੱਡੀ ਬਣ ਗਿਆ ਹੈ। ਉਹ ਉਪਰ ਜਿਨਾ ਵੀ ਮਰਜ਼ੀ ਰੋਹਬ ਵਿਖਾਵੇ ਹਕੀਕਤ ਇਹ ਹੈ ਕਿ ਉਸ ਨੂੰ ਵੀ ਵਿਕਲਪ ਦੀ ਭਾਲ ਹੈ। ਹਿਮਾਲਿਆ ਇਸ ਵਿਕੱਲਪ ਦਾ ਆਧਾਰ ਬਣ ਸਕਦਾ ਹੈ ਅਤੇ ਏਸ਼ੀਆ ਦੇ ਇਹ ਦੋ ਮਹਾਂਦੇਸ਼ ਜੇ ਇਸ ਹਿਮਾਲਿਆ ਨੂੰ ਚੁੱਕ ਲੈਂਦੇ ਹਨ ਤਾਂ ਵਿਸ਼ਵੀਕਰਨ ਦਾ ਇਕ ਕਲਿਆਣਕਾਰੀ ਸਾਰਥਕ ਚੇਹਰਾ ਵੀ ਦੁਨੀਆਂ ਦੇ ਸਾਹਮਣੇ ਆ ਜਾਵੇਗਾ।

ਲੋੜ ਹੈ ਕਿ ਵਿਸ਼ਵੀਕਰਨ ਦੀ ਇਸ ਹਨੇਰੀ ਨਾਲ ਲੜੋ ਪਰ ਇਸ ਤਰ੍ਹਾਂ ਦੇ ਇਸਦੇ ਸਕਾਰਤਮਕ ਪ੍ਰਵਾਹਾਂ ਨੂੰ ਆਪਣੀ ਸ਼ਕਤੀ ਬਣਾ ਲਓ ਪਰ ਇਹ ਵੀ ਸੰਭਵ ਹੈ ਕਿ ਜਦ ਅਸੀਂ ਭਾਰਤ ਤੇ ਭਾਰਤੀਆਂ ਦੀ ਮਾਲਾ ਨਹੀਂ ਜਪਾਂਗੇ। ਉਸ ਦੀ ਸ਼ਕਤੀ ਤੇ ਸੰਭਾਵਨਾ ਨੂੰ ਸਮਝੋ ਅਤੇ ਇਸ ਦੀ ਵਰਤੋਂ ਕਰਨ ਨੂੰ ਤਿਆਰ ਰਹੋ। ਕੀ ਅਜਿਹਾ ਹੋ ਸਕਦਾ ਹੈ? ਵਿਸ਼ਵ ਬੈਂਕ ਤੋਂ ਜਾਂ ਕੌਮਾਂਤਰੀ ਮੁਦਰਾ ਕੋਸ਼ ਤੋਂ ਜਾਂ ਅਮਰੀਕੀ ਪ੍ਰਸਾਸ਼ਨ ਨਾਲ ਹੀ ਨਹੀਂ ਖੁਦ ਤੋਂ ਇਹ ਸੁਆਲ ਪੁਛੋ ਤੇ ਫਿਰ ਆਪਣਾ ਜੁਆਬ ਤਿਆਰ ਕਰੋ।

# ਕਤਾਈ ਮਿਲਾਂ ਦੇ ਮੰਦੇ ਹਾਲ ਕਿਉਂ?

ਇਹਨੀ ਦਿਨੀ ਕਾਟਨ (ਸੂਤੀ ਕੱਪੜਾ) ਸਨਅਤ 'ਚ ਉਥਲ ਪੁਥਲ ਬਣੀ ਹੋਈ ਹੈ। ਕੱਚੀ ਕਪਾਹ ਦੀਆਂ ਕੀਮਤਾਂ ਦੀ ਤੁਲਨਾ 'ਚ ਸੂਤੀ ਧਾਗੇ ਦੀ ਕੀਮਤਾਂ ਤੇਜੀ ਨਾਲ ਡਿੱਗ ਰਹੀਆਂ ਹਨ। ਜਿਸ ਕਾਰਨ ਕਤਾਈ ਮਿਲਾਂ ਨੂੰ ਕਾਫੀ ਘਾਟਾ ਪੈ ਰਿਹਾ ਹੈ ਅਤੇ ਇਸ ਦੌਰਾਨ ਸਰਕਾਰ ਨੇ ਹੱਲਾਸੇਰੀ ਪੈਕੇਜ ਵਾਪਸ ਲੈ ਲਿਆ ਹੈ। ਇਸ ਕਾਰਨ ਦੇਸ਼ ਭਰ ਵਿੱਚ ਕਰੀਬ 3700 ਸਪਿੰਨਿਗ (ਕਤਾਈ) ਮਿਲਾਂ 23 ਮਈ ਨੂੰ ਹੜਤਾਲ 'ਤੇ ਰਹੀਆਂ। ਜਿਸ ਨਾਲ ਸਿਰਫ਼ ਇੱਕ ਦਿਨ ਵਿੱਚ ਹੀ 270 ਕਰੋੜ ਰੁਪਏ ਦਾ ਕਾਰੋਬਾਰ ਅਸਰ ਅੰਦਾਜ਼ ਹੋਇਆ। ਹੁਣ ਇਹ ਮਿੱਲਾਂ ਰੋਜ਼ਾਨਾ 33 ਫੀਸਦੀ ਘੱਟ ਪੈਦਾਵਾਰ ਕਰ ਰਹੀਆਂ ਹਨ। ਜਿਸ ਨਾਲ ਹਰ ਦਿਨ ਲਗਭਗ 70 ਕਰੋੜ ਦੀ ਪੈਦਾਵਾਰ ਪ੍ਰਭਾਵਿਤ ਹੋ ਰਹੀ ਹੈ। ਕੰਫਡਰੇਸ਼ਨ ਆਫ ਇੰਡੀਅਨ ਟੈਕਸਟਾਇਲ ਇੰਡਸਟ੍ਰੀ (CITI) ਦੇ ਜਨਰਲ ਸਕੱਤਰ ਡੀ. ਕੇ. ਨਾਇਰ ਦਾ ਇਸ ਬਾਰੇ ਕਹਿਣਾ ਹੈ ਕਿ ਜਦ ਮੰਗ ਹੀ ਨਹੀਂ ਹੈ ਤਾਂ ਪੈਦਾਵਾਰ ਘਟਾਉਣੀ ਹੀ ਪਵੇਗੀ। ਇਕ ਅਪ੍ਰੈਲ ਤੋਂ ਘਰੇਲੂ ਖਿਡਾਰੀਆਂ ਲਈ ਵਿਸ਼ਵੀ ਬਜ਼ਾਰ ਖੁਲ੍ਹ ਜਾਣ ਪਿੱਛੋਂ ਵੀ ਸੂਤੀ ਧਾਗੇ ਦੇ ਬਰਾਮਦਕਾਰਾਂ ਦੀ ਦੁਰਦਸ਼ਾ ਜਾਰੀ ਹੈ ਕਿਉਂਕਿ ਸਰਕਾਰ ਨੇ ਬਰਾਮਦ ਹੱਲਾਸ਼ੇਰੀ ਮਿਸਾਲ ਵਜੋਂ ਡਿਊਟੀ ਡ੍ਰਾਬੈਕਸ ਸਕੀਮ ਵਾਪਸ ਲੈ ਲਈ ਹੈ। ਸਿੱਟੇ ਵਜੋਂ ਘਰੇਲੂ ਬਜ਼ਾਰ ਫਿਲਹਾਲ ਲੋੜ ਤੋਂ ਵੱਧ ਸਪਲਾਈ ਨਾਲ ਜੂੜ ਰਿਹਾ ਹੈ। ਜੋ ਪੂਰੇ ਮਾਹੌਲ ਨੂੰ ਨਾਕਾਰਤਮਕ ਬਣਾ ਰਿਹਾ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਮਿਲਾਂ ਵਲੋਂ 33 ਫੀਸਦੀ ਪੈਦਾਵਾਰ ਕਟੌਤੀ ਦਾ ਲੰਮੇ ਦਾਅ ਤੋਂ ਅਸਰ ਪਵੇਗਾ। ਮੰਗ 'ਚ ਕਮੀ ਨਹੀਂ ਆਵੇਗੀ। ਜਿਸ ਕਾਰਨ ਸੂਤ ਦੇ ਭਾਅ ਵਧਣਗੇ। ਇੱਥੇ ਤੱਕ ਕਿ ਕਈ ਮਿੱਲਾਂ ਆਪਣੀ ਲਾਗਤ ਘਟਾਉਣਗੀਆਂ ਤਾਂ ਉਹਨਾਂ ਦਾ ਅਸਰ ਰੁਜ਼ਗਾਰ 'ਤੇ ਵੀ ਪਵੇਗਾ। ਡੀ. ਕੇ. ਨਾਇਰ ਇਸ ਬਾਰੇ ਕਹਿੰਦੇ ਹਨ ਕਿ ਦੋ ਮਹੀਨੇ ਪਹਿਲਾਂ ਖਰੀਦੇ ਗਏ ਸੂਤੀ ਨੂੰ ਮਿਲਰਸ ਕਾਫੀ ਦਿਨਾਂ ਤੱਕ ਰੱਖ ਵੀ ਨਹੀਂ ਸਕਦੇ ਕਿਉਂਕਿ ਇਸ ਨਾਲ ਉਹਨਾਂ ਦੀ ਲਾਗਤ ਹੋਰ ਵੱਧੇਗੀ। ਫਿਊਚਰ ਵੈਲਯੂ ਲਿਮਟਿਡ ਦੇ ਮਹਾਂ ਨਿਦੇਸ਼ਕ ਵਨੀਤ ਜੈਨ ਦਾ ਕਹਿਣਾ ਹੈ ਕਿ ਧਾਗੇ ਦੀ ਤਾਜਾ ਖਰੀਦ ਲਈ ਅਸੀਂ ਬਾਜ਼ਾਰ ਦੇ ਸਥਿਰ ਹੋਣ ਦੀ ਉਡੀਕ ਕਰ ਰਹੇ ਹਾਂ ਪਰ ਖਰੀਦਦਾਰੀ ਨੂੰ ਅਣਮਿਥੇ ਸਮੇਂ ਲਈ ਨਹੀਂ ਟਾਲਿਆ ਜਾ ਸਕਦਾ ਕਿਉਂਕਿ ਮਿਲਾਂ ਨੂੰ ਚਲਦਾ ਰੱਖਣਾ ਵੀ ਜ਼ਰੂਰੀ ਹੈ। ਇਸ ਦੌਰ 'ਚ ਅਸੀਂ ਅਗਲੇ ਮਹੀਨੇ ਤੋਂ ਹਮਲਾਵਰ ਢੰਗ ਨਾਲ ਖਰੀਦਦਾਰੀ ਕਰਾਂਗੇ। ਇਸ ਕੰਪਨੀ ਕੋਲ ਕੱਪੜਾ ਮਿਲਾਂ ਵੀ ਹਨ ਤੇ ਇਹ ਖਰੀਦਦਾਰੀ ਵੀ ਕਰਦੀ ਹੈ। ਦਰਅਸਲ ਕੱਪੜਾ ਸਨਅਤ ਦੀ ਦੁਰਦਸ਼ਾ ਲਈ ਕਈ ਕਾਰਨ ਜ਼ਿੰਮੇਵਾਰ ਹਨ।

ਸਰਕਾਰ ਨੇ ਸਾਲ 2010-11 'ਚ ਕੁੱਝ ਸੂਤੀ ਧਾਗਾ ਵਰਤਣ ਵਾਲਿਆਂ ਦੀ ਸ਼ਕਾਇਤ 'ਤੇ ਬਰਾਮਦ ਤੇ ਪਾਬੰਦੀ ਲਾ ਕੇ 72 ਕਰੋੜ ਕਿਲੋਂ ਬਰਾਮਦ ਹੱਦ ਤਹਿ ਕਰ ਦਿੱਤੀ ਗਈ। ਇਸ ਕਾਰਨ 15 ਜਨਵਰੀ ਤੋਂ 31 ਮਾਰਚ 2011 ਯਾਨੀ ਢਾਈ ਮਹੀਨਿਆਂ ਤੱਕ ਸੂਤੀ ਕੱਪੜੇ ਦੀ ਬਰਾਮਦ ਨਹੀਂ ਹੋ ਸਕੀ। ਇਸ ਕਾਰਨ ਮਿਲਾਂ ਕੋਲ 31 ਮਾਰਚ ਨੂੰ ਬਿਨਾਂ ਵਿਕੇ ਸੂਤੀ ਧਾਗਾ ਦਾ ਭਾਰੀ ਸਟਾਕ ਜਮ੍ਹਾ ਹੋ ਗਿਆ। ਇੱਕ ਅਪ੍ਰੈਲ ਤੋਂ ਪਾਬੰਦੀ ਦੇ ਹਟਣ ਪਿਛੋਂ ਬਰਾਮਦ ਮੱਠੀ ਚੱਲ ਰਹੀ ਹੈ। ਬਰਾਮਦ 'ਤੇ ਪਾਬੰਦੀ

ਬਾਰੇ ਕੱਪੜੇ ਮੰਤਰਾਲੇ ਦਾ ਆਪਣਾ ਤਰਕ ਹੈ ਕਿ ਦੇਸ਼ ਦੀ ਕੱਚੀ ਕਪਾਹ ਤੇ ਸੂਤ ਨੂੰ ਚੀਨ ਤੇ ਬੰਗਲਾ ਦੇਸ਼ ਖਰੀਦ ਕੇ ਪੱਛਮੀ ਬਾਜ਼ਾਰਾਂ 'ਚ ਸਾਡੇ ਨਾਲ ਹੀ ਮੁਕਾਬਲਾ ਕਰਦੇ ਹਨ। ਬਰਾਮਦ ਤੋਂ ਵੱਧ ਮਾਲੀਆ ਹਾਸਲ ਕਰਨ ਦੇ ਚੱਕਰ ਵਿੱਚ ਸੂਤ ਨਿਆਦ ਘਰੇਲੂ ਮਿਲਾਂ ਦੇ ਆਡਰ ਨੂੰ ਪੂਰਾ ਨਹੀਂ ਕਰਦੇ ਹਨ ਅਤੇ ਬਰਾਮਦ 'ਤੇ ਵੱਧ ਮੁਨਾਫਾ ਕਮਾਉਣਾ ਚਾਹੁੰਦੇ ਹਨ। ਹਾਲਾਂਕਿ ਇਸ ਦੋਸ਼ ਨੂੰ ਖਾਰਜ ਕਰਦਿਆਂ ਟੀ ਟੀ ਲਿਮਟਿਡ ਦੇ ਮੀਤ ਪ੍ਰਧਾਨ ਸੰਜੈ ਕੁਮਾਰ ਜੈਨ ਕਹਿੰਦੇ ਹਨ ਕਿ ਸੂਤੀ ਧਾਗੇ ਦੀ ਮੰਗ ਤੇ ਕੀਮਤਾਂ 'ਚ ਗਿਰਾਵਟ ਆਉਣ ਨਾਲ ਸੰਕਟ ਪੈਦਾ ਹੋਇਆ ਹੈ। ਉਹਨਾਂ ਦਾ ਕਹਿਣਾ ਹੈ ਕਿ ਦੇਸ਼ ਭਰ 'ਚ ਕਰੀਬ 2700 ਮਿਲਾਂ ਨੇ ਆਪਣੀ ਪੈਦਾਵਾਰ ਬੰਦ ਕਰ ਦਿੱਤੀ ਹੈ ਅਤੇ ਇਕੱਲੇ ਤਾਮਿਲਨਾਡੂ 'ਚ ਹੀ 2200 ਮਿੱਲਾਂ ਨੂੰ ਤਾਲਾ ਲੱਗ ਗਿਆ ਹੈ। ਇਹਨਾਂ ਮਿੱਲਾਂ ਦੇ ਮੁਲਾਜਮਾ ਦੀ ਗਿਣਤੀ ਦੇਸ਼ ਭਰ 'ਚ ਕਰੀਬ 12 ਲੱਖ ਹੈ ਅਤੇ ਜਿਸ ਵਿੱਚ 50 ਫੀਸਦੀ ਤਾਮਿਲਨਾਡੂ 'ਚ ਹੀ ਸਰਗਰਮ ਹਨ। ਉਹਨਾਂ ਨੇ ਕਿਹਾ ਕਿ ਧਾਗੇ ਦੀਆਂ ਕੀਮਤਾਂ 'ਚ ਭਾਰੀ ਗਿਰਾਵਟ ਆ ਚੁੱਕੀ ਹੈ। ਸੰਜੈ ਜੈਨ ਨੇ ਕਿਹਾ ਕਿ ਮਿਲਾਂ 'ਚ ਸਟਾਕ ਵਧਕੇ ਕਰੀਬ 60 ਕਰੋੜ ਕਿਲੋ ਹੋ ਚੁੱਕਿਆ ਹੈ। ਜੋ ਆਮ ਤੌਰ 'ਤੇ 10-15 ਕਰੋੜ ਕਿਲੋ ਹੁੰਦਾ ਹੈ ਇਸ 'ਚ 50 ਫੀਸਦੀ ਸਟਾਕ ਤਾਮਿਲਨਾਡੂ ਦੀਆਂ ਮਿਲਾਂ 'ਚ ਪਿਆ ਹੈ। ਇਕੱਲੇ ਤਿਰਪੁਰਾ ਵਲੋਂ ਹੀ 5 ਕਰੋੜ ਕਿਲੋਗ੍ਰਾਮ ਧਾਗੇ ਦੀ ਖਰੀਦਦਾਰੀ ਕੀਤੀ ਜਾਂਦੀ ਸੀ ਪਰ ਹੁਣ ਖਰੀਦਦਾਰੀ ਨਹੀਂ ਕਰ ਰਿਹਾ ਹੈ ਕਿਉਂਕਿ ਪ੍ਰਦੂਸ਼ਣ ਪਟੀਸ਼ਨ 'ਤੇ ਮਦਰਾਸ ਹਾਈਕੋਰਟ ਵਲੋਂ ਦਿੱਤੇ ਫੈਸਲੇ ਕਰਕੇ ਉਥੇ ਦੀਆਂ ਖਰੀਦਦਾਰ ਇਕਾਈਆਂ ਬੰਦ ਪਈਆਂ ਹਨ। ਇਸ ਕਰਕੇ ਸੂਤੀ ਧਾਗੇ ਦੀਆਂ ਕੀਮਤਾਂ ਘਟਕੇ 215-220 ਰੁਪਏ ਪ੍ਰਤੀ ਕਿਲੋ ਤੇ ਆ ਗਈਆਂ ਹਨ ਜੋ 45 ਦਿਨ ਪਹਿਲਾ 285 ਰੁਪਏ ਪ੍ਰਤੀ ਕਿਲੋਂ ਸਨ। ਜਾਣਕਾਰੀ ਵਾਲਿਆਂ ਦਾ ਕਹਿਣਾ ਹੈ ਕਿ ਸਟਾਕ ਦੇ ਵਧਣ ਨਾਲ ਕਾਰਜਸ਼ੀਲ ਪੂੰਜੀ ਬਿਲਕੁਲ ਖ਼ਤਮ ਹੋ ਚੁੱਕੀ ਹੈ। ਨਕਦੀ ਘਾਟੇ ਅਤੇ ਮਾਮੂਲੀ ਕਾਰਜਸ਼ੀਲ ਪੂੰਜੀ ਕਾਰਨ ਮਿੱਲਾਂ ਖੁਦ ਨੂੰ ਕਪਾਹ ਖਰੀਦਣ 'ਚ ਅਸਮਰਥ ਮਹਿਸੂਸ ਕਰ ਰਹੀਆਂ ਹਨ। ਜਿਸ ਕਾਰਨ ਬਜ਼ਾਰ 'ਚ ਕਪਾਹ ਦੇ ਭਾਅ ਵੀ ਡਿੱਗ ਚੁੱਕੇ ਹਨ।

ਇਸ ਮਾਮਲੇ ਸਬੰਧੀ ਸੀ. ਆਈ. ਟੀ. ਆਈ. ਦੇ ਪ੍ਰਤੀਨਿਧ ਮੰਡਲ ਯੂ. ਪੀ. ਏ. ਪ੍ਰਧਾਨ ਸੋਨੀਆ ਗਾਂਧੀ ਨੂੰ ਵੀ ਮਿਲਿਆ ਸੀ। ਉਹਨਾਂ ਨੇ ਇਸ ਖਾਤਰ ਵਿੱਤ ਮੰਤਰੀ ਪ੍ਰਣਾਬ ਮੁਕਰਜੀ ਨੂੰ ਜਾਣੂ ਕਰਵਾਇਆ ਸੀ। ਜਿਸ ਪਿੱਛੋਂ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ ਹੈ। ਕਿਹਾ ਇਹ ਗਿਆ ਹੈ ਕਿ ਅਜੇ ਪੰਜ ਰਾਜਾਂ 'ਚ ਚੋਣਾ ਹਨ। ਉਸ ਪਿੱਛੋਂ ਹੀ ਕੋਈ ਕਦਮ ਚੁੱਕਿਆ ਜਾਵੇਗਾ। ਸੂਤੀ ਸਨਅਤ ਦੀ ਸਮੱਸਿਆ ਕੋਈ ਸਾਲ ਦੋ ਸਾਲ ਪੁਰਾਣੀ ਨਹੀਂ ਹੈ। ਇਸ ਤੋਂ ਪਹਿਲਾਂ ਜਦ ਭਾਜਪਾ ਸੱਤਾ ਅਤੇ ਕਾਂਗਰਸ ਵਿਰੋਧੀ ਧਿਰ ਸੀ ਤਾਂ 2003 ਵਿੱਚ ਸੋਨੀਆ ਗਾਂਧੀ ਨੇ ਇਸ ਸਨਅਤ ਸਬੰਧੀ ਉਸ ਵੇਲੇ ਦੇ ਵਿੱਤ ਮੰਤਰੀ ਜਸਵੰਤ ਸਿੰਘ ਨੂੰ ਮਿਲ ਕੇ ਇਸ ਮਾਮਲੇ ਨੂੰ ਹੱਲ ਕਰਨ ਲਈ ਕਿਹਾ ਸੀ ਪਰ ਸਮੱਸਿਆ ਜਿਉਂ ਦੀ ਤਿਉਂ ਬਣ ਰਹੀ ਹੈ ਦਰਅਸਲ ਕੱਪੜਾ ਸਨਅਤ ਤਿੰਨ ਮੰਤਰਾਲਿਆਂ ਨਾਲ ਜੁੜੀ ਹੋਈ ਹੈ। ਖੇਤੀ ਵਣਜ, ਤੇ ਕੱਪੜਾ ਸਨਅਤ। ਕੋਈ ਵੀ ਫੈਸਲਾ ਲੈਣ ਲਈ ਤਿੰਨ ਮੰਤਰਾਲੇ ਸ਼ਾਮਲ ਹੁੰਦੇ ਹਨ ਜਿੱਥੇ ਫੈਸਲਾ ਲੈਣ 'ਚ ਦਿੱਕਤ ਆਉਂਦੀ ਹੈ। ਕਈ ਤਰ੍ਹਾਂ ਦੀਆਂ ਸਮੱਸਿਆ ਦਾ ਮੁਕਾਬਲਾ ਕਰ ਰਹੀ ਕੱਪੜਾ ਸਨਅਤ ਦੀ ਮੁਸ਼ਕਲ ਖ਼ਤਮ ਹੋਣ ਦੀ ਬਜਾਏ ਵਧਦੀ ਜਾ ਰਹੀ ਹੈ।

ਇੱਥੋਂ ਤੱਕ ਕਿ ਇਸ ਬਜਟ ਸਮੇਂ ਤੋਂ ਹੀ ਸੂਤੀ ਸਨਅਤ ਨੂੰ ਸਮੱਸਿਆ ਪੇਸ਼ ਆ ਰਹੀ ਹੈ। ਜਦ ਸਰਕਾਰ ਨੇ ਵਿੱਤੀ ਸਾਲ 2011-12 ਲਈ ਬਜਟ 'ਚ ਬ੍ਰਾਂਡਿਡ ਗਾਰਮੈਂਟ 'ਤੇ 10 ਫੀਸਦੀ ਦਾ ਪੈਦਾਵਾਰ ਟੈਕਸ ਲਾਇਆ। ਇਸ ਨਾਲ ਉਹਨਾਂ ਦੀ ਲਾਗਤ ਵਧਣ ਦੇ ਨਾਲ ਮੁਨਾਫੇ 'ਚ ਕਮੀ ਆਈ। ਕੇਂਦਰ ਸਰਕਾਰ ਵਲੋਂ ਪਹਿਲਾਂ ਵੀ ਸਾਲ 2004 'ਚ ਇਹ ਡਿਊਟੀ ਲਾਈ ਗਈ ਸੀ। ਪੈਦਾਵਾਰੀ ਟੈਕਸ ਦੇ ਦਾਇਰੇ 'ਚ ਦੇਸ਼ ਭਰ ਦੇ 90 ਫੀਸਦੀ ਗਾਰਮੈਂਟ ਉਤਪਾਦਕਾਂ ਮੁਤਾਬਕ, ਸੂਤੀ ਧਾਗਿਆਂ ਦੀ ਕੀਮਤ ਪਿਛਲੇ ਇਕ ਸਾਲ ਦੇ ਮੁਕਾਬਲੇ ਦੁਗਣੀ ਤੋਂ ਵੀ ਵੱਧ ਹੋ ਗਈ ਹੈ। ਇਸ ਨਾਲ ਯਾਰਨ ਦੇ ਭਾਅ ਵੀ ਲਗਾਤਾਰ ਦੁਗਣੇ ਹੋ ਚੁੱਕੇ ਹਨ। ਇਸ ਨਾਲ ਉਹਨਾਂ ਦੀ ਲਾਗਤ 50-60 ਫੀਸਦੀ ਵਧ ਚੁੱਕੀ ਹੈ ਪਰ ਉਹ ਪੂਰੀ ਤਰ੍ਹਾਂ ਇਸ ਵਧੀ ਹੋਈ ਲਾਗਤ ਦਾ ਭਾਰ ਖਪਤਕਾਰਾਂ ਉਪਰ ਨਹੀਂ ਪਾ ਸਕੇ ਹਨ। ਇੱਥੇ ਇਸ ਸਨਅਤ ਨੂੰ ਚੀਨ ਤੇ ਬੰਗਲਾ ਦੇਸ਼ ਸਰਕਾਰਾਂ ਵਲੋਂ ਸਬਸਿਡੀ ਦਿੱਤੀ ਜਾ ਰਹੀ ਹੈ। ਉਥੇ ਸਾਡੇ ਦੇਸ਼ 'ਚ ਇਸ ਨੂੰ ਬੇਸਹਾਰਾ ਛੱਡ ਦਿੱਤਾ ਗਿਆ ਹੈ। ਪੈਦਾਵਾਰ ਟੈਕਸ ਲੱਗ ਜਾਣ ਪਿੱਛੋਂ ਕੱਪੜਾ ਸਨਅਤ ਨੇ ਕਰੀਬ 90 ਦਿਨਾਂ ਤੱਕ ਹੜਤਾਲ ਕੀਤੀ ਪਰ ਸਰਕਾਰ ਨੇ ਇਕ ਵੀ ਨਹੀਂ ਸੁਣੀ। ਆਖਰ ਕਈ ਛੋਟੀਆਂ ਸਨਅਤਾਂ ਬੰਦ ਹੋਣ ਕੰਢੇ ਪਹੁੰਚ ਗਈਆਂ। ਸਿਟੀ ਦੇ ਪ੍ਰਧਾਨ ਮਿਸ਼ਰ ਜੈਪੁਰੀਆਂ ਦਾ ਕਹਿਣਾ ਹੈ ਕਿ ਮੁਨਾਫੇ 'ਚ ਲਗਾਤਾਰ ਕਮੀ ਨਾਲ ਕਾਰੋਬਾਰ ਕਰਨਾ ਮੁਸ਼ਕਲ ਹੁੰਦਾ ਹੈ। ਗਾਰਮੈਂਟ ਖੇਤਰ ਉਤਪਾਦਕ ਕਮਲੇਸ਼ ਸਿੰਘ ਕਹਿੰਦੇ ਹਨ ਕਿ ਮੁਨਾਫਾ ਘਟਣ ਦਾ ਅਸਰ ਮਜ਼ਦੂਰਾਂ ਤੇ ਵੀ ਪੈ ਰਿਹਾ ਹੈ। ਗਾਰਮੈਂਟ ਖੇਤਰ ਖੇਤੀ ਦੇ ਪਿੱਛੋਂ ਸਭ ਤੋਂ ਵੱਧ ਰੁਜ਼ਗਾਰ ਦੇਣ ਵਾਲਾ ਖੇਤਰ ਹੈ ਇਸ ਲਈ ਕਾਰੋਬਾਰੀ ਦਾ ਮਾਰਜਿਨ ਘਟ ਹੋ ਰਿਹਾ ਹੈ। ਜੇ ਗਾਰਮੈਂਟ ਉਤਪਾਦਕ ਕਿਸੇ ਵੀ ਕੀਮਤ 'ਚ 10 ਰੁਪਏ ਦਾ ਵਾਧਾ ਕਰਦੇ ਹਨ ਤਾਂ ਖਪਤਕਾਰਾਂ ਨੂੰ 15-17 ਰੁਪਏ ਤੱਕ ਵੱਧ ਵਾਧੂ ਪੈਸੇ ਦੇਣੇ ਪੈਂਦੇ ਹਨ। ਖਪਤਕਾਰਾਂ ਨੂੰ ਇਸ ਗੱਲ ਦੀ ਚਿੰਤਾ ਸਤਾ ਰਹੀ ਹੈ ਕਿ ਗਾਰਮੈਂਟ ਦੀਆਂ ਕੀਮਤਾਂ 'ਚ ਲਗਾਤਾਰ ਵਾਧੇ ਨਾਲ ਮੰਗ 'ਚ ਕਮੀ ਆਵੇਗੀ ਅਤੇ ਇਸ ਨਾਲ ਕਾਰੋਬਾਰ 'ਤੇ ਅਸਰ ਪਵੇਗਾ। ਕਪਾਹ ਦੀਆਂ ਕੀਮਤਾਂ 'ਚ ਹੋਈ ਤਬਦੀਲੀ ਕਾਰਨ ਸਨਅਤ 'ਤੇ ਦਬਾਅ ਬਣ ਗਿਆ ਹੈ। ਬਹੁਤੇ ਉਦਯੋਗ ਇਸ ਗੱਲ ਦੀ ਕੋਸ਼ਿਸ਼ ਕਰ ਰਹੇ ਹਨ ਕਿ ਆਪਣੇ ਮੁਨਾਫੇ ਨੂੰ ਵਧਾਉਣ ਦੀ ਬਜਾਏ ਕਿਸੇ ਤਰ੍ਹਾਂ ਇਸ ਪੱਧਰ 'ਤੇ ਬਣਾ ਕੇ ਰੱਖਿਆ ਜਾਵੇ। ਕਿਉਂਕਿ ਸਨਅਤ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੀ ਹੈ ਕਿ ਜੇ ਉਹਨਾਂ ਨੇ ਆਪਣਾ ਮਾਰਜਿਨ ਵਧਾਉਣਾ ਹੈ ਤਾਂ ਉਤਪਾਦਾਂ ਦੇ ਭਾਵਾਂ 'ਚ ਵਾਧਾ ਕਰਨਾ ਪਵੇਗਾ। ਜਿਸ ਨਾਲ ਖਪਤਕਾਰਾਂ 'ਤੇ ਦਬਾਅ ਬਣੇਗਾ, ਜਿਸ ਦਾ ਉਦਯੋਗ 'ਤੇ ਉਲਟਾ ਅਸਰ ਵੀ ਪੈ ਸਕਦਾ ਹੈ।

# ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵੇਖਣ ਦਾ ਕੀ ਹੋਵੇ ਨਜ਼ਰੀਆ?

ਭਾਰਤ 'ਚ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ 'ਚ ਆਏ ਇੱਕ ਤੂਫਾਨ ਤੇ ਉਸ ਦੀ ਵਧਦੀ ਤਾਕਤ ਪਿੱਛੇ ਰਾਜ ਕੀ ਹੈ? ਇੱਥੇ ਇਕ ਪ੍ਰੀਕਲਪਨਾ ਵਿਚਾਰ ਕਰਨ ਯੋਗ ਹੈ। ਪ੍ਰੀਕਲਪਨਾ ਇਹ ਹੈ ਕਿ ਇਹ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਮੱਧ ਵਰਗ ਦੀ ਵਧਦੀ ਤਾਕਤ ਦਾ ਰਾਜਸੀ ਸੂਚਕ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਕੀਤੇ ਜਾ ਰਹੇ ਨਵ-ਉਦਾਰਵਾਦੀ ਸੁਧਾਰਾਂ ਤੋਂ ਫਾਇਦਾ ਲੈਣ ਵਾਲਾ ਇਹ ਇਕ ਤਬਕਾ ਹੈ ਜਿਸ ਨੂੰ ਅਸੀਂ ਮੱਧਵਰਗੀ ਆਮਦਨ ਸਮੂਹ ਕਹਿ ਸਕਦੇ ਹਾਂ। ਪਿਛਲੇ 25 ਸਾਲਾਂ ਤੋਂ ਲਗਾਤਾਰ ਉਚੀ ਵਿਕਾਸ ਦਰ ਬਣੀ ਹੋਈ ਹੈ। ਜਿਸ ਨਾਲ ਉਚ ਮੱਧ ਵਰਗ ਦੀ ਆਮਦਨੀ ਤੇ ਜਾਇਦਾਦ 'ਚ ਬੇਥਾਹ ਵਾਧਾ ਹੋਇਆ ਹੈ। ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਇਸ ਦੀ ਰਾਜਸੀ ਸੂਚਕ ਹੈ। ਇਹ ਉਭਰਦੇ ਮੱਧ ਵਰਗ ਦੀ ਰਾਜਨੀਤੀ ਦੇ ਖੇਤਰ 'ਚ ਆਪਣੀ ਤਾਕਤ ਦੀ ਦਾਅਵੇਦਾਰ ਦੀ ਇਕ ਕੋਸ਼ਿਸ਼ ਹੈ। ਰਾਜ ਨੂੰ ਅਜਿਹੀਆਂ ਸੇਵਾਵਾਂ ਮੁਹੱਈਆ ਕਰਾਉਣ ਲਈ ਵਚਨਬੱਧਤਾ ਦੀ ਕੋਸ਼ਿਸ਼ ਹੈ। ਜਿਸ ਦੀ ਉਹਨਾਂ ਨੂੰ ਲੋੜ ਹੈ। ਇਸ ਅੰਦੋਲਨ ਦੇ ਮੁਢਲੇ ਜੋਰ ਦੀ ਕੁਝ ਇਸ ਤਰ੍ਹਾਂ ਦੀ ਤਸਵੀਰ ਰੱਖੀ ਜਾ ਸਕਦੀ ਹੈ। ਮੱਧ ਵਰਗ ਨੇ ਕੁਝ ਕਾਰਾਂ ਖਰੀਦੀਆਂ ਹਨ ਤੇ ਹੁਣ ਇਹਨਾਂ ਕਾਰਾਂ ਨੂੰ ਚਲਾਉਣ ਲਈ ਸੜਕਾਂ ਚਾਹੀਦੀਆਂ ਹਨ। ਇਹ ਰਾਜ ਨੂੰ ਸੜਕ ਬਣਾਉਣ ਲਈ ਮਜ਼ਬੂਰ ਕਰਨਗੇ ਇੱਥੋਂ ਤੱਕ ਸਭ ਠੀਕ ਹੈ। ਪਰ ਅਬਾਦੀ ਦਾ ਵਿਸ਼ਾਲ ਹਿੱਸਾ ਅਜਿਹਾ ਹੈ ਜਿਹਨਾਂ ਨੂੰ ਆਰਥਿਕ ਸੁਧਾਰਾਂ 'ਚ ਕੁੱਲ ਮਿਲਾ ਕੇ ਪੂਰੀ ਤਰ੍ਹਾਂ ਅਣਦੇਖਿਆ ਕਰ ਦਿੱਤਾ ਗਿਆ ਹੈ। ਇਹ ਤਬਕਾ, ਇਸ ਦੇਸ਼ ਦੀ ਮੇਹਨਤਕਸ਼ ਜਨਤਾ ਹੈ। ਜਿਸ ਨੂੰ ਸਵੱਰਗੀ ਅਰਜਨ ਸੇਨ ਗੁਪਤਾ ਨੇ ਆਪਣੀ ਰੀਪੋਂਟ 'ਚ ਗਰੀਬ ਤੇ ਬੇਸਹਾਰਾ ਆਖਿਆ ਹੈ। ਇਸ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੇ ਨਾਹਰਿਆਂ 'ਚ ਹੁਣ ਤੱਕ ਉਹਨਾਂ ਮੁੱਦਿਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਜਿਸ ਨਾਲ ਇਸ ਤਬਕੇ ਦੀ, ਮੇਹਨਤਕਸ਼ ਵਰਗ ਦੀ ਚਿੰਤਾ ਦਾ ਵਿਸ਼ਾ ਹਨ। ਜਿਹਨਾਂ ਦਾ ਵਿਸ਼ਾਲ ਬਹੁਮਤ ਗੈਰ-ਰਵਾਇਤੀ ਖੇਤਰ 'ਚ ਕੰਮ ਕਰਦਾ ਹੈ। ਉਹਨਾਂ ਦੀ ਕੰਮ ਤੇ ਰੋਟੀ ਰੋਜ਼ੀ ਦੀ ਸਥਿਤੀ ਬੇਹੱਦ ਨਾਜ਼ਕ ਤੇ ਅਨਿਸ਼ਚਤਾਵਾਂ 'ਚ ਘਿਰੀ ਹੋਈ ਹੈ। ਇਹ ਬੇਹੱਦ ਘੱਟ ਮਜ਼ਦੂਰੀ ਤੇ ਕੰਮ ਕਰਦੇ ਹਨ ਤੇ ਉਹਨਾਂ ਦੇ ਕੰਮ ਦੀਆਂ ਥਾਵਾਂ ਬੇਹੱਦ ਗੰਦੀਆਂ ਹੁੰਦੀਆਂ ਹਨ। ਆਮ ਤੌਰ 'ਤੇ ਉਹਨਾਂ ਨੂੰ ਸਮੂਹਕ ਸੌਦੇਬਾਜ਼ੀ ਦੇ ਅਧਿਕਾਰਾਂ ਯਾਨੀ ਟ੍ਰੇਡ ਯੂਨੀਅਨ ਅਧਿਕਾਰਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ ਤੇ ਮਾਲਕਾਂ ਵਲੋਂ ਉਹਨਾਂ ਨੂੰ ਰੁਜ਼ਗਾਰ ਦੀ ਸੁਰੱਖਿਆ ਤੇ ਸਮਾਜਿਕ ਰਾਖੀ ਮੁਹੱਈਆ ਨਹੀਂ ਕੀਤੀ ਜਾਂਦੀ ਹੈ। ਉਹ ਜੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ 'ਚ ਨਵ-ਉਦਾਰਵਾਦੀ ਵਿਕਾਸ ਅਮਲ ਦਾ ਗੁਣਗਾਣ ਕੀਤਾ ਜਾਂਦਾ ਹੈ ਤਾਂ ਇਸ ਵਿਸ਼ਾਲ ਮੇਹਨਤਕਸ਼ ਅਬਾਦੀ ਦੀਆਂ ਸਮੱਸਿਆਵਾਂ ਨੂੰ ਅਣਦੇਖਾ ਕਰ ਦਿੱਤਾ ਜਾਂਦਾ ਹੈ ਤਾਂ ਇਹ ਬੇਅਸਰ ਹੀ ਸਾਬਤ ਹੋਵੇਗਾ। ਜੋ ਮੁੱਦੇ ਗੈਰ ਰਵਾਇਤੀ ਖੇਤਰ ਦੇ ਮਜ਼ਦੂਰਾਂ ਦੇ ਇਸ ਵਿਆਪਕ ਬਹੁਮਤ ਦੇ ਰੋਜ਼ਾਨਾ ਜੀਵਨ ਦੀਆਂ ਚਿੰਤਾਵਾਂ ਨਾਲ ਸਬੰਧਤ ਹਨ। ਜੇ ਉਹਨਾਂ ਨੂੰ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦਾ ਹਿੱਸਾ ਬਣਾਇਆ ਜਾਵੇ ਤਾਂ ਹੀ ਇਹ ਅੰਦੋਲਨ ਇਕ ਵਿਸ਼ਾਲ ਜਨਤਕ ਅਧਾਰ ਵਾਲੀ

ਲਹਿਰ ਬਣ ਸਕਦਾ ਹੈ ਕਿਉਂਕਿ ਆਖਰਕਾਰ ਭ੍ਰਿਸ਼ਟਾਚਾਰ ਦਾ ਅਰਥ ਹੈ ਮੇਹਨਤਕਸ਼ ਲੋਕਾਂ ਤੋਂ 'ਵਾਧੂ ਮੁੱਲ' ਨਚੋੜਿਆ ਜਾਵੇ। ਕਿਹਨਾਂ ਵੱਲੋਂ? ਰਾਜ ਦੇ ਕਰਮਚਾਰੀਆਂ ਵਲੋਂ ਰਾਜਸੀ ਨੇਤਾਵਾਂ ਵੱਲੋਂ, ਅਧਿਕਾਰੀਆਂ ਤੇ ਨੌਕਰਸ਼ਾਹਾਂ ਵਲੋਂ। ਇਸੇ 'ਵਾਧੂ ਮੁੱਲ' ਤਾਂ ਕਿਹਾ ਗਿਆ ਹੈ ਕਿਉਂਕਿ ਮੁਢਲਾ ਵਾਧੂ ਮੁੱਲ ਤਾਂ ਉਸ ਸਮੇਂ ਪਹਿਲਾਂ ਹੀ ਨਿਚੋੜ ਲਿਆ ਜਾਂਦਾ ਹੈ। ਜਦ ਮਜ਼ਦੂਰ ਆਪਣੀ ਕਿਰਤ ਸ਼ਕਤੀ ਨੂੰ ਉਸ ਬੰਦੇ ਨੂੰ ਵੇਚਦਾ ਹੈ ਜਿਸ ਲਈ ਉਹ ਕੰਮ ਕਰ ਰਿਹਾ ਹੁੰਦਾ ਹੈ ਅਤੇ ਜੇ ਉਹ ਛੋਟਾ ਉਤਪਾਦਕ ਹੈ ਤਾਂ ਜਦ ਉਹ ਆਪਣੀ ਜਿਣਸ ਨੂੰ ਵੇਚਦਾ ਹੈ ਤਾਂ ਵਿਚੋਲਿਆਂ ਵਲੋਂ ਮੁਢਲੇ ਤੌਰ 'ਤੇ ਉਸ ਦੇ ਵਾਧੂ ਮੁੱਲ ਨੂੰ ਨਿਚੋੜ ਲਿਆ ਜਾਂਦਾ ਹੈ। ਉਸ ਦੇ ਮਾਲਕਾਂ ਦੀ ਆਮਦਨ 'ਚ ਉਸ ਦੀ ਕਿਰਤ 'ਚ ਨਚੋੜਿਆ ਗਿਆ ਵਾਧੂ ਮੁੱਲ ਪਹਿਲਾਂ ਹੀ ਸ਼ਾਮਲ ਹੁੰਦਾ ਹੈ। ਹੁਣ ਇੱਕ ਭ੍ਰਿਸ਼ਟਾਚਾਰ ਵਿਵਸਥਾ ਦੀਆਂ ਉਹਨਾਂ ਸੇਵਾਵਾਂ ਨੂੰ ਹਾਸਲ ਕਰਨ ਲਈ ਵੀ ਕੁਝ ਹੋਰ ਅਦਾ ਕਰਨਾ ਪੈਂਦਾ ਹੈ ਜੋ ਉਸ ਨੂੰ ਉਸਦੇ ਪ੍ਰੀਵਾਰ ਨੂੰ ਸਰਕਾਰ ਵਲੋਂ ਮੁਹੱਈਆ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਜਦਕਿ ਉਸ ਨੇ ਜੋ ਟੈਕਸ ਅਦਾ ਕੀਤਾ ਹੈ ਉਸ ਮਾਲੀਏ ਨਾਲ ਇਹਨਾਂ ਸੇਵਾਵਾਂ ਨੂੰ ਮੁਹੱਈਆ ਕਰਾਉਣ ਦਾ ਫਰਜ ਸਰਕਾਰ ਦਾ ਹੈ।

ਇਹੀ ਕਾਰਨ ਹੈ ਕਿ ਅਸੀਂ ਇਸ ਨੂੰ ਵਾਧੂ ਮੁੱਲ ਨਿਚੋੜਨਾ ਆਖਿਆ ਹੈ। ਉਹਨਾਂ ਦੀ ਕਿਰਤ ਨਾਲ ਪੈਦਾ ਹੋਏ ਇਸ ਵਾਧੂ ਮੁੱਲ ਨੂੰ ਮਾਲਕ ਵਲੋਂ ਪਹਿਲਾਂ ਹੀ ਨਿਚੋੜ ਲਿਆ ਗਿਆ ਹੁੰਦਾ ਹੈ। ਹੁਣ ਰਿਸ਼ਵਤ ਵਜੋਂ ਇਸ ਤੋਂ ਹੋਰ ਵੀ ਵੱਧ ਮੁੱਲ ਨਿਚੋੜਿਆ ਜਾਂਦਾ ਹੈ। ਠੋਸ ਰੂਪ 'ਚ ਕਹੀਏ ਤਾਂ ਅਜਿਹੇ ਇੱਕ ਗਰੀਬ ਪਰਿਵਾਰ ਬਾਰੇ ਸੋਚੋ ਜਿਸ ਨੂੰ ਬੀ. ਪੀ. ਐੱਲ. ਕਾਰਡ ਹਾਸਲ ਕਰਨ ਲਈ ਰਿਸ਼ਵਤ ਦੇਣੀ ਪੈਂਦੀ ਹੈ। ਉਸ ਕਿਸਾਨ ਬਾਰੇ ਸੋਚੋ ਜਿਸ ਨੂੰ ਆਪਣੀ ਬੀਮਾਰ ਲੜਕੀ ਨੂੰ ਡਾਕਟਰ ਨੂੰ ਵਿਖਾਉਣ ਲਈ ਸਰਕਾਰੀ ਹਸਪਤਾਲ 'ਚ ਰਿਸ਼ਵਤ ਦੇਣੀ ਪੈਂਦੀ ਹੈ ਜਾਂ ਆਪਣੀ ਕਰਜੇ ਦੀ ਅਰਜੀ ਨੂੰ ਅੱਗੇ ਤੋਰਨ ਲਈ ਸਟੇਟ ਬੈਂਕ ਅਧਿਕਾਰੀਆਂ ਨੂੰ ਕਮਿਸ਼ਨ ਦੇਣਾ ਪੈਂਦਾ ਹੈ ਜਾਂ ਉਸ ਪਾਨ ਵਾਲੇ ਰਿਕਸ਼ੇ ਵਾਲੇ ਜਾਂ ਰੇਹੜੇ ਵਾਲੇ ਬਾਰੇ ਸੋਚੋ ਜਿਸ ਨੂੰ ਆਪਣੀ ਥੋੜ੍ਹੀ ਜਿੰਨੀ ਆਮਦਨ 'ਚੋਂ ਸਥਾਨਕ ਪੁਲਸ ਨਗਰ ਨਗਮ ਦੇ ਮੁਲਾਜਮ ਤੇ ਸਥਾਨਕ ਨੇਤਾਵਾਂ ਦੇ ਪਾਲੇ ਹੋਏ ਗੁੰਡਿਆਂ ਨੂੰ ਨਿਯਮਤ ਰੂਪ 'ਚ ਮਹੀਨਾ ਦੇਣਾ ਪੈਂਦਾ ਹੈ। ਇਸ ਲਈ ਅਜਿਹੇ ਕਿਹੜੇ ਮੁੱਦੇ ਹਨ ਜਿਸਦੇ ਅਧਾਰ 'ਤੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਨੂੰ ਇਨਕਲਾਬੀ ਬਣਾਇਆ ਜਾ ਸਕਦਾ ਹੈ। ਇਹ ਮੁੱਦੇ ਹਨ, ਗੈਰ ਜਥੇਬੰਦ ਖੇਤਰ ਦੇ ਮਜ਼ਦੂਰਾਂ ਨੂੰ ਯੂਨੀਅਨ ਬਣਾਉਣ ਦਾ ਅਧਿਕਾਰ, ਰੇਗੂਲਰ ਰੁਜ਼ਗਾਰ 'ਤੇ ਨਿਯੁਕਤੀ, ਸਸਤੀ ਰਿਹਾਇਸ਼ ਤੇ ਜਨਤਕ ਸਿਹਤ ਕੇਂਦਰ ਜਿੱਥੇ ਗਰੀਬ ਜਾ ਸਕਣ। ਉਹਨਾਂ ਦੇ ਬੱਚਿਆਂ ਲਈ ਸਕੂਲ (ਜਿੱਥੇ ਦੁਪਹਿਰ ਦੇ ਖਾਣੇ ਦੀਆਂ ਸਹੂਲਤਾਂ ਤੇ ਇਸ ਤਰ੍ਹਾਂ ਦੀਆਂ ਸੇਵਾਵਾਂ ਮੁਹੱਈਆ ਹੋਣ), ਪੇਂਡੂ ਤੇ ਸ਼ਹਿਰੀ ਗਰੀਬਾਂ ਲਈ ਰੁਜ਼ਗਾਰ ਗਰੰਟੀ ਯੋਜਨਾਵਾ, ਸਨਅਤੀ ਪ੍ਰੋਜੈਕਟਾਂ ਲਈ ਜਬਰਦਸਤੀ ਜ਼ਮੀਨ ਨਾ ਖੋਹਣਾ, ਸਚਾਰੂ ਤੌਰ 'ਤੇ ਕੰਮ ਕਰਨ ਵਾਲੀ ਜਨਤਕ ਵੰਡ ਪ੍ਰਣਾਲੀ ਰਾਜ ਮੁਲਾਜਮਾ ਨੂੰ ਜੁਆਬਦੇਹ ਬਣਾਉਣ ਲਈ ਸੂਚਨਾ ਅਧਿਕਾਰ ਕਾਨੂੰਨ, ਅਤੇ ਇਸ ਤਰ੍ਹਾਂ ਦੇ ਅਨੇਕਾਂ ਹੋਰ ਮੁੱਦੇ। ਸੰਖੇਪ 'ਚ ਅਜਿਹੇ ਕਲਿਆਣਕਾਰੀ ਰਾਜ ਦੀ ਉਸਾਰੀ ਲਈ ਦਬਾਅ ਬਣਾਉਣਾ ਜੋ ਮੇਹਨਤਕਸ਼ ਲੋਕਾਂ ਦੀ ਲੋੜਾਂ ਪ੍ਰਤੀ ਸੰਵੇਦਨਸ਼ੀਲ ਹੋਵੇ। ਇਸ ਅੰਦੋਲਨ

'ਚ ਸ਼ਾਮਲ ਮੱਧ ਵਰਗ ਨੇ ਕਈ ਦਫਾ ਇਕ ਵਾਜਿਬ ਸੁਆਲ ਉਠਾਇਆ ਹੈ। ਉਹ ਇਹ ਕਿ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ 'ਚ ਅਮੀਰਾਂ ਦਾ ਰੈਵਨਿਊ 'ਚੋਂ ਕੁਝ ਵੀ ਦਾਅ 'ਤੇ ਨਹੀਂ ਲੱਗਿਆ ਹੈ। ਅਮੀਰ ਲੋਕ ਭ੍ਰਿਸ਼ਟਾਚਾਰ ਬਾਰੇ ਕੋਈ ਬਹੁਤੇ ਫਿਕਰਮੰਦ ਨਹੀਂ ਹਨ। ਉਹ ਇਸ ਵਿਵਸਥਾ 'ਚ ਆਪਣੇ ਲਈ ਰਾਹ ਕੱਢ ਸਕਦੇ ਹਨ। ਉਹਨਾਂ ਲਈ ਭ੍ਰਿਸ਼ਟਾਚਾਰ ਤਾਂ ਇਕ ਛੋਟਾ ਜਿਹਾ ਕੰਡਾ ਹੀ ਹੈ। ਮੱਧ ਵਰਗ ਲਈ ਦਾਅ ਤੇ ਲੱਗਿਆ ਨੁਕਸਾਨ ਜ਼ਿਆਦਾ ਹੈ। ਇਹ ਸੱਚ ਹੈ ਪਰ ਗਰੀਬ ਲਈ ਤਾਂ ਇਹ ਸੌ ਗੁਣਾ ਵੱਧ ਸੱਚ ਹੈ। ਅੰਦੋਲਨ 'ਚ ਸ਼ਾਮਲ ਮੱਧ ਵਰਗ ਦੇ ਲੋਕਾਂ ਨੇ ਅਜੇ ਤੱਕ ਤਾਂ ਅਮੀਰਾਂ ਲਈ ਹੀ ਸੋਚਿਆ ਹੈ। ਹੁਣ ਉਹਨਾਂ ਵਿਸ਼ਾਲ ਗਰੀਬਾਂ ਵੱਲ ਵੇਖਣ ਦੀ ਲੋੜ ਹੈ। ਅੰਦੋਲਨ 'ਚ ਸ਼ਾਮਲ ਮੱਧ ਵਰਗ ਦੇ ਲੋਕਾਂ ਵੱਲੋਂ ਅਮੀਰਾਂ ਬਾਰੇ ਜੋ ਗੱਲ ਕਹੀ ਜਾਂਦੀ ਹੈ, ਸੋਚਿਆ ਜਾਵੇ ਤਾਂ ਇਹ ਗੱਲ ਉਹਨਾਂ ਬਾਰੇ ਵੀ ਲਾਗੂ ਹੋ ਸਕਦੀ ਹੈ। ਮੱਧ ਵਰਗ ਦੇ ਲੋਕ ਆਪਣੇ ਬੱਚਿਆਂ ਨੂੰ ਅਜਿਹੇ ਸਕੂਲ 'ਚ ਭੇਜ ਸਕਦੇ ਹਨ, ਜੋ ਸਕੂਲ ਵਰਗਾ ਕੰਮ ਕਰਦੇ ਹਨ। ਗੈਰ-ਰਵਾਇਤੀ ਖੇਤਰ ਦੇ ਮਜ਼ਦੂਰ ਜਾਂ ਛੋਟੇ ਕਿਸਾਨ ਅਜਿਹਾ ਨਹੀਂ ਕਰ ਸਕਦੇ। ਮੱਧ ਵਰਗ ਦੇ ਲੋਕ ਨਿੱਜੀ ਨਰਸਿੰਗ ਹੋਮ ਤੋਂ ਸਿਹਤ ਸਹੂਲਤਾਂ ਖਰੀਦ ਸਕਦੇ ਹਨ ਪਰ ਗਰੀਬ ਅਜਿਹਾ ਨਹੀਂ ਕਰ ਸਕਦੇ। ਜੇ ਸਰਕਾਰੀ ਹਸਪਤਾਲਾਂ 'ਚ ਠੀਕ ਤਰ੍ਹਾਂ ਨਾਲ ਕੰਮ ਨਹੀਂ ਹੁੰਦਾ ਤਾਂ ਮਜ਼ਦੂਰ ਐਮਰਜੰਸੀ ਇਲਾਜ ਲਈ ਕਿਸੇ ਹੋਰ ਦੂਜੀ ਥਾਂ ਨਹੀਂ ਜਾ ਸਕਦੇ। ਸੰਖੇਪ 'ਚ ਗਰੀਬਾਂ ਲਈ ਇਸ ਤਰ੍ਹਾਂ ਦੀਆਂ ਨਿੱਜੀ ਹਸਪਤਾਲਾਂ ਦੀ ਸੇਵਾਵਾਂ ਬੇਹੱਦ ਮਹਿੰਗੀਆਂ ਹਨ ਤੇ ਉਹਨਾਂ ਲਈ ਬਜ਼ਾਰੋਂ ਇਹਨਾਂ ਨੂੰ ਖਰੀਦਣਾ ਬੇਹੱਦ ਮਹਿੰਗਾ ਹੈ। ਜਦ ਇਹਨਾਂ ਸੇਵਾਵਾਂ ਨੂੰ ਮੁਹੱਈਆ ਕਰਾਉਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ। ਜੇ ਇਹ ਨਾਂ ਦਾ ਹੀ ਕਲਿਆਣਕਾਰੀ ਰਾਜ ਹੈ ਤਾਂ ਜੇ ਕੋਈ ਰਾਜਸੀ ਤਾਕਤ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਨੂੰ ਨਵੀਂ ਦਿਸ਼ਾ ਦੇ ਸਕਦਾ ਹੈ ਤੇ ਇਹਨਾਂ ਨੂੰ ਮੇਹਨਤਕਸ਼ਾਂ ਦੀਆਂ ਚਿੰਤਾਵਾਂ ਨਾਲ ਜੋੜ ਸਕਦਾ ਹੈ ਤਾਂ ਇਸ ਮੁਹਿੰਮ ਨੂੰ ਮਹੱਤਵਪੂਰਨ ਰਾਜਸੀ ਅੰਦੋਲਨ 'ਚ ਵਿਕਸਤ ਕੀਤਾ ਜਾ ਸਕਦਾ ਹੈ।

# ਜਨ ਲੋਕਪਾਲ ਕਿੰਨਾ ਕੁ ਕਾਰਗਰ?

'ਹਜ਼ਾਰ ਮੀਲ ਦਾ ਸਫਰ ਇਕ ਕਦਮ ਨਾਲ ਸ਼ੁਰੂ ਹੋ ਜਾਂਦਾ ਹੈ।' ਚੀਨੀ ਇਨਕਲਾਬ ਦੇ ਸੰਘਰਸ਼ ਭਰੇ ਦਿਨਾਂ 'ਚ ਮਾਓ-ਤਸੇ-ਤੁੰਗ ਦਾ ਇਹ ਕਥਨ ਕਾਫੀ ਪ੍ਰਸਿੱਧ ਹੋਇਆ ਸੀ। ਦਿੱਲੀ ਦੇ ਜੰਤਰ-ਮੰਤਰ 'ਤੇ 5 ਤੋਂ 9 ਅਪ੍ਰੈਲ ਵਿਚਕਾਰ 93 ਘੰਟੇ ਤੱਕ ਚੱਲੇ ਗਾਂਧੀਵਾਦੀ ਅੰਨਾ ਹਜ਼ਾਰੇ ਦਾ ਵਰਤ ਵੀ ਭ੍ਰਿਸ਼ਟਾਚਾਰ ਖਿਲਾਫ਼ ਇਕ ਲੰਮੀ ਯਾਤਰਾ ਦੇ ਪਹਿਲੇ ਕਦਮ ਵਾਂਗੂੰ ਲਗਦਾ ਸੀ। 73 ਸਾਲ ਅੰਨਾ ਹਜ਼ਾਰੇ ਦੀ ਇਸ ਮੁਹਿੰਮ ਨੂੰ ਫੌਰੀ ਮੱਧ ਵਰਗੀ ਹਮਾਇਤ ਮਿਲ ਗਈ ਤੇ ਦਿੱਲੀ ਸਮੇਤ ਕਈ ਸ਼ਹਿਰਾਂ 'ਚ ਵੀ ਲੋਕ ਜਿਸ ਤਰ੍ਹਾਂ ਬਾਹਰ ਆਏ ਤੇ ਮੋਮਬੱਤੀਆਂ ਬਾਲਕੇ ਏਕਤਾ ਦਾ ਮੁਜਾਹਰਾ ਕਰਨ ਲੱਗੇ। ਉਸ ਨਾਲ ਇਕ ਵਾਰੀ ਇਹ ਅਹਿਸਾਸ ਹੋਇਆ ਕਿ ਭ੍ਰਿਸ਼ਟਾਚਾਰ ਵਿਰੁੱਧ ਦੇਸ਼ ਅੰਦਰ ਛੋਟੀ ਜਿਹੀ ਮੁਹਿੰਮ ਵੀ ਇਕ ਵੱਡੇ ਹੜ 'ਚ ਬਦਲ ਸਕਦੀ ਹੈ। ਭਾਰਤ ਸਰਕਾਰ ਨੇ ਵੀ ਹਵਾ ਦਾ ਰੁਖ ਭਾਂਪ ਕੇ ਜਲਦੀ ਹੀ ਹਥਿਆਰ ਸੁੱਟ ਦਿੱਤੇ ਅਤੇ ਇਸ ਬਿਲ ਦਾ ਮਸੌਦਾ ਤਿਆਰ ਕਰਨ ਉਪਰ ਸਹਿਮਤੀ ਹੋ ਗਈ। ਇਸ ਮਸੌਦੇ ਨੂੰ ਤਿਆਰ ਕਰਨ ਲਈ ਗਠਿਤ ਪੰਜ ਨੇਤਾਵਾਂ ਤੇ ਪੰਜ ਸਮਾਜ ਕਰਮੀਆਂ ਦੀ ਸੰਮਤੀ ਦੀ ਇਕ ਮੀਟਿੰਗ ਵੀ ਹੋ ਚੁੱਕੀ ਹੈ ਪਰ ਅੰਨੇ ਹਜ਼ਾਰੇ ਦੇ ਸ਼ਬਦਾਂ 'ਚ ਇਹ 'ਸ਼ੁਰੂਆਤੀ ਕਿਸਮ' ਦੀ ਸੀ ਅਤੇ ਇਸ ਤੋਂ ਇਹ ਅੰਦਾਜਾ ਲਾਉਣਾ ਮੁਸ਼ਕਲ ਹੈ ਕਿ ਬਿਲ ਦਾ ਰੂਪ ਠੀਕ ਠਾਕ ਕੀ ਹੋਵੇਗੀ। ਕਈ ਵਿਸਲੇਸ਼ਕਾਂ ਨੂੰ ਇਸ ਗੱਲ 'ਤੇ ਹੈਰਾਨੀ ਹੈ ਕਿ ਜੋ ਸਰਕਾਰ ਪਿਛਲੇ 40 ਸਾਲਾਂ ਤੋਂ ਅੱਧ 'ਚ ਲਟਕੇ ਲੋਕਪਾਲ ਬਿੱਲ ਨੂੰ ਪਾਸ ਨਹੀਂ ਕਰ ਸਕੀ ਹੈ। ਉਹ ਸਹਿਜੇ ਹੀ ਇਕ ਦਮ ਅੱਗੇ ਵੱਧਕੇ ਜਨ ਲੋਕਪਾਲ ਬਿੱਲ 'ਤੇ ਕਿਵੇਂ ਸਹਿਮਤ ਹੋ ਗਈ। ਕੁਝ ਵਿਸਲੇਸ਼ਕਾਂ ਅਨੁਸਾਰ, ਇਸ ਘਟਨਾ ਨਾਲ ਅਠਾਰਵੀਂ ਸਦੀ ਦੀ ਫਰਾਂਸ ਸਾਮਰਾਜ ਮਾਰੀ ਅੰਤਵਾਂਤ ਦੀ ਯਾਦ ਤਾਜਾ ਹੁੰਦੀ ਹੈ। ਜਿਸਨੇ ਕਿਹਾ ਸੀ ਕਿ 'ਲੋਕਾਂ ਕੋਲ ਜੇ ਬ੍ਰੈਡ ਨਹੀਂ ਤਾਂ ਉਹ ਕੇਕ ਕਿਉਂ ਨਹੀਂ ਖਾਂਦੇ?" ਦਰਅਸਲ ਇਸ ਪੂਰੀ ਮੁਹਿੰਮ ਨੂੰ ਇਕ ਵੇਲੇ ਸੁਆਗਤ ਤੇ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਿਆ ਜਾ ਰਿਹਾ ਹੈ। ਪਿਛਲੇ ਸਾਲ ਤੇਜੀ ਨਾਲ ਖੁਸ਼ਹਾਲ ਹੋਏ ਮੱਧ ਵਰਗ ਲਈ ਅੰਨਾ ਹਜ਼ਾਰੇ ਇਕੋ ਇੱਕ ਨਾਇਕ ਬਣ ਗਏ ਤਾਂ ਉਸ ਦਾ ਕਾਰਨ ਇਹ ਹੈ ਕਿ ਭੂ-ਮੰਡਲੀਕਰਣ ਦੇ ਮਿੱਠੇ ਫ਼ਲ ਖਾਣ ਵਾਲਾ ਇਹ ਮੱਧ ਵਰਗ ਭਾਰਤ ਦੀ ਭ੍ਰਿਸ਼ਟ ਦਿੱਖ ਨਹੀਂ ਚਾਹੁੰਦਾ ਤੇ ਅੰਨਾ ਹਜ਼ਾਰੇ ਨੇ ਭਾਰਤ ਦੀ ਭ੍ਰਿਸ਼ਟ ਦਿੱਖ ਨੂੰ ਤੋੜਨ ਲਈ ਇਕ ਇਤਿਹਾਸਕ ਪਹਿਲ ਕੀਤੀ ਹੈ ਪਰ ਦੂਜੇ ਪਾਸੇ ਬੁੱਧੀ ਜੀਵੀ ਤਬਕਾ ਇਸ ਨੂੰ ਸ਼ੱਕ ਨਾਲ ਵੇਖ ਰਿਹਾ ਹੈ। ਇਸ ਦੀ ਇਕ ਵਜਾਹ ਤਾਂ ਆਮ ਸ਼ੱਕ ਹੈ ਕਿ ਕਿਤੇ ਇਹ ਵੀ ਤਾਂ ਲੋਕਾਂ ਨੂੰ ਮੂਰਖ ਬਣਾਉਣ ਵਾਲੇ ਹੋਰ ਕਾਨੂੰਨਾਂ ਦੀ ਤਰ੍ਹਾਂ ਕਾਗਜ਼ੀ ਸ਼ੇਰ ਬਣਾ ਕੇ ਰਹਿ ਜਾਵੇਗਾ। ਦੂਜੇ ਪਾਸੇ ਇਹ ਕਿ ਸਰਕਾਰ ਵਲੋਂ ਪ੍ਰਸਤਾਵਿਤ ਲੋਕਪਾਲ ਬਿੱਲ ਪਿਛਲੇ 40 ਸਾਲਾਂ ਤੋਂ ਠੰਡੇ ਬਸਤੇ 'ਚ ਪਿਆ ਹੈ ਜਿਸ ਲਈ ਕਾਂਗਰਸ ਤੇ ਭਾਜਪਾ ਬਰਾਬਰ ਦੀਆਂ ਜ਼ਿੰਮੇਵਾਰ ਹਨ। ਕੀ ਅਜਿਹੀ ਹਾਲਤ 'ਚ ਜਨ ਲੋਕਪਾਲ ਬਿੱਲ ਕੋਈ ਕਾਰਗਰ ਰੂਪ ਲੈ ਸਕੇਗਾ? ਅੰਨਾ ਹਜ਼ਾਰੇ ਦੇ ਸੁਝਾਅ 'ਤੇ ਜਿਹਨਾਂ ਗ਼ੈਰ ਸਰਕਾਰੀ ਮੈਂਬਰਾਂ ਨੂੰ ਮਸੌਦਾ ਸੰਮਤੀ 'ਚ ਰੱਖਿਆ ਗਿਆ ਹੈ। ਉਹਨਾਂ ਸਬੰਧੀ ਮਤਭੇਦਾਂ ਦੀ ਚਰਚਾ ਮੀਡੀਆ 'ਚ ਛਾਈ ਰਹੀ। ਇਕ ਚਰਚਾ ਵਕੀਲ ਬਾਪ-ਬੇਟੇ ਸ਼ਾਂਤੀ ਭੂਸ਼ਣ ਤੇ ਪ੍ਰਸ਼ਾਂਤ ਭੂਸ਼ਣ ਦੇ ਨਾਵਾਂ ਸਬੰਧੀ

ਹੈ। ਸੁਆਮੀ ਰਾਮਦੇਵ ਨੂੰ ਇਸ ’ਤੇ ਖਾਸ ਇਤਰਾਜ ਸੀ ਜਿਨ੍ਹਾਂ ਨੇ ਅੰਨਾ ਹਜ਼ਾਰੇ ਅਨੁਸਾਰ ਸਮਝਾ-ਬੁਝਾ ਦਿੱਤਾ ਗਿਆ। ਉਸ ਪਿੱਛੋਂ ਮਸ਼ਹੂਰ ਅਭਿਨੇਤਰੀ ਤੇ ਗੁਜਰਾਤ ’ਚ ਨਰੇਂਦਰ ਮੋਦੀ ਖਿਲਾਫ਼ ਚੋਣ ਲੜਨ ਵਾਲੀ ਸਮਾਜ ਸੇਵਕ ਮਲਿਕਾ ਸਾਰਾਭਾਈ ਨੇ ਅੰਨਾ ਹਜ਼ਾਰੇ ਵਲੋਂ ਮੋਦੀ ਨੂੰ ਗੁਜਰਾਤ ’ਚ ਵਧੀਆ ਹਕੂਮਤ ਦਾ ਸਰਟੀਫੀਕੇਟ ਦੇਣ ’ਤੇ ਸੁਆਲ ਪੈਦਾ ਹੋਇਆ ਹੈ। ਇਸ ਦੇ ਜੁਆਬ ’ਚ ਅੰਨਾ ਹਜ਼ਾਰੇ ਨੇ ਕਿਹਾ ਹੈ “ਮੈਂ ਉਸ ਦੇ ਕੀਤੇ ਵਿਕਾਸ ਦੇ ਕੰਮਾਂ ਦੀ ਤਰੀਫ਼ ਕੀਤੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਉਸ ਦੇ ਪਾਪ ਧੋਤੇ ਗਏ ਹਨ। ਫਿਰਕਾਪ੍ਰਸਤੀ ਦੇ ਮੁੱਦੇ ’ਤੇ ਮੈਂ ਉਹਨਾਂ ਨੂੰ ਅੱਜ ਵੀ ਪਾਕ-ਸਾਫ ਨਹੀਂ ਮੰਨਦਾ। ਪਰ ਸਭ ਤੋਂ ਵੱਡਾ ਝਮੇਲਾ ਕੁਝ ਅਖਬਾਰਾਂ ਦੇ ਦਫ਼ਤਰਾਂ ਪ੍ਰਾਪਤ ਇੱਕ ਆਡਿਓ ਸੀ. ਡੀ. ਸਬੰਧੀ ਉਠਿਆ ਜਿਸ ’ਚ ਸ਼ਾਂਤੀ ਭੂਸ਼ਣ, ਅਮਰ ਸਿੰਘ ਤੇ ਮੁਲਾਇਮ ਸਿੰਘ ਯਾਦਵ ਕੁਝ, ਵਿਵਾਦਪੂਰਨ ਗੱਲਬਾਤ ਕਰਦੇ ਸੁਣਾਈ ਦਿੰਦੇ ਹਨ। ਇਸ ਤੇ ਸ਼ਾਂਤੀ ਭੂਸ਼ਣ ਤੇ ਪ੍ਰਸ਼ਾਂਤ ਭੂਸ਼ਣ ਦੋਨਾ ਨੇ ਸਫ਼ਾਈ ਪੇਸ਼ ਕਰਦਿਆਂ ਕਿਹਾ ਕਿ ਅਜਿਹੀ ਗੱਲਬਾਤ ਕਦੀ ਨਹੀਂ ਹੋਈ ਅਤੇ ਇਹ ਮਨਘੜਤ ਸਾਜਿਸ਼ ਹੈ।

ਸੰਮਤੀ ਦੇ ਸਾਰੇ ਮੈਂਬਰਾਂ ਨੇ ਆਪਣੀ ਜਾਇਦਾਦ ਦਾ ਵੇਰਵਾ ਦਿੱਤਾ ਹੈ। ਜਿਸ ’ਚ ਅੰਨਾ ਹਜ਼ਾਰੇ ਕੋਲ 67 ਹਜ਼ਾਰ ਰੁਪਏ, ਜਦਕਿ ਸ਼ਾਂਤੀ ਭੂਸ਼ਣ ਦੀ ਕੁਲ ਜਾਇਦਾਦ ਲਗਭਗ 2 ਅਰਬ ਰੁਪਏ ਹੈ। ਜੇ ਸਰਕਾਰ ਪ੍ਰਸਤਾਵਿਤ ਲੋਕਪਾਲ ਬਿੱਲ ਤੇ ਅੰਦੋਲਨਕਾਰੀਆਂ ਵਲੋਂ ਪ੍ਰਸਤਾਵਿਤ ਜਨ ਲੋਕਪਾਲ ਨੂੰ ਵੇਖੀਏ ਤਾਂ ਕੁੱਝ ਬੁਨਿਆਦੀ ਫਰਕ ਨਜ਼ਰ ਆਉਂਦਾ ਹੈ। ਸਰਕਾਰੀ ਲੋਕਪਾਲ ਭ੍ਰਿਸ਼ਟਾਚਾਰ ਸਬੰਧੀ ਖੁਦ ਜਾਂ ਆਮ ਲੋਕਾਂ ਦੀ ਸ਼ਕਾਇਤ ’ਤੇ ਕਾਨੂੰਨੀ ਕਾਰਵਾਈ ਕਰਨ ਦਾ ਅਧਿਕਾਰ ਰੱਖਦਾ ਸੀ ਜਦਕਿ ਜਨ ਲੋਕਪਾਲ ਐਸਾ ਕਰ ਸਕਦਾ ਹੈ। ਇਸ ਤਰ੍ਹਾਂ ਸਰਕਾਰੀ ਲੋਕਪਾਲ ਦੇ ਤਹਿਤ ਮੰਤਰੀ ਮੰਡਲ ਦੇ ਸਹਿਯੋਗੀਆਂ ਦੀ ਜਾਂਚ ਬਾਰੇ ਪ੍ਰਧਾਨ ਮੰਤਰੀ ਫੈਸਲਾ ਕਰਨਗੇ। ਪਰ ਜਨ ਲੋਕਪਾਲ ਦੇ ਦਾਇਰੇ ’ਚ ਰਾਸ਼ਟਰਪਤੀ ਨੂੰ ਛੱਡ ਕੇ ਪ੍ਰਧਾਨ ਮੰਤਰੀ ਤੇ ਚੀਫ ਜਸਟਿਸ ਵੀ ਆਉਣਗੇ। ਜਨ ਲੋਕਪਾਲ ਬਿੱਲ ਕੋਲ ਐਫ. ਆਈ. ਆਰ. ਦਰਜ ਕਰਨ ਦਾ ਅਧਿਕਾਰ ਹੋਵੇਗਾ ਅਤੇ ਪੁਲਸ ਫੋਰਸ ਵੀ ਹੋਵੇਗੀ। ਹਾਲਾਂਕਿ ਸਰਕਾਰੀ ਲੋਕਪਾਲ ਇਸ ਤੋਂ ਵਾਂਝਿਆ ਰਹੇਗਾ ਅਤੇ ਉਹ ਸਿਰਫ਼ ਸਬੰਧਿਤ ਵਿਭਾਗ ਨੂੰ ਸ਼ਿਕਾਇਤ ਭੇਜ ਸਕਦਾ ਹੈ। ਅੰਦੋਲਨ ਕਾਰੀਆਂ ਮੁਤਾਬਕ ਇਸ ਲਈ ਕੇਂਦਰੀ ਪੱਧਰ ’ਤੇ ਇਕ ਲੋਕਪਾਲ ਤੇ ਰਾਜਾਂ ਦੇ ਲੋਕਪਾਲ ਕਮਿਸ਼ਨਰਾਂ ਦੀ ਨਿਯੁਕਤੀ ਹੋਵੇਗੀ। ਪਰ ਦੇਸ਼ ਦੀਆਂ ਸਭ ਜਮਹੂਰੀ ਸੰਸਥਾਵਾਂ ਤੋਂ ਵੱਧ ਵਕਤ ਰੱਖਣ ਵਾਲਾ ਜਨ ਲੋਕਪਾਲ ਕਿਸ ਦੀ ਦੇਖ ਰੇਖ ’ਚ ਕੰਮ ਕਰੇਗਾ ਤੇ ਕੀ ਬੇਰਹਿਮ ਹੋਣ ਦਾ ਖਤਰਾ ਨਹੀਂ ਹੋਵੇਗਾ? ਇਸ ਤਰ੍ਹਾਂ ਦੇ ਕੁੱਝ ਸੁਆਲ ਮਨੁੱਖੀ ਅਧਿਕਾਰ ਕਰਮੀਆਂ ਨੇ ਉਠਾਏ ਹਨ। ਡਰ ਹੈ ਕਿ ਕਿਤੇ ਜਨ ਲੋਕਪਾਲ ਖੁਦ ਉਹੀ ਬੀਮਾਰੀ ਨਾ ਸਾਬਤ ਹੋ ਜਾਵੇ। ਜਿਸ ਦਾ ਇਲਾਜ ਕਰਨ ਲਈ ਉਸ ਦਾ ਗਠਨ ਹੋਣ ਵਾਲਾ ਹੈ। ਜਨ ਲੋਕਪਾਲ ਵਿਧਾਇਕ ’ਚ ਪ੍ਰਸਤਾਵਿਤ ਤਾਕਤਵਰ ਵਿਵਸਥਾਵਾਂ ਦੇ ਭਰੋਸੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਨਾਲ ਜੁੜੇ ਨੇਤਾਵਾਂ ਨੂੰ ਲੱਗ ਰਿਹਾ ਹੈ ਕਿ ਉਹ ਭ੍ਰਿਸ਼ਟਾਚਾਰ ਨੂੰ ਖ਼ਤਮ ਕਰ ਦੇਵੇਗਾ। ਪਰ ਸੁਆਲ ਇਹ ਹੈ ਕਿ ਕੀ ਸਿਰਫ਼ ਕਾਨੂੰਨ ਬਣਨ ਨਾਲ ਹੀ ਉਸ ਦੇ ਕਾਰਗਰ ਹੋਣ ਦੀ ਗਲਤ ਫਹਿਮੀ ਪਾਲਣਾ ਨਹੀਂ ਹੈ। ਦੇਸ਼ ’ਚ ਕਾਨੂੰਨ ਹੈ ਕਿ ਆਦੀਵਾਸੀਆਂ ਦੀ ਜ਼ਮੀਨ ਨੂੰ

ਕੋਈ ਬਾਹਰਲਾ ਨਹੀਂ ਖ਼ਰੀਦ ਸਕਦਾ ਪਰ ਉਹਨਾਂ ਦੀ ਬਹੁਤ ਜ਼ਿਆਦਾ ਜ਼ਮੀਨ 'ਤੇ ਬਾਹਰਲਿਆਂ ਦਾ ਕਬਜਾ ਹੈ। ਕਾਨੂੰਨ 'ਚ ਦਰਜ ਹੈ ਕਿ 24 ਘੰਟਿਆਂ ਤੋਂ ਵੱਧ ਕਿਸੇ ਮੁਲਜਮ ਨੂੰ ਥਾਣੇ 'ਚ ਨਹੀਂ ਰੱਖਿਆ ਜਾ ਸਕਦਾ ਪਰ ਇਸ 'ਤੇ ਸ਼ਾਇਦ ਹੀ ਕਦੀ ਅਮਲ ਹੁੰਦਾ ਹੋਵੇ। ਉਤਰ ਪ੍ਰਦੇਸ਼ ਪੁਲਸ ਦੇ ਸਾਬਕਾ ਮਹਾਂ ਨਿਦੇਸ਼ਕ ਤੇ ਸਮਾਜਿਕ, ਕਾਰਜ ਕਰਤਾ ਐਸ. ਆਰ. ਦਾਰਾਪੁਰੀ ਕਹਿੰਦੇ ਹਨ, "ਕਾਨੂੰਨ ਬਣਾਉਣ ਤੇ ਉਸ ਨੂੰ ਲਾਗੂ ਕਰਨ 'ਚ ਬਹੁਤ ਫਰਕ ਹੈ ਜਿਸ ਨੂੰ ਲੋਕਪਾਲ ਲਈ ਸੰਘਰਸ਼ ਕਰਨ ਵਾਲੇ ਭੁੱਲ ਗਏ ਹਨ।" ਆਈ ਟੀ ਆਈ ਖਪਤਕਾਰ ਫੋਰਮ, ਮਨੁੱਖੀ ਅਧਿਕਾਰ ਕਮਿਸ਼ਨ ਤੋਂ ਲੈ ਕੇ ਖੁਦ ਲੋਕਪਾਲ ਵਰਗੇ ਨਾ ਜਾਣੇ ਕਿੰਨੇ ਹੀ ਮੰਚ ਹਨ ਜਿੱਥੋਂ ਲੋਕਾਂ ਨੂੰ ਨਿਆਂ ਮਿਲ ਸਕਦਾ ਹੈ।

ਖੁਦ ਅੰਨਾ ਹਜ਼ਾਰੇ ਮੰਨਦੇ ਹਨ ਕਿ ਸਰਕਾਰੀ, ਲੋਕਪਾਲ 'ਚ ਦੋਸ਼ੀ ਨੂੰ ਵੱਧ ਤੋਂ ਵੱਧ ਸਜ਼ਾ 5 ਤੋਂ 7 ਸਾਲ ਹੈ ਤੇ ਉਹ ਜੇਲ੍ਹ 'ਚੋਂ ਛੁੱਟ ਕੇ ਭ੍ਰਿਸ਼ਟਾਚਾਰ ਦੀ ਕਾਲੀ ਕਮਾਈ ਖਾ ਸਕਦੇ ਹਨ। ਪਰ ਜਨਲੋਕ ਪਾਲ 'ਚ ਵੱਧ ਤੋਂ ਵੱਧ ਉਮਰ ਕੈਦ ਦੀ ਸਜ਼ਾ ਦੀ ਵਿਵਸਥਾ ਹੈ ਤੇ ਦੋਸ਼ ਦਾ ਪੈਸਾ ਜ਼ਬਤ ਕਰਨ ਦੀ ਵਿਵਸਥਾ ਹੈ। ਅੰਦੋਲਨਕਾਰੀਆਂ ਦੇ ਇਸ ਦਾਅਵੇ ਪਿੱਛੋਂ ਸ਼ੱਕ ਵੀ ਹੁੰਦਾ ਹੈ ਕਿ ਕੀ ਸਰਕਾਰ ਤੇ ਉਸ ਦੇ ਨੁਮਾਇੰਦੇ ਐਸੀ ਕੋਈ ਕਾਨੂੰਨੀ ਵਿਵਸਥਾ ਬਣਾਉਣ ਨੂੰ ਤਿਆਰ ਹੋਣਗੇ। ਜਿਸ ਨਾਲ ਆਪਣੇ ਪੈਰ 'ਤੇ ਕੁਹਾੜੀ ਮਾਰਨ ਵਾਲੀ ਕਹਾਵਤ ਢੁੱਕਵੀਂ ਹੈ ਤੇ ਹਮੇਸ਼ਾ ਲਈ ਸੱਤਾ ਤੋਂ ਬੇਦਖਲ ਕਰ ਦਿੱਤੇ ਜਾਣਗੇ। ਖਾਸ ਕਰਕੇ ਉਦੋਂ ਜਦੋਂ ਬਹੁਤੇ ਲੋਕ ਨੁਮਾਇੰਦਿਆਂ ਲਈ ਰਾਜਨੀਤੀ ਇੱਕ ਪ੍ਰੀਵਾਰਿਕ ਉਦਯੋਗ ਬਣ ਚੁੱਕਿਆ ਹੋਵੇ ਅਤੇ ਕਾਰਪੋਰੇਟ ਦਲਾਲੀ ਹੀ ਵਿਕਾਸ ਦੀ ਰਾਜਨੀਤੀ ਦਾ ਪ੍ਰਤੀਕ ਚਿੰਨ। ਇਸ ਦੀ ਮਿਸਾਲ 2009 ਦੀਆਂ ਲੋਕ ਸਭਾ ਚੋਣਾ ਦਾ ਪ੍ਰਤੀਕ ਚਿੰਨ। ਇਸ ਦੀ ਮਿਸਾਲ 2009 ਦੀਆਂ ਲੋਕ ਸਭਾ ਚੋਣਾ 'ਚ 30 ਸਾਲ ਤੋਂ ਘੱਟ ਉਮਰ ਦੇ ਚੁਣਕੇ ਆਏ ਉਹ ਐਮ ਪੀ ਹਨ ਜੋ ਕਿਸੇ ਨਾ ਕਿਸੇ ਪ੍ਰੀਵਾਰਕ ਵਿਰਾਸਤ ਦੇ ਤਾਲੂ ਕੇਂਦਰ ਹਨ। ਭ੍ਰਿਸ਼ਟਾਚਾਰੀ ਵਿਰੋਧੀ ਮੁਹਿੰਮ 'ਚ ਅੰਨਾ ਨੇ ਪਹਿਲਾਂ ਅੜਿਕਾ ਤਾਂ ਪਾਰ ਕਰ ਲਿਆ ਹੈ ਪਰ ਅਸਲ ਚੁਣੌਤੀ ਅਜੇ ਬਾਕੀ ਹੈ। ਕੀ ਕਾਨੂੰਨ ਬਣੇਗਾ, ਕੈਸਾ ਬਣੇਗਾ ਤੇ ਉਸ 'ਚ ਮਦਦਗਾਰ ਕੌਣ ਹੋਣਗੇ? ਕੀ ਇਸ ਨੂੰ ਉਹ ਸੰਸਦ 'ਚ ਬੈਠਣ ਵਾਲੇ ਨੁਮਾਇੰਦੇ ਤਹਿ ਕਰਨਗੇ ਜਿਹਨਾਂ ਨੂੰ ਅੰਦੋਲਨਕਾਰੀ ਭ੍ਰਿਸ਼ਟ ਕਹਿ ਰਹੇ ਹਨ ਤੇ ਜਿਹਨਾਂ ਦੀ ਤਾਕਤ ਤੇ ਵਿਕੇਂਦਰੀਕਰਨ ਦੀ ਮੰਗ ਕਰ ਰਹੇ ਹਨ? ਸੰਸਦ 'ਚ ਔਰਤਾਂ ਦੇ 33 ਫੀਸਦੀ ਰਾਖਵੇਂਕਰਨ ਦੀ ਮੰਗ ਅਜੇ ਵੀ ਪੂਰੀ ਨਹੀਂ ਕੀਤੀ ਜਾ ਸਕਦੀ ਤੇ ਸੂਚਨਾ ਅਧਿਕਾਰ ਕਾਨੂੰਨ ਠੀਕ ਤਰ੍ਹਾਂ ਲਾਗੂ ਨਹੀਂ ਹੋਣ ਦਿੱਤਾ ਗਿਆ ਹੈ। ਸਰਕਾਰ ਤੇ ਅੰਨਾ ਹਜ਼ਾਰੇ ਵਿਚਾਲੇ ਸਮਝੌਤਾ ਕਰਵਾਉਣ ਵਾਲਿਆਂ 'ਚ ਸ਼ਾਮਲ ਕਿਰਨ ਬੇਦੀ ਅਨੁਸਾਰ 'ਹੋ ਸਕਦਾ ਹੈ ਕਿ ਕਾਨੂੰਨ ਬਣਾਉਣ 'ਚ ਸਰਕਾਰੀ ਮਨਮਾਨੀ ਕਰੇ ਜਾਂ ਉਹਨਾਂ ਵਿਵਸਥਾਵਾਂ ਨੂੰ ਨਾ ਰੱਖੇ ਜੋ ਭ੍ਰਿਸ਼ਟਾਚਾਰ ਦੀ ਬੁਨਿਆਦ ਤੋਂ ਚੋਟ ਕਰਦੇ ਹਨ। ਅਜਿਹਾ ਹੋਇਆ ਤਾਂ ਅਸੀਂ ਫਿਰ ਲੋਕਾਂ ਕੋਲ ਜਾਵਾਂਗੇ। ਕੁੱਝ ਅਲੋਚਕ ਸੰਮਤੀ ਦੇ ਮੈਂਬਰਾਂ ਦੇ ਚੋਣ ਅਮਲ 'ਤੇ ਵੀ ਸੁਆਲ ਉਠਾ ਰਹੇ ਹਨ ਕਿ ਆਖਰ ਇਹ ਚੋਣ ਕਿਹੜੇ ਜਮਹੂਰੀ ਅਮਲ ਨਾਲ ਹੋਈ।

ਕਰੀਬ ਸਾਲ ਪਹਿਲਾਂ 'ਇੰਡੀਆ ਅੰਗੇਨਸਟ ਕਰੱਪਸ਼ਨ' ਮੰਚ ਦੇ ਬੇਨਰ ਥੱਲੇ ਭ੍ਰਿਸ਼ਟਾਚਾਰ ਖਿਲਾਫ਼ ਸ਼ੁਰੂ ਹੋਈ। ਇਸ ਮੁਹਿੰਮ ਦੇ ਮੁਖੀਆ 'ਚੋਂ ਕੋਈ ਰਾਜਸੀ ਨੇਤਾ

ਸ਼ਾਮਲ ਨਹੀਂ ਸੀ ਬਲਕਿ ਉਹ ਆਪਣੇ ਖੇਤਰਾਂ ਦੇ ਮੁਖ ਸਮਾਜਿਕ-ਧਾਰਮਿਕ ਨੇਤਾਵਾਂ ਦਾ ਇਕ ਟੋਲਾ ਸੀ। ਇਸ ’ਚ ਰਾਮਦੇਵ, ਰਵੀ ਸ਼ੁੰਕਰ, ਮਹਮੂਦ ਮਦਨੀ ਸੁਆਮੀ ਅਗਨੀ ਵੇਸ਼, ਅੰਨਾ ਹਜ਼ਾਰੇ ਕਿਰਨ ਬੇਦੀ, ਮਲਿਕਾ ਸਾਰਾਭਾਈ, ਅਰਵਿੰਦ ਕੇਸਰੀਵਾਲ ਵਾਲ, ਦਵਿੰਦਰ ਸ਼ਰਮਾ ਤੇ ਸੇਅਦਸ਼ਾਹ ਫੇਜਲੁਰ ਰਹਿਮਾਨ ਵੈਜੀ ਆਦਿ ਸ਼ਾਮਲ ਸਨ। ਇਸ ਦੇ ਦਮ ’ਤੇ ਅੰਨਾ ਹਜ਼ਾਰੇ ਨੇ ਮੁੰਬਈ ’ਚ ਇਕ ਪ੍ਰੈਸ ਕਾਨਫਰੰਸ ਕਰਕੇ ਸਰਕਾਰ ਨੂੰ ਦੱਸਿਆ ਸੀ ਕਿ ਉਹ ਸਰਕਾਰ ਭ੍ਰਿਸ਼ਟਾਚਾਰ ਖਿਲਾਫ਼ ਲੋਕਾਂ ਵਲੋਂ ਤਿਆਰ ਜਨ ਲੋਕਪਾਲ ਬਿੱਲ ਲਾਗੂ ਕਰੇ। ਕੁਲ ਮਿਲਾ ਕੇ ਅੰਨਾ ਦੇ ਵਰਤ ਨੇ ਨਿਮਨ ਮੱਧਵਰਗੀ ਸਮਾਜ ’ਚ ਇਕ ਨਵੀਂ ਲਹਿਰ ਪੈਦਾ ਕੀਤੀ ਹੈ ਤੇ ਇਹ ਉਮੀਦ ਜਗਾਈ ਹੈ ਕਿ ਇਮਾਨਦਾਰੀ ਤੇ ਹਿੰਮਤ ਦਾ ਸੰਯੋਗ ਇਕ ਵੱਡੀ ਤਬਦੀਲੀ ਲਿਆ ਸਕਦਾ ਹੈ। ਜਨ ਲੋਕਪਾਲ ਬਿੱਲ ’ਤੇ ਸਰਕਾਰ ਨੂੰ ਸਹਿਮਤ ਕਰਵਾ ਲੈਣਾ। ਇਕ ਪ੍ਰਾਪਤੀ ਗਿਣੀ ਜਾ ਸਕਦੀ ਹੈ, ਪਰ ਅੱਗੇ ਰਾਹ ਔਖਾ ਤੇ ਤਾਣੀਂ ਹੋਰ ਵੀ ਉਲਝੀ ਹੋਈ ਹੈ। ਅਗਲੀ ਮੀਟਿੰਗ ’ਚ ਕੀ ਰਾਹ ਅਖਤਿਆਰ ਹੁੰਦਾ ਹੈ ਪਤਾ ਲੱਗ ਜਾਵੇਗਾ ਪਰ ਪੂੰਜੀਵਾਦ ਜੋ ਆਪ ਹੀ ਇਕ ਭ੍ਰਿਸ਼ਟਾਚਾਰ ਦਾ ਰੂਪ ਹੈ। ਉਸ ਦੀ ਜੜ੍ਹ ਜਦ ਤੱਕ ਨਹੀਂ ਵੱਢੀ ਜਾਂਦੀ ਕੋਈ ਕਾਨੂੰਨ ਪੂੰਜੀਵਾਦ ਦੇ ਤਹਿਤ ਰਹਿ ਕੇ ਪੂੰਜੀਵਾਦ ਭਾਵ ਭ੍ਰਿਸ਼ਟਾਚਾਰ ਦਾ ਕੁਝ ਨਹੀਂ ਵਿਗਾੜ ਸਕੇਗਾ।

# ਨਵ-ਉਦਾਰਵਾਦ ਦੀ ਲਬਾਟਰੀ 'ਚ ਭ੍ਰਿਸ਼ਟਾਚਾਰ

ਪਿਛਲੇ ਦੋ ਦਹਾਕਿਆਂ ਤੋਂ ਦੇਸ਼ ਪੂਰੀ ਦੁਨੀਆਂ ਦੇ ਨਾਲ, ਨਵ-ਉਦਾਰਵਾਦ ਦੀ ਲਬਾਟਰੀ 'ਚ ਤਬਦੀਲ ਹੋ ਗਿਆ ਹੈ। ਆਰ. ਐਸ. ਐਸ. ਦੀਆਂ ਪਿਛਲੇ ਕਰੀਬ ਸੌ ਸਾਲਾਂ ਦੇ ਕੋਸ਼ਿਸ਼ਾਂ ਦੇ ਬਾਵਜੂਦ ਲੋਕਾਂ ਨੇ ਦੇਸ਼ ਨੂੰ ਫਿਰਕਾਪ੍ਰਸਤੀ ਦੀ ਲਬਾਟਰੀ ਨਹੀਂ ਬਣਨ ਦਿੱਤਾ ਪਰ ਪੂੰਜੀਵਾਦੀ ਸਾਮਰਾਜ ਦੇ ਏਜੰਟਾਂ ਨੇ ਸਿਰਫ਼ 20-25 ਸਾਲਾਂ 'ਚ ਉਸ ਨੂੰ ਨਵ-ਉਦਾਰਵਾਦ ਦੀ ਲਬਾਟਰੀ ਜ਼ਰੂਰ ਬਣਾ ਦਿੱਤਾ। ਨਵ-ਉਦਾਰਵਾਦੀ ਅਰਥ ਨੀਤੀ ਤੋਂ ਸ਼ੁਰੂ ਹੋਇਆ ਸਿਲਸਿਲਾ, ਰਾਜਨੀਤੀ, ਸਿੱਖਿਆ, ਭਾਸ਼ਾ, ਸੱਭਿਆਚਾਰ, ਕਲਾ, ਪਤ੍ਰਕਾਰਿਤਾ, ਧਰਮ, ਅਧਿਆਤਮ ਆਦਿ ਨੂੰ ਆਪਣੀ ਮਾਰ ਹੇਠ ਲੈ ਚੁੱਕਿਆ ਹੈ। ਸਭ ਕੁੱਝ ਨੂੰ ਉਦਾਰਵਾਦੀ ਢਾਂਚੇ 'ਚ ਢਾਲਿਆ ਜਾ ਰਿਹਾ ਹੈ। ਸੋਨੀਆ ਦੇ ਸੈਕੂਲਰ ਸਿਪਾਹੀ ਉਸ 'ਚ ਸਹਾਇਕ ਬਣੇ ਹੋਏ ਹਨ। ਅਫਸੋਸ ਇਹ ਹੈ ਕਿ ਉਸ 'ਚ ਇੱਕ ਸਥਾਈ ਜਗਾਹ ਹਿੰਦੁਸਤਾਨ ਦੀ ਲਬਾਟਰੀ ਲਈ ਵੀ ਤਹਿ ਕਰ ਦਿੱਤੀ ਗਈ ਹੈ। ਸਿਵਲ ਸੁਸਾਇਟੀ ਐਕਟੀਵਿਸਟਾਂ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਨਵ-ਉਦਾਰਵਾਦੀ ਸ਼ਿਕੰਜੇ ਨੂੰ ਕਦੇ ਵੱਧ ਗਹਿਰਾਈ ਨਾਲ ਕਸ ਰਹੀ ਹੈ। ਟੀਮ ਹਜ਼ਾਰੇ ਤੇ ਰਾਮਦੇਵ ਦੇ ਨਾਲ ਜੁੜਨ ਵਾਲੇ ਲੋਕ ਨਵ-ਉਦਾਰਵਾਦੀ ਵਿਰੋਧੀ ਰਾਜਨੀਤੀ ਨਾਲ ਹੀ ਜੁੜ ਸਕਦੇ ਹਨ। ਜੋੜਨ ਵਾਲਾ ਚਾਹੀਦਾ ਹੈ। ਅਜਿਹੇ ਸਾਥੀਆਂ ਦੀ ਮੈਂਬਰਸ਼ਿਪ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਹ ਵਾਕਿਆ ਹੀ ਕੁਝ ਸਾਰਥਕ ਹੋਣਾ ਵੇਖਣਾ ਚਾਹੁੰਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਕਾਫੀ ਵਿਗੜ ਚੁੱਕੀ ਹਾਲਤ ਵਿੱਚ ਵੀ ਨਿਰਾਸ਼ ਨਹੀਂ ਹੋਣਾ ਚਾਹੁੰਦੇ। ਇਹ ਇਕ ਨਾ-ਪੱਖੀ ਰੁਝਾਣ ਹੈ, ਪਰ ਕੀ ਉਹ ਨਹੀਂ ਜਾਣਦੇ ਕਿ ਇਹ ਨਵ-ਉਦਾਰਵਾਦੀ ਵਿਵਸਥਾ ਦੇ ਪੇਟੇ ਦੀ ਤਪਸ਼ ਹੈ। ਜੋ ਉਸ ਨੇ ਆਪਣੇ ਬਚਾਅ ਲਈ ਪੈਦਾ ਕੀਤੀ ਹੈ? ਵਰਨਾ ਨਵ-ਉਦਾਰਵਾਦ ਦੀ ਮਾਰ ਰੱਖਣ ਵਾਲੇ ਤਾਂ ਸ਼ੁਰੂ ਤੋਂ ਸੰਘਰਸ਼ ਕਰ ਰਹੇ ਹਨ ਤੇ ਨਿਰਾਸ਼ਤਾ 'ਚ ਆਤਮ ਹੱਤਿਆ ਵੀ। ਕਿੰਨੇ ਹੀ ਜੁਝਾਰੂ ਲੋਕ ਦੇਸ਼ ਦੇ ਅਰਥਚਾਰੇ ਤੋਂ ਲੈ ਕੇ ਸਿੱਖਿਆ ਪ੍ਰਣਾਲੀ 'ਤੇ ਕਸੇ ਨਵ-ਉਦਾਰਵਾਦੀ ਸ਼ਿਕੰਜੇ ਨੂੰ ਤੋੜ ਦਾ ਸੰਘਰਸ਼ ਚਲਾ ਰਹੇ ਹਨ। ਕਈ ਲੋਕ ਹਨ ਜੋ ਨਵ-ਉਦਾਰਵਾਦੀ ਰੁਝਾਣ ਵਲੋਂ ਸੰਵਿਧਾਨ ਦੀ ਮੂਲ ਆਤਮਾ ਨੂੰ ਨਸ਼ਟ ਕਰਨ ਪ੍ਰਤੀ ਚੌਕੰਨਾ ਕਰਨ 'ਚ ਲੱਗੇ ਹੋਏ ਹਨ। ਉਹਨਾਂ ਸਾਰਿਆਂ ਦਾ ਸੰਘਰਸ਼ ਸਿੱਧਾ ਰਾਜਸੀ ਵੀ ਨਹੀਂ ਹੈ ਪਰ ਹਜ਼ਾਰੇ ਤੇ ਰਾਮਦੇਵ ਦੇ ਹਮਾਇਤੀਆਂ ਦਾ ਸੰਘਰਸ਼ ਸਾਥ ਦੇਣ ਲਾਇਕ ਨਹੀਂ ਲੱਗਦਾ। ਨਵ-ਉਦਾਰਵਾਦ ਦੇ ਕਿਰਦਾਰ ਤੇ ਪ੍ਰਭਾਵਾਂ ਨੂੰ ਸਮਝਣ ਤੇ ਦੱਸਣ ਦੇ ਉਦੇਸ਼ ਨਾਲ ਭਾਰਤੀ ਭਾਸ਼ਾਵਾਂ 'ਚ ਭਰਪੂਰ ਸਾਮਗਰੀ, ਪਰਚੇ, ਫੌਲਡਰ, ਪੁਸਤਕਾਂ, ਅਖਬਾਰ ਵੈੱਬਸਾਈਟਾਂ ਲਗਾਤਾਰ ਪ੍ਰਕਾਸ਼ਿਤ ਹੋ ਰਹੀਆਂ ਹਨ ਪਰ ਦੇਸ਼ ਗਰਮਾਉਣ ਵਾਲਿਆਂ ਨੂੰ ਉਸ ਨਾਲ ਕੋਈ ਸਰੋਕਾਰ ਨਹੀਂ ਹੈ। ਜਾਹਿਰ ਹੈ ਦੇਸ਼ ਨੂੰ ਗਰਮਾਉਣ ਦਾ ਏਜੰਡਾ ਉਹਨਾਂ ਦਾ ਵੱਖਰਾ ਹੈ। ਬਲਕਿ ਉਥੇ ਅਸਲੀ ਤਪਸ਼ ਹੈ।

ਸਿਵਲ ਸੁਸਾਇਟੀ ਐਕਟੀਵਿਸਟ ਉਸ 'ਤੇ ਪਾਣੀ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਸਿਵਲ ਸੁਸਾਇਟੀ ਉਪ ਨਿਵੇਸ਼ਵਾਦੀ ਵਿਵਸਥਾ ਕਾਇਮ ਹੋਣ ਦੇ ਨਾਲ ਬਣਨੀ ਸ਼ੁਰੂ ਹੋ ਗਈ ਸੀ। ਪਰ ਉਹ ਪਿਛਲੇ 25 ਸਾਲਾਂ ਤੋਂ ਜਾਰੀ ਨਵ-ਉਦਾਰਵਾਦੀ ਵਿਵਸਥਾ ਦੇ ਪੇਟ 'ਚ ਰਹਿੰਦਿਆਂ ਇਸ ਕਦਰ ਵਧੀ ਫੁਲੀ ਹੈ। ਜਿਸ 'ਚ ਭ੍ਰਿਸ਼ਟਾਚਾਰ

ਵੀ ਖੂਬ ਵਧਿਆ ਹੈ। ਹੁਣ ਇਹ ਭ੍ਰਿਸ਼ਟਾਚਾਰ ਰਹਿਤ ਨਵ-ਉਦਾਰਵਾਦੀ ਵਿਵਸਥਾ ਲੋਚਦੀ ਹੈ। ਭਾਰਤ 'ਚ ਇਹ ਕਿਵੇਂ ਸੰਭਵ ਹੋ ਸਕਦਾ ਹੈ। ਇੱਥੇ ਅਰਥਚਾਰਾ ਸਿਰਫ਼ ਇਕ ਚੌਥਾਈ ਅਬਾਦੀ ਲਈ ਬਣਾਇਆ ਤੇ ਚਲਾਇਆ ਜਾਂਦਾ ਹੈ। ਸਭ ਜਾਣਦੇ ਹਨ। ਨਵ-ਉਦਾਰਵਾਦੀ ਵਿਵਸਥਾ ਦੇਸ਼ ਦੀ ਤਿੰਨ ਚੌਥਾਈ ਅਬਾਦੀ ਨੂੰ ਬਾਹਰ ਰੱਖਕੇ ਚਲਾਈ ਜਾਂਦੀ ਹੈ। ਨਵ-ਉਦਾਰਵਾਦੀ ਆਰਥਿਕ ਸੁਧਾਰ ਤੇ ਨਵੀਂ ਆਰਥਿਕ ਨੀਤੀਆਂ ਵੱਧ ਤੋਂ ਵੱਧ 25 ਫੀਸਦੀ ਅਬਾਦੀ ਨੂੰ ਹੀ ਕਵਰ ਕਰਦੀਆਂ ਹਨ ਤੇ ਲੁੱਟਦੀਆਂ ਹਨ, ਸਮੁੱਚੇ ਸਾਧਨਾ ਤੇ ਕਿਰਤ ਨੂੰ। ਬਾਗੀਆਂ ਲਈ ਆਪਣੇ ਗੈਰ ਜੱਥੇਬੰਦ ਤੇ ਫੁਟਕਲ ਧੰਦੇ ਹਨ ਜਾਂ ਫਿਰ ਗਾਂਧੀ ਸਮੇਤ ਕਾਂਗਰਸੀ ਨੇਤਾਵਾਂ ਦੇ ਨਾਂ ਹੇਠ ਚਲਾਈਆਂ ਜਾਣ ਵਾਲੀਆਂ 'ਕਲਿਆਣਕਾਰੀ ਯੋਜਨਾਵਾਂ' ਉਹਨਾਂ 'ਚ ਵੀ ਨਾਲੋ ਨਾਲ ਭ੍ਰਿਸ਼ਟਾਚਾਰ ਹੁੰਦਾ ਰਹਿੰਦਾ ਹੈ। ਫਰਜ ਕਰੋ ਇਕ ਚੌਥਾਈ ਅਬਾਦੀ ਦਾ ਪੁਖਤਾ ਇੰਤਜਾਮ ਜੇ ਹੋ ਵੀ ਜਾਂਦਾ ਹੈ ਤਾਂ ਉਸ ਨਾਲ ਬਾਕੀ ਅਬਾਦੀ ਨੂੰ ਕੀ ਮਿਲਣ ਵਾਲਾ ਹੈ? ਉਸ ਨਾਲ ਇਕ ਚੌਥਾਈ ਅਬਾਦੀ ਨੂੰ ਸਬਰ ਤੇ ਖੁਸ਼ਹਾਲੀ ਹੋਰ ਵੱਧ ਜਾਵੇਗੀ। ਕੀ ਅਸੀਂ ਸਿਵਲ ਸੁਸਾਇਟੀ ਦੇ ਭ੍ਰਿਸ਼ਟਾਚਾਰੀ ਵਿਰੋਧੀ ਅੰਦੋਲਨ ਦਾ ਇਹ ਮਤਲਬ ਕੱਢੀਏ ਕਿ ਰਾਜਨੀਤੀ, ਨੌਕਰਸ਼ਾਹੀ, ਤੇ ਵਪਾਰ 'ਚ ਉਚੇ ਅਹੁਦਿਆਂ 'ਤੇ ਬੈਠਿਆਂ ਦੇ ਭ੍ਰਿਸ਼ਟਾਚਾਰ 'ਤੇ ਲਗਾਮ ਰਹੇਗੀ? ਤਾਂ ਸਿਵਲ ਸੁਸਾਇਟੀ, ਖਾਸ ਕਰਕੇ ਐਕਟੀ ਵਿਸਟਾਂ ਦੀਆਂ ਨਵ-ਉਦਾਰਵਾਦੀ ਨੀਤੀਆਂ ਦਾ ਫਾਇਦਾ ਹੋਰ ਵੱਧ ਮਿਲੇਗਾ? ਤਨਖਾਹਾਂ ਤੇ ਭੱਤੇ ਹੋਰ ਵਧਣਗੇ? ਐਨ ਜੀ ਓ ਨੂੰ ਹੋਰ ਫੰਡ ਮਿਲੇਗਾ। ਦੇਸ਼-ਵਿਦੇਸ਼ ਘੁਮਣਾ ਵੱਧ ਸੌਖਾ ਤੇ ਅਰਾਮ ਦੇਹ ਹੋਵੇਗਾ, ਮੌਜ-ਮਸਤੀ ਵੱਧ ਹੋ ਸਕੇਗੀ। ਬੇਟੇ-ਬੇਟੀਆਂ ਹੋਰ ਸਭ ਤੋਂ ਅੱਛੇ ਸੈਟਲ ਹੋ ਜਾਣਗੇ ਅਤੇ ਮਹਿੰਗੇ ਤੋਂ ਮਹਿੰਗਾ ਇਲਾਜ ਹੋ ਜਾਣ ਬਾਅਦ ਵੀ ਜਦ ਮੌਤ ਆ ਜਾਵੇਗੀ ਤਾਂ ਵਾਰਸਾਂ ਲਈ ਵੱਡੀ ਜਾਇਦਾਦ ਛੱਡ ਕੇ ਜਾਣਗੇ?

ਕਾਲਾ ਧਨ ਵਾਪਸ ਲਿਆ ਕੇ ਜਨਤਾ ਦਾ ਜਨਤਾ ਦੀ ਗ਼ਰੀਬੀ ਦੂਰ ਕਰਨ ਵਾਲੇ ਦਰਅਸਲ ਝਾਂਸਾ ਦਿੰਦੇ ਹਨ। ਕਾਲਾ ਧਨ ਜਮ੍ਹਾ ਕਰਨ ਵਾਲੇ ਸਵਿਸ ਤੇ ਹੋਰ ਬੈਂਕ ਇਸ ਵਿਵਸਥਾ ਦਾ ਮੰਨਜੂਰਸੁਦਾ ਹਿੱਸਾ ਹਨ। ਇਹ ਵਿਵਸਥਾ ਧਨ ਨੂੰ ਕਾਲਾ ਕਰ ਸਕਦੀ ਹੈ ਪਰ ਜਿਹਨਾਂ ਨੇ ਉਹ ਪੈਦਾ ਕੀਤਾ ਹੈ ਉਹਨਾਂ 'ਤੇ ਖਰਚ ਨਹੀਂ ਕਰ ਸਕਦੀ। ਇਹ ਅਨਾਜਾਂ ਨੂੰ ਬਰਬਾਦ ਕਰ ਦੇਵੇਗੀ। ਉਹਨਾਂ ਦੀ ਪੈਦਾਵਾਰ ਘਟਾ ਦੇਵੇਗੀ ਪਰ ਭੁੱਖੇ ਤੇ ਕੁਪੋਸ਼ਿਤ ਲੋਕਾਂ ਨੂੰ ਨਹੀਂ ਵੰਡੇਗੀ। ਤੁਸੀਂ ਮੰਨੋ ਜਾਂ ਨਾ, ਕਹਿਣਾ ਹੋਵੇਗਾ ਕਿ ਭ੍ਰਿਸ਼ਟਾਚਾਰ ਦੇ ਵਿਰੋਧ 'ਚ ਜੋ ਦੇਸ਼ ਗਰਮਾ ਰਿਹਾ ਹੈ। ਉਸ ਦੀ ਸਚਾਈ ਇਹੀ ਹੈ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਦੀਆਂ ਛੋਟੀ ਮੋਟੀਆਂ ਰਾਜਸੀ ਸਰਗਰਮੀਆਂ ਦੇ ਅਨੁਭਵ 'ਤੇ ਸਾਡਾ ਮੰਨਣਾ ਹੈ ਕਿ ਭ੍ਰਿਸ਼ਟਾਚਾਰ ਵਿਰੋਧ ਦੀ ਇਹ ਮੁਹਿੰਮ ਅਸਲ 'ਚ ਰਾਜਨੀਤੀ ਦੇ ਵਿਰੋਧ ਦੀ ਮੁਹਿੰਮ ਹੈ। ਅਮਰੀਕਾ ਤੋਂ ਭਾਰਤ ਤੱਕ ਨਵ-ਉਦਾਰਵਾਦ ਅਜ਼ਾਦ ਰਾਜਨੀਤੀ ਨੂੰ ਇੱਜ਼ਤ ਨਹੀਂ ਦਿੰਦਾ। ਬੇਰਾਕ ਓਬਾਮਾ ਨੂੰ ਰਾਸ਼ਟਰਪਤੀ ਬਣਿਆਂ ਦੋ ਸਾਲ ਹੋ ਗਏ ਹਨ। ਅਗਲੀ ਚੋਣ ਲੜਨ ਲਈ ਉਹਨਾਂ ਨੇ ਰਿਕਾਰਡ ਪੈਸਾ ਇੱਕਠਾ ਕਰ ਲਿਆ ਹੈ। ਅਮਰੀਕਾ 'ਚ ਇਹ ਚਲ ਸਕਦਾ ਹੈ ਪਰ ਭਾਰਤ 'ਚ ਅਜਾਦ ਰਾਜਨੀਤੀ ਦਾ ਨਾ ਰਹਿਣਾ, ਭਾਰਤ ਦਾ ਹੀ ਖਾਤਮਾ ਕਰ ਦੇਵੇਗਾ। ਨਵ-ਉਦਾਰਵਾਦੀ ਲਬਾਟਰੀ 'ਚ ਆਰਥਿਕ ਨੀਤੀ ਪਿੱਛੋਂ ਸਿੱਖਿਆ ਸਿਹਤ,

ਭਾਸ਼ਾ, ਕਲਾ, ਸਾਹਿਤ, ਸੱਭਿਆਚਾਰ ਇੱਥੋਂ ਤੱਕ ਕਿ ਨਾਗਰਿਕ ਬੋਧ ਤੇ ਜੀਵਨ ਮੁੱਲਾਂ ਨੂੰ ਵੀ ਨਵ-ਉਦਾਰਵਾਦੀ ਢਾਂਚੇ 'ਚ ਢਾਲਿਆ ਜਾ ਰਿਹਾ ਹੈ। ਜੇ ਰਾਜਨੀਤੀ ਉਸੇ ਢਾਂਚੇ 'ਚ ਚੱਲ ਜਾਵੇਗੀ। ਤਾਂ ਨਵ-ਉਦਾਰਵਾਦ ਦਾ ਤਜਰਬਾ ਪੂਰਾ ਹੋ ਜਾਵੇਗਾ। ਅਲਬਤਾ ਤਾਂ ਨਵ-ਉਦਾਰਵਾਦ ਦੇ ਸਮਰਥਕਾਂ ਨੂੰ ਕੋਈ ਸਮੱਸਿਆ ਨਹੀਂ ਪਰ ਜਦ ਮਹਿੰਗਾਈ, ਬੇਰੁਜ਼ਗਾਰੀ, ਬੀਮਾਰੀ, ਕੁਪੋਸ਼ਣ ਉਜਾੜਾ, ਕਿਸਾਨਾਂ ਤੇ ਛੋਟੇ ਕਾਰੋਬਾਰੀਆਂ ਦੀ ਆਤਮ ਹੱਤਿਆਵਾਂ ਦੀ ਖਬਰਾਂ ਤੇ ਰੀਪੋਟਾਂ ਆਉਂਦੀਆਂ ਹਨ। ਉਹ ਨਵ-ਉਦਾਰਵਾਦੀ ਨੀਤੀਆਂ ਨੂੰ ਨਹੀਂ। ਉਹਨਾਂ ਨੂੰ ਫੈਸਲਾਕੁੰਨ ਤੇ ਤੇਜ ਰਫ਼ਤਾਰ ਨਾਲ ਲਾਗੂ ਕਰਨ ਨਾ ਕਰ ਸਕਣ ਵਾਲੀਆਂ ਸਰਕਾਰਾਂ, ਰਾਜਨੀਤੀ ਤੇ ਰਾਜ ਨੂੰ ਦੋਸ਼ ਦਿੰਦੇ ਹਨ।

ਰਾਜਨੀਤੀ ਤੋਂ ਨਫਰਤ ਦਾ ਆਲਮ ਕਿਉਂ? - ਪਿਛਲੇ ਦਿਨੀਂ ਦਰਵਾਜੇ ਕੋਲ ਸ਼ਹੀਦੀ ਪਾਰਕ 'ਚ ਜੇ ਪੀ ਦੀ ਮੂਰਤੀ ਦੇ ਪਰਛਾਵੇ 'ਚ ਇਕ ਕੀਤੀ ਮੀਟਿੰਗ 'ਚ ਟੀਮ ਅੰਨਾ ਹਜ਼ਾਰੇ ਦੇ ਇਕ ਮੁਖ ਨੁਮਾਇੰਦੇ ਸੁਆਮੀ ਅਗਨੀਵੇਸ਼ ਦੇ ਵਿਚਾਰ ਸੁਨਣ ਨੂੰ ਮਿਲੇ। ਅਵਸਰ ਕੁਝ ਸਾਥੀਆਂ ਵੱਲੋਂ ਪਟਨਾ ਤੋਂ ਦਿੱਲੀ ਤੱਕ ਦੀ ਗਈ। ਸੰਪੂਰਨ ਕ੍ਰਾਂਤੀ, ਸੰਕਲਪ ਯਾਤਰਾ ਦੇ ਸਥਾਪਨਾ ਦਾ ਸੀ। ਅਗਨੀਵੇਸ਼ ਨੇ ਰਾਜਨੀਤੀ ਨੂੰ ਬੁਰਾ ਹੀ ਕਿਹਾ ਤੇ ਲੋਕ ਸ਼ਕਤੀ ਦੀ ਇੱਛਾ ਹੀ ਦੱਸੀ। ਆਪਣੀ ਤਰੀਫ ਆਪ ਕਰਦਿਆਂ ਖੁਦ ਨੂੰ ਹੋਰ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੇ ਸੰਸਥਾਪਕ ਤੇ ਸਾਥੀਆਂ ਨੂੰ ਲੋਕ ਸ਼ਕਤੀ ਦਾ ਸੱਚਾ ਹਮਾਇਤੀ ਤੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਨੂੰ ਸੱਚੀ ਲੋਕ ਸ਼ਕਤੀ ਮੁਹਿੰਮ ਐਲਾਨਿਆ। ਬਿਨਾਂ ਕਿਸੇ ਸ਼ਕ ਦੇ ਗੋਆ ਲੋਕ ਸ਼ਕਤੀ ਰੱਸਗੁੱਲਾ ਹੋਵੇ, ਉਠਾਇਆ ਤੇ ਗੜੱਪ ਕਰਕੇ ਖਾ ਲਿਆ। ਜਿਵੇਂ ਇਸ ਦੇਸ਼ 'ਚ ਲੋਕ ਸ਼ਕਤੀ ਦੀ ਪਹਿਚਾਣ, ਪ੍ਰੀਭਾਸ਼ਾ ਤੇ ਸਾਧਨਾ ਦਾ ਕੋਈ ਵਿਚਾਰ ਵਟਾਂਦਰਾ ਤੇ ਸੰਘਰਸ਼ ਹੀ ਨਾ ਰਿਹਾ ਹੋਵੇ। ਲੋਕ ਸ਼ਕਤੀ ਦੇ ਗੁਣਚਾਣ 'ਚ ਗਾਂਧੀ ਦਾ ਹਵਾਲਾ ਜ਼ਰੂਰ ਦਿੱਤਾ। ਨਵ-ਉਦਾਰਵਾਦ ਦੀ ਲਬਾਟਰੀ 'ਚ ਗਾਂਧੀ ਨੂੰ ਅਜਿਹੀ ਗ਼ਰੀਬ ਗਾਂ ਬਣਾ ਦਿੱਤਾ ਗਿਆ ਹੈ ਕਿ ਜਿਸ ਦੀ ਰੱਸੀ ਖਿੱਚਕੇ ਕੋਈ ਵੀ ਆਪਣੇ ਕਿਲੇ ਨਾਲ ਬੰਨ ਲੈਂਦਾ ਹੈ। ਮਨਮੋਹਨ, ਸੋਨੀਆ ਤੋਂ ਲੈ ਕੇ ਅੰਨਾ ਰਾਮਦੇਵ ਤਕ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ 'ਚ ਧਨ ਤੋਂ ਲੈ ਕੇ ਪ੍ਰਚਾਰ ਤੱਕ ਦਾ ਪ੍ਰਬੰਦ ਕਰਨ ਵਾਲੇ ਅਰਵਿੰਦ ਕੇਜਰੀਵਾਲ ਅਭਿਆਨ ਦੀ ਇਕ ਸਰਗਰਮ ਹਸਤੀ ਕਿਰਨ ਬੇਦੀ ਦੀ ਨਜ਼ਰ ਛੋਟਾ ਗਾਂਧੀ ਹੈ। ਨਰੇਂਦਰ ਮੋਦੀ ਦਾ ਗਾਂਧੀ ਪ੍ਰੇਮ ਅਕਸਰ ਪ੍ਰਗਟ ਹੁੰਦਾ ਰਹਿੰਦਾ ਹੈ। ਉਹਨਾਂ ਨੇ ਜੱਗੁ ਜਗਤ ਬਣਾਇਆ ਹੈ। ਉਸ ਦੀ ਪ੍ਰੇਰਨਾ ਉਹ ਗਾਂਧੀ ਨੂੰ ਮੰਨਦੇ ਹਨ। ਅੰਨਾ ਹਜ਼ਾਰੇ ਨੂੰ ਆਪਣੇ ਪ੍ਰਸੰਸ਼ਾ ਪਤ੍ਰ ਵਜੋਂ ਸਭ ਤੋਂ ਪਹਿਲੇ ਨਰਿੰਦਰ ਮੋਦੀ ਸ਼ਾਇਦ ਇਸ ਲਈ ਯਾਦ ਆਏ। ਨਵ-ਉਦਾਰਵਾਦੀ ਦੀ ਲਬਾਟਰੀ 'ਚ ਗਾਂਧੀ ਦੀ ਇਕ ਵੱਖਰੀ ਪ੍ਰਤਿਮਾ ਘੜੀ ਜਾ ਰਹੀ ਹੈ। ਵਰਨਾ ਕੀ ਕਾਰਨ ਹੈ ਕਿ ਸ਼ਰੇਆਮ ਸੰਵਿਧਾਨ ਤੇ ਅਹੁਦੇ ਦੀ ਜ਼ਿੰਮੇਵਾਰੀ ਤੇ ਮਨੁੱਖ ਮਰਿਆਦਾ ਨੂੰ ਅੰਗੂਠਾ ਵਿਖਾਕੇ ਹਜ਼ਾਰਾਂ ਨਿਰਦੋਸ਼ ਲੋਕਾਂ ਦੀ ਹੱਤਿਆ ਕਰਨ ਵਾਲੇ ਨਰੇਂਦਰ ਮੋਦੀ ਦੇ ਪ੍ਰਸੰਸ਼ਕ ਅੰਨਾ ਹਜ਼ਾਰੇ ਨੂੰ ਗਾਧੀਵਾਦੀ ਕਿਹਾ ਜਾ ਰਿਹਾ ਹੈ। ਗਾਂਧੀਵਾਦੀ ਚੁੱਪ ਹੀ ਨਹੀਂ, ਹਮਾਇਤ 'ਚ ਹੈ।

ਗਾਧੀ ਦੀ ਰਟ ਲਾਉਣ ਵਾਲੇ ਸਿਵਲ ਸੁਸਾਇਟੀ ਐਕਟੀਵਿਸਟ ਕਦੀ ਲੋਹੀਆ ਦਾ ਨਾਂ ਨਹੀਂ ਲੈਂਦੇ। ਸ਼ਾਇਦ ਉਹ ਗਾਂਧੀਵਾਦੀਆਂ ਦੀ ਚੌਧੀ ਕੋਟੀ ਦਾ

ਨਾਮਕਰਣ ਹੋਣ ਤੋਂ ਡਰਦੇ ਹਨ। ਜੋ ਨਵ-ਉਦਾਰਵਾਦੀ ਦੀ ਲਬਾਟਰੀ 'ਚ ਘੜ ਕੇ ਉਹਨਾਂ ਦੇ ਰੂਪ 'ਚ ਸਾਹਮਣੇ ਆਈ ਹੈ। ਹਾਲਾਂਕਿ ਸੰਭਾਵਨਾ ਸਿਫਰ ਹੈ, ਪਿਛੜਾ ਰਾਜ ਆਉਣ 'ਤੇ ਇਹ ਲੋਕ ਲੋਹੀਆ ਨੂੰ ਵੀ ਲਪੇਟ ਸਕਦੇ ਹਨ ਅਤੇ ਦਲਿਤ ਰਾਜ ਆਉਣ 'ਤੇ ਅੰਬੇਦਕਰ ਨੂੰ। ਕੀ ਇਸ ਜਮਾਮਤ ਨੂੰ ਥੋਥਰ ਗਾਧੀਵਾਦੀ ਕਿਹਾ ਜਾ ਸਕਦਾ ਹੈ? ਅਗਨੀਵੇਸ਼ ਨੇ ਵੀ ਆਪਣੇ ਭਾਸ਼ਣ 'ਚ ਗਾਂਧੀ ਦਾ ਹਵਾਲਾ ਦਿੱਤਾ ਕਿ ਉਹ ਉਹਨਾਂ ਦਾ ਨਾਂ ਅੱਗੇ ਵਧਾ ਰਹੇ ਹਨ। ਇਹਨਾਂ ਦੀ ਨਜ਼ਰ 'ਚ ਇਹੀ ਲੋਕਸ਼ਕਤੀ ਹੈ ਜੋ ਉਹਨਾਂ ਦੇ ਸੱਦੇ 'ਤੇ ਜੰਤਰ-ਮੰਤਰ ਤੇ ਰਾਮਲੀਲਾ ਮੈਦਾਨ ਪਹੁੰਚਦੀ ਹੈ। ਕਪਿਲ ਸਿਬਲ ਦੇ ਚੋਣ ਖੇਤਰ 'ਚ ਆਤਮ ਨਿਰਣਾ ਕਰਵਾਉਂਦੀ ਹੈ ਅਤੇ ਟੀ. ਵੀ. ਅਖਬਾਰਾਂ 'ਚ ਜਨ ਲੋਕਪਾਲ ਬਿੱਲ ਦੇ ਪੱਖ 'ਚ ਤਾੜੀਆਂ ਮਾਰਦੀ ਹੈ। ਨਵ-ਉਦਾਰਵਾਦੀ ਦੀ ਲਬਾਟਰੀ 'ਚ ਲੋਕ ਸ਼ਕਤੀ ਦਾ ਅਧਾਰ ਤੇ ਮਤਲਬ ਬਦਲ ਗਏ ਹਨ। ਜਿਹਨਾਂ ਨੂੰ ਨਵ-ਉਦਾਰਵਾਦੀ ਛਤਰੀ ਹਾਸਲ ਹੈ, ਉਹ ਹੀ ਲੋਕ ਸ਼ਕਤੀ ਹੈ। ਉਹਨਾਂ ਨੂੰ ਰੇਹੜੀ ਨਹੀਂ ਲਾਉਣੀ ਪੈਂਦੀ, ਕਚਰਾ ਨਹੀਂ ਇਕੱਠਾ ਕਰਨਾ ਪੈਂਦਾ, ਉਹਨਾਂ ਦੇ ਬੱਚੇ ਢਾਬਿਆਂ 'ਤੇ ਭਾਂਡੇ ਨਹੀਂ ਮਾਂਜਦੇ। ਉਹਨਾਂ ਦੀਆਂ ਔਰਤਾਂ ਕਈ-ਕਈ ਘਰਾਂ 'ਚ ਝਾੜੂ-ਪੋਚੇ, ਬਰਤਨ ਨਹੀਂ ਕਰਦੀਆਂ। ਉਹਨਾਂ ਨੂੰ ਮਾਲ-ਮੂਤਰ ਸਫਾਈ, ਕਮਰਤੋੜੇ ਫੁਟਕਲ ਮਜ਼ਦੂਰੀ, ਕਾਰੀਗਰੀ, ਕਿਸਾਨੀ ਆਦਿ ਨਹੀਂ ਕਰਨੀ ਪੈਂਦੀ। ਨਵ-ਉਦਾਰਵਾਦੀ ਦੀ ਛਤਰੀ ਹੇਠਾ ਪੈਸੇ ਦੇ ਸੋਮਿਆ ਦੀ ਕਮੀ ਨਹੀਂ ਹੁੰਦੀ ਕਿਉਂਕਿ ਦੇਸ਼ ਦੇ ਸਾਧਨਾ ਦੀ ਲੁੱਟ 'ਚ ਉਹਨਾਂ ਦਾ ਘਟੋ ਘੱਟ ਹਿੱਸਾ ਤਹਿ ਹੈ। ਉਹਨਾਂ ਦੇ ਸਾਰੇ ਕੰਮ ਸੌਖੇ ਹਨ ਕਿਉਂਕਿ ਉਹਨਾਂ ਦੀ ਆਪਸ 'ਚ ਸੰਘਣੀ ਨੈਟਵਰਕ ਹੈ। ਉਹ ਅੰਗ੍ਰੇਜ਼ੀ ਬੋਲਦੇ ਹਨ ਜਾਂ ਅੱਗੇ ਚਲਕੇ ਬੋਲਣਗੇ। ਲੱਖ ਕਰਜਾ ਹੋ ਜਾਵੇ ਉਹ ਆਤਮ ਹੱਤਿਆ ਬਾਰੇ ਨਹੀਂ ਸੋਚਦੇ। ਉਹਨਾਂ ਦੀ ਜਵਾਨੀ ਦਾ ਆਲਮ ਇਹ ਹੈ ਕਿ ਚਾਲੀ ਜਾਂ ਪੰਜਾਹ ਵਰ੍ਹਿਆਂ ਤੋਂ ਵੱਡੇ ਹੋ ਕੇ ਉਹ ਜਵਾਨ ਅਖਵਾਉਂਦੇ ਹਨ ਅਤੇ ਨੌਜਵਾਨ ਪੀੜੀ ਨੂੰ ਨਿਰਦੇਸ਼ ਦਿੰਦੇ ਹਨ। ਅਗਨੀਵੇਸ਼ ਨੇ ਆਪਣੇ ਭਾਸ਼ਣ 'ਚ ਇਸ 28-29 ਮਈ ਨੂੰ ਹੈਦਰਾਬਾਦ 'ਚ ਬਣੀ ਸੋਸਲਿਸਟ ਪਾਰਟੀ ਦਾ ਜ਼ਿਕਰ ਕੀਤਾ। ਇਸ ਦੱਸਣ ਲਈ ਕਿ ਭ੍ਰਿਸ਼ਟ ਰਾਜਨੀਤੀ ਦਾ ਮੁਕਾਬਲਾ ਰਾਜਸੀ ਪਾਰਟੀਆਂ ਬਣਾ ਕੇ ਨਹੀਂ ਕੀਤਾ ਜਾ ਸਕਦਾ। ਉਹਨਾਂ ਮੁਤਾਬਕ ਕੋਈ ਨਵ-ਗਠਿਤ ਰਾਜਸੀ ਪਾਰਟੀ ਹੋਣ ਦੇ ਨਾਤੇ ਭ੍ਰਿਸ਼ਟ ਹੀ ਹੋਵੇਗੀ। ਮੰਚ ਤੇ ਹਾਜਰ ਜਸਟਿਸ ਰਜਿੰਦਰ ਸੱਚਰ ਨੇ ਉਹਨਾਂ ਨੂੰ ਕਿਹਾ ਕਿ ਉਹ ਭ੍ਰਿਸ਼ਟਾਚਾਰ ਵਿਰੁੱਧ ਸੰਘਰਸ਼ ਨੂੰ ਅਸਲੀ ਤੇ ਵਿਆਪਕ ਬਣਾਉਣ ਲਈ ਸੋਸਲਿਸ਼ਟ ਪਾਰਟੀ ਚ ਸ਼ਾਮਲ ਹੋਣ ਦੀ ਸੋਚਣ। ਅਗਨੀ ਵੇਸ਼ ਨੇ ਜੁਆਬ ਦਿੱਤਾ ਕਿ ਰਾਜਸੀ ਪਾਰਟੀ ਬਣਾਉਣਾ ਜਾਂ ਉਸ 'ਚ ਸ਼ਾਮਲ ਹੋਣਾ 'ਭਟਕੇ ਹੋਏ ਗੁੰਮਰਾਹ ਲੋਕਾਂ' ਦੇ ਨਾਂ ਵੀ ਉਹਨਾਂ ਨੇ ਉਛਾਲੇ ਕਿ ਅਜਿਹੇ ਲੋਕ ਚਾਹੁਣ ਤਾਂ ਸੋਸਲਿਸ਼ਟ ਪਾਰਟੀ 'ਚ ਸ਼ਾਮਲ ਹੋਣ। ਮਜ਼ੇ ਦੀ ਗੱਲ ਹੈ ਕਿ ਰਾਜਨੀਤੀ ਨੂੰ ਭ੍ਰਿਸ਼ਟ ਮੰਨਣ ਤੇ ਦੱਸਣ ਵਾਲੇ ਇਹ ਲੋਕ ਮਨਮੋਹਨ ਸਿੰਘ ਨੂੰ ਉਤਮ ਇਮਾਨਦਾਰ ਤੇ ਸੋਨੀਆ ਗਾਂਧੀ ਨੂੰ ਤਿਆਗ ਦੀ ਦੇਵੀ ਦਸਦੇ ਹਨ। ਨਵ-ਉਦਾਰਵਾਦੀ ਦੀ ਲਬਾਟਰੀ 'ਚ ਜੋ ਦੋ ਭਾਵੀ ਪ੍ਰਧਾਨ ਮੰਤਰੀ ਤਿਆਰ ਹੋ ਰਹੇ ਹਨ - ਰਾਹੁਲ ਗਾਂਧੀ ਤੇ ਨਰੇਂਦਰ ਮੋਦੀ। ਉਹਨਾਂ ਨਾਲ ਵੀ ਇਹਨਾਂ ਸਾਰਿਆਂ ਨੂੰ ਕੋਈ ਸ਼ਿਕਵਾ-ਸ਼ਕਾਇਤ ਨਹੀਂ ਹੁੰਦੀ। ਖੁਦ ਵੀ ਸਭ ਰਾਜ ਸਭਾ ਜਾਣ ਦਾ ਸੁਪਨਾ ਪਾਲਦੇ ਹਨ। ਉਸ ਲਈ ਆਪਸ 'ਚ ਦੌੜ ਵੀ ਲਾਉਂਦੇ ਹਨ।

ਰਾਜਨੀਤੀ ਦੀ ਟੀਸੀ ’ਤੇ ਬੈਠੇ ਨੇਤਾ ਪ੍ਰਸੰਸ਼ਾਂ ਦੇ ਪਾਤਰ ਹਨ। ਆਪ ਖੁਦ ਪਿਛਲੇ ਦਰਵਾਜੇ ਤੋਂ ਸੰਸਦ ’ਚ ਦਾਖਲ ਹੋਣਾ ਚਾਹੁੰਦੇ ਹਨ – ਫਿਰ ਰਾਜਨੀਤੀ ਨੂੰ ਭ੍ਰਿਸ਼ਟ ਕਹਿਣ ਦਾ ਕੀ ਅਰਥ ਹੈ? ਸਭ ਜਾਣਦੇ ਹਾਂ-ਰਾਜਨੀਤੀ ਜਾਂ ਜੀਵਨ ਦਾ ਕੋਈ ਸਿਧਾਂਤ ਜਾਂ ਅਭਿਆਸ ਨਿਰਗੁਣ ਨਿਰਾਕਾਰ ਨਹੀਂ ਹੁੰਦਾ ਹੈ। ਕੋਈ ਸਿਧਾਂਤ ਜਾਂ ਅਮਲ ਸਿਰਫ਼ ਨਿਆਂਇਕ ਵੀ ਨਹੀਂ ਹੁੰਦਾ। ਹਾਲਾਂਕਿ ਇਤਿਹਾਸ ਦੇ ਹਰ ਦੌਰ ਦਾ ਇਕ ਯੁੱਧ ਧਰਮ ਵੀ ਨਹੀਂ ਹੁੰਦਾ ਹੈ। ਜੋ ਆਧੁਨਿਕ ਸਮੇਂ ’ਚ ਰਾਜਨੀਤੀ ਹੈ। ਸਭ ਸਿਧਾਤਾਂ ਤੇ ਅਭਿਆਸਾਂ ਦੀ ਕਸੌਟੀ ਮਨੁੱਖ ਹੁੰਦਾ ਹੈ ਤੇ ਮਨੁੱਖ ਦੀ ਕਸੌਟੀ ਸਮਾਜਿਕਤਾ। ਮਨੁੱਖ ਦੀਆਂ ਸਮਾਜਿਕਤਾਂ ਦੀਆਂ ਕੋਸ਼ਿਸ਼ ਨੂੰ ਹੀ ਅਸੀਂ ਮਨੁੱਖੀ ਸੱਭਿਅਤਾ ਕਹਿੰਦੇ ਹਾਂ। ਅਧੁਨਿਕ ਕਾਲ ’ਚ ਸਮਾਜਿਕਤਾ ਦੀ ਉਸਾਰੀ ਦਾ ਕੰਮ ਰਾਜਨੀਤੀ ਕਰਦੀ ਹੈ। ਇਹ ਸਮਾਜਿਕਤਾ ਨੂੰ ਖਾਰਜ ਕਰਕੇ ਨਹੀਂ ਚਲ ਸਕਦੀ। ਇਸ ਤਰ੍ਹਾਂ ਸਮਾਜਿਕਤਾ ਦੀ ਭੂਮਿਕਾ ਤੇ ਰੂਪ ਰਾਜਨੀਤੀ ਨੂੰ ਨਾਕਾਰ ਕੇ ਨਹੀਂ ਬਣ ਸਕਦੇ ਤਾਂ ਹੀ ਲੋਹੀਆ ਨੇ ਰਾਜਨੀਤੀ ਨੂੰ ਘੱਟ ਸਮੇਂ ਦਾ ਧਰਮ ਤੇ ਧਰਮ ਨੂੰ ਲੰਮੇ ਸਮੇਂ ਦੀ ਰਾਜਨੀਤੀ ਕਿਹਾ ਹੈ। ਉਦਾਰਵਾਦ ਦੇ ਦੌਰ ’ਚ ਸਭ ਕੁਝ ਦੀ ਕਸੌਟੀ ਮੁਨਾਫਾ ਤੇ ਉਸ ਨੂੰ ਕਮਾਉਣ ਦਾ ਅਖਾੜਾ ਬਾਜ਼ਾਰ ਹੈ। ਨਵ-ਉਦਾਰਵਾਦ ਰਾਜਨੀਤੀ ਨੂੰ ਵੀ ਬਜ਼ਾਰ ਦੀ ਕਸੌਟੀ ’ਤੇ ਲੈਂਦਾ ਹੈ। ਸਮਾਜਿਕਤਾ ਦਾ ਵੀ ਉਸ ਦਾ ਉਹੀ ਪੈਮਾਨਾ ਹੈ ਜਿਸ ’ਚ ਭਾਰਤ ਸਮੇਤ ਦੁਨੀਆਂ ਦੀ ਜ਼ਿਆਦਾਤਰ ਅਬਾਦੀ ਦਾ ਬਾਈਕਾਟ ਕੀਤਾ ਜਾ ਰਿਹਾ ਹੈ। ਸਿਰਫ ਆਪਣੀ ਸਿਵਲ ਸੁਸਾਇਟੀ ਸਥਾਪਤ ਤੇ ਸੁਰੱਖਿਅਤ ਕੀਤੀ ਜਾ ਰਹੀ ਹੈ। ਸਿਵਲ ਸੁਸਾਇਟੀ ਨੂੰ ਐਕਟੀ ਵਿਸਟਾ ਵਲੋਂ ਰਾਜਨੀਤੀ ਨੂੰ ਭ੍ਰਿਸ਼ਟ ਕਰਨ ਤੇ ਲੋਕਾਂ ਨੂੰ ਉਸ ਤੋਂ ਦੂਰ ਰਹਿਣ ਦਾ ਇਹ ਅਰਥ ਨਿਕਲਦਾ ਹੈ। ਇਹ ਤਾਂ ਹੀ ਸੰਭਵ ਹੈ ਕਿ ਜਦ ‘ਰਾਜਨੀਤੀ ਦੀ ਗੰਦੀ ਖੇਡ ਕਾਂਗਰਸ-ਭਾਜਪਾ ਤੇ ਉਸ ਦੇ ਪਿਠੂ ਖੇਤਰੀ ਪ੍ਰਤੀਨਿਧ ਲਈ ਛੱਡ ਦਿੱਤਾ ਜਾਵੇ। ਇੱਕ ਵਰਿਸ਼ਟ ਪਤ੍ਰਕਾਰ ਸਾਥੀ ਨੇ ਲਿਖਿਆ ਕਿ ਜੋ ਜੰਤਰ ਮੰਤਰ ਨਹੀਂ ਚਾਹੁੰਦੇ ਉਹ ਰਾਜਨੀਤੀ ਦੇ ਮੈਦਾਨ ’ਚ ਜਾਣ। ਉਹਨਾਂ ਦਾ ਲਹਿਜਾ ਤਹਿ ਕਿਸੇ ਨੇ ਕੀਤਾ ਹੈ। ਲੋਕ ਨੇਕ ਹਨ ਪਰ ਸਪਸ਼ਟ/ਪਹਿਲੀ ਗੱਲ ਤਾਂ ਇਹ ਕਿ ਜੰਤਰ-ਮੰਤਰ, ਰਾਮਲੀਲਾ ਮੈਦਾਨ, ਰਾਜਘਾਟ ਆਦਿ ’ਤੇ ਲੋਕ, ਭੁਪਾਲ ਗੈਸ ਤਰਾਸਦੀ, ਫਿਰਕਾਪ੍ਰਸਤੀ, ਉਜਾੜੇ, ਜ਼ਬਰ-ਜ਼ੁਲਮ, ਲੁੱਟ-ਘਸੁੱਟ, ਆਤਮ ਹੱਤਿਆ, ਬੇਰੁਜ਼ਗਾਰੀ ਦੇ ਸ਼ਿਕਾਰ ਲੋਕਾਂ ਦੇ ਪੱਖ ’ਚ ਵੀ ਜਾਂਦੇ ਹਨ। ਇਰੋਮ ਸ਼ਰਮੀਲਾ ਦੀ ਹਮਾਇਤ ਤੇ ਜੀਵਨ ਦੀ ਚਿੰਤਾ ’ਚ ਵੀ ਕੁਝ ਲੋਕ ਜੰਤਰ ਮੰਤਰ ਗਏ ਸਨ। ਉਹ ਲੋਕ ਥੋੜ੍ਹੇ ਹੁੰਦੇ ਹਨ ਤਾਂ ਇਸ ਦਾ ਇੱਕ ਕਾਰਨ ਨਵ-ਉਦਾਰਵਾਦ ਲਹਿਰਾਂ ’ਤੇ ਪ੍ਰਵਾਨ ਚੜ੍ਹਿਆ ਮੀਡੀਆ ਵੀ ਹੈ। ਜੋ ਲੋਕਪਾਲ ਬਿੱਲ ਨੂੰ ਸਭ ਮੁਸ਼ਕਲਾਂ ਲਈ ਜਾਦੂ ਦੀ ਛੜੀ ਬਣਾ ਦਿੰਦਾ ਹੈ। ਦੂਜੇ ਪਾਸੇ ਅਜਿਹਾ ਨਹੀਂ ਕਿ ਰਾਜਨੀਤੀ ਦਾ ਮੈਦਾਨ ਖਾਲੀ ਪਿਆ ਹੈ। ਜਿੱਥੇ ਕੋਈ ਵੀ ਜਾਕੇ ਆਪਣੀ ਰਾਜਨੀਤੀ ਦਾ ਝੰਡਾ ਗੱਡ ਦੇਵੇ।

ਨਵ-ਉਦਾਰਵਾਦੀਆਂ ਨੇ ਉਥੇ ਤਕੜੀ ਪਕੜ ਤੇ ਪੈਂਠ ਬਣਾਈ ਹੈ। ਉਹ ਜਾਣਦੇ ਹਨ ਕਿ ਸਾਮਰਾਜ ਦੀ ਦਲਾਲੀ ਲਈ ਜਿਵੇਂ ਵੀ ਹੋਵੇ ਰਾਜਨੀਤੀ ’ਤੇ ਕਬਜਾ ਕਰਨਾ ਲਾਜਮੀ ਹੈ। ਵੰਸ਼ ਰਾਹੀਂ, ਪ੍ਰੀਵਾਰ ਰਾਹੀ, ਧਰਮ ਰਾਹੀ, ਇਲਾਕੇ ਤੇ ਪੈਸੇ ਨਾਲ, ਤਾਕਤ ਨਾਲ, ਝੂਠ ਨਾਲ, ਛਲ-ਕਪਟ ਨਾਲਾ ‘ਲੋਕ ਸ਼ਕਤੀ ਦੇ ਸਾਧਕਾਂ’ ਦੀ ਰਾਜਨੀਤੀ ਪ੍ਰਤੀ ਨਫ਼ਰਤ ਦੀ ਮੁਹਿੰਮ ਉਸੇ ਸਿੱਕੇ ਦਾ ਦੂਜਾ ਪਹਿਲੂ ਹੈ। ਅਜਿਹੀ

ਚੁਣੌਤੀਪੂਰਨ ਹਾਲਤ 'ਚ ਵੀ ਕੁਝ ਲੋਕ ਰਾਜਸੀ ਲੜਾਈ ਲੜਦੇ ਹੀ ਹਨ। ਰਾਜਨੀਤੀ ਦਾ ਤਿਰਸਕਾਰ, ਨਵ-ਉਦਾਰਵਾਦੀ ਰਾਜਨੀਤੀ ਨੂੰ ਵੀ ਮਜ਼ਬੂਤ ਨਹੀਂ ਬਣਾਉਂਦਾ। ਫਿਰਕੂ ਰਾਜਨੀਤੀ ਨੂੰ ਵੀ ਉਨਾਂ ਹੀ ਮਜ਼ਬੂਤ ਕਰਦਾ ਹੈ। ਜੋ ਸਾਥੀ ਟੀਮ ਹਜ਼ਾਰੇ ਤੇ ਰਾਮਦੇਵ ਦਾ ਧਰਮ ਨਿਰਪੇਖੀਕਰਨ ਦੀ ਕੋਸ਼ਿਸ਼ 'ਚ ਲੱਗੇ ਹਨ। ਉਹ ਇਹ ਹਕੀਕਤ ਸਮਝ ਲੈਣ। ਕਾਂਗਰਸ ਦਾ ਜਨਰਲ ਸਕੱਤਰ ਦਿਗਵਿਜੈ ਸਿੰਘ ਦੇ ਬਿਆਨਾਂ ਤੋਂ ਸਿਵਲ ਸੁਸਾਇਟੀ ਕਾਫੀ ਔਖੀ ਹੈ ਕਿ ਉਹ ਜਿਸ ਤਰ੍ਹਾਂ ਸਭ ਮਾਮਲਿਆਂ 'ਚ ਹਿੰਦੂ ਫਿਰਕੂ ਤਾਕਤਾਂ ਦੀ ਭੂਮਿਕਾ ਵੇਖ ਲੈਂਦੇ ਹਨ। ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਪਿੱਛੇ ਵੀ ਉਹਨਾਂ ਨੂੰ ਆਰ. ਐਸ. ਐਸ. ਦਾ ਹੱਥ ਦਿਸਦਾ ਹੈ। ਖਾਸ ਕਰਕੇ ਰਾਮਦੇਵ ਤੋਂ ਕਾਫੀ ਖਫਾ ਹੈ। ਲੋਕਾਂ ਨੂੰ ਲਗਦਾ ਹੈ, ਇਸ ਤਰ੍ਹਾਂ ਦੀ ਬਿਆਨਬਾਜੀ ਨਾਲ ਦਿਗਵਿਜੈ ਸਿੰਘ ਜਿੱਥੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਨੂੰ ਕੰਮਜੋਰ ਕਰਦੇ ਹਨ। ਉਥੇ ਕਾਂਗਰਸ ਨੂੰ ਵੀ ਸੰਕਟ 'ਚ ਪਾਉਂਦੇ ਹਨ। ਪਰ ਸੋਨੀਆ ਗਾਂਧੀ ਨੂੰ ਉਸ ਨਾਲ ਕੋਈ ਪ੍ਰੇਸ਼ਾਨੀ ਨਹੀਂ ਹੈ। ਉਹ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਕਾਂਗਰਸ ਕਵਾਇਤ 'ਚ ਉਸਦੇ ਮੁੱਖ ਸਿਪਹਾਸਾਲਾਰ ਹਨ। ਸੋਨੀਆ ਗਾਂਧੀ ਦੀ ਕਾਂਗਰਸ ਨੂੰ ਫਿਰਕੂ ਤਾਕਤਾਂ ਦੀ ਮੌਜੂਦਗੀ ਚਾਹੀਦੀ ਹੈ ਤਾਂ ਕਿ ਉਹਨਾਂ ਦਾ ਡਰ ਵਿਖਾ ਕੇ ਉਹ ਆਪਣੇ ਸੈਕੂਲਰ ਸਿਪਾਹੀਆਂ ਨੂੰ ਕਾਂਗਰਸ ਪਿੱਛੋਂ ਲਾਮਬੰਦ ਕਰ ਸਕਣ। ਰਾਹੁਲ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਇਹ ਲਾਜਮੀ ਹੋਵੇਗਾ ਕਿ ਸਮੇਂ ਆਉਣ 'ਤੇ ਧਰਮ ਨਿਰਪੱਖ ਬੁੱਧੀਜੀਵੀ ਉਹਨਾਂ ਦੇ ਪੱਖ 'ਚ ਫੈਸਲਾਕੁੰਨ ਰੂਪ 'ਚ ਇਕਜੁੱਟ ਹੋ ਜਾਣ। ਕਹਿਣ ਦਾ ਭਾਵ ਇਹ ਹੈ ਕਿ ਰਾਜਨੀਤੀ ਦਾ ਵਿਰੋਧ ਜਿਸ ਤਰ੍ਹਾਂ ਨਵ-ਉਦਾਰਵਾਦ ਦੇ ਹੱਕ ਵਿੱਚ ਹੈ। ਉਸੇ ਤਰ੍ਹਾਂ ਫਿਰਕਾਪ੍ਰਸਤੀ ਦੇ ਹੱਕ ਵਿੱਚ ਵੀ ਹੈ। ਕਪਿਲ ਸਿੱਬਲ ਅਤੇ ਦਿਗਵਿਜੈ ਸਿੰਘ ਇੱਕ ਹੀ ਸਿੱਕੇ ਦੇ ਦੋ ਪਹਿਲੂ ਹਨ। ਸੋਨੀਆ ਗਾਂਧੀ-ਮਨਮੋਹਨ ਸਿੰਘ ਨੇ ਨਵ-ਉਦਾਰਵਾਦ ਦੇ ਮੋਰਚੇ 'ਤੇ ਕਪਿਲ ਸਿਬਲ ਨੂੰ ਤੇ ਫਿਰਕਾਪ੍ਰਸਤੀ ਦੇ ਫਰੰਟ 'ਤੇ ਦਿਗਵਿਜੇ ਸਿੰਘ ਨੂੰ ਤੈਨਾਤ ਕੀਤਾ ਹੋਇਆ ਹੈ। ਪ੍ਰਣਾਬ ਮੁਕਰਜੀ ਦੀ ਤੈਨਾਤੀ ਦੋਨਾ ਮੋਰਚਿਆਂ ਦਾ ਭਾਰ ਢੋਹਣ ਲਈ ਤਿਆਰ ਹੈ। ਕੁਝ ਸਾਥੀਆਂ ਨੂੰ ਇੰਡੀਆ ਅੰਗੇਨਸਟ ਕੁਰੱਪਸਨ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਲੋਕਤੰਤਰ ਉਭਰਦਾ ਦਿਸਦਾ ਹੈ। ਸਿਵਲ ਸੁਸਾਇਟੀ ਐਕਟੀ ਵਿਸਟ ਦਾ ਇਛਤ ਤੇ ਪ੍ਰਚਾਰਿਤ ਸਰਭ ਸ਼ਕਤੀਮਾਨ ਲੋਕਪਾਲ ਕੋਰਾ ਵਿਧਾਨਿਕ ਨਹੀਂ ਹੈ। ਉਸ ਦੀ ਬਣਤਰ ਨੂੰ ਭਾਰਤੀਆਂ ਨੂੰ ਇਕ ਦਿਨ ਸਭ ਨੂੰ ਠੀਕ ਕਰ ਦੇਣ ਵਾਲੇ ਤਾਨਾਸ਼ਾਹ ਦੇ ਆਉਣ ਦੀ ਇੱਛਾ ਦੀ ਵੀ ਭੂਮਿਕਾ ਹੈ। ਜਿਸ ਨੂੰ ਸਾਥੀ ਲੋਕਤੰਤਰ ਦੀ ਵਾਪਸੀ ਦਸ ਰਹੇ ਹਨ। ਇਹ ਤਾਨਾਸ਼ਾਹੀ ਮਨੋਬਿਰਤੀ ਦਾ ਪਾਲਣ ਪੋਸ਼ਣ ਵੀ ਸਿੱਧ ਹੋ ਸਕਦਾ ਹੈ। ਨਵ-ਉਦਾਰਵਾਦੀ ਤੇ ਫਿਰਕੂ ਰਾਜਨੀਤੀ ਨੂੰ ਪਾਲਣ ਵਾਲੇ ਗੈਰ ਰਾਜਸੀ ਯਤਨਾਂ ਨਾਲ ਭ੍ਰਿਸ਼ਟਾਚਾਰ ਮਿਟਣ ਵਾਲਾ ਨਹੀਂ ਹੈ। ਭ੍ਰਿਸ਼ਟਾਚਾਰ ਨਹੀਂ ਮਿਟੇਗਾ ਤਾਂ ਲੋਕਾਂ ਦੀਆਂ ਮੁਸ਼ਕਲਾਂ ਤੇ ਗੁੱਸਾ ਵਧਦੇ ਜਾਣਗੇ। ਫਿਰ ਇੱਕ ਦਿਨ ਸਿੱਧੀ ਰਾਜਨੀਤੀ ਨਾਲ ਜਾਂ ਫ਼ੌਜ ਦਾ ਇਕ ਤਾਨਾਸ਼ਾਹ ਆ ਕੇ ਖੁਦ ਨੂੰ 'ਦੇਸ਼ਪਾਲ' ਐਲਾਨ ਸਕਦਾ ਹੈ। ਅੱਜ ਸਖਤ ਲੋਕਪਾਲ ਬਿਲ ਬਣਾਉਣ ਲਈ ਸਤਿਆਗ੍ਰਹਿ ਤੋਂ ਲੋਕਰਾਇਸ਼ੁਮਾਰੀ 'ਚ ਸ਼ਾਮਲ ਲੋਕ ਉਸ ਦੇ ਨਾਲ ਹੋ ਸਕਦੇ ਹਨ। ਪਾਕਿ 'ਚ ਜਨਰਲ ਮੁਸ਼ਰਫ ਨੇ ਭ੍ਰਿਸ਼ਟਾਚਾਰ ਦਾ ਹੱਲ ਕਰਨ ਦੇ ਵਾਅਦੇ ਨਾਲ ਫ਼ੌਜੀ ਤਾਨਾਸ਼ਾਹੀ ਕਾਇਮ ਕੀਤੀ ਸੀ।

ਮੁਸ਼ਰਫ ਦੀ ਕਈ ਸਾਲ ਦੀ ਤਾਨਾਸ਼ਾਹੀ ਦੇ ਬਾਵਜੂਦ ਪਾਕਿਸਤਾਨ 'ਚ ਭ੍ਰਿਸ਼ਟਾਚਾਰ ਵਧਦਾ ਗਿਆ। ਲੋਕਰਾਜ ਕੰਮਜ਼ੋਰ ਹੁੰਦਾ ਗਿਆ ਤੇ ਦਹਿਸ਼ਤਗਰਦੀ ਨੇ ਪੂਰੇ ਦੇਸ਼ ਨੂੰ ਆਪਣੀ ਲਪੇਟ 'ਚ ਲੈ ਲਿਆ। ਭ੍ਰਿਸ਼ਟਾਚਾਰ ਵਿਰੋਧੀ ਜਿਸ ਤਰ੍ਹਾਂ ਨਾਲ ਰਾਜਨੀਤੀ ਤੋਂ ਨਫ਼ਰਤ ਦਾ ਵਿਰੋਧ ਬਣਾ ਰਹੇ ਹਨ ਤੇ ਨਵ-ਉਦਾਰਵਾਦੀ ਨੀਤੀਆਂ ਨਾਲ ਦੇਸ਼ ਦੀ ਅਬਾਦੀ ਤੇ ਅਦਾਰਿਆਂ ਨੂੰ ਬਚਾਉਣ ਦੇ ਦਾਅਵੇਦਾਰ ਅੰਦੋਲਨਕਾਰੀ ਸਮੂਹ ਤੇ ਵਿਅਕਤੀ ਵੀ ਰਾਜਨੀਤੀ ਤੇ ਪ੍ਰਹੇਜ ਵਰਤਣ ਦੇ ਆਪਣੇ ਰੁਝਾਣ 'ਤੇ ਪੁਨਰ ਵਿਚਾਰ ਕਰਨ ਲਈ ਰਾਜੀ ਨਹੀਂ ਹਨ। ਤਾਨਾਸ਼ਾਹੀ ਦਾ ਖਤਰਾ ਬਣਿਆ ਰਹਿੰਦਾ ਹੈ। ਉਦਾਰੀਕਰਨ ਦੀ ਤਾਨਾਸ਼ਾਹੀ ਤਾਂ ਪਿਛਲੇ ਦੋ ਦਹਾਕਿਆਂ ਤੋਂ ਦੇਸ਼ 'ਚ ਚਲ ਹੀ ਰਹੀ ਹੈ। ਗਾਂਧੀ ਦਾ ਨਾਂ ਲੈ ਕੇ ਕਿਹਾ ਜਾ ਰਿਹਾ ਹੈ ਕਿ ਰਾਜਨੀਤੀ ਤਾਂ ਹੁੰਦੀ ਹੀ ਬੇਇਮਾਨੀ ਤੇ ਭ੍ਰਿਸਟਾਚਾਰ ਦੀ ਖੇਡ ਹੈ। ਜਿਸ 'ਚ ਕੋਈ ਉਮੀਦ ਨਹੀਂ ਰੱਖੀ ਜਾਣੀ ਚਾਹੀਦੀ ਹੈ। ਦੱਸਿਆ ਜਾ ਰਿਹਾ ਹੈ ਕਿ ਦੇਸ਼ 'ਚ ਦਲਾਲ ਭਾਵੇਂ ਕਿੰਨੇ ਵੀ ਹੋ ਜਾਣ। ਰਾਜਸੀ ਵਰਕਰ ਇਕ ਨਹੀਂ ਹੋਣ ਚਾਹੀਦਾ ਸਿਰਫ਼ ਸਿਵਲ ਸੁਸਾਇਟੀ ਐਕਟੀ ਵਿਸਟ। ਹੈਰਾਨੀ ਹੁੰਦੀ ਹੈ ਕਿ ਤਾਨਾਸ਼ਾਹੀ ਦੇ ਇਸ ਖਤਰਨਾਕ ਡਿਜ਼ਾਇਨ 'ਚ ਸਾਥੀ ਖੁਸ਼ਹਾਲ ਲੋਕਰਾਜ ਵੇਖ ਰਹੇ ਹਨ। ਰਾਜਨੀਤੀ ਵਿਰੋਧ ਦੇ ਇਸ ਮਾਹੌਲ 'ਚ ਸੰਵਿਧਾਨ ਤੇ ਲੋਕਰਾਜ 'ਚ ਵਿਸ਼ਵਾਸ ਕਰਨ ਵਾਲੇ ਆਮ ਨਾਗਰਿਕ ਜੇ ਮੁਖਧਾਰਾ ਦੀ ਰਾਜਨੀਤੀ ਨੂੰ ਹੀ ਵੱਧ ਪਸੰਦ ਕਰਨ ਤਾਂ ਉਨਾਂ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ। ਬਲਕਿ ਰਾਜਸੀ ਵਿਰੋਧੀਆਂ ਦੇ ਮੁਕਾਬਲੇ ਉਹਨਾਂ ਦੀ ਰਾਜਸੀ ਚੇਤਨਾ ਵੱਧ ਸਾਰਥਕ ਨਹੀਂ ਕਹੀ ਜਾਵੇਗੀ। ਮੁਖਧਾਰਾ ਰਾਜਸੀ ਪਾਰਟੀਆਂ 'ਚ ਇਮਾਨਦਾਰ ਮੈਂਬਰ ਜਾਂ ਹਮਾਇਤੀ ਵੱਡੀ ਗਿਣਤੀ 'ਚ ਹੁੰਦੇ ਹਨ। ਹਾਲਾਂਕਿ ਆਪਣੀ ਹੀ ਪਾਰਟੀ 'ਚ ਉਹਨਾਂ ਦੀ ਪੇਸ਼ ਨਹੀਂ ਜਾਂਦੀ, ਫਿਰ ਵੀ ਉਹਨਾਂ ਦੀ ਭੂਮਿਕਾ ਰਾਜਸੀ ਵਿਰੋਧੀਆਂ ਤੋਂ ਵੱਧ ਮਹੱਤਵਪੂਰਨ ਹੈ। ਲੋਕਤੰਤਰ ਦੇ ਅੰਦਰ-ਸਮੋਈਆਂ ਖੂਬੀਆਂ, ਗਤਆਤਮਕਤਾ (ਡਾਇਨੇ ਫਿਕਸ) ਤੇ ਵੱਖ ਵੱਖ ਦਬਾਵਾਂ ਕਰਕੇ ਨਵ-ਉਦਾਰਵਾਦ ਨੂੰ ਮੰਨਜੂਰ ਕਰਨ ਤੇ ਚਲਾਉਣ ਵਾਲੀ ਮੁਖ ਧਾਰਾ ਰਾਜਨੀਤੀ ਉਸ ਦੇ ਮਾੜੇ ਅਸਰਾਂ 'ਤੇ ਕੁਝ ਬ੍ਰੇਕ ਦਾ ਕੰਮ ਕਰਦੀ ਰਹਿੰਦੀ ਹੈ। ਇਸ ਲਈ ਇਕ ਆਸ਼ਾ ਇਹ ਬਣਦੀ ਹੈ ਕਿ ਸਥਾਪਤ ਪਾਰਟੀਆਂ ਦੇ ਅੰਦਰ ਵੀ ਨਵ-ਉਦਾਰਵਾਦ ਵਿਰੋਧੀ ਰਾਜਨੀਤੀ ਦਾ ਗੁੰਜਾਇਸ਼ ਬਣ ਸਕਦੀ ਹੈ। ਡਰਪੋਕ ਸਤਿਆਗ੍ਰਹਿ ਤੇ ਦਮਨਕਾਰੀ ਸਰਕਾਰ : ਪੱਖ ਚਾਹੇ ਸਰਕਾਰ ਦਾ ਹੋਵੇ ਜਾਂ ਸਿਵਲ ਸੁਸਾਇਟੀ ਐਕਟੀ ਵਿਸਟ ਦਾ, ਭ੍ਰਿਸ਼ਟਾਚਾਰ ਵਿਰੋਧ ਸਬੰਧੀ ਨਵੀ ਦਿਲੀ 'ਚ ਪਿਛਲੇ ਕਈ ਮਹੀਨਿਆਂ ਤੋਂ ਜੋ ਦ੍ਰਿਸ਼ ਜਾਰੀ ਹੈ ਉਸ 'ਚ ਬੇਤੁਕਾਪਨ ਬਹੁਤ ਦਿਸਿਆ ਹੈ। ਉਸ 'ਚ ਭ੍ਰਿਸ਼ਟਾਚਾਰ ਮਿਟਣ ਵਾਲਾ ਨਹੀਂ। ਗੱਲ ਗੱਲ 'ਤੇ ਅਤੇ ਪਹਿਲੇ ਹੀ ਦਿਨੋ ਮਰਨ ਵਰਤ ਤੇ ਬੈਠ ਜਾਣ ਤੇ ਸਰਕਾਰ ਜਾਂ ਸਿਵਲ ਸੁਸਾਇਟੀ ਐਕਟੀ ਵਿਸਟਾਂ ਵਲੋਂ ਪ੍ਰਸਤਾਵਿਤ ਲੋਕਪਾਲ ਬਿਲ ਦੇ ਕਾਨੂੰਨ ਬਣ ਜਾਣ ਨਾਲ ਭ੍ਰਿਸ਼ਟਾਚਾਰ ਤੇ ਲਗਾਮ ਵੀ ਨਹੀਂ ਕਸੀ ਜਾ ਸਕਦੀ। ਜਿਵੇਂ ਰਾਸ਼ਟਰਮੰਡਲ ਖੇਡਾਂ 'ਚ ਭ੍ਰਿਸ਼ਟਾਚਾਰ ਦਾ ਮਾਮਲਾ ਹੈ। ਇਹਨਾਂ ਖੇਡਾਂ ਦੇ ਪੂਰੀ ਤਰ੍ਹਾਂ ਨਾਲ ਭ੍ਰਿਸ਼ਟਾਚਾਰ ਨੂੰ ਡੁੱਬਣ ਕਰਕੇ ਵੀ ਪ੍ਰਧਾਨ ਮੰਤਰੀ ਤੋਂ ਲੈ ਕੇ ਦਿਲੀ ਦੇ ਮੁਖ ਮੰਤਰੀ ਤੱਕ ਚੁਪ ਧਾਰੀ ਬੈਠੇ ਰਹੇ। ਜਦ ਵੱਡੀ ਖੇਡ ਤੋਂ ਪਹਿਲਾਂ ਹੀ ਭਾਂਡਾ ਫੁਟ ਗਿਆ ਤਾਂ ਪ੍ਰਧਾਨ ਮੰਤਰੀ ਨੇ ਹਰਜਾ ਬਚਾਉਣ ਲਈ ਕਾਹਲੀ 'ਚ ਸ਼ੁੰਗਲ, ਸੰਮਤੀ ਨਿਯੁਕਤ ਕੀਤੀ ਏਨਾ ਵੱਡਾ ਤੇ ਖੁਲਾ ਘਪਲਾ ਮੁੱਖ ਮੰਤਰੀ ਤੇ

ਰਾਜਪਾਲ ਦੀ ਮਿਲੀ ਭੁਗਤ ਕਾਰਨ ਹੀ ਹੋਇਆ। ਪਰ ਦਿਲੀ ਦੀ ਮੁੱਖ ਮੰਤਰੀ ਨੇ ਤਾਂ ਸ਼ੰਗੁਲ ਸੰਮਤੀ ਨੂੰ ਹੀ ਸ਼ੱਕ ਦੇ ਦਾਇਰੇ 'ਚ ਲੈ ਆਂਦਾ। ਚਾਹੀਦਾ ਇਹ ਸੀ ਕਿ ਰੀਪੋਟ ਆਉਣ ਤੱਕ ਪ੍ਰਧਾਨ ਮੰਤਰੀ ਨੂੰ ਰਾਜਪਾਲ ਤੇ ਦਿਲੀ ਦੀ ਮੁੱਖ ਮੰਤਰੀ 'ਤੇ ਜਾਂਚ ਬਿਠਾਉਣੀ ਚਾਹੀਦੀ ਸੀ। ਸੋਚੋ ਕਿ ਭ੍ਰਿਸ਼ਟਾਚਾਰ ਦੀ ਇਹ ਖੇਡ ਸਿਵਲ ਸੁਸਾਇਟੀ ਦੇ ਨੱਕ ਹੇਠ ਖੇਡੀ ਗਈ ਹੈ। ਕਈ ਸੰਗਠਨਾ ਤੇ ਪਾਰਟੀਆਂ ਨੂੰ ਜ਼ਰੂਰ ਸ਼ੁਰੂ ਤੋਂ ਆਖਰ ਤੱਕ ਭ੍ਰਿਸ਼ਟਾਚਾਰ ਵਿਰੋਧੀ ਆਵਾਜ਼ ਉਠਾਈ। ਪਰ ਇੰਡੀਆ ਅੰਗੇਨਸਟ ਕੁਰੱਪਸ਼ਨ ਦੇ 'ਯੋਧੇ' ਵਿਰੋਧ ਦੇ ਕਿਸੇ ਵੀ ਮੰਚ 'ਤੇ ਨਹੀਂ ਆਏ। ਕੀ ਉਹ ਦੱਸਣਗੇ ਕਿ ਉਹਨਾਂ ਦਾ ਲੋਕਪਾਲ ਇਸ ਸਬੰਧੀ ਕੀ ਕਰੇਗਾ? ਸਪੈਕਟ੍ਰਮ 2-ਜੀ ਮਾਮਲੇ 'ਚ ਫਸੇ ਏ-ਰਾਜਾ ਨੇ ਅਦਾਲਤ 'ਚ ਬਿਆਨ ਦਿੱਤਾ ਹੈ ਕਿ ਜੋ ਹੋਇਆ ਪੀ. ਐਮ. ਐਫ. ਐਮ. ਕੈਬੇਨਿਟ ਤੇ ਟੈਲੀਕਾਮ ਮੰਤਰਾਲੇ ਦੇ ਆਲਾ ਅਧਿਕਾਰੀਆਂ ਦੀ ਜਾਣਕਾਰੀ ਤੇ ਸਹਿਮਤੀ ਨਾਲ ਹੋਇਆ। ਟੀਮ ਹਜ਼ਾਰੇ ਦਾ ਲੋਕਪਾਲ ਕੀ ਕਿਸੇ ਨੂੰ ਫਾਂਸੀ 'ਤੇ ਚੜ੍ਹਾਵੇਗਾ? ਕਾਂਗਰਸ ਰਾਜ ਦੇ ਬਿਆਨ ਨੂੰ ਦੋਸ਼ੀ ਦਾ ਬਿਆਨ ਕਹਿ ਕੇ ਖਾਰਜ ਕਰ ਸਕਦੀ ਹੈ ਪਰ ਕੌਣ ਨਹੀਂ ਜਾਣਦਾ ਮਾਮਲਾ ਜੇ ਐਫ. ਡੀ. ਆਈ. ਦਾ ਹੋਵੇ ਤਾਂ ਸਹਿਮਤੀ ਹੋਵੇਗੀ ਹੀ। ਜਿਵੇਂ ਅਮਰੀਕੀ ਰਾਸ਼ਟਰਪਤੀ ਦੇ ਆਉਣ 'ਤੇ ਭਾਰਤ ਦੀ ਸੁਰੱਖਿਆ ਵਿਵਸਥਾ ਬੇਕਾਰ ਹੋ ਜਾਂਦੀ ਹੈ। ਉਸੇ ਤਰ੍ਹਾਂ ਐਫ. ਡੀ. ਆਈ. ਦੇ ਆਉਣ ਨਾਲ ਭਾਰਤੀ ਸੰਵਿਧਾਨ ਨਿਰਾਰਥਕ ਹੋ ਜਾਂਦਾ ਹੈ। ਐਫ. ਡੀ. ਆਈ. ਤੇ ਭ੍ਰਿਸ਼ਟਾਚਾਰ ਨਾਭੀ ਨਾਲ ਜੁੜੇ ਹਨ। ਅਸਲ ਵਿਰੋਧੀ ਦੀ ਥਾਂ ਸਿਰਫ਼ ਸ਼ਗਨ ਵਿਰੋਧੀ ਨਿਰੀ ਡਰਾਮੇਬਾਜੀ ਹੈ ਤੇ ਇਸ ਹਵਾਬਾਜੀ ਨਾਲ ਭ੍ਰਿਸ਼ਟਾਚਾਰ ਨਹੀਂ ਮਿਟ ਸਕਦਾ। ਕਿਸੇ ਵੀ ਰਾਜਾ ਜਾਂ ਕਲਮਾਡੀ ਦੇ ਫਸ ਜਾਣ 'ਤੇ ਜਿਹਨਾਂ ਭਲੇ ਲੋਕਾਂ ਨੂੰ ਭ੍ਰਿਸ਼ਟਾਚਾਰ ਤੋਂ ਮੁਕਤੀ ਮਿਲਦੀ ਦਿਸਦੀ ਹੈ। ਉਹਨਾਂ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ ਕਿ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਅਸਲ 'ਚ ਕੀ ਕਰਨਾ ਪਵੇਗਾ। ਇਹ ਫਰਜ ਨਵ-ਉਦਾਰਵਾਦੀ ਲੁੱਟ 'ਤੇ ਅਧਾਰਤ ਪ੍ਰਬੰਦ ਅੰਦਰ ਨਹੀਂ ਹੋ ਸਕਦਾ। ਆਖਰ ਕਿਸ ਜ਼ਮੀਨ 'ਤੇ ਖੜ੍ਹੇ ਹੋ ਕੇ ਬਹਿਸ ਹੋ ਰਹੀ ਹੈ। ਜ਼ਮੀਨ ਤਾਂ ਨਵ-ਉਦਾਰਵਾਦ ਹੀ ਹੈ, ਫੇਰ ਭ੍ਰਿਸ਼ਟਾਚਾਰ ਦਾ ਖਾਤਮਾ ਕਿੱਥੇ ਖੁਦ ਗਾਧੀ ਨੇ 1942 'ਚ 'ਕਰੋ ਜਾਂ ਮਰੋ' ਦਾ ਨਾਹਰਾ ਦੇਣ ਲਈ ਮਜ਼ਬੂਰ ਹੋਣਾ ਪਿਆ ਸੀ।

ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰੀਆਂ ਦੇ ਮਾਸ ਨੂੰ ਗਿਰਝਾਂ-ਕੁੱਤਿਆਂ ਨੂੰ ਖਿਲਾਉਣ ਦੇ ਸੱਦੇ ਤੋਂ ਲੈ ਕੇ ਰਾਮਦੇਵ ਦੇ ਊਲ-ਜਲੂਲ ਬਿਆਨਾ ਤੇ ਰਾਜ ਘਾਟ ਤੇ ਭਾਜਪਾਈਆਂ ਦੇ ਨਾਚ ਤੱਕ ਦੇ ਸਤਿਆ ਗ੍ਰਹਿ ਦੇ ਵਿਚਾਰ ਤੇ ਤਰੀਕੇ ਦੇਖਣ ਨੂੰ ਮਿਲਦੇ ਹਨ। ਲੋਕ ਮੰਨਦੇ ਹਨ ਕਿ ਗਾਂਧੀ ਤੇ ਉਹਨਾਂ ਦਾ ਸਤਿਆਗ੍ਰਹਿ ਵੀ ਇਕ ਤਮਾਸ਼ਾ ਹੀ ਸਨ। ਜਿਹੋ ਜਿਹਾ ਜੰਤਰ-ਮੰਤਰ, ਰਾਮਲੀਲਾ ਮੈਦਾਨ ਤੇ ਰਾਜ ਘਾਟ 'ਚ ਦੇਖਣ ਨੂੰ ਮਿਲਿਆ। ਜਿਸ 'ਚ ਕੋਈ ਹਿੰਸਕ ਲਲਕਾਰਾ ਦੇ ਰਿਹਾ ਹੈ। ਕੋਈ ਰਾਤ ਦੇ ਹਨੇਰੇ 'ਚ ਜਨਾਨਾਂ ਕੱਪੜਿਆਂ 'ਚ ਛੁਪ ਕੇ ਭੱਜ ਰਿਹਾ ਹੈ। ਆਪਣੇ ਸੁਆਰਥਵਸ ਜਾਂ ਆਪਣੀਆਂ ਕੰਮਜੋਰੀਆਂ 'ਤੇ ਪਰਦਾ ਪਾਉਣ ਲਈ ਉਹਨਾਂ ਦਾ ਰੂਪ ਵਿਗਾੜ ਦੇਣ। ਇਹ ਸੰਵਿਧਾਨਿਕ ਮੁੱਲਾਂ ਪ੍ਰਤੀ ਧ੍ਰੋਹ ਹੈ। ਨਵ-ਉਦਾਰਵਾਦ ਦੇ ਦੌਰ 'ਚ ਜੋ ਹਾਲਤ ਬਣ ਚੁੱਕੀ ਹੈ। ਉਹੀ ਗਾਧੀ ਤੇ ਸਤਿਆਗ੍ਰਹਿ ਦੀ ਹੋਈ ਸੀ। ਲੋਕਾਂ ਨੂੰ ਸਿਹਤ ਦੇ ਨੁਕਸੇ ਦੱਸਣ ਵਾਲਾ ਰਾਮਦੇਵ 4 ਦਿਨਾਂ ਦੇ ਵਰਤ ਨਾਲ ਹੀ ਬੇਹਾਲ ਹੋ ਗਿਆ

ਤੇ ਡਰ ਗਿਆ। ਨਵ-ਉਦਾਰਵਾਦ ਦੀ ਲਬਾਟਰੀ 'ਚ ਅਜਿਹੇ ਹੀ ਯੋਗੀ ਤਿਆਰ ਹੁੰਦੇ ਹਨ। ਆਪਣੇ ਆਰਥਿਕ ਸਾਮਰਾਜ ਨੂੰ ਸੰਭਾਲਣ 'ਚ ਲੱਗੇ ਰਾਮਦੇਵ ਦਾ ਬਿਆਨ ਆਇਆ ਕਿ ਉਹ ਅੰਦੋਲਨ ਕਰਨਗੇ ਕਿਉਂਕਿ ਉਸ ਦੇ ਸਹਿਯੋਗੀ ਬਾਲ ਕ੍ਰਿਸ਼ਣ ਨੂੰ ਸਰਕਾਰ ਫਸਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਸਤਿਆਗ੍ਰਹਿ ਆਪਣੀ ਮੌਤ ਦਾ ਖੁਦ ਜ਼ਿੰਮੇਵਾਰ ਹੁੰਦਾ ਹੈ। ਉਹ ਜਾਨ ਬਚਾ ਕੇ ਭੱਜਣ ਜਾਂ ਉਸ ਨੂੰ ਕੋਰਟ ਕਚਹਿਰੀ ਦੀ ਸ਼ਰਨ ਲੈਣ ਦੀ ਲੋੜ ਨਹੀਂ ਹੁੰਦੀ। ਰਾਮਦੇਵ 'ਤੇ ਥੋੜ੍ਹੀ ਚਰਚਾ ਹੋਰ ਕੀਤੀ ਜਾ ਸਕਦੀ ਹੈ। ਉਹਨਾਂ ਨੇ ਸਰਕਾਰ ਨਾਲ ਹੋਏ ਸਮਝੌਤੇ ਦੀ ਸੂਚਨਾ ਸਮਰਥਕਾਂ ਨੂੰ ਨਾ ਦੇ ਕੇ, ਭਾਵੇਂ ਹੀ ਦਗਾਬਾਜਾਂ ਨੂੰ ਨਾ ਕੀਤੀ ਹੋਵੇ। ਭੁੱਖ ਹੜਤਾਲ ਵਾਲੀ ਥਾਂ ਤੋਂ ਭੱਜਕੇ ਸਮਰਥਕਾਂ ਨਾਲ ਜ਼ਰੂਰ ਧੋਖਾ ਕੀਤਾ। ਦਰਅਸਲ ਇਕੱਠੀ ਕੀਤੀ ਦੌਲਤ, ਜਾਹਰ ਹੈ ਜੋ ਕੁਝ ਸਾਲਾਂ 'ਚ ਸਦਾਚਾਰ ਦੀ ਕਮਾਈ ਜਾਂ ਸਦਾਚਾਰ ਦੀ ਕਮਾਈ ਦੇ ਦਾਨ ਨਾਲ ਇਕੱਠੀ ਨਹੀਂ ਕੀਤੀ ਜਾ ਸਕਦੀ ਅਤੇ ਸ਼ੋਹਰਤ ਪਾ ਕੇ ਬਾਬਾ ਨੂੰ ਚੌਂਧੀ ਲਗ ਗਈ ਹੈ। ਉਹ ਸਭ ਕਾਸੇ ਨੂੰ ਆਪਣੀ ਜੇਬ 'ਚ ਧਰਿਆ ਮੰਨਦੇ ਹਨ। ਆਪਣੇ ਸਮੱਰਥਕਾਂ ਨੂੰ ਵੀ। ਇਹ ਸਚਾਈ ਮੀਡੀਆ ਨੇ ਖੁਲ੍ਹ ਕੇ ਨਹੀਂ ਦੱਸੀ ਕਿ ਮਰਨ ਵਰਤ ਵਾਲੀ ਥਾਂ ਛੱਡ ਕੇ ਬਾਬੇ ਪ੍ਰਤੀ ਲੋਕਾਂ ਦੀ ਭਾਵਨਾਵਾਂ ਠੱਗੀਆਂ ਜਾਣੀਆਂ ਸਨ। ਦਿਗਵਿਜੈ ਸਿੰਘ ਵਲੋਂ ਬਾਬਾ ਨੂੰ ਠੱਗ ਦੱਸਣ 'ਤੇ ਰਾਮਜੇਠ ਮਲਾਨੀ ਪੂਰੀ ਕੈਬਨਿਟ ਨੂੰ ਠੱਗਾਂ ਦਾ ਅੱਡਾ ਦਸਦੇ ਹਨ। ਇਕ ਠੱਗ ਨੂੰ ਠੱਗ ਹੀ ਜਾਣੇ। ਕਾਂਗਰਸ ਦਾ ਦੋਸ਼ ਹੈ ਕਿ ਬਾਬਾ ਆਰ. ਐਸ. ਐਸ. ਦਾ ਏਜੰਟ ਹੈ ਪਰ ਬਾਬੇ ਦੇ ਹੌਂਸਲੇ ਦੇਖੋ ਪਰ ਇਹ ਆਰ. ਐਸ. ਐਸ. ਨੂੰ ਆਪਣੀ ਜੇਬ 'ਚ ਧਰਿਆ ਮੰਨਦਾ ਹੈ। ਬਾਬਾ ਸਿਆਣਾ ਹੈ ਅਤੇ ਆਰ. ਐਸ. ਐਸ. ਦੀ ਫਿਤਰਤ ਨੂੰ ਮੰਨਦਾ ਹੈ ਕਿ ਇਹ ਕਿਸੇ ਦੀ ਵੀ ਜੇਬ 'ਚ ਜਾਣ ਲਈ ਤਿਆਰ ਹੈ। ਜੇ ਪੀ ਤੋਂ ਲੈ ਕੇ ਇੰਦਰਾ ਗਾਧੀ, ਰਾਜੀਵ ਗਾਧੀ ਤੇ ਅਮਰੀਕਾ ਤੱਕ। ਪਿਛਲੇ ਦਿਨੀ ਉਸ ਨੇ ਕਾਇਦੇ ਆਜਮ ਦੀ ਜੇਬ 'ਚ ਜਾਣ ਲਈ ਵੀ ਇਕ ਦੋ ਵਾਰੀ ਮੂੰਹ ਕੱਢਿਆ ਪਰ ਛੀ. ਛੀ. ਮੁਸਲਮਾਨ ਗੰਦੇ ਹੁੰਦੇ ਹਨ। ਸੈਕੂਲਰ ਨਾਗਰਿਕ ਸਮਾਜ ਬਾਬਾ ਨੂੰ ਆਰ. ਐਸ. ਐਸ. ਦੇ ਚੁੰਗਲ ਤੋਂ ਨਿਕਲਣ ਦੀ ਰਾਜਨੀਤੀ ਬਣਾਉਣਾ ਚਾਹੁੰਦਾ ਹੈ ਤਾਂ ਕਿ ਭ੍ਰਿਸ਼ਟਾਚਾਰ ਦੇ ਖਿਲਾਫ਼ ਲੜਾਈ ਨੂੰ ਫਿਰਕਾਪ੍ਰਸਤੀ ਤੋਂ ਬਚਾਇਆ ਜਾ ਸਕੇ। ਨਾਗਰਿਕ ਸਮਾਜ ਨੂੰ ਸ਼ਾਇਦ ਅਜੇ ਵੀ ਸਪਸ਼ਟ ਨਹੀਂ ਹੋਇਆ ਕਿ ਤੰਗਨਜ਼ਰੀ ਤੇ ਫਿਰਕਾਪ੍ਰਸਤੀ 'ਚ ਬਾਬਾ ਆਰ. ਐਸ. ਐਸ. ਦਾ ਬਾਪ ਹੈ।

ਸਭ ਨੇ ਰਾਮਲੀਲਾ ਮੈਦਾਨ 'ਚ ਯੂ. ਪੀ. ਏ. ਸਰਕਾਰ ਦੀ ਅੱਧੀ ਰਾਤ ਦੀ ਕੀਤੀ ਗਈ ਦਮਨਕਾਰੀ ਕਾਰਵਾਈ ਦੀ ਕਾਫੀ ਨਿੰਦਾ ਕੀਤੀ ਗਈ। ਰਾਮਦੇਵ ਵੀ ਭੱਜ ਨਿਕਲਿਆ ਤੇ ਉਹਨਾਂ ਨੂੰ ਸਵਾਰੀ ਲਈ ਸਰਕਾਰ ਦਾ ਹਵਾਈ ਜਹਾਜ ਮਿਲ ਗਿਆ ਪਰ ਦੂਰੋਂ ਆਏ ਔਰਤਾਂ ਬੱਚਿਆਂ ਸਮੇਤ ਹਜ਼ਾਰਾਂ ਨਾਗਰਿਕਾਂ 'ਤੇ ਜੋ ਪੁਲਸ ਨੇ ਜਬਰ ਢਾਹਿਆ, ਉਹ ਸ਼ਰਮਨਾਕ ਸੀ। ਦੇਸ਼ ਦੇ ਕਈ ਭਾਗਾਂ 'ਚ ਪੁਲਸ ਤੇ ਸੁਰੱਖਿਆ ਫੋਰਸਾਂ ਦਾ ਰਾਜ ਚਲਦਾ ਹੈ ਭਾਵੇਂ ਕੇਂਦਰ ਤੇ ਸੂਬੇ 'ਚ ਸਰਕਾਰ ਕਿਸੇ ਦੀ ਵੀ ਹੋਵੇ। ਨਾਗਰਿਕ ਅਧਿਕਾਰ ਸੰਗਠਨਾ ਤੇ ਪੀ. ਯੂ. ਡੀ. ਆਰ. ਦੀਆਂ ਰਿਪੋਟਾਂ ਅਨੁਮਾਨ ਤੇ ਖੁਦ ਸਰਕਾਰ ਦੇ ਅੰਕੜੇ ਦੱਸਦੇ ਹਨ ਕਿ ਬਹੁਤੇ ਨਿਰਦੋਸ਼ਾਂ ਨੂੰ ਹਕੂਮਤ ਨੇ ਜੇਹਲਾਂ 'ਚ ਸੁੱਟਿਆ ਹੋਇਆ ਹੈ। ਉਮੀਦ ਹੈ ਦਿੱਲੀ 'ਚ ਜਬਰ ਦਾ ਸ਼ਿਕਾਰ ਹੋਏ ਲੋਕ ਸੰਵਿਧਾਨਕ ਤੇ ਮਨੁੱਖੀ ਅਧਿਕਾਰਾਂ ਲਈ ਆਵਾਜ਼ ਬੁਲੰਦ ਕਰਨ ਕਾਂਗਰਸ ਨੇ

ਰਾਮਦੇਵ ਤੇ ਅੰਨਾ ਨੂੰ ਆਰ. ਐਸ. ਐਸ. ਦੇ ਮਖੌਟੇ ਕਿਹਾ ਹੈ। ਪਰ ਸਮੱਸਿਆ ਇਹ ਹੈ ਕਿ ਕਾਂਗਰਸ ਖੁਦ ਆਪਣੇ ਮਖੌਟੇ ਬਣਾਉਣ ਦੀ ਸੌ ਕੋਸ਼ਿਸ਼ ਕਰਦੀ ਹੈ। ਦਲਿਤਾਂ ਦੀ ਘਰ ਵਾਪਸੀ ਦਾ ਕੰਮ ਰਾਹੁਲ ਗਾਧੀ ਉਹਨਾਂ ਦੇ ਘਰਾਂ 'ਚ ਜਾ ਕੇ ਕਰ ਰਿਹਾ ਹੈ। ਹਜ਼ਾਰੇ ਤੇ ਰਾਮਦੇਵ ਡਰਪੋਕ ਤੇ ਲਾਲਚੀ ਹਨ। ਅੜੇ ਰਹਿੰਦੇ, ਜੇਹਲ ਜਾਂਦੇ ਪਰ ਘਰਾਂ ਨੂੰ ਨਾ ਮੁੜਦੇ। ਪਰ ਜੇ ਜੇਲ੍ਹ ਜਾਣਗੇ ਤਾਂ ਉਹਨਾਂ ਦੇ ਵਪਾਰ ਨੂੰ ਕੌਣ ਦੇਖੂ? ਅੰਨਾ ਹਜ਼ਾਰੇ ਨੂੰ ਮੰਗ ਪੂਰੀ ਨਾ ਹੋਣ 'ਤੇ ਮਰਨ ਵਰਤ ਦੇ ਫੇਰ ਤੋਂ ਜਾਣ ਦੀ ਧਮਕੀ ਦੇਣ ਦੀ ਬਜਾਏ ਜੇਲ੍ਹ ਭਰੋ ਦਾ ਨਾਹਰਾ ਦੇਣਾ ਚਾਹੀਦਾ ਹੈ। ਉਹਨਾਂ ਨੇ ਖੁਦ ਜੰਤਰ ਮੰਤਰ ਤੇ ਕਿਹਾ ਸੀ ਕਿ ਮੰਗ ਜੇ ਪੂਰੀ ਨਾ ਹੋਈ ਤਾਂ ਜੇਲ੍ਹਾਂ ਭਰਾਂਗੇ ਪਰ ਉਹਨਾਂ ਵਾਅਦਾ ਨਹੀਂ ਪੂਰਾ ਕੀਤਾ। ਅੱਜ ਦੇ ਸਮਾਜਵਾਦੀ ਜੇਹਲ ਦਾ ਨਾਂ ਸੁਣਦਿਆਂ ਹੀ ਪਿੱਛੇ ਭੱਜਣ ਲੱਗਦੇ ਹਨ। ਅੰਨਾ ਦੀ ਤਰ੍ਹਾਂ ਡਰਿਆ ਬੰਦਾ ਸਤਿਆਗ੍ਰਹਿ ਨਹੀਂ ਹੋ ਸਕਦਾ। ਜੇ ਅੰਦੋਲਨ ਦੀ ਥਾਂ ਉਹ ਪਹਿਲਾਂ ਕਿਸੇ ਵਿਚਾਰਧਾਰਾ ਜਾਂ ਮਰਿਆਦਾ ਅਪਣਾਉਂਦੇ ਤਾਂ ਕੁੱਝ ਨਾ ਕੁੱਝ ਅਸੂਲ ਉਹਨਾਂ ਨੂੰ ਅਪਣਾਉਣੇ ਪੈਣੇ ਸਨ। ਉਪਨਿਵੇਸ਼ਵਾਦ ਦੇ ਦੌਰ ਵਿੱਚ ਪ੍ਰਸਾਸ਼ਨ ਤੇ ਨੀਤੀਆਂ ਦੀਆਂ ਜੜ੍ਹਾਂ 'ਚ ਬੈਠਾ ਭ੍ਰਿਸ਼ਟਾਚਾਰ ਨਵ-ਉਦਾਰਵਾਦੀ ਦੌਰ 'ਚ ਆਕਾਸ਼ ਛੂਹ ਚੁੱਕਿਆ ਹੈ। ਭ੍ਰਿਸ਼ਟਾਚਾਰ ਨੂੰ ਪ੍ਰਵਾਨ ਚੜ੍ਹਾਉਣ ਵਾਲੀ ਨਵ-ਉਦਾਰਵਾਦੀ ਵਿਵਸਥਾ ਦੇ ਭਗੀਰਥ ਮਨਮੋਹਨ ਸਿੰਘ ਟੀਮ ਹਜ਼ਾਰੇ ਤੇ ਰਾਮਦੇਵ ਦੋਨਾ ਦੇ ਹੀਰੋ ਹਨ। ਨਵੀਆਂ ਆਰਥਿਕ ਨੀਤੀਆਂ ਤੋਂ ਬਦਹਾਲ ਲੋਕ, ਬੇਹਤਰ ਹੈ ਕਿ ਜਨ ਅੰਦੋਲਨਕਾਰੀਆਂ ਤੇ ਨਾਗਰਿਕ ਸਮਾਜਵਾਦੀਆਂ ਤੋਂ ਵੱਖਰਾ, ਖੁਦ ਵਿਚਾਰ ਤੇ ਸੰਘਰਸ਼ ਕਰਨ।

# ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਸਬੰਧੀ ਕੁਝ ਸੁਆਲ

ਯੂ. ਪੀ. ਏ. ਸਰਕਾਰ ਦੇ ਦੂਜੇ ਕਾਰਜਕਾਲ ਨੂੰ ਭਾਰਤ ਦੇ ਇਤਿਹਾਸ 'ਚ ਸਭ ਤੋਂ ਵੱਡੇ ਘਪਲਿਆਂ ਲਈ ਯਾਦ ਕੀਤਾ ਜਾਵੇਗਾ : ਟੂ ਜੀ ਸਪੈਕਟ੍ਰਮ ਘੋਟਾਲਾ, ਕਾਮਨਵੈਲਥ ਗੇਮ ਘੋਟਾਲਾ, ਆਦਰਸ਼ ਸੁਸਾਇਟੀ ਘੋਟਾਲਾ....। ਲਿਸਟ ਬਹੁਤ ਲੰਬੀ ਹੈ। ਫ਼ੌਜੀਆਂ ਦੀਆਂ ਵਿਧਵਾਵਾਂ ਦੇ ਫਲੈਟ ਹਥਿਆਉਣ, ਬਜ਼ੁਰਗਾਂ ਦੀ ਪੈਨਸ਼ਨ ਦੀ ਰਕਮ ਹੜੱਪਣ ਤੇ ਛੋਟੇ ਨਿਵੇਸ਼ਕਾਂ ਦੇ ਨਿਵੇਸ਼ 'ਚ ਹੇਰ ਫੇਰ ਤੋਂ ਲੈ ਕੇ ਰਾਡੀਆ ਟਾਟਾ-ਟੇਪ ਤੋਂ ਉਜਾਗਰ ਕਾਰਪੋਰੇਟ ਘਪਲੇ ਰਾਹੀਂ ਸਰਕਾਰੀ ਖਜਾਨੇ ਨੂੰ ਅਰਬਾਂ ਦਾ ਚੂਨਾ ਲਾਉਣ ਤਕ ਭਾਰਤੀ ਹਾਕਮ ਜਮਾਤ ਦੀ ਹਰ ਪਾਰਟੀ ਨੇ ਹਰ ਕਿਸਮ ਦੇ ਭ੍ਰਿਸ਼ਟਾਚਾਰ ਦੇ ਹਰ ਰਿਕਾਰਡ ਨੂੰ ਤਹਿਸ-ਨਹਿਸ ਕੀਤਾ। ਸਰਮਾਏਦਾਰਾ ਪਾਰਟੀਆਂ ਦੇ ਨੇਤਾਵਾਂ, ਨੌਕਰਸ਼ਾਹਾਂ ਅਤੇ ਪੂੰਜੀਪਤੀਆਂ ਵਲੋਂ ਕੀਤੇ ਜਾਣ ਵਾਲਾ ਭ੍ਰਿਸ਼ਟਾਚਾਰ ਕੋਈ ਨਵਾਂ ਮਸਲਾ ਨਹੀਂ ਹੈ । ਪਰ ਸਾਲ 2009 ਤੋਂ 2011 ਤੱਕ ਦੇ ਅਰਸੇ ਨੇ ਘਪਲਿਆਂ ਦੇ ਜਬਰਦਸਤ ਸਾਈਜ ਤੇ ਕਿਸਮ ਦੇ ਚਲਦਿਆਂ ਇਸ ਨੂੰ ਦੇਸ਼ ਦੇ ਲੋਕਾਂ ਲਈ ਇੱਕ ਵੱਡਾ ਮੁੱਦਾ ਬਣਾ ਦਿੱਤਾ। ਨਿਸ਼ਚੈ ਹੀ ਇਸ ਵਿੱਚ ਮੀਡੀਆ ਦੀ ਵੀ ਅਹਿਮ ਭੂਮਿਕਾ ਰਹੀ। ਅਰਬਾਂ-ਖਰਬਾਂ ਦੇ ਘਪਲਿਆਂ ਤੋਂ ਇਲਾਵਾ ਵਿਦੇਸ਼ਾਂ 'ਚ ਜਮਾ ਕਾਲੇ ਧਨ ਦਾ ਮੁੱਦਾ ਵੀ ਦੱਬਕੇ ਉਛਲਿਆ ਅਤੇ ਇਹ ਗੱਲ ਸਾਹਮਣੇ ਆਈ ਕਿ ਵਿਦੇਸ਼ਾਂ 'ਚ ਭਾਰਤ ਦੇ ਕਰੀਬ 1400 ਅਰਬ ਡਾਲਰ ਜਮ੍ਹਾ ਹਨ। ਜੋ ਹਵਾਲਾ ਕਾਰੋਬਾਰ ਸਮੇਤ ਸਾਰੇ ਕਿਸਮ ਦੇ ਨਜਾਇਜ਼ ਰਸਤਿਆਂ ਰਾਹੀਂ ਵਿਦੇਸ਼ਾ ਪੁੱਜਾ ਹੈ। ਕੁਲ ਮਿਲਾ ਕੇ ਇਹਨਾਂ ਸਭ ਘਪਲਿਆਂ ਤੇ ਪਰਦਾ ਫਾਸ਼ਾਂ ਨੇ ਦੇਸ਼ ਦੀ ਦਲਾਲ ਹਾਕਮ ਜਮਾਤ ਉਸ ਦੀ ਚਾਕਰ ਸਰਕਾਰ ਅਤੇ ਨੌਕਰਸ਼ਾਹੀ ਨੂੰ ਇਸ ਹੱਦ ਤੱਕ ਨੰਗਾ ਕਰ ਦਿੱਤਾ ਹੈ ਕਿ ਉਸ ਦੇ ਸਰੀਰ ਤੇ ਇੱਕ ਸਾਗਾ ਵੀ ਨਹੀਂ ਬਚਿਆ ਹੈ। ਅਜਿਹੇ 'ਚ ਸਰਕਾਰ ਤੇ ਵਿਰੋਧੀ ਪਾਰਟੀਆਂ ਵਿਚਕਾਰ ਜੋ 'ਤੂੰ ਨੰਗਾ-ਤੂੰ ਨੰਗਾ' ਦੀ ਚੀਖ-ਪੁਕਾਰ ਮੱਚੀ। ਉਸ ਨੇ ਪੂਰੀ ਪੂੰਜੀਵਾਦੀ ਵਿਵਸਥਾ ਦੇ ਘਿਨੌਣੇ, ਸੜ ਚੁੱਕੇ ਤੇ ਬਦਬੂ ਮਾਰਦੇ ਕਿਰਦਾਰ ਨੂੰ ਹੋਰ ਜ਼ਿਆਦਾ ਉਖਾੜ ਕੇ ਰੱਖ ਦਿੱਤਾ ਹੈ। ਇਸ ਪੂਰੇ ਪ੍ਰਸੰਗ 'ਚ ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਸ਼ੁਰੂ ਹੋਈ। ਅਸਲ 'ਚ ਇਸ ਮੁਹਿੰਮ ਦੀ ਨੀਂਹ ਨਵੰਬਰ 2010 'ਚ ਦਿਲੀ 'ਚ ਹੋਈ ਭ੍ਰਿਸ਼ਟਾਚਾਰ ਵਿਰੋਧੀ ਰੈਲੀ 'ਚ ਹੋਈ ਸੀ। ਇਸ ਪਿੱਛੋਂ 30 ਜਨਵਰੀ 2011 ਨੂੰ ਰਾਮਲੀਲਾ ਮੈਦਾਨ ਤੋਂ ਜੰਤਰ ਮੰਤਰ ਤੱਕ ਇਕ ਰੈਲੀ ਹੋਰ ਹੋਈ। ਇਸ ਦੌਰਾਨ ਅੰਨਾ ਹਜ਼ਾਰੇ, ਅਰਵਿੰਦ ਕੇਜਰੀਵਾਲ, ਕਿਰਣ ਬੇਦੀ ਸੁਆਮੀ ਅਗਨੀਵੇਸ਼ ਤੇ ਬਾਬਾ ਰਾਮਦੇਵ ਵਰਗੇ ਸਾਰੇ ਭ੍ਰਿਸ਼ਟਾਚਾਰ ਵਿਰੋਧੀ ਜਨ ਲੋਕਪਾਲ ਬਿੱਲ ਦਾ, ਮਸੌਦਾ ਤਿਆਰ ਕਰਨ ਲਈ ਇਕੱਠੇ ਹੋਏ। ਇਸ ਪਿੱਛੋਂ ਮਾਰਚ 'ਚ ਅੰਨਾ ਹਜ਼ਾਰੇ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਭ੍ਰਿਸ਼ਟਾਚਾਰ ਵਿਰੁੱਧ ਪ੍ਰਭਾਵੀ ਕਦਮ ਚੁੱਕਣ ਦੀ ਮੰਗ ਕੀਤੀ ਤੇ ਅਜਿਹਾ ਨਾ ਹੋਣ ਦੀ ਸੂਰਤ 'ਚ ਮਰਨ ਵਰਤ ਰੱਖਣ ਦੀ ਧਮਕੀ ਦਿੱਤੀ। ਇਸ ਪਿੱਛੋਂ ਸ਼ੁਰੂ ਹੋਇਆ ਜੰਤਰ ਮੰਤਰ 'ਤੇ ਅੰਨਾ ਹਜ਼ਾਰੇ ਦਾ ਮਹਾਂ-ਸ਼ੋ 5 ਅਪ੍ਰੈਲ ਤੋਂ 9 ਅਪ੍ਰੈਲ ਤੱਕ ਇਹ ਜਾਰੀ ਰਿਹਾ। ਮੰਗ ਸੀ ਕਿ ਸਰਕਾਰ ਆਪਣੇ ਲੋਕਪਾਲ ਬਿੱਲ ਦੇ ਮਸੌਦੇ ਨੂੰ ਰੱਦ ਕਰਕੇ ਉਸ ਜਨ ਲੋਕਪਾਲ ਬਿੱਲ ਦੇ ਮਸੌਦੇ ਨੂੰ ਹੀ ਅੰਤਿਮ ਰੂਪ ਦੇਵੇ। ਜੋ ਅੰਨਾ ਦੀ

"ਸਿਵਲ ਸੁਸਾਇਟੀ" ਮੰਡਲੀ ਨੇ ਤਿਆਰ ਕੀਤਾ ਸੀ। ਖੈਰ ਅੰਨਾ ਹਜ਼ਾਰੇ ਦੇ ਜੰਤਰ ਮੰਤਰ 'ਤੇ ਡਰਾਮੇ ਦੀ ਸ਼ੁਰੂਆਤ ਦੇ ਨਾਲ ਹੀ ਦੇਸ਼ ਦੇ ਕਈ ਸ਼ਹਿਰਾਂ 'ਚ ਪੜ੍ਹੇ ਲਿਖੇ ਮੱਧਵਰਗ ਦੇ ਲੋਕ ਅਤੇ "ਸੱਭਿਅਕ" ਸ਼ਹਿਰੀ ਤੇ ਬੁੱਧੀਜੀਵੀ ਹਮਾਇਤ 'ਚ ਸੜਕਾਂ 'ਤੇ ਉਤਰ ਆਏ। ਸਾਰੇ ਪੂੰਜੀਵਾਦੀ ਮੀਡੀਆ ਨੂੰ ਟੀ ਪੀ ਆਰ ਵਧਾ ਕੇ ਮੁਨਾਫਾ ਲੁੱਟਣ ਦਾ ਫਿਕਰ ਰਹਿੰਦਾ ਹੈ। ਮੌਕੇ ਦੀ ਵਰਤੋਂ ਲਈ ਇਸ ਨੂੰ ਮੈਦਾਨ 'ਚ ਉਤਰਨਾ ਪਿਆ।

ਜੰਤਰ ਮੰਤਰ 'ਤੇ ਆਰਜੀ ਸਟੂਡੀਓ ਬਣਾ ਲਏ ਗਏ। ਕੋਈ ਚੈਨਲ ਅੰਨਾ ਨੂੰ 'ਅੱਜ ਦਾ ਗਾਂਧੀ' ਬੋਲ ਰਿਹਾ ਸੀ ਤੇ ਕੋਈ ਸਿੱਧਾ ਪ੍ਰਸਾਰਣ ਕਰਦੇ ਹੋਏ 'ਗਰਾਊਂਡ ਜੀਰੋ' ਤੋਂ 'ਰਿਪੋਰਟਿੰਗ ਕਰ ਰਿਹਾ ਸੀ। ਜੰਤਰ-ਮੰਤਰ ਨੂੰ ਭਾਰਤ ਦਾ ਫੌਰਨ ਹੀ ਤਹਿਰੀਰ ਚੌਂਕ ਐਲਾਨ ਦਿੱਤਾ ਗਿਆ ਅਤੇ ਜਦ 9 ਅਪ੍ਰੈਲ ਨੂੰ ਸਰਕਾਰ ਅੰਨਾ ਦੀਆਂ ਮੰਗਾਂ ਮੂਹਰੇ ਝੁਕ ਗਈ ਫੇਰ ਤਾਂ ਮੀਡੀਆ ਪਾਗਲ ਹੀ ਹੋ ਗਿਆ। ਵਿਸ਼ਵ ਕੱਪ ਦੀ ਜਿੱਤ ਨੂੰ ਅਜੇ ਕੁੱਝ ਹੀ ਦਿਨ ਹੋਏ ਸਨ। ਮੀਡੀਆ ਨੇ ਰੀਪੋਟ ਕੀਤੀ 'ਇੰਡੀਆ ਵਿਨਸ ਅਗੇਨ' ਅੰਨਾ ਨੇ ਵਰਤ ਤੋੜਿਆ' ਉਹੀ ਵਰਗ ਜੋ ਵਿਸ਼ਵ ਕੱਪ ਦੀ ਜਿੱਤ 'ਤੇ ਸੜਕਾਂ ਉਪਰ ਕਾਰਾਂ-ਮੋਟਰ ਸਾਈਕਲਾਂ 'ਤੇ ਬੀਅਰ ਦੀਅ ਬੋਤਲਾਂ ਨੂੰ ਖੱਪ ਪਾ ਰਿਹਾ ਸੀ। ਉਹੀ ਵਰਗ ਅੰਨਾ ਹਜ਼ਾਰੇ ਦੇ ਵਰਤ ਦੀ ਜਿੱਤ 'ਤੇ ਵੀ ਦੇਸ਼ ਭਗਤੀ ਦੇ ਗਾਣੇ ਗਾਉਂਦਾ ਹੋਇਆ ਲਗਭਗ ਉਸੇ ਤਰ੍ਹਾਂ ਹੀ ਖਰੂਦ ਪਾ ਰਿਹਾ ਸੀ। ਇਹ ਸਭ ਕੁੱਝ ਦੇਖਕੇ ਗੁੱਸਾ ਆ ਰਿਹਾ ਸੀ ਤੇ ਮਾਰਕਸ ਦੀ ਇਹ ਅਖੌਤ ਯਾਦ ਆ ਰਹੀ ਸੀ 'ਬੁਰਜੂਆ ਜਮਾਤ ਦਾ ਰਾਸ਼ਟਰਵਾਦ ਮੰਡੀ 'ਚ ਹੀ ਪੈਦਾ ਹੁੰਦਾ ਹੈ' ਮੀਡੀਆ ਇਸ ਨੂੰ ਭਾਰਤ ਉਦੈ ਵਜੋਂ ਪੇਸ਼ ਕਰ ਰਿਹਾ ਸੀ। ਅਸਲ 'ਚ ਇਹ ਵੀ ਖਰਚ ਕਰਨ ਤੇ ਮੌਜ ਮਸਤੀ ਕਰਨ ਦਾ ਇਕ ਮੌਕਾ ਹੀ ਸੀ। ਖੈਰ ਇਸ ਪੂਰੇ ਅੰਦੋਲਨ ਦੇ ਜਮਾਤੀ ਕਿਰਦਾਰ ਤੇ ਸਮਾਜਿਕ ਅਧਾਰਾਂ ਦਾ ਵਿਸਲੇਸ਼ਣ ਆਪਾਂ ਪਿੱਛੋਂ ਕਰਾਂਗੇ। ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਦਾ ਅੰਨਾ ਮੂਹਰੇ "ਝੁਕਣਾ" ਅਸਲ 'ਚ ਝੁਕਣਾ ਸੀ ਹੀ ਨਹੀਂ। ਇਸ ਨਾਲ ਤਾਂ ਕਾਂਗਰਸ ਸਰਕਾਰ ਨੂੰ ਇਹ ਮੌਕਾ ਮਿਲਿਆ ਕਿ ਇਸ ਮੁੱਦੇ 'ਤੇ ਸੋਚੀ ਸਮਝੀ ਤੇ "ਸੰਵੇਦਨਸ਼ੀਲ" ਦੇਖਣ ਵਾਲੀ ਪ੍ਰਤੀਕ੍ਰਿਆ ਜਨਤਾ ਵਿੱਚ ਇੱਕ "ਸੋਚਣ ਵਾਲੀ ਸਰਕਾਰ" ਦੀ ਦਿਖ ਨੂੰ ਮਜ਼ਬੂਤ ਕਰੇ ਅਤੇ ਇਹ ਦਿਖਾ ਸਕੇ ਕਿ ਭ੍ਰਿਸ਼ਟਾਚਾਰ ਬਾਰੇ ਉਹ ਗੰਭੀਰ ਹੈ। ਭਾਜਪਾ ਨੂੰ ਅੰਨਾ ਨੂੰ ਆਪਣਾ ਬੰਦਾ ਦੱਸਣ ਤੇ ਕਾਂਗਰਸ 'ਤੇ ਹਮਲਾ ਕਰਨ ਦਾ ਮੌਕਾ ਮਿਲ ਗਿਆ। ਭਾਜਪਾ ਕਹਿ ਰਹੀ ਸੀ "ਤੁਸੀਂ ਸਾਡੇ ਹੋ" ਅੰਨਾ ਕਹਿ ਰਿਹਾਸੀ "ਮੈਂ ਤੁਹਾਡਾ ਨਹੀਂ ਹਾਂ" ਖੈਰ ਵਿਰੋਧੀ ਧਿਰ ਦੀਆਂ ਹੋਰ ਪਾਰਟੀਆਂ ਵੀ ਅੰਨਾ ਦੀ ਤਰਫਦਾਰੀ 'ਚ ਆ ਗਈਆਂ। ਇੱਥੋਂ ਤੱਕ ਕਿ ਸੀ. ਪੀ. ਆਈ. (ਮੂਲ) ਲਿਬਰੇਸ਼ਨ ਵੀ। ਹੁਣ ਸਮਝ ਨਹੀਂ ਆ ਰਿਹਾ ਕਿ ਇਸ ਭ੍ਰਿਸ਼ਟਾਚਾਰ ਵਿਰੋਧ ਦਾ ਨਿਸ਼ਾਨਾ ਕੌਣ ਸੀ? ਸਭ ਰਾਜੀ ਸਨ ਕਿ ਭ੍ਰਿਸ਼ਟਾਚਾਰ ਵਿਰੁੱਧ ਇੱਕ ਮਜ਼ਬੂਤ ਜਨ ਲੋਕਪਾਲ ਕਾਨੂੰਨ ਪਾਸ ਹੋਣਾ ਚਾਹੀਦਾ ਹੈ। ਇਸ 'ਚ ਦੋ ਮੁੱਖ ਕਾਰਨ ਸਨ। ਇਕ ਤਾਂ ਇਹ ਕਿ ਸਭ ਪਾਰਟੀਆਂ ਜਾਣਦੀਆਂ ਹਨ ਕਿ ਕਿਸੇ ਵੀ ਕਿਸਮ ਦਾ ਕੋਈ ਕਾਨੂੰਨ ਭ੍ਰਿਸ਼ਟਾਚਾਰ ਤੇ ਭ੍ਰਿਸ਼ਟਾਚਾਰੀਆਂ ਉਪਰ ਅਸਲ 'ਚ ਲਗਾਮ ਨਹੀਂ ਕਸ ਸਕਦਾ ਅਤੇ ਦੂਜਾ ਕਾਰਨ ਇਹ ਸੀ ਕਿ ਇਸ ਅੰਦੋਲਨ ਦੀ ਟਾਈਮਿੰਗ ਇਕ ਦਮ ਸਟੀਕ ਸੀ। ਪੱਛਮੀ ਬੰਗਾਲ, ਅਸਾਮ, ਕੇਰਲ, ਆਂਧਰਾ ਪ੍ਰਦੇਸ਼ ਤੇ ਤਾਮਿਲਨਾਡੂ 'ਚ ਵਿਧਾਨ

ਸਭਾ ਚੋਣਾ ਹੋਣ ਵਾਲੀਆਂ ਸਨ ਤੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤੇ ਜਨ ਲੋਕਪਾਲ ਬਿੱਲ ਦੀ ਹਮਾਇਤ ਦਾ ਜ਼ੁਬਾਨੀ ਜਮ੍ਹਾ ਖਰਚ ਕਰਨ ਦਾ ਸਪਸ਼ਟ ਚੁਣਾਵੀ ਲਾਭ ਮਿਲ ਸਕਦਾ ਸੀ। ਅਜਿਹੇ 'ਚ ਇਹ ਸਥਿਤੀ ਤਾਂ ਪੈਦਾ ਹੋਣੀ ਹੀ ਸੀ। ਉਪਰੋਂ ਮੀਡੀਆ ਨੇ, ਜੋ ਅਸਲ 'ਚ ਕਾਰਪੋਰੇਟ ਜਗਤ ਦੇ ਅਧੀਨ ਹੈ ਅਤੇ ਉਹਨਾਂ ਦੇ ਹੀ ਹਿੱਤਾਂ ਦੀ ਸੇਵਾ ਕਰਦਾ ਹੈ। ਭ੍ਰਿਸ਼ਟਾਚਾਰ ਵਿਰੋਧ ਨੂੰ ਇਕ 'ਨਵਾਂ ਇਨਕਲਾਬ' 'ਨਵੀਂ ਅਜਾਦੀ ਦੀ ਲੜਾਈ' 'ਤਹਿਰੀਰ ਚੌਂਕ' ਆਦਿ ਦਸ ਕੇ ਲੋਕਾਂ ਲਈ ਭ੍ਰਿਸ਼ਟਾਚਾਰ ਨੂੰ ਹੀ ਸਭ ਸਮੱਸਿਆਵਾਂ ਦੀ ਜੜ੍ਹ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕਰ ਰਿਹਾ ਸੀ। ਕੁਲ ਮਿਲਾ ਕੇ, ਭਾਰਤ ਦੀਆਂ ਹਾਕਮ ਜਮਾਤਾਂ ਨੇ ਇਕ ਵਾਰ ਫਿਰ ਆਪਣੇ ਹੀ ਵਿਰੋਧ ਦੀ ਇਕ ਸ਼ਕਲ ਤਿਆਰ ਕਰਨ ਤੇ ਫਿਰ ਕੁਸ਼ਲਤਾਪੂਰਵਕ ਆਪਣੇ ਹੀ ਕਾਬੇ ਦਾ ਹਿੱਸਾ ਬਣਾਉਣ 'ਚ ਫਿਰ ਤੋਂ ਕਾਮਯਾਬੀ ਹਾਸਲ ਕੀਤੀ। ਅਸਲ 'ਚ ਹੁਸਨੀ ਮੁਬਾਰਕ ਅਤੇ ਬੇਨ ਆਬਿਦੀਨ ਅਲੀ ਅਤੇ ਹੋਰ ਅਰਬ ਹਾਕਮਾਂ ਨੂੰ ਭਾਰਤੀ ਹਾਕਮ ਜਮਾਤ ਤੋਂ ਕੁੱਝ ਸਿੱਖਣਾ ਚਾਹੀਦਾ ਹੈ।

ਜਰਾ ਸੋਚੋ ਇੱਥੇ ਕੀ ਕਰਤੱਬ ਕੀਤਾ ਗਿਆ ਹੈ। ਪਹਿਲਾਂ ਦੱਬ ਕੇ ਭ੍ਰਿਸ਼ਟਾਚਾਰ ਕਰੋ ਅਰਬਾਂ ਦੇ ਘਪਲੇ ਕਰੋ, ਰਿਸ਼ਵਤਖੋਰੀ, ਕਮਿਸ਼ਨਖੋਰੀ, ਜਮੀਨਾਂ ਜਾਇਦਾਦਾਂ ਹੜੱਪਣ ਤੇ ਭਾਈ-ਭਤੀਜਵਾਦ ਦੀ ਬਦਬੂ ਫੈਲਾਅ ਦਿਉ ਤੇ ਉਸ ਪਿੱਛੋਂ ਇਸ ਬੇਕਿਰਕ ਭ੍ਰਿਸ਼ਟਾਚਾਰ ਵਿਰੁੱਧ ਲੋਕ ਰੋਹ ਦੀ ਵਰਤੋਂ ਇਕ ਅਜਿਹੀ ਸਥਿਤੀ ਪੈਦਾ ਕਰਨ ਲਈ ਕਰੋ ਜਿਸ ਵਿੱਚ ਹਾਕਮ ਜਮਾਤ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਸੰਵੇਦਨਸ਼ੀਲ ਤੇ ਗੰਭੀਰ ਰੁਖ ਅਪਣਾਉਂਦੀ ਨਜ਼ਰ ਆਵੇ ਤੇ ਇਸ ਤਰ੍ਹਾਂ ਉਸ ਦਾ ਦਬ ਦਬਾਅ ਲੋਕਾਂ 'ਚ ਹੋਰ ਮਜ਼ਬੂਤ ਹੋਵੇ। ਮੀਡੀਆ ਨੇ ਹਾਕਮ ਜਮਾਤ ਦੀ ਇਕ ਸੰਵੇਦਨਸ਼ੀਲ ਪ੍ਰਤੀਕ੍ਰਿਆ ਦਿੰਦਿਆਂ ਦਿਖਾ ਕੇ ਇਸ ਪੂਰੇ ਤਮਾਸ਼ੇ ਦਾ ਸਹੀ ਤਰੀਕੇ ਨਾਲ ਕਤਲ ਕਰਨ 'ਚ ਪੂਰੀ ਮਦਦ ਕੀਤੀ। ਮੀਡੀਆ ਨੇ ਇਸ ਪੂਰੇ ਸੋਅ ਨੂੰ 'ਇਕ ਨਵਾਂ ਇਨਕਲਾਬ' ਦੱਸਿਆ ਜੋ ਅਸਲ 'ਚ ਮੌਜੂਦਾ ਪ੍ਰਬੰਦ ਦੇ ਹੀ ਦਾਬੇ ਨੂੰ ਹੀ ਹੋਰ ਡੂੰਘਾ ਬਣਾਉਂਦਾ ਹੈ। ਜਿਸ ਕਿਸੇ ਨੂੰ ਇਸ ਨਵੀਂ ਕ੍ਰਾਂਤੀ 'ਤੇ ਸ਼ੱਕ ਸੀ। ਉਹ ਸੁਆਲ ਉਠਾ ਰਿਹਾ ਸੀ ਜਾਂ ਅਲੋਚਨਾ ਕਰ ਰਿਹਾ ਸੀ। ਉਸ ਨੂੰ ਸਿਰ ਫਿਰਿਆ, ਬੇਵਕੂਫ, ਅਨਜਾਨ ਜਾਂ ਸਾਜਿਸ਼ੀ ਦਸ ਰਿਹਾ ਸੀ। ਇੱਥੇ ਅਹਿਸਮਤੀ ਜਾਂ ਵਿਰੋਧ ਲਈ ਕੋਈ ਥਾਂ ਨਹੀਂ ਸੀ ਬਸ਼ਰਤੇ ਕਿ ਆਪ ਕਪਿਲ ਸਿੱਬਲ ਜਾਂ ਅਰੁਣਾ ਗਏ ਨਾ ਹੋਵੋਂ। ਯਾਨੀ ਬਸ ਇਹ ਵਿਰੋਧ ਹਾਨੀਕਾਰਕ ਨਹੀਂ ਹੋਣਾ ਚਾਹੀਦਾ ਬਲਕਿ ਇਹ ਵੀ 'ਸ਼ੋ' ਦਾ ਇਕ ਹਿੱਸਾ ਹੋਣਾ ਚਾਹੀਦਾ ਹੈ। ਇਕ ਹੋਰ ਗੱਲ ਧਿਆਨ ਦੇਣ ਵਾਲੀ ਹੈ। ਅੰਨਾ ਹਜ਼ਾਰੇ ਜੰਤਰ ਮੰਤਰ 'ਤੇ ਭੁੱਖ-ਹੜਤਾਲ ਕਰਨ ਵਾਲੇ ਪਹਿਲੇ ਬੰਦੇ ਨਹੀਂ ਸਨ। ਇਸ ਤੋਂ ਪਹਿਲਾਂ ਵੀ ਬਹੁਤ ਸਾਰੇ ਲੋਕਾਂ ਨੇ ਜੰਤਰ-ਮੰਤਰ 'ਤੇ ਜਾਇਜ਼ ਮੰਗਾਂ ਲਈ ਭੁੱਖ ਹੜਤਾਲ ਤੇ ਮੁਜਾਹਰੇ ਕੀਤੇ ਹੋਣਗੇ ਪਰ ਸਰਕਾਰ ਪੜ੍ਹੇ ਲਿਖੇ, ਖਾਂਦੇ ਪੀਂਦੇ ਮੱਧ ਵਰਗ ਦੀ ਅਜਿਹੀ ਹਾਸੋਹੀਣੀ ਪ੍ਰਤੀਕ੍ਰਿਆ ਤੇ ਮੀਡੀਆ ਦਾ ਅਜਿਹਾ ਮੇਲਾ ਪਹਿਲਾਂ ਕਦੀ ਨਹੀਂ ਵੇਖਿਆ। ਇਰੋਮ ਸ਼ਰਮੀਲਾ ਮਣੀਪੁਰ ਵਿੱਚ ਆਦਮਖੋਰ ਹਥਿਆਰਬੰਦ ਸੁਰੱਖਿਆ ਫੋਰਸ ਵਿਸ਼ੇਸ਼ ਅਧਿਕਾਰ ਕਾਨੂੰਨ ਖਿਲਾਫ਼ 10 ਸਾਲਾਂ ਤੋਂ ਵੱਧ ਸਮੇਂ ਤੋਂ ਮਰਨ ਵਰਤ 'ਤੇ ਬੈਠੀ ਹੈ ਪਰ ਸਰਕਾਰ ਉਹਨਾਂ ਵੱਲ ਕੋਈ ਧਿਆਨ ਨਹੀਂ ਦਿੰਦੀ ਅਤੇ ਉਹਨਾਂ ਦੇ ਜੰਤਰ ਮੰਤਰ ਉਪਰ ਆਉਣ 'ਤੇ ਕੋਈ ਸ਼ੋਰ ਨਹੀਂ ਮਚਦਾ। ਸ਼ਹਿਰ ਦੇ ਕੁੱਝ ਬੁੱਧੀ ਜੀਵੀ, ਕੁੱਝ ਵਿਦਿਆਰਥੀ ਤੇ ਚੋਣਵੇਂ ਪਤ੍ਰਕਾਰ

ਪਹੁੰਚਦੇ ਹਨ ਤੇ ਇਸ ਪਿੱਛੋਂ ਪੁਲਸ ਉਹਨਾਂ ਨੂੰ ਚੁੱਕ ਕੇ ਲੈ ਜਾਂਦੀ ਹੈ ਅਤੇ ਜਬਰੀ ਉਹਨਾਂ ਨੂੰ ਗੁਲੂਕੋਜ ਚੜ੍ਹਾ ਦਿੱਤਾ ਜਾਂਦਾ ਹੈ। ਸੁਪਰੀਮ ਕੋਰਟ ਤੇ ਇਸ "ਸਿਵਲ ਸੁਸਾਇਟੀ" ਦੇ ਸਾਰੇ ਨੁਮਾਇੰਦਿਆਂ ਵਲੋਂ ਇਸ ਅਤਿਆਚਾਰੀ ਕਾਨੂੰਨ ਖਿਲਾਫ਼ ਟਿੱਪਣੀਆਂ ਦੇ ਬਾਵਜੂਦ ਨਾ ਸਰਕਾਰ ਨੇ ਇਸ ਵੱਲ ਕੋਈ ਧਿਆਨ ਦਿੱਤਾ ਅਤੇ ਨਾ ਹੀ ਮੀਡੀਆ ਨੇ ਅਤੇ ਨਾ ਹੀ ਨਵ-ਉਦਾਰਵਾਦੀ ਨੀਤੀਆਂ ਦਾ ਲਾਭਪਾਤਰੀ ਖਾਂਦਾ ਪੀਂਦਾ ਮੱਧ ਵਰਗ ਦੇਸ਼ ਭਗਤੀ ਦੀ ਭਾਵਨਾ ਨਾਲ ਭਰਕੇ ਸੜਕਾਂ 'ਤੇ ਨਿਕਲਿਆ। ਇਕ ਹੋਰ ਮਿਸਾਲ ਦੇਖੋ। 125ਵੇਂ ਮਈ ਦਿਨ ਮੌਕੇ ਹਜ਼ਾਰਾਂ ਮਜ਼ਦੂਰ ਮੰਗ ਪੱਤਰ ਅੰਦੋਲਨ ਦੇ ਤਹਿਤ 260 ਕਿਰਤ ਕਾਨੂੰਨਾਂ ਨੂੰ ਲਾਗੂ ਕਰਾਉਣ ਤੇ ਨਵੇਂ ਕਿਰਤ ਕਾਨੂੰਨਾ ਦੀ ਮੰਗ ਸਬੰਧੀ ਜੰਤਰ-ਮੰਤਰ 'ਤੇ ਇਕੱਠੇ ਹੋਏ ਅਤੇ ਉਸ ਦਿਨ ਅੰਨਾ ਹਜ਼ਾਰੇ ਦੇ 20-25 ਚੇਲੇ ਵੀ ਜੰਤਰ ਮੰਤਰ 'ਤੇ 'ਮੈਂ ਭੁੱਖ ਹੜਤਾਲ 'ਤੇ ਹਾਂ' ਦੀ ਟੋਪੀ ਪਹਿਨਕੇ ਪਹੁੰਚੇ ਸਨ। ਪਰ ਮੀਡੀਆ ਨੂੰ ਹਜ਼ਾਰਾਂ ਮਜ਼ਦੂਰਾਂ ਦੀ ਰੈਲੀ ਨਹੀਂ ਦਿਸੀ। ਉਹ 25 ਭ੍ਰਿਸ਼ਟਾਚਾਰ ਵਿਰੋਧੀ ਸਿਪਾਹੀ ਜ਼ਰੂਰ ਨਜ਼ਰ ਆ ਗਏ। ਸਪਸ਼ਟ ਹੈ ਕਿ ਮੀਡੀਆ ਤੇ ਸਰਕਾਰ ਦੀ ਮਿਲੀ ਭੁਗਤ ਹੈ।

# ਅੰਨਾ ਹਜ਼ਾਰੇ ਦੇ ਸੰਘਰਸ਼ ਦਾ ਫਿਰਕੂ ਕਿਰਦਾਰ

ਆਜ਼ਾਦੀ ਦੀ ਦੂਜੀ ਅਖੌਤੀ ਲੜਾਈ ਦੇ ਮੀਡੀਆ ਵਲੋਂ ਉਸਾਰੇ ਮਹਾਂਨਾਇਕ ਅੰਨਾ ਹਜ਼ਾਰੇ ਦੇ ਸੰਘਰਸ਼ ਦੀ ਰੂਪਰੇਖਾ ਬਣਾਉਣ ਤੋਂ ਲੈ ਕੇ ਹੁਣ ਤੱਕ ਉਸ ਦੇ ਸਫ਼ਲ ਪ੍ਰਬੰਧ ਤੇ ਉਸ 'ਚ ਸਰਗਰਮ ਸਮੂਲੀਅਤ ਕਰਨ 'ਚ ਆਰ. ਐਸ. ਐਸ. ਦੀ ਅਹਿਮ ਭੂਮਿਕਾ ਨਹੀਂ। ਇਸ ਲਈ ਭ੍ਰਿਸ਼ਟਾਚਾਰ ਵਿਰੋਧੀ ਇਸ ਗਾਂਧੀਵਾਦੀ ਅੰਦੋਲਨ ਦੇ ਫਿਰਕੂ ਕਿਰਦਾਰ 'ਤੇ ਚਰਚਾ ਕਰਨੀ ਵੀ ਲਾਜ਼ਮੀ ਹੈ। ਕੋਈ ਵੀ ਸੰਘਰਸ਼ ਗਿਣਤੀ ਦੇ ਪੱਖੋਂ ਕਿੰਨਾ ਵੀ ਤਾਕਤਵਰ ਕਿਉਂ ਨਾ ਹੋਵੇ, ਉਸ ਪਿੱਛੇ ਕਿਹੜੀਆਂ ਕਿਹੜੀਆਂ ਤਾਕਤਾਂ ਕੰਮ ਕਰ ਰਹੀਆਂ ਹਨ ਤੇ ਉਨ੍ਹਾਂ ਦਾ ਮਕਸਦ ਕੀ ਹੈ, ਇਹ ਜਾਣੇ ਬਗੈਰ ਉਸ ਸੰਘਰਸ਼ ਦਾ ਵਿਸ਼ਲੇਸ਼ਣ ਅਧੂਰਾ ਰਹਿ ਜਾਂਦਾ ਹੈ। ਕਈ ਨਜ਼ਰੀਏ ਤੋਂ ਅਤੇ ਪਹਿਲੂਆਂ ਪੱਖੋਂ ਅੰਨਾ ਹਜ਼ਾਰੇ ਦੇ ਵਰਤ ਅਤੇ ਸੰਘਰਸ਼ ਉਪਰ ਚਰਚਾ ਕਰਾਂਗੇ। ਕੀ ਇਹ ਅੰਦੋਲਨ ਗਾਂਧੀਵਾਦੀ ਸੀ? ਕੀ ਇਹ ਪੂਰਨ ਤੌਰ ਤੇ ਰਾਜਸੀ ਨਿਰਪੱਖ ਅੰਦੋਲਨ ਸੀ? ਕੀ ਇਹ ਜਮਹੂਰੀ ਤੇ ਸਮਾਜਵਾਦੀ ਅੰਦੋਲਨ ਸੀ? ਕੀ ਇਹ ਮੀਡੀਆ ਵੱਲੋਂ ਖੜ੍ਹਾ ਕੀਤਾ ਅੰਦੋਲਨ ਸੀ? ਕੀ ਇਸ ਦੀ ਵਿਤੀ ਮਦਦ ਕਾਰਪੋਰੇਟ ਜਗਤ ਨੇ ਕੀਤੀ ਸੀ? ਕੀ ਇਹ ਸਿਰਫ਼ ਇੱਕ ਗੈਰ-ਸਰਕਾਰੀ ਸੰਗਠਨਾਂ ਦੀ ਖੇਡ ਸੀ? ਕੀ ਇਹ ਪੂਰੇ ਭਾਰਤ ਦਾ ਅੰਦੋਲਨ ਸੀ? ਇਹਨਾਂ ਸਾਰੀਆਂ ਗੱਲਾਂ 'ਤੇ ਵਿਸਥਾਰ ਨਾਲ ਵੱਖ-ਵੱਖ ਲੋਕਾਂ ਨੇ ਆਪਣੇ ਵਿਚਾਰ ਪ੍ਰਗਟਾਏ। ਪਰ ਇਸ ਗੱਲ ਦੀ ਚਰਚਾ ਘੱਟ ਹੋਈ ਹੈ ਕਿ ਕੀ ਇਹ ਅੰਦੋਲਨ ਧਰਮ ਨਿਰਪੇਖਤਾ ਦੇ ਸੰਵਿਧਾਨਿਕ ਮੁੱਲਾਂ ਤੇ ਟਿਕਿਆ ਸੀ? ਜਾਂ ਇਹ ਕਿਸੇ ਖਾਸ ਵਿਚਾਰਧਾਰਾ ਵੱਲ ਝੁਕਿਆ ਸੀ? ਖਾਸ ਕਰਕੇ ਸੰਘੀ ਵਿਚਾਰਧਾਰਾ ਵੱਲ? ਅੰਨਾ ਹਜ਼ਾਰੇ ਦੇ ਅੰਦੋਲਨ ਦੇ ਰਣਨੀਤੀਕਾਰ ਇਸ ਗੱਲ ਨੂੰ ਮੁੱਢੋਂ ਰੱਦ ਕਰਦੇ ਹਨ ਕਿ ਉਨ੍ਹਾਂ ਦਾ ਹਿੰਦੂਵਾਦੀ ਤਾਕਤਾਂ ਨਾਲ ਕੋਈ ਸਿੱਧਾ ਸਬੰਧ ਹੈ, ਉਹ ਚੀਕ ਚੀਕ ਕੇ ਦਸ ਰਹੇ ਹਨ ਕਿ ਇਹ ਆਰ ਐਸ ਐਸ ਦੇ ਸਹਿਯੋਗ ਤੇ ਹਮਾਇਤ ਉਪਰ ਟਿਕਿਆ ਹੋਇਆ ਅੰਦੋਲਨ ਸੀ। ਟੀਮ ਅੰਨਾ ਦੇ ਮੈਂਬਰ ਅਰਵਿੰਦ ਕੇਜਰੀਵਾਲ, ਕਿਰਨ ਬੇਦੀ, ਪ੍ਰਸ਼ਾਂਤ ਭੂਸ਼ਣ ਆਦਿ ਇਸ ਸੱਚੇ ਨੂੰ ਮੰਨਦੇ ਹਨ ਜਾਂ ਨਹੀਂ ਖੁਦ ਆਰ. ਐਸ. ਐਸ. ਅਧਿਕਾਰਿਤ ਤੌਰ 'ਤੇ ਇਸ ਸੱਚ ਨੂੰ ਮੰਨ ਚੁੱਕੀ ਹੈ ਕਿ ਉਨ੍ਹਾਂ ਦੀ ਹਮਾਇਤ ਬਿਨਾਂ ਇਹ ਅੰਦੋਲਨ ਨਾ ਤਾਂ ਖੜ੍ਹਾ ਹੁੰਦਾ ਸੀ ਤੇ ਨਾ ਹੀ ਏਨਾ ਹਾਈਟੈਕ ਨਾਟਕ ਚਲ ਸਕਦਾ ਕਿਉਂਕਿ ਇੰਡੀਆ ਅੰਗੈਨਸਟ ਕਰੱਪਸ਼ਨ ਦੇ ਕੋਲ ਆਪਣਾ ਕੋਈ ਕੇਡਰ ਤਾਂ ਹੈ ਹੀ ਨਹੀਂ ਸਿਰਫ਼ ਆਪ ਬਣੇ ਨੇਤਾ ਹਨ ਭਲਾ ਸਿਰਫ਼ ਟੀ. ਵੀ. ਵੇਖਣ ਨਾਲ ਕਿਹੜੀ ਜਨਤਾ ਸੜਕਾਂ 'ਤੇ ਉਤਰਦੀ ਹੈ? ਉਨ੍ਹਾਂ ਨੂੰ ਤਾਂ ਵਿਉਂਤਬੱਧ ਤਰੀਕੇ ਨਾਲ ਘਰੋਂ ਬਾਹਰ ਲਿਆਉਣਾ ਪੈਂਦਾ ਹੈ। ਇਹ ਕੰਮ ਟੀਮ ਅੰਨਾ ਤੇ ਉਸਦੇ ਐਨ ਜੀ ਓ ਨੇ ਨਹੀਂ ਬਲਕਿ ਸੰਘ ਪਰਿਵਾਰ ਨਾਲ ਜੁੜੇ ਅਨੁਸ਼ਾਸਨਬੱਧ ਸੰਗਠਨਾਂ ਨੇ ਕੀਤਾ ਹੈ। ਹੁਣ ਤਾਂ ਇਹ ਵੀ ਸਾਬਤ ਹੋ ਚੁੱਕਿਆ ਹੈ ਕਿ ਨਾ ਸਿਰਫ਼ ਆਰ. ਐਸ. ਐਸ. ਨੇ ਅੰਨਾ ਹਜ਼ਾਰੇ ਅੰਦੋਲਨ ਲਈ ਭੀੜ ਇਕੱਠੀ ਕੀਤੀ ਬਲਕਿ ਇਸ ਅੰਦੋਲਨ ਦਾ ਰੋਡਮੈਪ ਵੀ ਉਸ ਨੇ ਹੀ ਤਿਆਰ ਕੀਤਾ। ਭ੍ਰਿਸ਼ਟਾਚਾਰ ਖਿਲਾਫ਼ ਅੰਦੋਲਨ ਦੀ ਰਣਨੀਤੀ ਮਾਰਚ 2011 ਨੂੰ ਕਰਨਾਟਕਾ ਦੇ ਪੁੱਤਰ ਜ਼ਿਲ੍ਹੇ 'ਚ ਹੋਈ ਆਰ. ਐਸ. ਐਸ. ਦੀ ਹੋਈ ਕੁੱਲ ਹਿੰਦ ਪ੍ਰਤੀਨਿਧੀ ਸਭਾ ਦੀ ਮੀਟਿੰਗ 'ਚ ਹੀ ਤਹਿ ਹੋ ਗਈ ਸੀ ਇਸ ਪਿੱਛੋਂ ਅੰਨਾ ਹਜ਼ਾਰੇ

ਨੇ ਅਪ੍ਰੈਲ ਤੇ ਪਿੱਛੋਂ ਅਗਸਤ 'ਚ ਭ੍ਰਿਸ਼ਟਾਚਾਰ ਖਿਲਾਫ਼ ਵਰਤ ਰੱਖਿਆ। ਹੁਣ ਪਿੱਛੇ ਜਿਹੇ ਹੀ ਪਤਾ ਲੱਗਿਆ ਹੈ ਕਿ ਅੰਨਾ ਹਜ਼ਾਰੇ ਦੇ ਸਭ ਤੋਂ ਨੌਜਵਾਨ ਚਿਹਰੇ ਅਰਵਿੰਦ ਕੇਜਰੀਵਾਲ ਜੋ ਕਿ ਇੱਕ ਮਾਰਵਾੜੀ ਖਾਨਦਾਨ ਨਾਲ ਸਬੰਧ ਰੱਖਦੇ ਹਨ, ਉਨ੍ਹਾਂ ਦੇ ਪਿਤਾ ਤੇ ਚਾਚਾ ਦੋਨੋਂ ਹੀ ਹਰਿਆਣੇ 'ਚ ਆਰ ਐਸ ਐਸ ਤੇ ਉਸ ਨਾਲ ਜੁੜੇ ਸੰਗਠਨਾਂ ਦੇ ਅਹੁਦੇਦਾਰ ਰਹਿ ਚੁੱਕੇ ਹਨ। ਅਰਵਿੰਦ ਕੇਜਰੀਵਾਲ ਨੇ ਆਪਣੇ ਜਨਤਕ ਜੀਵਨ 'ਚ ਕਦੀ ਵੀ ਇਨ੍ਹਾਂ ਪਿੱਛਾਖੜੀ ਸਮੂਹਾਂ ਦੀ ਖੁੱਲ੍ਹ ਕੇ ਨਿੰਦਾ ਨਹੀਂ ਕੀਤੀ। ਉਨ੍ਹਾਂ ਦਾ ਰਵੱਈਆ ਹਮੇਸ਼ਾ ਹੀ ਸੰਘ ਪਰਿਵਾਰ ਨਾਲ ਨਰਮੀ ਵਾਲਾ ਰਿਹਾ ਹੈ। ਭਾਜਪਾ ਦੇ ਉਚ ਨੇਤਾ ਲਾਲ ਕ੍ਰਿਸ਼ਣ ਅਡਵਾਨੀ ਦੇ ਨਾਲ ਉਨ੍ਹਾਂ ਦੀ ਨੇੜਤਾ ਕਿਸੇ ਤੋਂ ਛੁਪੀ ਨਹੀਂ ਹੈ। ਇਸ ਪੂਰੇ ਅੰਦੋਲਨ ਦੌਰਾਨ ਜਿਸ ਤਰ੍ਹਾਂ ਉਹ ਅਰੁਣ ਜੇਤਲੀ, ਸੁਸ਼ਮਾ ਸਵਰਾਜ ਤੇ ਨਿਤਨ ਗਡਕਰੀ ਨਾਲ ਸੰਪਰਕ ਬਣਾਕੇ ਰੱਖਦੇ ਰਹੇ, ਉਸ ਤੋਂ ਵੀ ਇਹ ਸ਼ੱਕ ਪੱਕਾ ਹੋ ਜਾਂਦਾ ਹੈ ਕਿ ਅੰਦਰ ਹੀ ਅੰਦਰ ਆਰ. ਐਸ. ਐਸ. ਤੇ ਅੰਨਾ ਟੀਮ ਦੇ ਮੁੱਖ ਮੈਂਬਰ ਅਰਵਿੰਦ ਕੇਜਰੀਵਾਲ ਦੇ ਨਾਲ ਕੁਝ ਰਿਝ-ਪੱਕ ਰਿਹਾ ਸੀ? ਏਨਾ ਹੀ ਨਹੀਂ ਅੰਨਾ ਦੇ ਵਰਤ ਦਾ ਆਖਰੀ ਦਿਨ ਇਹ ਗੱਲ ਖੁੱਲ੍ਹ ਕੇ ਸਾਹਮਣੇ ਵੀ ਆ ਗਈ। ਜਦ ਸੰਸਦ 'ਚ ਹੋ ਰਹੀ ਬਹਿਸ ਤੇ ਨਾਰਾਜ਼ਗੀ ਜ਼ਾਹਿਰ ਕਰਦਿਆ ਅਰਵਿੰਦ ਚੈਨਲਾਂ 'ਤੇ ਬੋਲੇ ਕਿ ਸਰਕਾਰ ਧਾਰਾ 184 ਦੇ ਤਹਿਤ ਵੋਟਿੰਗ ਕਿਉਂ ਨਹੀਂ ਕਰਵਾ ਰਹੀ ਹੈ? ਇੱਕ ਦਿਨ ਪਹਿਲਾਂ ਹੀ ਭਾਜਪਾ ਨੇ ਇਸ ਮੁੱਦੇ 'ਤੇ ਹੰਗਾਮਾ ਕੀਤਾ ਤੇ ਸੰਸਦ 'ਚ ਬਹਿਸ ਨਹੀਂ ਹੋਣ ਦਿੱਤੀ ਸੀ।

ਇਹ ਭਾਜਪਾ ਵੀ ਧਾਰਾ 184 ਦੇ ਤਹਿਤ ਬਹਿਸ ਉਪਰ ਅੜੀ ਹੋਈ ਸੀ ਤਾਂ ਕਿ ਵੋਟਿੰਗ ਕਰਵਾਈ ਜਾ ਸਕੇ? ਭਾਜਪਾ ਸਫ਼ਲ ਨਹੀਂ ਹੋਈ ਤਾਂ ਅਰਵਿੰਦ ਨੂੰ ਖੁੱਲ੍ਹ ਕੇ ਸਾਹਮਣੇ ਆਉਣਾ ਪਿਆ ਤੇ ਉਨ੍ਹਾਂ ਨੇ ਸਪੱਸ਼ਟ ਹੀ ਕਿਹਾ ਕਿ ਅਸੀਂ ਪਾਰਲੀਮੈਂਟ 'ਚ ਵੋਟਿੰਗ ਚਾਹੁੰਦੇ ਹਾਂ? ਤਾਂ ਕੀ ਅਰਵਿੰਦ ਆਰ ਐਸ ਐਸ ਤੇ ਭਾਜਪਾ ਚਾਹੁੰਦੇ ਸਨ ਕਿ ਯੂ. ਪੀ. ਏ. ਸਰਕਾਰ ਡੇਗੀ ਜਾਵੇ। ਕਿਉਂ ਅਤੇ ਕਿਸ ਦੇ ਇਸ਼ਾਰੇ ਉਪਰ ਅਰਵਿੰਦ ਸਰਕਾਰ ਡੇਗਣਾ ਚਾਹੁੰਦੇ ਸਨ? ਇਸ ਸੱਚਾਈ ਨੇ ਅਜੇ ਸਾਹਮਣੇ ਆਉਣਾ ਹੈ। ਖੈਰ, ਗੱਲ ਅੰਨਾ ਟੀਮ ਦੇ ਸੰਘ-ਭਾਜਪਾ ਸਬੰਧਾਂ ਬਾਰੇ ਹੈ ਤੇ ਇਨ੍ਹਾਂ ਨੂੰ ਨਿਕਾਰਨ ਦਾ ਕੋਈ ਕਾਰਨ ਇਸ ਟੀਮ ਕੋਲ ਹੈ ਵੀ ਨਹੀਂ ਹੈ। ਅੰਨਾ ਟੀਮ ਹਮੇਸ਼ਾ ਹੀ ਸੰਘ ਪਰਿਵਾਰ ਦੇ ਅਤੀ ਸਤਿਕਾਰਤ ਵਿਅਕਤੀ ਰਹੇ ਹਨ। ਇਹ ਜਾਨਣਾ ਰੋਚਕ ਹੋਵੇਗਾ ਕਿ ਅੰਨਾ ਵੱਲੋਂ ਆਪਣੀ ਰਿਹਾਇਸੀ ਜਗ੍ਹਾ ਰਾਲੇਗਣ ਸਿੱਧੀ 'ਚ ਕੀਤੇ ਗਏ 'ਆਦਰਸ਼ ਪਿੰਡ' ਦੇ ਤਜ਼ਰਬਿਆਂ ਨੂੰ 'ਰਾਮ ਰਾਜ' ਲਿਆਉਣ ਵਾਲੇ ਦੱਸਦੇ ਹੋਇਆ ਸੰਘ ਦੇ ਉਸ ਵੇਲੇ ਦੇ ਦਫ਼ਤਰ ਦੇ ਇੱਕ ਬੰਦੇ ਵੇ ਸ਼ੇਸਿਰਦ ਨੇ ਇੱਕ ਕਿਤਾਬ ਲਿਖੀ ਸੀ। ਅੰਨਾ ਹਜ਼ਾਰੇ ਦੇ ਆਦਰਸ਼ ਕੰਮਾਂ 'ਤੇ ਇਹ ਸ਼ਾਇਦ ਪਹਿਲੀ ਕਿਤਾਬ ਸੀ। ਸੰਘ ਦੇ ਇੱਕ ਪ੍ਰਚਾਰਕ ਬੀ. ਐਮ. ਦਾਤੇ ਨੇ ਪੁਣੇ ਤੇ ਇਸ ਦੇ ਆਲੇ-ਦੁਆਲੇ ਅੰਨਾ ਦੇ ਪੱਖ 'ਚ ਕਈ ਪ੍ਰੋਗਰਾਮ ਆਯੋਜਿਤ ਕੀਤੇ ਸਨ। ਸੰਘ ਦੇ ਇੱਕ ਥਿੰਕਟੈਂਕ ਨੇ ਕੇ. ਐਨ. ਗੋਬਿੰਦਾਚਾਰੀਆ ਮੰਨਦੇ ਹਨ ਕਿ ਆਰ. ਐਸ. ਐਸ. ਦੇ ਕਈ ਸੋਇਮ ਸੇਵਕਾਂ ਨੇ ਅੰਨਾ ਦੇ ਪਿੰਡ ਰਾਲੇਗਣ ਸਿਧੀ ਦਾ ਦੌਰਾ ਕੀਤਾ ਹੈ। ਅੰਨਾ ਹਜ਼ਾਰੇ ਵੀ ਕਦੇ ਸੰਘ ਪਰਿਵਾਰ ਦੇ ਖਿਲਾਫ਼ ਨਹੀਂ ਰਿਹਾ ਸੰਘ ਦੇ ਨਾਲ ਉਨ੍ਹਾਂ ਦੇ ਰਿਸ਼ਤੇ 1995 ਤੱਕ ਬੇਹੱਦ ਕਰੀਬੀ ਰਹੇ। ਜਦ ਅੰਨਾ ਨੇ ਮਹਾਂਰਾਸ਼ਟਰ ਦੀ ਭਾਜਪਾ ਸ਼ਿਵਸੈਨਾ ਸਾਂਝੀ ਸਰਕਾਰ ਦੇ ਦੋ

ਮੰਤਰੀਆਂ ਭਾਜਪਾ ਦੇ ਮਹਾਦੇਵ ਸ਼ਿਵਣਕਰ ਤੇ ਸ਼ਿਵ ਸੈਨਾ ਦੇ ਸਸੀਕਾਂਤ ਸੁਧਾਰ ਨੂੰ ਭ੍ਰਿਸ਼ਟਾਚਾਰ ਲਈ ਨਿਸ਼ਾਨਾ ਬਣਾਇਆ ਤਾਂ ਆਰ. ਐਸ. ਐਸ. ਨੇ ਹਮੇਸ਼ਾ ਅੰਨਾ ਦੇ ਮੰਦਰ 'ਚ ਰਹਿ ਕੇ ਗੁਜ਼ਾਰਾ ਕਰਨ ਪੇਂਡੂ ਸਵਰਾਜ ਰਾਹੀਂ ਪੁਰਾਤਨ ਭਾਰਤੀ ਸਭਿਆਚਾਰ ਨੂੰ ਪੁਨਰ ਜੀਵਤ ਕਰਨ ਦੇ ਰਾਲੇਗਣ ਸਿੱਧੀ ਦੇ ਤਜ਼ਰਬਿਆਂ ਦੀ ਬੇਹੱਦ ਤਾਰੀਫ਼ ਕੀਤੀ ਸੰਘ ਦੇ ਸੁਖ ਪੱਤਰ, ਪਾਂਚ ਜਨਮ ਨੇ ਉਨ੍ਹਾਂ ਨੂੰ ਭਾਰਤੀ ਨਾਇਕਾਂ ਵਜੋਂ ਦਰਸਾਇਆ ਤੇ ਉਹ ਇਸ ਦੇ ਵਿਸ਼ੇਸ਼ ਅੰਕਾਂ ਦੇ ਕਵਰ 'ਤੇ ਵੀ ਛਪਦੇ ਰਹੇ। ਇਸ ਵਾਰੀ ਜਦ ਭ੍ਰਿਸ਼ਟਾਚਾਰ ਦੇ ਮੁੱਦਿਆਂ 'ਤੇ ਸਾਂਝੀ ਪ੍ਰਗਤੀਸ਼ੀਲ ਗੱਠਜੋੜ (ਯੂ ਪੀ ਏ) ਸਰਕਾਰ ਨੂੰ ਘੇਰਨ 'ਚ ਭਾਜਪਾ ਨਾਕਾਮ ਰਹੀ ਤਾਂ ਉਨ੍ਹਾਂ ਨੂੰ ਆਪਣੇ ਪਿਆਰੇ ਨਾਇਕ ਅੰਨਾ ਹਜ਼ਾਰੇ ਦੀ ਯਾਦ ਆਈ ਤਾਂ ਉਨ੍ਹਾਂ ਨੇ ਅੰਨਾ ਰਾਹੀਂ ਭ੍ਰਿਸ਼ਟਾਚਾਰ ਦੇ ਖਿਲਾਫ਼ ਅੰਦੋਲਨ ਖੜ੍ਹਾ ਕਰਨ ਦੀ ਰਣਨੀਤੀ ਬਣਾਈ। ਸੰਘ ਨੇ ਦੇਸ਼ ਦੇ ਨੌਜਵਾਨਾਂ ਨੂੰ ਇਸ ਵਿੱਚ ਜੋੜਨ ਲਈ ਆਪਣੀ ਜਥੇਬੰਦੀ ਅਖਿਲ ਭਾਰਤੀ ਵਿਦਿਃ ਪ੍ਰੀਸ਼ਦ ਨਾਲ ਜੁੜੇ ਨੌਜਵਾਨਾਂ ਦਾ "ਯੂਥ ਅਗੈਂਸਟ ਕੁਰੱਪਸਣ" ਜੱਥੇਬੰਦੀ ਬਣਾਈ। ਇਸ ਦਾ ਪਰਿਵਰਤਨ ਨਾਂ ਦੀ ਜਥੇਬੰਦੀ ਚਲਾ ਰਹੇ ਆਮਦਨ ਟੈਕਸ ਵਿਭਾਗ ਦੇ ਕਮਿਸ਼ਨਰ ਰਹੇ ਮੈਗਸਾਸੇ ਇਨਾਜ ਜੇਤੂ ਸਮਾਜ ਸੇਵਕ ਅਰਵਿੰਦ ਕੇਜਰੀਵਾਲ ਨੇ ਨਰਮ ਹਿੰਦੂਤਵ ਦੇ ਵਾਹਕ ਸਵਾਮੀ ਰਾਮਦੇਵ, ਸ੍ਰੀ ਰਵੀ ਸੰਕਰ ਤੇ ਅੰਨਾ ਧਰਮ ਗੁਰੂਆਂ ਨਾਲ ਮਿਲਕੇ, "ਇੰਡੀਆ ਅੰਗੈਸਟ ਕਰੱਪਸਣ ਨਾਂ ਦੀ ਜਥੇਬੰਦੀ ਖੜ੍ਹੀ ਕੀਤੀ। ਦੋਨੋਂ ਇੱਕੋਂ ਜਿਹੇ ਨਾਵਾਂ ਵਾਲੀਆਂ ਸੰਸਥਾਵਾਂ ਦੀ ਉਸਾਰੀ ਆਰ. ਐਸ. ਐਸ. ਦੀ ਯੋਜਨਾ ਮੁਤਾਬਿਕ ਭ੍ਰਿਸ਼ਟਾਚਾਰ ਵਿਰੁੱਧ ਦੇਸ਼ 'ਚ ਇੱਕ ਅੰਦੋਲਨ ਛੇੜਣ ਲਈ ਕੀਤੀ ਗਈ। ਇਸ ਤਰ੍ਹਾਂ ਨਾਲ ਆਰ. ਐਸ. ਐਸ. ਨੇ ਦੇਸ਼ ਭਰ 'ਚ ਫੈਲੀਆਂ ਆਪਣੀਆਂ ਸ਼ਾਖਾਵਾਂ ਦੇ ਮਹਾਂਜਾਲ ਅਤੇ ਕਰੋੜ ਸੋਇੰਮ ਸੇਵਕਾਂ ਨੂੰ ਇਸ ਨਾਲ ਜੋੜਣ ਹਿੱਤ ਨਿਰਦੇਸ਼ਿਤ ਕੀਤਾ। ਸਾਨੂੰ ਮੰਨਣਾ ਪਵੇਗਾ ਕਿ ਅੰਨਾ ਦੇ ਜੰਤਰ ਮੰਤਰ ਵਾਲੇ ਵਰਤ ਦੀ ਪਿੱਠਭੂਮੀ ਸੰਘ ਪਰਿਵਾਰ ਦੇ ਪ੍ਰੋਗਰਾਮਾਂ ਦੀ ਪਿੱਠਭੂਮੀ ਤੋਂ ਉਕਾ ਹੀ ਵੱਖਰਾ ਨਹੀਂ ਸੀ। ਉਹ ਅਖੰਡ ਭਾਰਤ ਦੇ ਨਕਸ਼ੇ 'ਚ ਭਾਰਤ ਮਾਂ ਦੀ ਛਵੀ! ਫਰਕ ਸਿਰਫ਼ ਏਨਾ ਸੀ ਕਿ ਭੰਗਵੇ ਪਰਚਮ ਦੀ ਬਜਾਏ ਇਸ ਮੋਹਨ ਭਾਗਵਤ ਦਾ ਦੇਸ਼ ਦੇ ਨੌਜਵਾਨਾਂ ਤੋਂ ਭ੍ਰਿਸ਼ਟਾਚਾਰ ਖਿਲਾਫ਼ ਲੋਕ ਸੰਘਰਸ਼ ਨਾਲ ਜੁੜਣ ਦਾ ਸੱਦਾ ਅਤੇ ਜੰਤਰ ਮੰਤਰ ਦੇ ਅੰਨਾ ਮੰਚ 'ਤੇ ਰਾਮ ਮਾਧਵ ਦੀ ਮੌਜੂਦਗੀ ਇਹੀ ਸੰਕੇਤ ਦਿੰਦੀ ਹੈ ਕਿ ਸਭ ਕੁਝ ਸੰਘ ਦੀ ਮਰਜ਼ੀ ਤੇ ਯੋਜਨਾ ਦੇ ਆਧਾਰ ਮੁਤਾਬਿਕ ਹੀ ਚੱਲ ਰਿਹਾ ਸੀ। ਜਦ ਕੁਝ ਲੋਕਾਂ ਨੇ ਸੰਘ ਪਰਿਵਾਰ ਦੀ ਭੂਮਿਕਾ ਸਬੰਧੀ ਸੁਆਲ ਖੜ੍ਹੇ ਕੀਤੇ ਤਾਂ ਅਗਲੀ ਵਾਰੀ ਥੋੜ੍ਹੀ ਚੌਕਸੀ ਵਰਤੀ ਗਈ। ਇਸ ਵਾਰੀ ਰਾਮਲੀਲਾ ਮੈਦਾਨ ਦੇ ਮੰਚ 'ਤੇ ਰਾਮ ਮਾਧਵ ਜਾਂ ਉਮਾ ਭਾਰਤੀ ਨਹੀਂ ਆਏ। ਇਸ ਵਾਰੀ ਵਾਂਗਡੋਰ ਸੰਘ ਦੇ ਵਰਕਰ ਤੇ ਵੀਰ ਰਸ ਦੇ ਕਵੀ ਕੁਮਾਰ ਵਿਸ਼ਵਾਸ ਨੇ ਸੰਭਾਲ ਲਈ ਤੇ ਪੂਰੇ 3 ਦਿਨਾਂ ਤੱਕ ਮੰਚ ਸੰਚਾਲਨ ਉਨ੍ਹਾਂ ਨੇ ਹੀ ਕੀਤਾ। ਕੀ ਇਸ ਨੂੰ ਸੰਘ ਪਰਿਵਾਰ ਦੀ ਯੋਜਨਾ ਦੀ ਕਾਮਯਾਬੀ ਨਹੀਂ ਆਖਿਆ ਜਾਵੇਗਾ। ਕੀ ਅੰਨਾ ਦੀ ਟੀਮ ਇਸ ਗੱਲ ਤੋਂ ਨਾਂਹ ਕਰ ਸਕਦੀ ਹੈ ਕਿ ਇਸੇ ਕੁਮਾਰ ਵਿਸ਼ਵਾਸ ਨੂੰ ਸੰਘ ਨੇ ਇਸੇ ਰਾਮਲੀਲਾ ਮੈਦਾਨ ਵਿੱਚ ਬਾਬਾ ਰਾਮਦੇਵ ਦੇ ਅੰਦੋਲਨ ਦੇ ਦੌਰਾਨ ਸਟੇਜ ਸੈਕਟਰੀ ਵਜੋਂ ਭੇਜਿਆ ਸੀ। ਏਨਾ ਹੀ ਨਹੀਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕੌਮਾਂਤਰੀ ਪ੍ਰਧਾਨ ਅਸ਼ੋਕ ਸਿੰਘਲ ਨੇ ਤਾਂ ਅੰਨਾ ਦੇ ਅੰਦੋਲਨ ਨੂੰ ਸਫ਼ਲ ਬਣਾਉਣ ਲਈ ਸੰਘ ਦੇ ਵਰਕਰਾਂ ਦਾ

ਸ਼ੁਕਰਾਨਾ ਕਰਦਿਆਂ ਕਿਹਾ ਕਿ ਸੋਇਮ ਸੇਵਕ ਨੇ ਵਾਕਿਆ ਹੀ ਸਲਾਹੁਣਯੋਗ ਕੰਮ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ "ਵਿਸਵ ਹਿੰਦੂ ਪ੍ਰੀਸ਼ਦ ਦੀ ਸ਼ਾਖਾ ਧਰਮ ਯਾਤਰਾ ਮਹਾਂਸੰਘ ਦੇ ਮੈਂਬਰਾਂ ਨੇ ਰਾਮਲੀਲਾ ਮੈਦਾਨ 'ਚ ਖਾਣੇ ਦੀਆਂ ਸਟਾਲਾਂ ਖੋਹਲੀਆਂ ਸਨ, ਜਿੱਥੇ ਹਰ ਦਿਨ 20 ਹਜ਼ਾਰ ਲੋਕਾਂ ਨੂੰ ਮੁਫ਼ਤ ਖਾਣਾ ਖੁਆਇਆ ਜਾਂਦਾ ਸੀ।

# ਕੀ ਹੈ ਮਾਇਆਵਤੀ ਦਾ ਮਾਫੀਆ ਤੰਤਰ ਤੇ ਰਾਜਸੀ ਅਪਰਾਧੀਕਰਨ?

ਸਮਾਜਵਾਦੀ ਪਾਰਟੀ ਦੀ ਸਰਕਾਰ ’ਚ ਵਿਆਪਕ ਭੈਅ, ਆਤੰਕ ਤੇ ਜੰਗਲ ਰਾਜ ਖਿਲਾਫ਼ ਲੜ ਕੇ ਇਸ ਨੂੰ ਮਿਟਾਉਣ ਦਾ ਦਾਅਵਾ ਕਰਨ ਵਾਲੀ ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਮਾਇਆਵਤੀ 2007 ’ਚ ਸਪਾ ਨੂੰ ਹਰਾ ਕੇ ਉਤਰਪ੍ਰਦੇਸ਼ ਦੀ ਹਕੂਮਤ ’ਤੇ ਕਾਬਿਜ਼ ਹੋਈ ਸੀ। ਲੋਕ ਅਪਰਾਧਿਕ ਘਟਨਾਵਾਂ ਤੋਂ ਤੰਗ ਸਨ ਇਸੇ ਕਾਰਨ ਕਿਸੇ ਪਾਰਟੀ ਨੂੰ ਬਹੁਮਤ ਮਿਲਿਆ ਸੀ ਪਰ ਜਿਹੜੀਆਂ ਤਿੰਨ ਚੀਜ਼ਾਂ ਖਤਰਾ ਕਰਨ ਦੇ ਨਾਂ ਹੇਠ ਮਾਇਆਵਤੀ ਨੂੰ ਸਤਾ ਮਿਲੀ ਸੀ ਉਹੀ ਤਿੰਨ ਚੀਜ਼ਾਂ ਉਸ ਦੀ ਹਕੂਮਤ ਦੀ ਪਹਿਚਾਣ ਬਣ ਗਈਆਂ। ਕਾਨੂੰਨੀ ਪ੍ਰਣਾਲੀ ਦੀ ਹਾਲਤ ਏਨੀ ਖਰਾਬ ਹੈ ਕਿ ਸੂਬੇ ’ਚ ਥਾਣਿਆਂ ਅੰਦਰ ਵੀ ਜ਼ੁਲਮ ਦੀਆਂ ਘਟਨਾਵਾਂ ਹੋ ਰਹੀਆਂ ਹਨ। ਜਨਤਾ ਦੀ ਰਾਖੀ ਦੀ ਜ਼ਿੰਮੇਵਾਰੀ ਚੁਕਣ ਵਾਲੇ ਹੀ ਔਰਤਾਂ ਦੀ ਇੱਜ਼ਤ ਲੁੱਟ ਰਹੇ ਹਨ। ਏਨਾ ਹੀ ਨਹੀਂ ਬਸਪਾ ਸਰਕਾਰ ਦੇ ਸਾਰੇ ਨੇਤਾ ਵੀ ਇਸ ਕੁਕਰਮ ਵਿੱਚ ਸ਼ਾਮਲ ਹਨ। ਸ਼ਾਇਦ ਭਾਰਤ ਦੀ ਇਹ ਪਹਿਲੀ ਸਰਕਾਰ ਹੋਵੇਗੀ, ਜਿਸ ’ਚ ਸ਼ਾਮਲ ਇੱਕ ਦਰਜਨ ਤੋਂ ਵੱਧ ਮੰਤਰੀ ਵਿਧਾਇਕ ਬਲਾਤਕਾਰ ਤੇ ਹੱਤਿਆਵਾਂ ਕਰ ਚੁੱਕੇ ਹਨ। ਬਸਪਾ ਸਰਕਾਰ ਨਾਕਾਮ ਹੈ। ਕਦੀ ਆਪਣੀ ਪ੍ਰਸਾਸ਼ਨਿਕ ਧਮਕ ਦੇ ਚਲਦਿਆਂ ਅਫਸਰਾਂ ਨੂੰ ਕੰਬਨੀ ਲਾ ਦੇਣ ਵਾਲੀ ਮਾਇਆਵਤੀ ਅੱਜ ਕਾਨੂੰਨ ਪ੍ਰਣਾਲੀ ਸਬੰਧੀ ਫੇਲ੍ਹ ਹੈ। ਘਟਨਾਵਾਂ ਕਾਬੂ ’ਚ ਕਰਨ ਲਈ ਉਨ੍ਹਾਂ ਦੇ ਸਾਰੇ ਤੀਰ ਨਿਸ਼ਾਨੇ ਤੋਂ ਭਟਕ ਰਹੇ ਹਨ। ਮਾਇਆਵਤੀ ਸਪਾ ਦੀ ਗੁੰਡਾਗਰਦੀ ਦਾ ਵਿਰੋਧ ਕਰਕੇ ਸੱਤਾ ’ਚ ਆਈ ਸੀ ਹੁਣ ਬਸਪਾ ਦੀ ਗੁੰਡਾਗਰਦੀ ਉਨ੍ਹਾਂ ਲਈ ਮੁਸੀਬਤ ਹੈ? ਵੈਸੇ 2007 ’ਚ ਸੀ ਐਮ ਦੀ ਕੁਰਸੀ ’ਤੇ ਬੈਠਦਿਆਂ ਹੀ ਉਨ੍ਹਾਂ ਨੇ ਨੇਕ ਪਹਿਲ ਕੀਤੀ ਸੀ ਆਪਣੀ ਹੀ ਪਾਰਟੀ ਦੇ ਐਮ ਪੀ ਉਮਾਂਕਾਂਤ ਨੂੰ ਸੀ ਐਮ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰਵਾ ਵਾਹ ਵਾਹ ਖੱਟੀ ਸੀ। ਪਰ ਪਿਛਲੇ ਇਸ ਸਾਲ ਤੋਂ ਅਪਰਾਧ ਦਾ ਗਰਾਫ਼ ਵੱਧਣ ’ਚ ਬਸਪਾ ਨੇ ‘ਮਾਨਯੋਗਾਂ’ ਨੇ ਪੇਸ਼ਾਵਰ ਅਪਰਾਧੀਆਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਹਾਲਾਂਕਿ ਇਸ ਸਮੱਸਿਆ ਤੋਂ ਕੋਈ ਵੀ ਪਾਰਟੀ ਬਚੀ ਨਹੀਂ ਹੈ। ਇੱਕ ਤਰ੍ਹਾਂ ਨਾਲ ਅਪਰਾਧ ’ਚ ਧਸੇ ਵਿਧਾਇਕਾਂ ਤੇ ਪੁਲਸ ’ਚ ਮਿਲੀ ਭੁਗਤ ਚਲਦੀ ਹੈ। ਵਿਧਾਇਕ ਸ਼ੇਖਰ ਤਿਵਾੜੀ ਤੇ ਮੰਤਰੀ ਰਹੇ ਅਨੰਦ ਸੇਨ ਨੂੰ ਅਦਾਲਤ ਤੋਂ ਮਿਲੀ ਸਜ਼ਾ ਇੱਕ ਤਰ੍ਹਾਂ ਨਾਲ ਸਤਾ ਤੇ ਅਪਰਾਧ ਦੇ ਉਸ ਗੱਠਜੋੜ ਨੂੰ ਝਟਕਾ ਹੈ। ਜੋ ਸੂਬੇ ਦੀ ਰਾਜਨੀਤੀ ਦਾ ਅਨਿੱਖੜਵਾਂ ਅੰਗ ਹੈ। ਹਰ ਮਹੀਨੇ ਕਿਸੇ ਨਾ ਕਿਸੇ ਬਸਪਾ ਨੇਤਾ ਦੇ ਕਾਰਨਾਮੇ ਨਾਲ ਸਰਕਾਰ ਦੇ ਭੈਅ ਮੁਕਤ ਸਮਾਜ ਦੇ ਦਾਅਵੇ ਦੀਆਂ ਪਰਤਾਂ ਖੁਲ੍ਹਦੀਆਂ ਰਹਿੰਦੀਆਂ ਹਨ। ਮਾਇਆਵਤੀ ਨੇ ਕੁਝ ਮਾਮਲਿਆਂ ਨੂੰ ਛੱਡ ਕੇ ਪਾਰਟੀ ਦੇ ਜਿਸ ਨੇਤਾ ਖਿਲਾਫ਼ ਸ਼ਿਕਾਇਤਾਂ ਮਿਲੀਆਂ ਉਸ ਨੂੰ ਗ੍ਰਿਫ਼ਤਾਰ ਕਰਨ ਦੇ ਨਾਲ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ। ਤਾਜ਼ਾ ਮਿਸਾਲ ਵਿਧਾਇਕ ਸ਼ਾਹ ਨਿਵਾਜ਼ ਰਾਨਾ ਹੈ। ਜਿਸ ਨੂੰ ਮੁਜ਼ਫਰਨਗਰ ’ਚ ਦੋ ਲੜਕੀਆਂ ਨਾਲ ਬਲਾਤਕਾਰ ਕਰਨ ਸਬੰਧੀ ਪਾਰਟੀ ’ਚੋਂ ਕੱਢ ਦਿੱਤਾ ਪਰ ਲਖਨਾਊ ਪੁਲਸ ਦੀ ਸੁਰੱਖਿਆ ’ਚ ਪ੍ਰਦੇਸ਼ ਕਾਂਗਰਸ ਪ੍ਰਧਾਨ ਰੀਤਾ ਬਹੁਗੁਣਾ ਜੋਸ਼ੀ ਦਾ ਘਰ ਫੂਕਣ ਤੇ ਇੱਕ ਹੱਤਿਆਕਾਂਡ ਦੇ ਦੋਸ਼ੀ ਆਬਾਦੀ ’ਤੇ

ਮਾਇਆ ਦੀ ਕ੍ਰਿਪਾ ਹੈ। ਅਦਾਲਤ ਦੀ ਵਾਰ-ਵਾਰ ਸਖ਼ਤ ਟਿੱਪਣੀਆਂ ਦੇ ਬਾਵਜੂਦ ਉਨ੍ਹਾਂ ਨੂੰ ਜੇਲ੍ਹ ਦੀ ਥਾਂ ਹਸਪਤਾਲ ਰੱਖ ਕੇ ਆਓ ਭਗਤ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਲਖਨਊ 'ਚ ਪਰਿਵਾਰ ਕਲਿਆਣ ਵਿਭਾਗ ਦੇ ਦੋ ਸਿਵਲ ਸਰਜਨਾ ਦੇ ਕਤਲ ਪਿੱਛੋਂ ਮੱਚੇ ਰਾਜਸੀ ਘੜਮੱਸ ਨਾਲ ਘਪਲੇ 'ਚ ਫਸੇ ਸੀ. ਐਮ. ਓ. ਡਾ. ਏ. ਕੇ. ਕੁਸ਼ਲਾ ਨੂੰ ਕਈ ਮਹੀਨੇ ਸ਼ਹਿ ਦਿੱਤੀ ਪਰ ਅਦਾਲਤ ਦੀ ਸਖ਼ਤੀ ਪਿੱਛੋਂ ਹੀ ਉਸ ਦੀ ਗ੍ਰਿਫ਼ਤਾਰੀ ਕਰਵਾਈ ਗਈ ਤੇ ਇਸੇ ਕੜੀ 'ਚ ਜੇਲ੍ਹ ਅੰਦਰ ਮਾਰੇ ਗਏ ਡਿਪਟੀ ਸੀ ਐਮ. ਓ. ਦੀ ਹੱਤਿਆ ਦੀ ਜਾਂਚ ਸੀ. ਬੀ. ਆਈ. ਨੂੰ ਦਿੱਤੀ ਗਈ।

ਅਸਲ ਗੱਲ ਇਹ ਹੈ ਸਿਹਤ ਮਹਿਕਮੇ ਦੇ ਐਨ ਆਰ ਐਚ ਐਮ ਵਿੱਚ ਹਰ ਸਾਲ ਮਿਲਣ ਵਾਲੇ 3000 ਕਰੋੜ ਰੁਪਏ ਦੀ 'ਬਾਂਦਰ ਵੰਡ' 'ਚ ਕੁਝ 'ਸੱਜਣ ਪੁਰਸ਼' ਸ਼ਾਮਲ ਹਨ ਜਿਨ੍ਹਾਂ ਨੂੰ ਬਚਾਉਣ 'ਚ ਸਰਕਾਰ ਲੱਗੀ ਹੋਈ ਹੈ। ਇਹ ਦੋ ਕੇਸ ਸੂਬੇ 'ਚ ਰਾਜਸੀ ਅਪਰਾਧੀਕਰਨ ਦੀ ਅਸਲ ਤਸਵੀਰ ਬਿਆਨ ਕਰਨ ਲਈ ਕਾਫ਼ੀ ਹਨ। ਨਾਲ ਹੀ ਅਪਰਾਧੀਆਂ ਨੂੰ ਸਜ਼ਾ ਦੇਣ ਲਈ ਬਣੀਆਂ ਜੇਹਲਾਂ ਵਿੱਚ ਅਪਰਾਧੀਆਂ ਤੇ ਡਾਕਟਰਾਂ ਦੇ ਇਸ ਗੱਠਜੋੜ ਦੀ ਹਕੀਕਤ ਵੀ। ਜਿੱਥੋਂ ਤੱਕ ਅਪਰਾਧੀਆਂ ਦੀ ਰਾਖੀ ਦਾ ਸੁਆਲ ਹੈ ਤਾਂ ਸਰਕਾਰ ਬਦਲਣ ਪਿੱਛੋਂ ਜ਼ਿਆਦਾਤਰ ਹਕੂਮਤੀ ਪਾਰਟੀ ਦੀ ਸ਼ਰਨ 'ਚ ਆ ਗਏ। ਉਨ੍ਹਾਂ ਦੀ ਸੋਚ ਵੀ ਇਹੀ ਹੁੰਦੀ ਹੈ ਕਿ ਜੋ ਗੱਲ ਇਹ ਹੈ ਕਿ ਇਸ ਰਾਜਸੀ ਅਪਰਾਧੀਕਰਨ ਤੋਂ ਇੱਕ ਵੀ ਪਾਰਟੀ ਨਿਜ਼ਾਤ ਨਹੀਂ ਪਾਉਣੀ ਚਾਹੁੰਦੀ ਹੈ। ਉਹ ਆਪਣੇ ਲਈ ਇਨ੍ਹਾਂ ਅਪਰਾਧ ਜਗਤ 'ਤੇ 'ਸ਼੍ਰੀਮਾਨਾ' ਦੀ ਵਰਤੋਂ ਕਰਦੇ ਹਨ। ਮੌਕਾ ਮਿਲਦਿਆਂ ਹੀ ਇਹ ਅਪਰਾਧੀ ਵੀ ਪਾਰਟੀਆਂ ਦੀ ਸ਼ਰਨ ਲੈਂਦੇ ਹਨ। ਇਹੀ ਵਜਾਹ ਹੈ ਕਿ ਮੁਲਾਇਮ ਸਰਕਾਰ ਖਿਲਾਫ਼ ਕਨੂੰਨ ਪ੍ਰਣਾਲੀ ਨੂੰ ਮੁੱਦਾ ਬਣਾਉਣ ਵਾਲੀ ਮਾਇਆਵਤੀ ਨੇ ਉਸੇ ਚੋਣਾਂ 'ਚ 131 ਅਜਿਹੇ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਜਿਨ੍ਹਾਂ 'ਤੇ ਅਪਰਾਧਿਕ ਮਾਮਲੇ ਚੱਲ ਰਹੇ ਸਨ। ਇਨ੍ਹਾਂ 'ਚੋਂ 63 ਚੋਣਾਂ ਜਿੱਤਣ 'ਚ ਕਾਮਯਾਬ ਵੀ ਰਹੇ। ਇਸ 'ਚ ਕਤਲ, ਬਲਾਤਕਾਰ ਤੇ ਅਗਵਾਅ ਤਦ ਦੇ ਦੋਸ਼ੀ ਸ਼ਾਮਲ ਸਨ। ਇਸ ਤਰ੍ਹਾਂ 2009 ਦੀਆਂ ਲੋਕ ਸਭਾ ਚੋਣਾਂ ਵਿੱਚ 14 ਅਪਰਾਧੀਆਂ ਨੂੰ ਟਿਕਟ ਦਿੱਤੀ। ਜਿਸ 'ਚ ਮਾਫ਼ੀਆਂ ਧੰਜੈ ਸਿੰਘ ਜੌਨਪੁਰ ਤੋਂ ਜਿੱਤਣ 'ਚ ਰਹਿੰਦੇ ਹਨ ਤਾਂ ਉਨ੍ਹਾਂ 'ਚ ਕੁਝ ਚੀਜ਼ਾਂ ਇਕੋ ਜਿਹੀਆਂ ਲੱਗਦੀਆਂ ਹਨ। ਸੂਬੇ ਦੇ ਅਪਰਾਧੀਆਂ ਨੂੰ ਇਨ੍ਹਾਂ ਦੀ ਸਰਪ੍ਰਸਤੀ ਮਿਲਦੀ ਹੈ। ਸਰਕਾਰ ਦੇ ਆਖਰੀ ਦਿਨਾਂ 'ਚ ਕਾਨੂੰਨ ਪ੍ਰਣਾਲੀ ਤਹਿਸ ਨਹਿਸ ਹੋ ਜਾਂਦੀ ਹੈ। ਦੋਨੋਂ ਆਪਣੇ ਬਚਾਅ ਲਈ ਦੂਜੇ ਸੂਬਿਆਂ ਦੇ ਅਪਰਾਧ ਦੇ ਅੰਕੜੇ ਵਿਖਾਉਂਦੇ ਹਨ, ਉਤਰ ਪ੍ਰਦੇਸ਼ 'ਚ ਅਪਰਾਧ ਘੱਟ ਹੋਣ ਦਾ ਦਾਅਵਾ ਕਰਦੇ ਹਨ। ਆਮ ਭਲੇ ਆਦਮੀ ਦਾ ਜਿਉਣਾ ਦੁੱਭਰ ਹੋ ਜਾਂਦਾ ਹੈ। ਉਨ੍ਹਾਂ ਦੇ ਰਾਜ ਨੂੰ ਅਪਰਾਧੀ, ਮੰਤਰੀ, ਨਿਆਇਕ, ਸੈਕਸ, ਹੱਤਿਆ, ਕਨੂੰਨ ਤੋੜਨ ਦੇ ਦਾਇਰੇ 'ਚ ਹੁੰਦੇ ਹਨ। ਇਹ ਵੇਖ ਕੇ ਲੱਗਦਾ ਹੈ ਕਿ ਰਾਜਨੀਤੀ ਇਕ ਛਲ ਕਪਟ 'ਚ ਬਦਲਦੀ ਜਾ ਰਹੀ ਹੈ। ਅਜਿਹੇ 'ਚ ਸਮਾਜ ਨੂੰ ਜੁੜੀ ਕਿਸੇ ਸਮੱਸਿਆ ਸਬੰਧੀ ਨੇਤਾਵਾਂ ਦੇ ਆਚਰਣ 'ਤੇ ਗੌਰ ਕਰਨਾ ਕਿਸੇ ਮਤਲਬ ਦਾ ਨਹੀਂ ਹੋ ਸਕਦਾ। ਹਾਲਤ ਉਦੋਂ ਤਾਂ ਹੋਰ ਵੀ ਖਰਾਬ ਹੋ ਜਾਂਦੇ ਹਨ ਜਦੋਂ ਪੁਲਿਸ ਵੱਲੋਂ ਤਫਸੀਸ਼ ਦੇ ਕੰਮ ਨੂੰ ਸਾਫ਼ ਸੁਥਰਾ ਤੇ ਪਾਰਦਰਸ਼ੀ ਨਹੀਂ ਬਣਾਇਆ ਜਾਂਦਾ ਉਦੋਂ ਤੱਕ ਪੁਲਿਸ 'ਚ ਅਜਿਹੇ ਅਪਰਾਧ ਦੀ ਵਿਵੇਚਨਾ 'ਚ ਸੱਚ ਨੂੰ ਬੇਪਰਦ ਕਰਨ ਦੀ ਉਮੀਦ ਕਰਨੀ

ਵਿਅੱਰਥ ਹੈ। ਜਿਸ 'ਚ ਹਕੂਮਤੀ ਪਾਰਟੀ ਦੇ ਲੋਕਾਂ ਦੀ ਮਿਲੀ ਭੁਗਤ ਹੋਵੇ। ਉਤਰ ਪ੍ਰਦੇਸ਼ ਦੁਰਾਚਾਰ ਦੀਆਂ ਘਟਨਾਵਾਂ ਕਾਰਨ ਦੋ ਮਹੀਨੇ ਤੋਂ ਰਾਜਨੀਤੀ ਦੇ ਕੇਂਦਰ 'ਚ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ 'ਤੇ ਮੀਡੀਆ ਨੇ 10 ਜੂਨ ਨੂੰ ਗੌਰ ਕੀਤਾ ਜਦ ਭਾਰਤ-ਨੇਪਾਲ ਸਰਹੱਦ ਤੇ ਸਥਿਤ ਲਖੀਮਪੁਰ-ਖੀਰੀ ਜ਼ਿਲ੍ਹੇ ਦੇ ਨਿਘਾਸਨ ਥਾਣੇ 'ਚ ਇੱਕ ਨਬਾਲਿਗ ਬੱਚੀ ਦੀ ਬਲਾਤਕਾਰ ਕਰਨ ਦੀ ਕੋਸ਼ਿਸ਼ 'ਚ ਹੱਤਿਆ ਕਰ ਦਿੱਤੀ ਗਈ ਇਸ ਘਟਨਾ 'ਚ ਵਿਰੋਧੀ ਧਿਰ ਜਿੱਥੇ ਬੱਚੀ ਨਾਲ ਬਲਾਤਕਾਰ ਹੋਣ ਬਾਰੇ ਕਹਿ ਰਹੀ ਸੀ ਉਥੇ ਸਰਕਾਰੀ ਪ੍ਰਸਾਸ਼ਨ ਆਤਮ ਹੱਤਿਆ ਕਰਨ ਦਾ ਸਰਟੀਫੀਕੇਟ ਜਾਰੀ ਕਰ ਰਿਹਾ ਸੀ। ਤਿੰਨ ਵਾਰੀ ਦੀ ਜਾਂਚ 'ਚ ਹੱਤਿਆ ਦੀ ਗੱਲ ਹੀ ਸੱਚ ਨਿਕਲੀ। ਕਨੌਜ ਦੇ ਗੜਵਾਂ ਪਿੰਡ 'ਚ ਨਾਬਾਲਗ ਬੱਚੀ ਨਾਲ ਦੁਰਚਾਰ ਕਰਨ ਦੀ ਕੋਸ਼ਿਸ਼ 'ਚ ਅਸਫ਼ਲ ਰਹੇ ਲੋਕਾਂ ਨੇ ਉਸ ਦੀਆਂ ਅੱਖਾਂ ਭੰਨ ਦਿੱਤੀਆਂ। ਬਹਿਰਾਈ 'ਚ ਜ਼ਿਲ੍ਹੇ ਦੇ ਜਾਗਨਿਆਂ ਦੀ ਕੋਸ਼ਿਸ਼ ਕੀਤੀ। ਵਿਰੋਧ ਕਰਨ ਤੇ ਦੋ ਲੋਕਾਂ ਨੂੰ ਗੋਲੀ ਮਾਰ ਦਿੱਤੀ। ਇਨ੍ਹਾਂ ਘਟਨਾਵਾਂ 'ਚ ਇਸ ਤੇ ਕਿਸੇ ਨੇ ਧਿਆਨ ਹੀ ਨਹੀਂ ਦਿੱਤਾ ਕਿ ਇਨ੍ਹਾਂ ਬੱਚੀਆਂ ਨੇ ਆਪਣੇ ਇੱਜ਼ਤ ਬਚਾਉਣ ਲਈ ਜ਼ਿੰਦਗੀ ਦੀ ਪ੍ਰਵਾਹ ਤੱਕ ਨਹੀਂ ਕੀਤੀ। ਇਸ 'ਚ ਉਨ੍ਹਾਂ ਦੀ ਹਿੰਮਤ ਨੂੰ ਕਿਸੇ ਨੇ ਸਲਾਹ ਨਹੀਂ ਕੀਤੀ। ਸਭ ਆਪਣੇ ਰਾਜਸੀ ਨਫ਼ਾ-ਨੁਕਸਾਨ ਵੱਲ ਵੇਖਦੇ ਰਹੇ। ਇਨ੍ਹਾਂ ਘਟਨਾਵਾਂ ਲਈ ਦਰਅਸਲ ਪੁਲਿਸ ਤੇ ਹਕੂਮਤ ਜ਼ਿੰਮੇਵਾਰ ਹਨ। ਅਪਰਾਧੀ ਫੜ੍ਹੇ ਨਹੀਂ ਜਾਂਦੇ ਤਾਂ ਲੋਕਾਂ ਦਾ ਸਿਸਟਮ ਤੋਂ ਵਿਸ਼ਵਾਸ ਉਠਣਾ ਲਾਜ਼ਮੀ ਹੈ। ਅੰਧ ਵਿਸ਼ਵਾਸ ਭਰੀ ਇਸ ਪ੍ਰਣਾਲੀ ਨੂੰ ਮੁੱਢੋਂ ਬਦਲਣ ਦੀ ਕੋਸ਼ਿਸ਼ ਕਰਨੀ ਹੋਵੇਗੀ। ਦੁਰਾਚਾਰ ਤੇ ਛੇੜਖਾਨੀ ਰੋਕਣਾ ਪੁਲਿਸ ਲਈ ਵਸ ਦਾ ਰੋਗ ਨਹੀਂ ਕਿਉਂਕਿ ਪਿੱਛੇ ਰਾਜਸੀ ਸ਼ਹਿ ਪ੍ਰਾਪਤ ਲੋਕ ਹੀ ਅਜਿਹਾ ਕਰਦੇ ਹਨ। ਸਿਹਤਮੰਦ ਸਮਾਜ ਦੀ ਉਸਾਰੀ ਹੀ ਸਿਹਤਮੰਦ ਸਿਸਟਮ ਯਕੀਨੀ ਬਣਾ ਸਕਦੀ ਹੈ। ਪੁਲਿਸ ਦੀ ਇੱਕ ਹੋਰ ਪੁਰਾਣੀ ਗੱਲ ਹੈ। 1972 'ਚ ਮਥੁਰਾ 'ਚ ਕੇਸ ਦਰਜ ਕਰਾਉਣ ਥਾਣੇ ਆਈ ਨਾਬਾਲਗ ਲੜਕੀ ਨਾਲ ਪੁਲਸੀਆਂ ਨੇ ਬਲਾਤਕਾਰ ਕੀਤਾ ਸੀ। ਸਭ ਸੁਪਰੀਮ ਕੋਰਟ ਤੋਂ ਬਰੀ ਹੋ ਗਏ। ਕਾਨੂੰਨ ਸਖ਼ਤ ਹੋਣ ਦੇ ਬਾਵਜੂਦ ਵੀ ਅਪਰਾਧ ਵੱਧ ਰਹੇ ਹਨ। ਦਰਅਸਲ ਕਾਨੂੰਨ ਨਹੀਂ ਕਾਨੂੰਨ ਲਾਗੂ ਕਰਨ ਵਾਲੇ ਜ਼ੁੰਮੇਵਾਰ ਹਨ। ਜਦ ਤੱਕ ਰਾਜਸੀ ਅਪਰਾਧੀਕਰਨ ਨੂੰ ਨੱਥ ਨਹੀਂ ਪਾਈ ਜਾਂਦੀ ਤਦ ਤੱਕ ਅਪਰਾਧ ਨਹੀਂ ਰੁਕਣਾ। ਸਮਾਜ 'ਚ ਔਰਤਾਂ ਪ੍ਰਤੀ ਸੰਵੇਦਨਸ਼ੀਲਤਾ ਘਟ ਰਹੀ ਹੈ। ਮੀਡੀਆ 'ਚ ਸੂਚਨਾ ਕ੍ਰਾਂਤੀ ਨੇ ਪੋਰਨੋਗ੍ਰਾਫਿਕ ਸਾਈਟਾ ਬਣਾ ਰੱਖੀਆਂ ਹਨ, ਪਿੰਡਾਂ 'ਚ ਨੌਜਵਾਨਾਂ ਨੂੰ ਬਲਿਊ ਫਿਲਮਾਂ ਸਸਤੀਆਂ ਹੀ ਮਿਲ ਜਾਂਦੀਆਂ ਹਨ। ਇਹ ਸਭ ਔਰਤ ਨੂੰ ਸੌਖਾ ਟਾਰਗੈਟ ਬਣਾ ਰਿਹਾ ਹੈ। ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਨਾਲ 2009 'ਚ 285 ਘਟਨਾਵਾਂ ਹੋਈਆਂ ਤਾਂ 2010 'ਚ 280 ਘਟਨਾਵਾਂ ਵਾਪਰੀਆਂ ਜੋ ਦਰਜ ਹੋਈਆਂ। ਪਰ ਅੱਜਕੱਲ੍ਹ ਦੀ ਰਾਜਨੀਤੀ ਲਈ ਇਹ ਸਿਰਫ਼ ਅੰਕੜੇ ਹਨ, ਬਲਾਤਕਾਰ ਅਜਿਹਾ ਅਪਰਾਧ ਹੈ ਜਿਸ 'ਚ ਪੀੜਤ ਹੀ ਅਪਰਾਧ ਤੋਂ ਬਾਅਦ ਸਜ਼ਾ ਭੁਗਤਣ ਲਈ ਮਜ਼ਬੂਰ ਹੁੰਦੀ ਹੈ। ਸਮਾਜ ਵਾਲੀ ਕੁੜੀ ਨੂੰ ਬਲਾਤਕਾਰੀ ਨਾਲੋਂ ਵੱਧ ਮਾੜੀ ਨਜ਼ਰ ਨਾਲ ਵੇਖਿਆ ਜਾਂਦਾ ਹੈ।

1975 ਤੋਂ ਹੁਣ ਤੱਕ ਬਲਾਤਕਾਰ ਦੇ ਦੋਸ਼ੀਆਂ 'ਚ ਸਿਰਫ਼ 30 ਫੀਸਦੀ ਤੋਂ ਵੱਧ ਸਜ਼ਾ ਕਿਸੇ ਨੂੰ ਨਹੀਂ ਮਿਲੀ। 1995 'ਚ 30 ਫੀਸਦੀ ਦੋਸ਼ੀਆਂ ਨੂੰ ਹੀ ਸਜ਼ਾ

ਮਿਲੀ। 1990 ਵਿੱਚ ਸਿਰਫ਼ 9 ਫੀਸਦੀ ਨੂੰ ਹੀ ਸਜ਼ਾ ਹੋਈ। ਯੂ. ਪੀ. 'ਚ 48 ਘੰਟਿਆਂ 'ਚ ਅੱਧੀ ਦਰਜਨ ਮਾਮਲੇ ਸਾਹਮਣੇ ਆਉਂਦੇ ਹਨ। ਔਰਤਾਂ ਪ੍ਰਤੀ ਵੱਧਦੀ ਯੌਨ ਹਿੰਸਾ ਤੇ ਸਮਾਜਿਕ ਵਿਗਾੜ ਇਸ ਦੇ ਜ਼ੁੰਮੇਵਾਰ ਹਨ। ਜਦ ਅਪਰਾਧ 'ਚ ਹਕੂਮਤ ਨਾਲ ਜੁੜੇ ਲੋਕ ਸ਼ਾਮਲ ਹੁੰਦੇ ਹਨ ਤਾਂ ਅਕਸਰ ਪੁਲਿਸ ਸਬੂਤ ਨਸ਼ਟ ਕਰਨ 'ਚ ਲੱਗ ਜਾਂਦੀ ਹੈ। ਦਰਅਸਲ ਪੁਲਿਸ ਵਾਲੇ ਕਾਨੂੰਨ ਦੇ ਰਖਵਾਲੇ ਨਾ ਰਹਿ ਕੇ ਸੱਤਾਧਾਰੀਆਂ ਦੇ ਆਗਿਆਕਾਰ ਸੇਵਕ ਬਣ ਗਏ ਹਨ। ਵਧਦੀਆਂ ਘਟਨਾਵਾਂ ਟੁੱਟਦੇ ਸਮਾਜ ਦਾ ਸਬੂਤ ਹਨ। ਦੁਰਾਚਾਰ ਇੱਕ ਸਮਾਜਿਕ ਕੋਹੜ ਹੈ। ਬਾਂਦਾ ਜ਼ਿਲ੍ਹੇ ਦੇ ਬਸਪਾ ਵਿਧਾਇਕ ਪ੍ਰਸ਼ੋਤਮ ਤ੍ਰਿਵੇਦੀ 'ਤੇ ਬਲਾਤਕਾਰ ਦਾ ਦੋਸ਼ ਲਾਉਣ ਵਾਲੀ ਲੜਕੀ ਨੂੰ ਪੁਲਿਸ ਚੋਰੀ ਦੇ ਕੇਸ 'ਚ ਜੇਲ੍ਹ ਭੇਜ ਦਿੰਦੀ ਹੈ। ਯੂ. ਪੀ. ਤੋਂ ਇਲਾਵਾ ਦਿੱਲੀ 'ਚ ਵੀ ਇੱਕ ਦਿਨ 'ਚ ਕਈ ਬਲਾਤਕਾਰ ਹੁੰਦੇ ਹਨ। ਇਹ ਸਾਰੇ ਦੇਸ਼ ਦੀ ਸਮੱਸਿਆ ਹੈ। ਧਨੀ ਲੋਕਾਂ ਕਾਰਨ ਹੀ ਅਪਰਾਧ ਹੁੰਦੇ ਹਨ। ਔਰਤਾਂ ਕਦੇ ਤੇ ਕਿਤੇ ਵੀ ਸੁਰੱਖਿਅਤ ਨਹੀਂ ਰਹੀਆਂ। ਅਧਿਕਾਰੀ ਹਕੂਮਤ ਦੇ ਏਜੰਟ ਨਾ ਬਣਨ ਤਾਂ ਹੀ ਚੰਗਾ ਹੈ।

# ਜਿਹੋ ਜਿਹਾ ਦਰਖ਼ਤ, ਉਹੋ ਜਿਹੇ ਫਲ ਉਸਦੇ

ਪੂੰਜੀਵਾਦ ਤਾਣਾ ਬਾਣਾ ਕਿਸ ਹੱਦ ਤੱਕ ਗਲ ਸੜ ਗਿਆ ਹੈ। ਇਸ ਦੀਆਂ ਕਈ ਉਦਾਹਰਣਾ ਪਿਛਲੇ ਦਿਨੀ ਸਾਹਮਣੇ ਆਈਆਂ ਹਨ। ਰੂਪਰਟ ਮਡਰੋਕ, ਬ੍ਰੇਵਿਕ ਵਰਗੇ ਨਾਵਾਂ ਤੋਂ ਸ਼ੁਰੂਆਤ ਕਰੀਏ। ਇਸ ਸੂਚੀ 'ਚ ਭਾਰਤ ਦੇ ਸਤਿਆ ਸਾਈਂ ਬਾਬਾ, ਰਾਮਦੇਵ, ਬਾਲ ਕ੍ਰਿਸ਼ਣ, ਜਨਰਲ ਦੀਪਕ ਕਪੂਰ, ਡੀ. ਰਾਜਾ ਟਾਟਾ-ਅੰਬਾਨੀ, ਯੇਦੁਰੱਪਾ ਵਰਗੇ ਨਾਵਾ ਨੂੰ ਜੋੜਦੇ ਹੋਏ ਤਾਂ ਇਕ ਅਜਿਹਾ ਅੰਤਹੀਣ ਸਿਲਸਿਲਾ ਸਾਡੇ ਸਾਹਮਣੇ ਆਉਂਦਾ ਹੈ ਕਿ ਤੁਸੀਂ ਜਿਸ ਵੀ ਨੇਤਾ, ਅਫ਼ਸਰ, ਸੰਤ, ਸਨਅਤਕਾਰਾਂ, ਦੀ ਜੀਵਨ ਗਾਥਾ ਨੂੰ ਖੰਗਾਲ ਕੇ ਦੇਖੀਏ ਉਸ ਵਿਚੋਂ ਬੇਇਮਾਨੀ ਤੁਛੇਤਾ ਤੇ ਸ਼ਾਜ਼ਿਸਾਂ ਨਜ਼ਰ ਆਉਂਦੀਆਂ ਹਨ। ਰੂਪਰਟ ਮਡਰੋਕ, ਜੋ ਕਿ ਵਿਸ਼ਾਲ ਮੀਡੀਆ ਸਾਮਰਾਜ ਦਾ ਮਾਲਕ ਹੈ ਅਤੇ ਭਾਰਤ ਦੇ ਸਾਰੇ ਮੀਡੀਆ ਹਾਊਸ਼ਾਂ ਦਾ ਰਾਹ ਦਰਸਾਵਾ, ਆਦਰਸ਼ ਆਦਿ ਹੈ, ਦਾ ਸੱਚ ਏਨਾ ਕੌੜਾ ਤੇ ਵਿਆਪਕ ਸੀ ਕਿ ਡੂੰਘੇ ਭ੍ਰਿਸ਼ਟਾਚਾਰ 'ਚ ਡੁੱਬੀ ਬ੍ਰਿਟੇਨ ਦੀ ਸੰਸਦ ਨੂੰ ਵੀ ਜਾਂਚ ਤੇ ਨਿਖੇਧੀ ਕਰਨ ਲਈ ਮਜ਼ਬੂਰ ਹੋਣਾ ਪਿਆ। ਆਦਰਿਸ ਬ੍ਰੇਵਿਕ ਨੇ ਪੂਰੇ ਯੂਰਪ 'ਚ ਪਣਪ ਰਹੇ ਨਵ-ਫਾਸੀਵਾਦ ਵਿਚਾਰ ਤੇ ਉਨ੍ਹਾਂ ਦੀਆਂ ਤਿਆਰੀਆਂ ਨੂੰ ਉਜਾਗਰ ਕੀਤਾ ਅਤੇ ਉਸ ਨੇ ਸਾਬਤ ਕਰ ਦਿੱਤਾ ਕਿ ਅਖੌਤੀ ਸ਼ਾਂਤੀ ਦੇ ਦੇਸ਼ ਨਾਰਵੇ ਜਿੱਥੇ ਜ਼ਿੰਦਗੀ ਸਭ ਤੋਂ ਵੱਧ ਦੁੱਖੀ ਹੈ, ਦੀ ਅਸਲੀਅਤ ਕੀ ਹੈ। ਨਾਰਵੇ ਹੀ ਸ਼ਾਂਤੀ ਦਾ ਨੋਬੇਲ ਪੁਰਸਕਾਰ ਵੰਡਦਾ ਹੈ। ਤੇ ਪਿਛਲੇ ਸਾਲ ਇਹ ਸ਼ਾਂਤੀ ਦਾ ਪੁਰਸਕਾਰ ਅਮਰੀਕੀ ਸਾਮਰਾਜ ਦੇ ਸਰਗਨਾ ਬੇਰਾਕ ਓਬਾਮਾ ਨੂੰ ਦਿੱਤਾ ਗਿਆ ਸੀ। ਇਸ ਸਾਲ ਇਹ ਬ੍ਰੇਵਿਕ ਨੂੰ ਦਿੱਤਾ ਜਾਣਾ ਚਾਹੀਦਾ ਹੈ।

ਭਾਰਤ ਦੀ ਕੇਂਦਰੀ ਸਰਕਾਰ ਦੇ ਮੰਤਰੀ ਜਿਸ ਤਰ੍ਹਾਂ ਜੇਹਲਾਂ ਵਿੱਚ ਹਨ, ਭਾਰਤੀ ਫ਼ੌਜ ਦੇ ਸਾਬਕਾ ਜਰਨੈਲਾਂ ਤੇ ਨੌਕਰਸ਼ਾਹਾਂ ਉਪਰ ਜਿਸ ਢੰਗ ਨਾਲ ਦੋਸ਼ ਹਨ। ਸਤਿਆ ਸਾਈਂ, ਰਾਮਦੇਵ, ਬਾਪੂ ਆਸਾ ਰਾਮ ਵਰਗੇ ਸੰਤਾਂ ਦੇ ਕਾਰਨਾਮੇ ਜਿਸ ਤਰ੍ਹਾਂ ਉਜਾਗਰ ਹੋਏ ਹਨ। ਉਹ ਆਪਣੀ ਕਹਿਣੀ ਆਪ ਕਹਿੰਦੇ ਹਨ। ਭਾਰਤ ਨੇ ਬ੍ਰਿਟਿਸ਼ ਬਸਤੀਵਾਦ ਤੋਂ ਮੁਕਤੀ ਪਿਛੋਂ ਜੋ ਪੂੰਜੀਵਾਦੀ ਰਾਹ ਅਪਣਾਇਆ ਉਸ ਦੇ ਸਿੱਟੇ ਸਾਡੇ ਮੂਹਰੇ ਹਨ। ਗੱਲ ਸਿਰਫ਼ ਗ਼ਰੀਬੀ ਬੇਰੁਜ਼ਗਾਰੀ, ਨਾ-ਬਰਾਬਰੀ, ਕੁਪੋਸ਼ਣ, ਆਤਮ ਹੱਤਿਆ ਕਰਦੇ ਕਿਸਾਨਾਂ-ਮਜ਼ਦੂਰਾਂ ਦੀ ਹੀ ਨਹੀਂ ਹੈ ਬਲਕਿ 60-65 ਸਾਲਾਂ 'ਚ ਪੂੰਜੀਵਾਦ ਨੇ ਜਿਸ ਨੂੰ ਵੀ ਆਦਰਸ਼ ਨਾਇਕ ਵਜੋਂ ਪੇਸ਼ ਕੀਤਾ। ਉਸ ਦਾ ਹਸ਼ਰ ਉਸ ਦੀ ਜ਼ਿੰਦਗੀ ਦੇ ਅਰਸੇ ਦੌਰਾਨ ਹੀ ਹੋ ਗਿਆ। ਹਰ ਚਮਕਦਾ ਸਿਕਾ ਕੁਝ ਦਿਨਾ 'ਚ ਹੀ ਖੋਟਾ ਸਿੱਕਾ ਬਣ ਜਾਂਦਾ ਹੈ। ਅਸਲ 'ਚ ਪੂੰਜੀਵਾਦ ਪ੍ਰਬੰਦ 'ਚ ਅਜੇਹਾ ਹੋਣਾ ਲਾਜਮੀ ਹੈ। ਲੁੱਟ ਤੇ ਮੁਨਾਫੇ ਉਪਰ ਟਿਕੇ ਇਸ ਪ੍ਰਬੰਦ 'ਚ ਪੂੰਜੀ ਦੀ ਹੀ ਸਖਸ਼ੀਅਤ ਹੈ ਤੇ ਜਿਸ ਕੋਲ ਜਿੰਨੀ ਪੂੰਜੀ ਹੈ ਉਸ ਦੀ ਸਖਸ਼ੀਅਤ ਉਨੀ ਹੀ ਵੱਡੀ ਹੈ, ਅਤੇ ਪੂੰਜੀ ਨੂੰ ਹਾਸਲ ਕਰਨ ਲਈ ਹਰ ਕੋਸ਼ਿਸ਼, ਹਰ ਤਿਕੜਮਬਾਜੀ ਕੀਤੀ ਜਾਂਦੀ ਹੈ ਅਤੇ ਇਹ ਜਾਇਜ ਹੈ। ਜਿਸ ਨੂੰ ਜੋ ਵੇਚਣ ਦਾ ਮੌਕਾ ਮਿਲੇ ਉਹ ਵੇਚਦਾ ਹੈ। ਕੋਈ ਅਜੇਹੀ ਚੀਜ਼ ਨਹੀਂ ਜਿਸ ਨੂੰ ਦਲਾਲ ਸਰਮਾਏਦਾਰੀ ਨੂੰ ਜਿਣਸ ਨਾ ਬਣਾ ਦਿੱਤਾ ਹੋਵੇ। ਭੌਤਿਕ ਪਦਾਰਥਾਂ ਤੋਂ ਲੈ ਕੇ ਧਰਮ, ਨੈਤਿਕਤਾ, ਇਮਾਨਦਾਰੀ, ਵਿਸਵਾਸ਼ ਸਭ ਦੀ ਵਿਕਰੀ ਹੋ ਸਕਦੀ ਹੈ। ਪਰ ਕੋਈ ਇਸ ਵਪਾਰ ਦੇ ਕਿਸੇ ਰੂਪ ਤੋਂ ਬਾਹਰ ਰਿਹਾ ਹੈ ਤਾਂ ਕੁਝ

ਸਾਲਾਂ 'ਚ ਉਸ ਨੂੰ ਪੁਰਸਕਾਰ, ਇਨਾਮ, ਅਹੁਦੇ, ਸਨਮਾਨ ਆਦਿ ਰਾਹੀਂ ਖਰੀਦ ਲਿਆ ਜਾਂਦਾ। ਨੋਬੇਲ, ਮੈਗਸਾਸ, ਭਾਰਤ ਰਤਨ ਵਰਗੇ ਪੁਰਸਕਾਰ ਅਜੇਹੇ ਲੋਕਾਂ ਲਈ ਪੂੰਜੀਵਾਦੀ ਦੇਸ਼ ਹਮੇਸ਼ਾ ਤਿਆਰ ਰੱਖਦਾ ਹੈ ਜਾਂ ਉਲਟਾ ਕਿਹਾ ਜਾ ਸਕਦਾ ਹੈ ਕਿ ਉਹਨਾਂ ਵਲੋਂ ਇਮਾਨਦਾਰੀ ਤੇ ਪੂਰੀ ਸਮਰੱਥਾ ਨਾਲ ਕੀਤੀ ਗਈ ਪੂੰਜੀਵਾਦੀ ਪ੍ਰਣਾਲੀ ਦੀ ਸੇਵਾ ਨੂੰ ਇਸ ਰੂਪ 'ਚ ਪਹਿਚਾਣ ਦਿੱਤੀ ਜਾਂਦੀ ਹੈ। ਹਾਲਾਂਕਿ ਇਸ ਧੰਦੇ 'ਚ ਵੀ ਠੱਗੀ ਘੱਟ ਨਹੀਂ ਹੈ। ਆਰ. ਕੇ. ਚੌਧਰੀ ਨੂੰ ਆਲਮੀ ਤਪਸ ਸਬੰਧੀ ਦਿੱਤੇ ਗਏ ਨੋਬੇਲ ਪੁਰਸਕਾਰ ਨੂੰ ਯਾਦ ਕਰੀਏ। ਸਤਿਆ ਸਾਈਂ ਬਾਬਾ ਵਰਗੇ ਠੱਗ ਅਤੇ ਵਿਲਾਸਤਾ ਦੇ ਪੁਜਾਰੀ ਨੂੰ ਮੌਤ ਪਿੱਛੋਂ ਭਾਰਤ ਸਰਕਾਰ ਤਿਰੰਗੇ 'ਚ ਨਾ ਸਿਰਫ਼ ਲਪੇਟਦੀ ਹੈ। ਬਲਕਿ ਪ੍ਰਧਾਨ ਮੰਤਰੀ ਬੇਹੱਦ ਦੁੱਖੀ ਹੁੰਦੇ ਹਨ ਅਤੇ ਭਾਰਤ ਰਤਨ ਦਾ ਭਾਵੀ ਹੱਕਦਾਰ ਤੰਦੂਲਕਰ ਫੁਟ-ਫੁਟ ਕੇ ਰੋਂਦਾ ਹੈ। ਇਸ ਗਲੀ ਸੜੀ ਦਲਾਲ ਨੌਕਰਸ਼ਾਹੀ ਭਾਰਤੀ ਸਰਮਾਏਦਾਰੀ ਦੇ ਭਾਰਤ ਰਤਨ ਸਾਈਂ ਬਾਬਾ, ਮਨਮੋਹਨ ਸਿੰਘ ਅਤੇ ਸਚਿਨ ਤੇਂਦੂਲਕਰ ਵਰਗੇ ਲੋਕ ਹੀ ਹੋ ਸਕਦੇ ਹਨ।

ਸੰਸਾਰ ਪੂੰਜੀਵਾਦ (ਸਾਮਰਾਜ) ਬਾਰੇ ਗੱਲ ਕਰੀਏ ਤਾਂ ਬੇਰਾਕ ਉਬਾਮਾ ਵਰਗਾ ਜੰਗਬਾਜ ਹਤਿਆਰਾ ਸ਼ਾਂਤੀ ਦੇ ਨੋਬੇਲ ਪੁਰਸਕਾਰ ਦਾ ਅਸਲੀ ਹੱਕਦਾਰ ਮੰਨਿਆ ਗਿਆ ਹੈ। ਸੜਦੇ-ਗਲਦੇ ਪੂੰਜੀਵਾਦ 'ਚ ਪਵਿੱਤਰ ਮਹਾਂਪੁਰਸ਼ਾਂ ਦੇ ਨਾਲ ਅਜੇਹੇ ਸਵੈ ਐਲਾਨ। ਮਹਾਂਪੁਰਖ ਵੀ ਪੈਦਾ ਹੁੰਦੇ ਹਨ ਜੋ ਪੂੰਜੀਵਾਦ ਦੀ ਰਾਖੀ ਲਈ ਅੱਗੇ ਆਉਂਦੇ ਹਨ ਜਾਂ ਉਹ ਅਜੇਹਾ ਕਰਨ ਦਾ ਦਾਅਵਾ ਕਰਦੇ ਹਨ। ਜਿਨਾਂ ਨੂੰ ਅਸੀਂ ਇਤਿਹਾਸ 'ਚ ਹਿਟਲਰ, ਮਸੋਲਿਨੀ ਨਾਵਾਂ ਨਾਲ ਜਾਣਦੇ ਹਾਂ ਤੇ ਫਿਲਹਾਲ ਇਹ ਬ੍ਰੇਵਿਕ ਨਾਮਕ ਹਤਿਆਰੇ ਦੇ ਰੂਪ 'ਚ ਸਾਡੇ ਮੂਹਰੇ ਹਨ। ਪੂੰਜੀਵਾਦੀ ਬੁੱਧੀਜੀਵੀ, ਮੀਡੀਆ, ਸਤਾ ਆਪਣੀ ਇਸ ਔਲਾਦ ਨੂੰ ਵੇਖ ਕੇ ਹੈਰਾਨ ਭਾਵੇਂ ਹੋਣ ਪਰ ਇਹ ਤਾਂ ਗਲ ਰਹੇ ਪੂੰਜੀਵਾਦ 'ਚ ਹੋਣਾ ਹੀ ਹੈ। ਫਿਰ ਚਾਹੇ ਉਹ ਨਾਰਵੇ ਵਰਗਾ ਸਭ ਤੋਂ ਅੱਛਾ ਪੂੰਜੀਵਾਦ ਸਮਾਜ ਹੀ ਕਿਉਂ ਨਾ ਹੋਵੇ। ਬ੍ਰੇਵਿਕ ਘਟੀਆ, ਤੁਛਤੇ ਫਾਸਿਸਟ ਵਿਚਾਰਾਂ ਨੂੰ ਸਭਿਅਤਾਵਾਂ ਦੇ ਸੰਘਰਸ਼ ਦੇ ਰੂਪ 'ਚ ਸਾਲਾਂ ਪਹਿਲਾਂ ਪ੍ਰਗਟ ਕਰਨ ਵਾਲੇ ਸੈਮਿਊਲ ਹਟਿੰਗਟਨ ਦਾ ਵਿਹਾਰਕ ਤੇ ਕ੍ਰਿਆਤਮਕ ਰੂਪ ਹੀ ਤਾਂ ਹੈ। ਉਸ ਦਾ ਐਲਾਨ ਨਾਮਾ ਸੈਮਿਊਲ ਦੇ ਵਿਚਾਰਾਂ ਦਾ ਹੀ ਦੂਜਾ ਰੂਪ ਹੈ। ਬ੍ਰੇਵਿਕ, ਸੈਮਿਊਲ, ਜਾਰਜ ਬੁਸ਼, ਬੇਰਾਕ ਓਬਾਮਾ ਟੋਨੀ ਬਲੇਆਰ ਆਦਿ ਦੀਆਂ ਗੱਲਾਂ ਅਤੇ ਕਾਰਨਾਮਿਆਂ 'ਚ ਕੋਈ ਫਰਕ ਨਹੀਂ ਹੈ। ਬ੍ਰੇਵਿਕ ਜਿਸ ਕੰਮ ਨੂੰ ਇਕੱਲਾ ਕਰਦਾ ਹੈ ਉਸ ਕੰਮ ਨੂੰ ਪਹਿਲਾਂ ਜਾਰਜ ਬੁਸ਼ ਤੇ ਹੁਣ ਬੇਰਾਕ ਓਬਾਮਾ ਪੂਰੀ ਰਾਜ ਦੀ ਮਸ਼ੀਨਰੀ ਤੇ ਯੂ. ਐਨ. ਓ. ਵਰਗੀਆਂ ਸੰਸਥਾਵਾਂ ਰਾਹੀਂ ਕਰਦੇ ਹਨ।

ਨਾਰਵੇ 'ਚ ਮਾਰੇ ਗਏ ਨਿਰਦੋਸ਼ ਲੋਕਾਂ ਦੇ ਕਤਲ ਦੀ ਜਦ ਪ੍ਰਧਾਨ ਮੰਤਰੀ ਓ ਬਾਅ ਬਾਨ ਦੀ ਮੂਨ ਤੇ ਮਨਮੋਹਨ ਸਿੰਘ ਜਦ ਨਿੰਦਾ ਕਰਦੇ ਹਨ ਤਾਂ ਅਸਲ 'ਚ ਆਪਣੇ ਕਾਲੇ ਕਾਰਨਾਮਿਆਂ ਨੂੰ ਇਸ ਬਹਾਨੇ ਛੁਪਾਉਂਦੇ ਹਨ। ਬ੍ਰੇਵਿਕ ਆਪਣੇ ਭਾਰਤੀ ਭਰਾਵਾਂ ਦੇ ਨਾ ਬੜੇ ਮਾਣ ਨਾਲ ਲੈਂਦਾ ਹੈ ਤੇ ਉਹਨਾਂ ਨੂੰ ਵਿਸ਼ਵ ਵਿਆਪੀ ਪਹਿਚਾਣ ਦੇਣ ਲਈ ਉਹਨਾਂ ਦੇ ਪਤੇ ਆਪਣੇ ਐਲਾਨ ਨਾਮਾ 'ਚ ਦਿੰਦੇ ਹਨ। ਬ੍ਰੇਵਿਕ ਮਾਰ ਐਸ. ਐਸ. ਭਾਜਪਾ, ਏ. ਬੀ. ਵੀ. ਪੀ. ਨੂੰ ਆਪਣੇ ਟੀਚਾ ਨੂੰ ਕਾਸਲ 'ਚ ਮਦਦ ਕਰਨ ਵਾਲਿਆਂ ਵਜੋਂ ਵੇਖਦਾ ਹੈ। ਉਹ ਮੰਨਦਾ ਹੈ ਕਿ ਜੋ ਕੰਮ ਉਹ ਨਾਰਵੇ

ਤੇ ਯੂਰਪ ’ਚ ਕਰ ਰਿਹਾ ਹੈ ਉਹੀਕੰਮ ਉਪਰੋਕਿਤ ਭਾਰਤ ’ਚ ਕਰ ਰਹੇ ਹਨ। ਇਹ ਇਕ ਹੱਦ ਤੱਕ ਸੱਚ ਵੀ ਹੈ। ਪੂੰਜੀਵਾਦੀ ਸਮਾਜ ਦੀ ਸੜਨ ਪਤਨ ਦੀਆਂ ਇਹ ਅਲਾਮਤਾਂ ਰੱਜ ਤੇ ਲਗਾਤਾਰ ਸਾਹਮਣੇ ਆ ਰਹੀਆਂ ਹਨ। ਹੁਣ ਇੱਥੇ ਦੋ ਹੀ ਰਾਹ ਹਨ ਜਾਂ ਤਾਂ ਲਗਾਤਾਰ ਵਧੇ ਜਬਰ ਨੂੰ ਆਪਣੀ ਹੋਣੀ ਮੰਨ ਕੇ ਚੁਪਚਾਪ ਗੋਡੇ ਟੇਕ ਦਿੱਤੇ ਜਾਣ ਜਾਂ ਫਿਰ ਮਨੁੱਖੀ ਸਭਿਅਤਾ ਨੂੰ ਬਚਾਉਣ, ਅੱਗੇ ਵਧਾਉਣ ਲਈ ਪੂੰਜੀਵਾਦ ਦੀ ਕਬਰ ਪੁਟਕੇ ਸਮਾਜਵਾਦ ਲਿਆਉਣ ਦੀਆਂ ਕੋਸ਼ਿਸ਼ਾਂ ਨੂੰ ਤੇਜ ਕੀਤਾ ਜਾਵੇ।

# ਕੀ ਹੈ ਜਨ ਲੋਕਪਾਲ ਬਿੱਲ ਅਤੇ ਇਸ ਦੇ ਮਾਅਨੇ?

ਇਤਿਹਾਸ :- ਭਰਿਸ਼ਟਾਚਾਰ ਦੇ ਖਾਤਮੇ ਨੂੰ ਲੈ ਕੇ ਹਾਕਮ ਜਮਾਤ ਦੇ ਦਾਇਰੇ 'ਚ ਹਮੇਸ਼ਾ ਹੀ ਚਰਚਾ ਚਲਦੀ ਰਹੀ ਹੈ। ਭ੍ਰਿਸ਼ਟਾਚਾਰ ਨੂੰ ਕਾਨੂੰਨ ਵਿਵਸਥਾ ਵਜੋਂ ਪੇਸ਼ ਕਰਕੇ ਫਿਰ ਕਾਨੂੰਨੀ (ਤਕਨੀਕ) ਨੁਸਖੇ ਬਣਾ ਕੇ ਇਸ ਨੂੰ ਹੱਲ ਕਰਨ ਦੀ ਕੋਸ਼ਿਸ਼ ਇਹ ਲਗਾਤਾਰ ਕਰਦਾ ਰਿਹਾ ਹੈ। ਸਾਡੇ ਦੇਸ਼ 'ਚ ਕੇਂਦਰੀ ਚੌਕਸੀ ਕਮਿਸ਼ਨ ਤੇ ਕੇਂਦਰੀ ਅਨਵੇਸ਼ਨ ਬਿਊਰੋ ਦੀ ਸਥਾਪਨਾ ਪਿਛੇ ਇਕ ਸੱਚ ਇਹ ਵੀ ਸੀ ਇਸ ਪ੍ਰਸੰਗ 'ਚ 1966 'ਚ ਪ੍ਰਸਾਸ਼ਨਿਕ ਸੁਧਾਰ ਕਮਿਸ਼ਨ ਦੀ ਨਿਯੁਕਤੀ ਹੋਈ। ਇਸ ਆਯੋਗ ਨੇ ਭ੍ਰਿਸ਼ਟਾਚਾਰ ਖਿਲਾਫ਼ ਲੋਕਾਯੁਕ ਤੇ ਲੋਕਪਾਲ ਵਰਗੀਆਂ ਸੰਸਥਾਵਾਂ ਬਣਾਉਣ ਦਾ ਸੁਝਾਅ ਦਿੱਤਾ। ਇਹ ਸੋਚ ਵੀ ਦੁਨੀਆਂ ਪੱਧਰ 'ਤੇ ਸਕੈਵੈਂਡਿਅਨ ਤੇ ਹੋਰ ਮੁਲਕਾਂ ਦੀ ਹੀ ਨਕਲ ਸੀ। ਲੋਕ ਕਮਿਸ਼ਨ ਜਿੱਥੇ ਇਸ ਸੁਝਾਅ 'ਚ ਵੱਖ-ਵੱਖ ਸੂਬਿਆਂ ਦੇ ਪੱਧਰ'ਤੇ ਇਕ ਨਿਕਾਹ ਸੀ ਜੋ ਸ਼ਕਾਇਤਾਂ ਨੂੰ ਹਾਸਲ ਕਰਦਾ ਸੀ। ਇਹ ਲੱਗਭਗ ਅਧਿਕਾਰ ਹੀਣ ਸੰਸਥਾ ਸੀ। ਲੋਕਪਾਲ ਵਰਗੀ ਸੰਸਥਾ ਨੂੰ ਕੇਂਦਰੀ ਪੱਧਰ 'ਤੇ ਪ੍ਰਧਾਨ ਮੰਤਰੀ ਤੇ ਮੰਤਰੀਆਂ ਖਿਲਾਫ਼ ਸ਼ਕਾਇਤਾਂ (ਭ੍ਰਿਸ਼ਟਾਚਾਰ) 'ਤੇ ਕਾਰਵਾਈ ਕਰਨ ਲਈ ਗਠਨ ਦਾ ਸੁਝਾਅ ਸੀ। ਇਸ ਤਰ੍ਹਾਂ ਪਹਿਲਾਂ ਲੋਕਪਾਲ ਬਿੱਲ ਗਠਨ ਕਰਨ ਲਈ ਪਹਿਲੀ ਵਾਰੀ 1968 'ਚ ਪਾਰਲੀਮੈਂਟ 'ਚ ਲਿਆਂਦਾ ਗਿਆ।

1968 ਤੋਂ ਅਜੇ ਤੱਕ ਇਹਨਾਂ 42-43 ਸਾਲਾਂ 'ਚ ਸੰਸਦ 'ਚ 10 ਵਾਰੀ ਬਹਿਸ ਲਈ ਲਿਆਂਦਾ ਗਿਆ। ਇਸ ਦੌਰਾਨ 1968 'ਚ ਤੇ 1971 'ਚ ਜਨਤਾ ਪਾਰਟੀ ਦੀ ਸਰਕਾਰ, ਰਾਜੀਵ ਗਾਂਧੀ ਸਮੇਂ 1989 'ਚ ਵੀ ਪੀ ਸਿੰਘ ਦੇ ਕਾਲ 'ਚ, 1996 'ਚ ਦੇਵੇਗੌੜਾ, 1998 ਤੇ 2001 'ਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸਮੇਂ ਫਿਰ 2005-08 'ਚ ਕਾਂਗਰਸ ਸਰਕਾਰ ਸਮੇਂ ਇਹ ਬਿੱਲ ਇਹਨਾਂ ਦੇ ਹੱਥਾਂ ਵਿੱਚੋਂ ਦੀ ਲੰਘਿਆ। ਪਰ ਹੋਰ ਕਾਰਨਾਂ ਦੇ ਨਾਲ-ਨਾਲ ਬਹਿਸ ਦੇ ਕੇਂਦਰੀ ਬਿੰਦੂ ਕਿ ਪ੍ਰਧਾਨ ਮੰਤਰੀ ਨੂੰ ਲੋਕਪਾਲ ਦੇ ਦਾਇਰੇ 'ਚ ਲਿਆਂਦਾ ਜਾਵੇ ਜਾਂ ਨਾਂ ਉੱਪਰ ਕਦੀ ਸਹਿਮਤੀ ਨਹੀਂ ਬਣੀ ਇਸ ਬਿੰਦੂ 'ਤੇ ਹੀ ਇਹ ਬਿੱਲ ਵਿੱਚ ਵਿਚਾਲੇ ਲਟਕ ਗਿਆ। ਪਿਛਲੇ ਕੁਝ ਸਾਲਾਂ ਤੋਂ ਭ੍ਰਿਸ਼ਟਾਚਾਰ ਦੇ ਹੜ ਨੇ ਇਸ ਮੁੱਦੇ ਨੂੰ ਫਿਰ ਤੋਂ ਕੇਂਦਰ 'ਚ ਲੈ ਆਂਦਾ। ਮੱਧ ਵਰਗ ਤੇ ਸੱਭਿਆ ਸਮਾਜ ਸਿਵਲ ਸੁਸਾਇਟੀ (Civil Society) ਦੇ ਲੋਕ ਜਿਸ ਵਿੱਚ ਡਾਕਟਰ, ਇੰਜਨੀਅਰ, ਵਕੀਲ ਪ੍ਰਸਾਸ਼ਨਿਕ ਮਾਮਲੇ ਦੇ ਲੋਕ ਤੇ ਪੂੰਜੀਵਾਦੀ ਵਰਗ ਦੇ ਦਾਇਰੇ ਦੇ ਇਮਾਨਦਾਰ ਲੋਕ 'ਭ੍ਰਿਸ਼ਟਾਚਾਰ' ਇਸ ਦਾ ਜ਼ਿਕਰ ਤੇ ਪ੍ਰੀਭਾਸ਼ਾ ਵੀ ਭਾਰਤੀ ਬੁਰਜੂਆ ਵਰਗ ਵਲੋਂ ਉਸ ਦੀਆਂ ਪਾਰਟੀਆਂ ਰਾਹੀਂ ਕਾਨੂੰਨ ਬਣਾ ਕੇ 'ਭਾਰਤ ਦੰਡ ਪ੍ਰਣਾਲੀ ਦੇ ਚੈਪਟਰ IX ਜਾਂ ਫਿਰ 'ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ 1988' ਦੇ ਤਹਿਤ ਦਿੱਤੀ ਹੈ ਤੋਂ ਮੁਕਤੀ ਹਾਸਲ ਕਰਨ ਲਈ ਇਕ ਮਜ਼ਬੂਤ ਲੋਕਪਾਲ ਬਣਾਉਣ ਦੀ ਵਕਾਲਤ ਕਰ ਰਿਹਾ ਹੈ 'ਜਨ ਲੋਕਪਾਲ ਬਿੱਲ ਇਸ ਵਰਗ ਦੇ ਲੋਕਾਂ ਦੇ ਗੁੱਸੇ ਤੇ ਆਵਾਜ਼ ਦੀ ਇਜ਼ਹਾਰ ਹੈ। ਜਨ ਲੋਕਪਾਲ ਬਿੱਲ ਦੇ ਮੁੱਖ ਸਾਰ ਦੀ ਗੱਲ ਕੀਤੀ ਜਾਵੇ ਤਾਂ ਇਹ ਅਜੇਹਾ ਲੋਕਪਾਲ ਬਣਾਏ ਜਾਣ ਦਾ ਹਾਮੀ ਹੈ ਜਿਸ ਨੂੰ ਸਾਰੇ ਅਧਿਕਾਰ ਹੋਣ।

ਜਨ ਲੋਕਪਾਲ ਬਿੱਲ ਡ੍ਰਾਫਟ ਦੇ ਮੁੱਖ ਬਿੰਦੂ :-

ਕਿਸੇ ਵੀ ਮੁਲਾਜਮ ਜਾਂ 'ਜਨ ਸੇਵਕ' ਵਲੋਂ ਕੀਤੇ ਗਏ 'ਗਲਤ ਆਚਰਣ' ਬੇਇਮਾਨੀ ਜਾਂ 'ਭ੍ਰਿਸ਼ਟਾਚਾਰ' ਦੇ ਖਿਲਾਫ਼ ਕੋਈ ਵੀ ਵਿਅਕਤੀ ਇਸ 'ਤੇ ਇਸ ਦਾ ਦੋਸ਼ ਲਾਵੇ ਜਾਂ ਫਿਰ ਮਾੜੇ ਪ੍ਰਬੰਦ ਤੇ ਅਨਿਆ ਨੂੰ ਸਹਾਰਾ ਦੇਣ ਦੀ ਵਜਾਹ ਕਰਕੇ ਕੋਈ ਹਾਨੀ ਹੋਣ ਦੀ ਸ਼ਕਾਇਤ ਦਰਜ ਕਰੇ ਤਾਂ ਲੋਕਪਾਲ ਨਾਲ ਸਬੰਧਤ ਅਥਾਰਟੀ ਇਸ 'ਤੇ ਕਾਰਵਾਈ ਕਰੇਗੀ।

2. ਅਜੇਹਾ ਕੋਈ ਬੰਦਾ ਜੋ ਕਿਸੇ ਵੀ ਸਮੇਂ ਪ੍ਰਸਾਸ਼ਨਿਕ ਸੇਵਾ 'ਚ ਨਿਯੁਕਤ ਹੈ/ਸੀ ਜਾਂ ਕੇਂਦਰ ਸਰਕਾਰ ਨਾਲ ਸਬੰਧਤ ਅਹੁਦਿਆਂ 'ਤੇ ਸਥਾਈ, ਅਸਥਾਈ ਕਰਮਚਾਰੀ ਵਜੋਂ ਨਿਯੁਕਤ ਸੀ ਜਾਂ ਹੈ। ਜੱਜ ਇਸ 'ਚ ਸ਼ਾਮਲ ਨਹੀਂ ਹਨ।

3. ਪ੍ਰਧਾਨ ਮੰਤਰੀ ਸੰਸਦ ਮੈਂਬਰ, ਹਾਈਕੋਰਟ ਤੇ ਸੁਪਰੀਮ ਕੋਰਟ ਦੇ ਜੱਜ, ਸਰਕਾਰੀ ਮੁਲਾਜਮ, ਚੇਅਰਮੈਨ, ਵਾਈਸ ਚੇਅਰਮੈਨ (ਜੋ ਵੀ ਨਾਂ ਹੋਵੇ) ਕੇਂਦਰ ਸਰਕਾਰ ਦੇ ਅਧੀਨ ਸਥਾਨਕ ਨਿਕਾਹ ਦੇ ਮੈਂਬਰ, ਵੱਖ-ਵੱਖ ਕਾਨੂੰਨੀ ਸਥਾਪਤ ਨਿਕਾਹਾਂ ਦੇ ਮੈਂਬਰ ਆਦਿ। ਇਸ ਤੋਂ ਇਲਾਵਾ 'ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ' 1988 ਦੇ ਤਹਿਤ 'ਜਨਸੇਵਕ' ਜਿਸ ਦੇ ਤਹਿਤ ਉਹ ਹਰੇਕ ਵਿਅਕਤੀ ਜੋ ਕਿ ਕਿਸੇ ਵੀ ਖੇਤਰ 'ਚ ਕਿਸੇ ਵੀ ਅਹੁਦੇ 'ਤੇ ਹੋਵੇ ਜਿਸ ਨੂੰ ਕੇਂਦਰ ਸਰਕਾਰ/ਰਾਜ ਸਰਕਾਰ ਜਾਂ ਇਸ ਦੇ ਤਹਿਤ ਸਥਾਨਕ ਗਠਜੋੜਾਂ ਵਲੋਂ ਵਿਤੀ ਸਹਾਇਤਾ ਦਿੱਤੀ ਜਾ ਰਹੀ ਹੋਵੇ।

4. ਭ੍ਰਿਸ਼ਟਾਚਾਰ ਤੋਂ ਕੀ ਮਤਲਬ ਹੈ :- ਇਸ ਦੇ ਤਹਿਤ ਉਹ ਸਭ ਭ੍ਰਿਸ਼ਟਾਚਾਰ ਹੈ ਜੋ ਕਿ ਭਾਰਤੀ ਪੀਨਲ ਕੋਡ ਦੇ ਚੈਪਟਰਪ ਜਾਂ ਫਿਰ ਭ੍ਰਿਸ਼ਟਾਚਾਰ ਰੋਕਥਾਨ ਕਾਨੂੰਨ 1988 ਦੇ ਤਹਿਤ ਸਜਾਯੋਗ ਹੈ। ਇਸ ਐਕਟ ਮੁਤਾਬਿਕ ਕਿਸ 'ਜਨਸੇਵਕ' ਵਲੋਂ ਆਪਣੇ ਕੰਮ ਦੇ ਬਦਲੇ ਸੁੱਖ ਜਾਂ ਰਿਸ਼ਵਤ ਲੈਣੀ ਭ੍ਰਿਸ਼ਟਾਚਾਰ ਹੈ। ਸਰਕਾਰੀ ਜਾਇਦਾਦ ਦੀ ਆਪਣੇ ਨਿੱਜੀ ਹਿੱਤਾਂ 'ਚ ਵਰਤੋਂ ਭ੍ਰਿਸ਼ਟਾਚਾਰ ਹੈ। ਕੀਮਤੀ ਚੀਜ਼ਾਂ ਲੈਣੀਆਂ ਭ੍ਰਿਸ਼ਟਾਚਾਰ ਹੈ। ਇਸ ਤੋਂ ਇਲਾਵਾ ਜਨ ਲੋਕਪਾਲ ਬਿੱਲ ਦੇ ਮੁਤਾਬਕ ਜੇ ਕੋਈ ਵਿਅਕਤੀ ਕਾਨੂੰਨ ਜਾਂ ਨਿਯਮਾਂ ਦੀ ਉਲੰਘਣਾ ਕਰਕੇ ਸਰਕਾਰ ਤੋਂ ਲਾਭ ਹਾਸਲ ਕਰਦਾ ਹੋਵੇ ਤੇ ਉਹ ਵਿਅਕਤੀ ਜੋ ਇਸ ਕੰਮ 'ਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਮਦਦਗਾਰ ਹੋਵੇ, ਮੰਨਿਆ ਜਾਵੇਗਾ ਕਿ ਇਹ ਭ੍ਰਿਸ਼ਟਾਚਾਰ ਹੈ।

5. ਲੋਕਪਾਲ ਸੰਸਥਾ ਤੇ ਇਸ ਦੀ ਨਿਯੁਕਤੀ - ਲੋਕਪਾਲ ਇਕ ਅਜਿਹੀ ਸੰਸਥਾ ਹੋਵੇਗੀ ਜਿਸ 'ਚ ਇਸ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਸਮੇਤ ਇਕ ਪ੍ਰਧਾਨ ਤੇ ਦਸ ਮੈਂਬਰ ਹੋਣਗੇ। ਪ੍ਰਧਾਨ ਤੇ ਲੋਕਪਾਲ ਦੇ ਮੈਂਬਰ ਦੀ ਨਿਯੁਕਤੀ 'ਚੋਣ ਕਮੇਟੀ' ਤੇ ਸੁਝਾਅ 'ਤੇ ਰਾਸ਼ਟਰਪਤੀ ਕਰੇਗਾ। ਲੋਕਪਾਲ ਦੇ ਚਾਰ ਮੈਂਬਰ (ਘੱਟੋ ਘੱਟ) ਕਾਨੂੰਨੀ ਪਿਛੋਕੜ ਵਾਲੇ ਹੋਣਗੇ। ਕਾਨੂੰਨੀ ਪਿਛੋਕੜ ਦਾ ਮਤਲਬ ਭਾਰਤ ਦੇ ਕਿਸੇ ਖੇਤਰ 'ਚ ਨਿਆਂਇਕ ਦਫ਼ਤਰ 'ਚ ਘੱਟੋ ਘੱਟ 10 ਸਾਲ ਤਕ ਰਿਹਾ ਹੋਵੇ ਜਾਂ ਹਾਈਕੋਰਟ ਜਾਂ ਸੁਪਰੀਮ ਕੋਰਟ ਦੇ ਵਕੀਲ ਵਜੋਂ ਘਟੋ ਘੱਟ 15 ਸਾਲ ਤਕ ਰਿਹਾ ਹੋਵੇ। ਪ੍ਰਧਾਨ ਤੇ ਮੈਂਬਰ ਲਈ ਤਹਿ ਉਮੀਦਵਾਰਾਂ ਦੀ ਲਿਸਟ ਵੈਬਸਾਈਟ 'ਤੇ ਪੇਸ਼ ਕੀਤੀ ਜਾਵੇਗੀ। ਅੰਤਿਮ ਚੋਣ ਨਾਵਾਂ ਨੂੰ ਪ੍ਰਧਾਨ ਮੰਤਰੀ ਰਾਸ਼ਟਰਪਤੀ ਕੋਲ ਪੇਸ਼ ਕਰੇਗਾ।

6. ਚੋਣ ਕਮੇਟੀ 'ਚ ਸ਼ਾਮਲ ਲੋਕ - ਲੋਕਪਾਲ ਦੇ ਮੈਂਬਰ ਤੇ ਪ੍ਰਧਾਨ ਲਈ ਮੰਜ਼ੂਰੀ ਦੇਣ ਵਾਲੀ ਚੋਣ ਕਮੇਟੀ 'ਚ ਹੇਠ ਲਿਖੇ ਲੋਕ ਹੋਣਗੇ। ਉਪ ਰਾਸ਼ਟਰਪਤੀ,

ਲੋਕ ਸਭਾ ਸਪੀਕਰ, ਆਰਮੀ ਦਾ ਸੇਵਾ ਮੁਕਤ ਮੁਲਾਜਮ (ਜੋ ਪੰਜ ਸਤਾਰਾ ਜਨਰਲ ਹੋਵੇ) ਸੁਪਰੀਮ ਕੋਰਟ ਦੇ ਦੋ ਉਚ ਜੱਜ, ਹਾਈਕੋਰਟ ਦੇ ਦੋ ਉੱਚ ਤੇ ਮੁਖ ਨਿਆਂ ਅਧਿਕਾਰੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਮੈਂਬਰ, ਮੁਖ ਚੋਣ ਕਮਿਸ਼ਨਰ, ਪਹਿਲੇ ਚੋਣ ਅਮਲ ਪਿੱਛੋਂ ਬਾਹਰ ਜਾਣ ਵਾਲੇ ਮੈਂਬਰ (ਲੋਕਪਾਲ) ਤੇ ਪ੍ਰਧਾਨ ਲੋਕਪਾਲ। (ਹੁਣ ਇਸ 'ਚ ਅੰਨਾ ਹਜ਼ਾਰੇ ਵਲੋਂ ਪ੍ਰਧਾਨ ਮੰਤਰੀ ਤੇ ਸਪੀਕਰ ਨੂੰ ਸ਼ਾਮਲ ਕਰਨ ਦੀ ਮੰਗ ਹੋ ਰਹੀ ਹੈ।)

7. ਮੈਂਬਰ ਬਣਨ ਲਈ ਸ਼ਰਤਾਂ :- ਭਾਰਤ ਦਾ ਨਾਗਰਿਕ ਤੇ ਉਮਰ ਘੱਟੋ ਘੱਟ 40 ਸਾਲ ਹੋਵੇ। ਭਾਰਤ ਪੀਨਲ ਕੋਡ ਦੇ ਤਹਿਤ ਤੇ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੇ ਤਹਿਤ ਅਪਰਾਧ 'ਚ ਕਦੀ ਅਭਿਯੋਗ ਪਤ੍ਰ ਨਾ ਦਰਜ ਹੋਇਆ ਹੋਵੇ। ਪ੍ਰਧਾਨ ਤੇ ਮੈਂਬਰ (ਲੋਕਪਾਲ) ਲੋਕ ਸਭਾ ਜਾਂ ਵਿਧਾਨ ਸਭਾ ਦੇ ਸੇਵਾ ਮੁਕਤ ਮੈਂਬਰ ਨਹੀਂ ਹੋਣਗੇ ਅਤੇ ਟਰੱਸਟ ਤੇ ਲਾਭ ਦਾ ਕੋਈ ਦਫ਼ਤਰ ਨਹੀਂ ਰੱਖਣਗੇ। (ਚੇਅਰ ਪਰਸਨ ਜਾਂ ਮੈਂਬਰ ਵਜੋਂ ਦਫ਼ਤਰ ਨੂੰ ਛੱਡਕੇ) ਕਿਸੇ ਪ੍ਰਕਾਰ ਦਾ ਕਾਰੋਬਾਰ ਨਹੀਂ ਚਲਾਉਣਗੇ। ਜੇ ਦਫ਼ਤਰ ਰੱਖ ਰਹੇ ਹੋਣ ਤਾਂ ਉਸ ਤੋਂ ਅਸਤੀਫਾ ਦੇਣਗੇ ਤੇ ਕਾਰੋਬਾਰ ਜਾਂ ਕਿਸੇ ਅਦਾਲਤ 'ਚ ਕਿਸੇ ਕਿਸਮ ਦੀ ਪ੍ਰੈਕਟਿਸ ਇਸ ਦੌਰਾਨ ਨਹੀਂ ਕਰਨਗੇ।

8. ਲੋਕਪਾਲ ਲਈ ਸੇਵਾ ਸ਼ਰਤ ਤੇ ਦਫ਼ਤਰ ਦੀ ਸਥਿਤੀ। ਇੱਕ ਵਿਅਕਤੀ ਜੋ ਕਿ ਪ੍ਰਧਾਨ ਜਾਂ ਮੈਂਬਰ ਵਜੋਂ ਨਿਯੁਕਤ ਹੋਵੇ ਸਿਰਫ਼ 5 ਸਾਲ ਲਈ ਦਫ਼ਤਰ 'ਚ ਦਾਖ਼ਲ ਹੋਣ ਦੇ ਦਿਨ ਤੋਂ ਲੈ ਕੇ ਜਾਂ 70 ਸਾਲ ਦੀ ਉਮਰ ਤਕ ਜੋ ਕੁਝ ਪਹਿਲਾਂ ਹੋਵੇ। ਨਿਯੁਕਤ ਹੋਵੇਗਾ।

ਪ੍ਰਧਾਨ ਤੇ ਹਰੇਕ ਮੈਂਬਰਨੂੰ ਕ੍ਰਮਵਾਰ ਭਾਰਤ ਦੇ ਮੁਖ ਨਿਆਂਧਿਕਾਰੀ ਤੇ ਸੁਪਰੀਮ ਕੋਰਟ ਦੇ ਜੱਜ ਦੀ ਤਨਖਾਹ ਦੇ ਬਰਾਬਰ ਮਾਸਕ ਤਨਖਾਹ ਦਿੱਤੀ ਜਾਵੇਗੀ। ਪੈਨਸਨ ਤੇ ਭੱਤੇ ਜਿਵੇਂ ਤਹਿ ਹੋਵੇ ਉਸ ਅਨੁਸਾਰ ਦਿੱਤੇ ਜਾਣਗੇ। ਤਨਖਾਹ ਭੱਤਾ, ਪੈਸ਼ਨ, ਸਮੇਤ ਹੋਰ ਪ੍ਰਸਾਸ਼ਨਿਕ ਖਰਚੇ ਕੰਸੋਲਿਡੇਟ ਫੰਡ 'ਤੇ ਹੋਣਗੇ। 'ਲੋਕਪਾਲ ਫੰਡ' ਦੇ ਨਾਂ ਨਾਲ ਇਕ ਪ੍ਰਥਕ ਫੰਡ ਵੀ ਹੋਵੇਗਾ। ਜਿਸ 'ਚ ਜੁਰਮਾਨਾ/ਅਰਥਦੰਡ ਤੋਂ ਅਤੇ ਜਨਤਕ ਧਨ ਦੇ ਨੁਕਸਾਨ ਦੀ ਭਰਪਾਈ ਦੇ ਬਦਲੇ ਵਸੂਲੀ ਗਈ 10 ਫੀਸਦੀ ਰਾਸ਼ੀ ਇਸ 'ਚ ਜਮ੍ਹਾ ਕਰ ਦਿੱਤੀ ਜਾਵੇਗੀ।

9. ਪ੍ਰਧਾਨ ਤੇ ਮੈਂਬਰ (ਲੋਕਪਾਲ) ਵਿਰੁੱਧ ਬੇਨਤੀ :- ਕੋਈ ਬੰਦਾ ਪ੍ਰਧਾਨ ਜਾਂ ਮੈਂਬਰ (ਲੋਕਪਾਲ) 'ਤੇ ਇਕ ਤੋਂ ਵੱਧ ਦੋਸ਼ਾਂ ਦੇ ਆਧਾਰ 'ਤੇ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕਰ ਸਕਦਾ ਹੈ। ਸੁਪਰੀਮ ਕੋਰਟ ਇਸ ਮਾਮਲੇ ਦੀ ਜਾਂਚ ਹਿੱਤ ਵਿਸ਼ੇਸ਼ ਜਾਂਚ ਟੀਮ ਗਠਿਤ ਕਰਨ ਦਾ ਹੁਕਮ ਦੇ ਸਕਦੀ ਹੈ। ਜੋ ਤਿੰਨ ਮਹੀਨੇ ਅੰਦਰ ਆਪਣੀ ਰੀਪੋਟ ਪੇਸ਼ ਕਰ ਦੇਵੇਗੀ। ਦੋਸ ਸਹੀ ਸਾਬਤ ਹੋਣ 'ਤੇ ਸੁਪਰੀਮ ਕੋਰਟ ਦੋਸ਼ੀ ਪ੍ਰਧਾਨ ਜਾਂ ਮੈਂਬਰ ਨੂੰ ਹਟਾਉਣ ਲਈ (ਆਹੁਦੇ ਤੋਂ) ਰਾਸ਼ਟਰਪਤੀ ਨੂੰ ਕਹੇਗੀ। ਜਿਨਾਂ ਬਿੰਦੂਆਂ 'ਤੇ ਪ੍ਰਧਾਨ ਜਾਂ ਮੈਂਬਰ 'ਤੇ ਦੋਸ਼ ਲੱਗੇਗਾ - ਗਲਤ ਆਚਰਣ, ਪੇਸ਼ੇਵਾਮਾਨੀ ਮਾਨਿਸਕ ਜਾਂ ਸਰੀਰਕ ਆਯੋਗਤਾ, ਨੈਤਿਕ ਅਪਰਾਧ ਦਾ ਦੋਸ਼, ਐਸੇ ਵਿਤੀ ਫਾਇਦੇ ਜਾਂ ਹੋਰ ਫਾਇਦਿਆਂ ਦਾ ਹੋਣਾ ਜੋ ਉਸੇ ਦੇ ਕੰਮ ਨੂੰ ਪ੍ਰਭਾਵਿਤ ਕਰ ਸਕਦੇ ਹਨ।

10. ਲੋਕਪਾਲ ਦੀ ਸ਼ਕਤੀਆਂ ਤੇ ਕੰਮ :- ਲੋਕਪਾਲ ਭ੍ਰਿਸ਼ਟਾਚਾਰ ਨਾਲ ਸਬੰਧਤ ਦੋਸ਼ੀਆਂ ਦੀ ਸ਼ਕਾਇਤ ਕਿਸੇ ਸਰਕਾਰੀ ਮੁਲਾਜਮ ਦੇ ਗਲਤ ਆਚਰਣ ਨਾਲ

ਸਬੰਧਤ ਸ਼ਕਾਇਤ ਤੇ 'ਹਰਜੇ' ਦੀ ਸ਼ਕਾਇਤ ਦੀ (ਜੋ ਲਿਖਤੀ ਹੋਵੇਗੀ) ਪ੍ਰਾਪਤੀ ਲਈ ਜ਼ਿੰਮੇਵਾਰ ਹੋਵੇਗਾ ਤੇ ਉਹ ਤੁਰੰਤ ਹੀ ਉਚਿਤ ਕਾਰਵਾਈ ਕਰੇਗਾ ਜਾਂ ਕਾਰਵਾਈ ਦਾ ਫੈਸਲਾ ਲਵੇਗਾ।

– ਪੁੱਛਗਿੱਛ ਤੇ ਜਾਂਚ ਹੋਣ ਪਿਛੋਂ ਲੋਕ ਪਾਲ 'ਜਨਸੇਵਕ' ਵਿਰੁੱਧ ਅਭਿਯੋਗ ਸ਼ੁਰੂ ਕਰ ਸਕਦਾ ਹੈ। ਸਹੀ ਸਜਾ (ਪਨੇਲਟੀ) ਲਾਗੂ ਕਰਨ ਦੀ ਮੰਜੂਰੀ ਦੇ ਸਕਦਾ ਹੈ। ਸਬੰਧਤ ਫਰਮ, ਕੰਪਨੀ ਜਾਂ ਕੰਟਰੈਕਟਰ ਜੋ ਕਿ ਭ੍ਰਿਸ਼ਟਾਚਾਰ ਦੇ ਕੰਮ 'ਚ ਸ਼ਾਮਲ ਹੋਵੇ ਨੂੰ ਲੋਕ ਪਾਲ ਬਲੈਕ ਲਿਸਟ 'ਚ ਪਾ ਸਕਦਾ ਹੈ।

ਜੇ ਸੰਮਨ ਜਾਂ ਨੋਟਿਸ ਦੇ ਬਾਵਜੂਦ ਦੋਸ਼ੀ ਵਿਅਕਤੀ ਖੁਦ ਜਾਂ ਸੰਪਤੀ ਜਾਂ ਦਸਤਾਵੇਜ ਜਾਂ ਕੀਮਤੀ ਵਸਤੂਆਂ ਜੋ ਪੁਛਗਿੱਛ ਜਾਂ ਹੋਰ ਕਾਰਵਾਈ 'ਚ ਮਹੱਤਵਪੂਰਨ ਹੋਣ ਨੂੰ ਪੇਸ਼ ਨਹੀਂ ਕਰਦਾ ਤਾਂ ਲੋਕਪਾਲ ਪੁਲਸ ਅਫਸਰ ਨੂੰ ਅਧਿਕਾਰ ਦੇ ਕੇ ਸਰਚ ਵਰੰਟ ਜਾਰੀ ਕਰ ਸਕਦਾ ਹੈ। ਉਹ ਮੰਨਿਆ ਜਾਵੇਗਾ ਕਿ ਇਹ ਅਦਾਲਤ ਵਲੋਂ ਜਾਰੀ ਕੀਤਾ ਗਿਆ ਹੈ। ਜੇ ਲੋਕਪਾਲ ਦੀ ਰਾਇ 'ਚ ਕੋਈ 'ਜਨਸੇਵਕ' ਜਾਂ ਕੋਈ ਹੋਰ ਵਿਅਕਤੀ ਕਿਸੇ ਜਾਂਚ ਸਬੰਧੀ ਕੋਈ ਸੂਚਨਾ ਜਾਂ ਦਸਤਾਵੇਜ ਮੁਹੱਈਆ ਕਰ ਸਕਦਾ ਹੈ ਤੇ ਲੋਕਪਾਲ ਦੇ ਪਾਸ ਸਿਵਲ ਕੋਰਟ ਦੇ ਪੂਰੇ ਅਧਿਕਾਰ ਹੋਣਗੇ। ਜਿਸ ਤਹਿਤ ਸੰਮਨ ਜਾਰੀ ਕਰਕੇ ਹਾਜ਼ਰੀ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ।

– ਚੇਅਰ ਪਰਸਨ ਮੈਂਬਰ ਤੇ ਲੋਕਪਾਲ ਨੂੰ 'ਅਧਿਕਾਰਿਤ ਅਮਲ ਕੋਡ' ਦੇ ਸੈਕਸ਼ਨ 36 (ਸੀ. ਆਰ. ਪੀ. ਸੀ.) ਦੇ ਮਕਸਦ ਨਾਲ ਪੁਲਸ ਅਧਿਕਾਰੀ ਵਜੋਂ ਮੰਨਿਆ ਜਾਵੇਗਾ। ਲੋਕਪਾਲ ਉਸ ਅਧਿਕਾਰੀ/ਕਰਮਚਾਰੀ ਜਿਸ ਨੇ ਹੁਕਮ ਦੀ ਉਲੰਘਣਾ ਕੀਤੀ ਹੈ ਜਾਂ ਇਸ ਨੂੰ ਲਾਗੂ ਕਰਨ 'ਚ ਦੇਰੀ ਕੀਤੀ ਹੈ ਤੇ ਪੈਨਲਟੀ ਲਾਗੂ ਕਰ ਸਕਦਾ ਹੈ।

– ਹਾਈਕੋਰਟ ਵਾਂਗੂ ਕੁਝ ਅਧਿਕਾਰ ਖੇਤਰ ਤੇ ਅਥਾਰਟੀ ਦੀ ਵਰਤੋਂ ਵੀ ਕਰ ਸਕਦਾ ਹੈ।

11. ਸ਼ਕਾਇਤ ਤੇ ਜਾਂਚ ਸਬੰਧੀ ਵਿਵਸਥਾਵਾਂ :– ਭਾਰਤ ਦਾ ਕੋਈ ਵੀ ਨਾਗਰਿਕ ਦੇਸ਼ 'ਚ ਕਿੱਧਰੇ ਵੀ ਲੋਕਪਾਲ ਦੇ ਦਫ਼ਤਰ 'ਚ ਇਕ ਸਾਦੇ ਕਾਗਜ਼ 'ਤੇ ਸ਼ਕਾਇਤ ਦਰਜ ਕਰਵਾ ਸਕਦਾ ਹੈ। ਹਰੇਕ ਪਬਲਿਕ ਅਥਾਰਟੀ 'ਚ ਬੈਠਾ ਮੁਖ ਵਿਜੀਲੈਂਸ ਅਧਿਕਾਰੀ ਇਸ 'ਤੇ ਲੋੜੀਂਦੀ ਕਾਰਵਾਈ ਕਰੇਗਾ। ਜੇ ਸ਼ਕਾਇਤ ਕਰਤਾ ਨੂੰ ਆਪਣੇ ਤੇ ਜਬਰ ਦਾ ਡਰ ਹੋਵੇ ਜਾਂ ਜਬਰ ਹੋ ਰਿਹਾ ਹੋਵੇ ਤਾਂ ਉਸ ਨੂੰ ਲੋੜੀਂਦੀ ਸੁਰੱਖਿਆ ਮੁਹੱਈਆ ਕਰਵਾਈ ਜਾਵੇਗੀ। ਜੇ ਜਾਂਚ ਪਿੱਛੋਂ ਦੋਸ਼ ਸਹੀ ਪਾਏ ਜਾਂਦੇ ਹਨ ਤਾਂ ਮੰਤਰੀ ਤੇ ਐਮ. ਪੀ. ਸਬੰਧੀ ਕਾਰਵਾਈ ਲਈ ਰਾਸ਼ਟਰਪਤੀ ਨੂੰ ਲਿਖਿਆ ਜਾਵੇਗਾ। ਹਾਈਕੋਰਟ ਤੇ ਸੁਪਰੀਮ ਕੋਰਟ ਦੇ ਜੱਜਾਂ ਸਬੰਧੀ ਪੂਰਾ ਕੇਸ ਤਾਂ ਹੀ ਦਰਜ ਹੋਵੇਗਾ ਜਦ ਲੋਕਪਾਲ ਦੇ ਪੂਰੇ ਬੈਚ ਦੇ ਬਹੁਮਤ ਦੀ ਸਿਫਾਰਸ਼ ਹੋਵੇ ਤੇ ਜਾਂਚ ਪੁਲਸ ਮੁਖੀ ਪੱਧਰ ਦੀ ਅਗਵਾਈ ਵਾਲੀ ਵਿਸ਼ੇਸ਼ ਟੀਮ ਦੇ ਤਹਿਤ ਹੋਵੇਗੀ। ਮੰਤਰੀ, ਸੰਸਦ ਮੈਂਬਰ ਤੇ ਜੱਜਾਂ ਨੂੰ ਛੱਡ ਕੇ ਬਾਕੀ ਮੁਲਾਜਮਾਂ ਸਬੰਧੀ ਅਹੁਦੇ ਤੋਂ ਲਾਹੁਣ ਦਾ ਹੁਕਮ ਪਾਸ ਹੋਵੇਗਾ। ਇਹ ਵਿਵਸਥਾ ਪ੍ਰਧਾਨ ਮੰਤਰੀ ਤੇ ਲਾਗੂ ਨਹੀਂ ਹੋਵੇਗੀ। ਜਦ ਕਿ ਜੱਜਾਂ ਤੇ ਅਭਿਯੋਗ ਦਾ ਫੈਸਲਾ ਲੋਕਪਾਲ ਦੇ ਪੂਰੇ ਬੈਚ ਦੇ ਕਾਨੂੰਨੀ ਪਿਛੋਕੜ ਵਾਲੇ ਬਹੁਮਤ ਮੈਂਬਰ ਦੇ ਫੈਸਲਿਆਂ 'ਤੇ ਚਲਾਇਆ ਜਾਵੇਗਾ।

12. ਸਜਾ :- ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ 1988 ਦੇ ਤਹਿਤ ਅਪਰਾਧੀ ਹੋਣ 'ਤੇ ਸਰਕਾਰ ਨੂੰ ਹੋਏ ਆਰਥਕ ਨੁਕਸਾਨ ਦਾ ਅੰਦਾਜਾ ਲਾਕੇ ਵਸੂਲੀ ਕੀਤੀ ਜਾਵੇਗੀ। 'ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ' ਦੇ ਚੈਪਟਰ 3 ਖੰਡ 2 (4 ਤੇ 28) ਦੇ ਤਹਿਤ ਅਪਰਾਧੀ ਹੋਣ 'ਤੇ ਘੱਟੋ ਘੱਟ ਦੋ ਸਾਲ ਦੀ ਸਖ਼ਤ ਕੈਦ ਜੋ ਕਿ ਉਮਰ ਕੈਦ 'ਚ ਵੀ ਤਬਦੀਲ ਹੋ ਸਕਦੀ ਹੈ। ਜੇ ਦੋਸ਼ੀ ਸੰਯੁਕਤ ਸਕੱਤਰ ਜਾਂ ਇਸ ਤੋਂ ਉਪਰ ਜਾਂ ਮੰਤਰੀ ਜਾਂ ਸੰਸਦ ਮੈਂਬਰ ਜਾਂ ਪ੍ਰਧਾਨ (ਲੋਕਪਾਲ) ਹੋਵੇ ਤਾਂ ਘੱਟੋ ਘੱਟ ਸਜਾ 10 ਸਾਲ ਦੀ ਕੈਦ ਦੀ ਹੋਵੇਗੀ।

13. ਜਾਇਦਾਦ ਜਾਂ ਆਮਦਨ ਦੇ ਸਰੋਤ ਦੇ ਐਲਾਨ ਸਬੰਧੀ ਹਰੇਕ ਜਨਸੇਵਕ (ਪ੍ਰਧਾਨ ਮੰਤਰੀ, ਮੰਤਰੀ ਤੇ ਸੰਸਦ ਮੈਂਬਰ ਨੂੰ ਛੱਡ ਕੇ) ਨੂੰ ਆਪਣੀ ਜਾਇਦਾਦ, ਫਰਜ ਤੇ ਪ੍ਰੀਵਾਰ ਦੇ ਮੈਂਬਰਾਂ ਦਾ ਇਕ ਨਿਰਧਾਰਿਤ ਬਿਉਰਾ ਤਿਆਰ ਕਰਕੇ ਲੋਕਪਾਲ ਪਾਸ ਜਮ੍ਹਾ ਕਰਾਉਣਾ ਪਵੇਗਾ। ਜਦਕਿ ਪ੍ਰਧਾਨ ਮੰਤਰੀ, ਮੰਤਰੀ ਤੇ ਸੰਸਦ ਮੈਂਬਰ ਆਪਣੀ ਆਮਦਨ ਦੇ ਸਰੋਤ ਦਾ ਹਵਾਲਾ ਲੋਕਪਾਲ ਨੂੰ ਦੇਣਗੇ। ਤਹਿ ਸਮੇਂ ਅੰਦਰ ਅਜਿਹਾ ਨਾ ਕਰਨ ਵਾਲੇ ਖਿਲਾਫ਼ ਮੁਕੱਦਮਾ ਚਲ ਸਕਦਾ ਹੈ ਤੇ ਪਬਲਿਕ ਅਥਾਰਟੀ ਦਾ ਅਧਿਕਾਰੀ ਤਨਖਾਹ ਤੇ ਭੱਤਿਆਂ ਨੂੰ ਰੋਕ ਦੇਵੇਗਾ। ਕਿਸੇ ਵੀ ਤਰ੍ਹਾਂ ਦੀ ਚੱਲ-ਅਚੱਲ ਸੰਪਤੀ ਆਮਦਨ ਜਿਸ ਦਾ ਹਵਾਲਾ ਨਾ ਦਿੱਤਾ ਗਿਆ ਹੋਵੇ, ਸਪਸ਼ਟੀਕਰਨ ਨਾ ਦਿੱਤੇ ਜਾਣ ਪਿਛੋਂ ਮੰਨਿਆ ਜਾਵੇਗਾ ਕਿ ਭ੍ਰਿਸ਼ਟ ਤਰੀਕਿਆਂ ਨਾਲ ਇਹ ਇਕੱਠੀ ਕੀਤੀ ਗਈ ਹੈ, ਇਸ ਨੂੰ ਲੋਕਪਾਲ ਜਬਤ ਕਰ ਲਵੇਗਾ।

14. ਸਮਾ ਸੀਮਾ :- ਕਿਸੇ ਵੀ ਕੇਸ ਦੀ ਜਾਂਚ ਸ਼ਕਾਇਤ ਹਾਸਲ ਕਰਨ ਦੇ 6 ਮਹੀਨੇ ਅੰਦਰ ਕਰ ਲਈ ਜਾਵੇਗੀ। ਕਿਸੇ ਵੀ ਸਥਿਤੀ 'ਚ ਇਹ ਇਕ ਸਾਲ ਤੋਂ ਵੱਧ ਨਹੀਂ ਹੋਵੇਗਾ। ਇਹ ਜਨ ਲੋਕਪਾਲ ਬਿੱਲ ਸ਼ਾਂਤੀਭੂਸ਼ਣ ਕਿਰਨ ਬੇਦੀ, ਸੰਤੋਸ਼ ਹੈਗੜੇ, ਪ੍ਰਸ਼ਾਂਤ ਭੂਸ਼ਣ (ਵਕੀਲ), ਮੁਖ ਚੋਣ ਕਮਿਸ਼ਨਰ ਜੇ. ਐਮ. ਲਿੰਗਦੋਰ ਤੇ 'ਭਾਰਤ ਵਿਰੁੱਧ ਭ੍ਰਿਸ਼ਟਾਚਾਰ' ਅੰਦੋਲਨ ਵਲੋਂ ਡਰਾਫਟ ਕੀਤਾ ਗਿਆ ਹੈ ਜਦਕਿ ਲੋਕਪਾਲ ਬਿੱਲ ਜਾਂ ਡਰਾਫਟ ਪਾਰਟੀਆਂ ਵਲੋਂ ਤਿਆਰ ਕੀਤਾ ਗਿਆ ਹੈ। ਲੋਕਪਾਲ ਬਿੱਲ ਦੁਆਰਾ ਪੇਸ਼ ਲੋਕਪਾਲ ਸਿਰਫ਼ ਪਾਰਦਰਸ਼ਤਾ ਨਿਕਾਅ ਵਜੋਂ ਹੋਵੇਗੀ। ਜੇ ਇਸ 'ਚ ਅੰਤਰ ਵੇਖਣਾ ਹੋਵੇ ਤਾਂ ਉਹ ਵੀ ਵੇਖਿਆ ਜਾ ਸਕੇਗਾ।

ਸਿੱਟਾ :- ਇਸ ਪ੍ਰਕਾਰ ਇਹਨਾਂ ਦੋਹਾਂ ਬਿੱਲਾਂ ਨੂੰ ਵੇਖਣ ਤੋਂ ਸਪਸ਼ਟ ਹੁੰਦਾ ਹੈ ਕਿ ਜਿੱਥੇ ਲੋਕਪਾਲ ਬਿੱਲ 'ਚ ਲੋਕਪਾਲ ਇਕ ਖੱਸੀ ਸੰਸਥਾ ਹੈ। ਉਥੇ ਜਨ ਲੋਕਪਾਲ ਬਿੱਲ 'ਚ ਲੋਕਪਾਲ ਇਕ ਐਸੀ ਸੁਪਰੀਮ ਜਾਂ ਸ਼ਕਤੀਸ਼ਾਲੀ ਸੰਸਥਾ ਹੈ ਜੋ ਸਰਕਾਰ ਦੇ ਵੀ ਉਪਰ ਹੈ। ਇਹ ਇਕ ਐਸੀ ਸੰਸਥਾ ਵੀ ਹੈ ਜੋ ਲੋਕਾਂ ਵਲੋਂ ਨਹੀਂ ਚੁਣੀ ਜਾਵੇਗੀ ਪਰ ਲੋਕਾਂ ਵਲੋਂ ਚੁਣੇ ਗਏ ਨੁਮਾਇੰਦਿਆਂ ਨਾਲ ਬਣੀ ਸੰਸਦ ਤੇ ਪ੍ਰਧਾਨ ਮੰਤਰੀ ਉਪਰ ਇਕ ਆਜ਼ਾਦ ਨਿਗਾਹ ਹੋਵੇਗੀ। ਲੋਕਪਾਲ ਦੇ ਮੈਂਬਰਾਂ ਤੇ ਪ੍ਰਧਾਨ ਨੂੰ ਚੁਨਣ ਵਾਲੀ ਚੋਣ ਕਮੇਟੀ ਦੇ ਲੋਕ ਵੀ ਲੋਕਾਂ ਵਲੋਂ ਚੁਣੇ ਹੋਏ ਨਹੀਂ ਹੋਣਗੇ। ਇਸ ਤਰ੍ਹਾਂ ਸਪਸ਼ਟ ਜਨ ਲੋਕਪਾਲ ਬਿੱਲ 'ਚ ਪੇਸ਼ ਲੋਕਪਾਲ ਵਰਗੀ ਸੰਸਥਾ 'ਚ ਤਾਨਾਸ਼ਾਹੀ ਜਾਂ ਫਾਸਿਜਮ ਦੇ ਬੀਜ ਵੀ ਮੌਜੂਦ ਹਨ। ਇਹੀ ਕਾਰਨ ਹੈ ਕਿ ਸਰਮਾਏਦਾਰ ਜਮਾਤ ਦੇ ਬੁੱਧੀ ਜੀਵੀਆਂ ਵਿਚਕਾਰ ਇਸ 'ਤੇ ਤਿੱਖੀ ਬਹਿਸ ਮੌਜੂਦ ਹੈ ਕਿ ਇਹ ਉਹਨਾਂ ਦੇ 'ਲੋਕਤੰਤਰ' ਤੇ 'ਲੋਕਰਾਜੀ ਸੰਸਥਾਵਾਂ' ਨੂੰ ਕੰਮਜੋਰ ਕਰ ਦੇਵੇਗਾ। ਇਸ ਲਈ ਇਸ ਦੇ ਮੌਜੂਦਾ ਰੂਪ

’ਚ ਇਸ ਦੇ ਲਾਗੂ ਹੋਣ ਦੀ ਸੰਭਾਵਨਾ ਅਜੇ ਨਹੀਂ ਹੈ।

ਜਨ ਲੋਕਪਾਲ ਬਿਲ ਤੇ ਲੋਕਪਾਲ ਬਿੱਲ ’ਚ ਜੋ ਇਕ ਗੱਲ ਮਿਲਦੀ-ਜੁਲਦੀ ਹੈ ਉਹ ‘ਭ੍ਰਿਸ਼ਟਾਚਾਰ’ ਦੀ ਧਾਰਨਾ ’ਚ ਹੈ। ਦੋਨਾਂ ਬਿੱਲਾਂ ’ਚ ਭ੍ਰਿਸ਼ਟਾਚਾਰ ਸਿਰਫ਼ ਉਹੀ ਹੈ ਜਿਸ ਨੂੰ ਪੂੰਜੀਵਾਦੀ ਕਾਨੂੰਨ ਮੁਤਾਬਕ ਗੈਰ-ਕਾਨੂੰਨੀ ਐਲਾਨ ਦਿੱਤਾ ਗਿਆ ਹੋਵੇ। ਯਾਨੀ ਕਿ ਭਾਰਤੀ ਸੰਸਦ ਵਲੋਂ ‘ਭ੍ਰਿਸ਼ਟਾਚਾਰ ਰੋਕਥਾਮ ਬਿੱਲ’ ਦੇ ਤਹਿਤ ਕਾਨੂੰਨ ਬਣਾਕੇ ਜਿਸ ਵਰਤਾਅ ਨੂੰ ਭ੍ਰਿਸ਼ਟਾਚਾਰ ਦੇ ਦਾਇਰੇ ਅੰਦਰ ਲਿਆ ਕੇ ਸਜਾ ਯੋਗ ਬਣਾਇਆ ਗਿਆ ਹੈ। ਇਹਨਾਂ ਬਿੱਲਾਂ ਦਾ ਡਰਾਫਟ ਤਿਆਰ ਕਰਨ ਵਾਲੇ ਲੋਕਾਂ ਦੀਆਂ ਨਜ਼ਰਾਂ ’ਚ ਵੀ ਇਹੀ ਭ੍ਰਿਸ਼ਟਾਚਾਰ ਹੈ। ਸਾਫ਼-ਸਾਫ਼ ਇਹੀ ਉਹਨਾਂ ਦੀ ਸੀਮਾ ਹੈ। ਇਹ ਸਰਮਾਏਦਾਰ ਜਮਾਤ ਦੇ ਹੀ ਬੰਦੇ ਹਨ। ਇਸ ਲਈ ‘ਭ੍ਰਿਸ਼ਟਾਚਾਰ’ ਨੂੰ ਬੇਹੱਦ ਸੀਮਤ ਰੂਪ ’ਚ ਵੇਖ ਕੇ ਜਾਂ ਦੇਸ਼ ਦੇ ਉਸ ਨੂੰ ਹੱਲ ਕਰਨ ਦਾ ਕਾਨੂੰਨੀ ਤਰੀਕਾ ਬਣਾ ਕੇ ਇਸੇ ਅੰਦਰ ਹੱਲ ਲਭਦੇ ਹਨ। ਪਰ ਖੁਦ ਜਿਸ ਲੋਕਪਾਲ ਸੰਸਥਾ ਨੂੰ ਸਰਭ ਉੱਚ ਬਣਾਉਣ ਦੀ ਵਕਾਲਤ ਕੀਤੀ ਜਾ ਰਹੀ ਹੈ। ਉਹੀ ਸੰਸਥਾ ਭ੍ਰਿਸ਼ਟ ਹੋ ਜਾਵੇ ਤਾਂ ਫਿਰ ਕੀ ਰਾਹ ‘ਭ੍ਰਿਸ਼ਟਾਚਾਰ’ ਦੇ ਹੱਲ ਲਈ ਹੋਵੇਗਾ ਇਹ ਵੀ ਅਜੇ ਅਸਪਸ਼ਟ ਹੈ। ਇਕ ਸੀਮਾ ਇਹ ਵੀ ਬਣਦੀ ਹੈ ਕਿ ਸੰਸਦ ਪੂੰਜੀਪਤੀ ਵਰਗ ਦੇ ਹਿੱਤਾਂ ਮੁਤਾਬਕ ਨਵੇਂ ਕਾਨੂੰਨ ਘੜਦੀ ਰਹਿੰਦੀ ਹੈ। ਜਿਹਨਾਂ ਕਾਨੂੰਨਾ ਤਹਿਤ ਇਕ ਸਰਗਰਮੀ ਇਕ ਸਮੇਂ ‘ਭ੍ਰਿਸ਼ਟਾਚਾਰ’ ਦੇ ਦਾਇਰੇ ’ਚ ਆਵੇਗੀ, ਕਾਨੂੰਨ ਬਦਲ ਜਾਣ ਨਾਲ ਉਹੀ ਸਰਗਰਮੀ ਦੂਜੇ ਸਮੇਂ ਭ੍ਰਿਸ਼ਟਾਚਾਰ ਦੇ ਦਾਇਰੇ ਤੋਂ ਬਾਹਰ ਹੋ ਜਾਵੇਗੀ। ਇਸ ਸਬੰਧੀ ਵੀ ਇਹ ਬਿੱਲ ਅਸਪਸ਼ਟ ਹੈ। ਇਹ ਬਿੱਲ ਭ੍ਰਿਸ਼ਟਾਚਾਰ ਨੂੰ ਸਿਰਫ਼ ‘ਕਾਨੂੰਨੀ ਸਮੱਸਿਆ’ ਵਜੋਂ ਵੇਖਦਾ ਹੈ ਜਦ ਕਿ ਇਹ ਵਿਵਸਥਾ ਦੀ ਪੈਦਾ ਕੀਤੀ ਸਮਾਜਕ ਸਮੱਸਿਆ ਹੈ।

ਇਤਿਹਾਸਕ ਤੌਰ ’ਤੇ ਭ੍ਰਿਸ਼ਟਾਚਾਰ ਨਿੰਜੀ ਜਾਇਦਾਦ ਦੇ ਪੈਦਾ ਹੋਣ ਨਾਲ ਹੋਂਦ ’ਚ ਆਇਆ। ਜਨਤਕ/ਸਮੂਹਕ ਜਾਇਦਾਦ ਨੂੰ ਨਿੰਜੀ ਜਾਇਦਾਦ ਬਣਾਉਣ ਦੇ ਅਮਲ ਵਿੱਚ ਹੀ ਇਸ ’ਤੇ ਪਾਬੰਦੀ ਹੁੰਦੀ ਹੈ। ਮੌਜੂਦਾ ਪੂੰਜੀਵਾਦੀ ਪ੍ਰਬੰਦ ’ਚ ਇਹ ਅਮਲ ਵੱਖ-ਵੱਖ ਰੂਪਾਂ ’ਚ ਜਾਰੀ ਹੈ। ਤੇ ਵੱਖ-ਵੱਖ ਰੂਪਾਂ ’ਚ ਵਿਖਾਈ ਦਿੰਦਾ ਹੈ। ਪੈਦਾਵਾਰ ਦੇ ਖੇਤਰ ਉਦਯੋਗ ’ਚ ਇਹ ਮਜ਼ਦੂਰ ਵਰਗ ਵਲੋਂ ਪੈਦਾ ਕੀਤੇ ਵਾਧੂ ਮੁੱਲ ਨੂੰ ਪੂੰਜੀਪਤੀ ਜਮਾਤ ਹੜੱਪ ਕਰ ਲੈਣ ’ਚ ਵਿਖਾਈ ਦਿੰਦਾ ਹੈ। ਕਾਨੂੰਨੀ ਤੇ ਗੈਰ-ਕਾਨੂੰਨੀ ਦੋਹਾਂ ਹੀ ਰੂਪਾਂ ’ਚ ਇਹ ਅਮਲ ਵਿਖਾਈ ਦਿੰਦਾ ਹੈ। ਮੱਧ ਭਾਰਤ ’ਚ ਆਦੀਵਾਸੀਆਂ ਨੂੰ ਉਹਨਾਂ ਦੇ ਰਵਾਇਤੀ ਇਲਾਕਿਆਂ ਤੋਂ ਉਜਾੜਕੇ ਇੱਥੋਂ ਦੇ ਕੁਦਰਤੀ ਸਾਧਨਾ ਦੀ ਲੁੱਟ ਨੂੰ ਦੇਸੀ ਵਿਦੇਸ਼ੀ ਪੂੰਜੀਪਤੀਆਂ ਦੇ ਹਵਾਲੇ ਕਰਨਾ ਭਾਵੇ ਹੀ ਇਹ ਕਾਨੂੰਨੀ ਤਰੀਕੇ ਨਾਲ ਕਿਉਂ ਨਾ ਹੋਵੇ। ਇਹਨਾਂ ਅਖੌਤੀ ‘ਸਭਿਅਕ ਸਮਾਜ’ ‘ਸਿਵਲ ਸੁਸਾਇਟੀ’ ਦੇ ਲੋਕਾਂ ਲਈ ਭ੍ਰਿਸ਼ਟਾਚਾਰ ਨਾ ਹੋਵੇ ਪਰ ਇਹ ਹੈ ਤਾਂ ਭ੍ਰਿਸ਼ਟਾਚਾਰ ਹੀ। ਕਾਨੂੰਨੀ ਬਣਾ ਕੇ ਖਾਣ ਵਾਲੀਆਂ ਵਸਤੂਆਂ ਦੀ ਸਟੇਬਾਜੀ ਤੇ ਜਮ੍ਹਾਖੋਰੀ ਨੂੰ ਜਾਇਜ਼ ਠਹਿਰਾਕੇ ਸਟੀਰਿਓ ਤੇ ਜਮ੍ਹਾਖੋਰਾਂ ਦੀ ਮਹਿੰਗਾਈ ਵਧਾ ਕੇ ਭਾਰਤੀ ਲੋਕਾਂ ਦੀ ਮੇਹਨਤ ਦੀ ਗਾੜ੍ਹੀ ਕਮਾਈ ਇਹਨਾਂ ਦੀਆਂ ਤਜੋਰੀਆਂ ’ਚ ਭਰਨ ਦਾ ਮੌਕਾ ਦੇਣਾ ਵੀ ਭ੍ਰਿਸ਼ਟਾਚਾਰ ਹੈ। ਸਾਡੇ ਦੇਸ਼ ’ਚ ਜਦ ਹਾਕਮ ਜਮਾਤ ਵਲੋਂ ਸ਼ਹਿ ਦੇਣ ਵਾਲੀਆਂ ਨੀਤੀਆਂ ਦਾ ਬੋਲਬਾਲਾ ਸੀ, ਉਦੋਂ ਦੇ ਕਾਨੂੰਨ ਤੇ ਨੀਤੀਆਂ ਅਨੁਸਾਰ ਅੱਜ ਨਿੰਜੀਕਰਨ-ਉਦਾਰੀਕਰਨ-ਵਿਸ਼ਵੀਕਰਨ ਦੀਆਂ ਨੀਤੀਆਂ ’ਤੇ ਉਹਨਾਂ ਦੇ

ਅਨਕੂਲ ਬਣਾਏ ਕਾਨੂੰਨਾਂ ਦੇ ਤਹਿਤ ਜੋ ਕੁਝ ਹੋ ਰਿਹਾ ਹੈ, ਉਸੇ ਨੂੰ ਭ੍ਰਿਸ਼ਟਾਚਾਰ ਕਿਹਾ ਜਾਂਦਾ ਹੈ। ਨੀਤੀਆਂ ਤੇ ਕਾਨੂੰਨ ਬਦਲਣ ਦੇ ਨਾਲ ਚਲਦੇ ਸਮੇਂ ਦਾ ਭ੍ਰਿਸ਼ਟਾਚਾਰ ਤਸੱਕਰੀ ਜਮ੍ਹਾਖੋਰੀ ਕਾਨੂੰਨ ਦਾ ਜਾਮਾ ਪਹਿਨ ਕੇ ਜਾਇਜ ਹੋ ਗਈ ਹੈ। ਭਾਰਤ ਸਰਕਾਰ ਦੀ ਇਹੀ ਸੋਚ ਸਿਵੱਸ ਬੈਕਾਂ 'ਚ ਜਮ੍ਹਾ ਕਾਲੇ ਧਨ ਬਾਰੇ 'ਚ ਵੀ ਹੈ ਕਿ ਇਹ ਇਕ ਅਜੇਹਾ ਧਨ ਹੈ ਜਿਸ 'ਤੇ ਸਰਕਾਰ ਨੂੰ ਟੈਕਸ ਨਹੀਂ ਦਿੱਤਾ ਗਿਆ ਹੈ। ਜੇ ਉਸ ਧਨ 'ਤੇ ਟੈਕਸ ਅਦਾ ਕਰ ਦਿੱਤਾ ਜਾਵੇ ਤਾਂ ਇਹ 'ਕਾਲਾ ਧਨ' 'ਸਫੈਦ ਧਨ' ਹੋ ਜਾਵੇਗਾ।

ਭ੍ਰਿਸ਼ਟਾਚਾਰ ਖਿਲਾਫ਼ ਸਾਰਥਕ ਲੋਕ ਸੰਘਰਸ਼ ਲਈ ਪਹਿਲੀ ਜ਼ਰੂਰੀ ਸ਼ਰਤ ਇਹ ਹੈ ਕਿ ਇਸ ਸ਼ਬਦ ਦੇ ਛੁਪੇ ਹੋਏ ਅਰਥਾਂ ਤੇ ਹੱਦਾਂ ਨੂੰ ਉਜਾਗਰ ਕਰੋ। ਇਸ ਨੂੰ ਸਰਕਾਰੀ ਤੇ ਕਾਨੂੰਨੀ ਸ਼ਬਦ ਜਾਲ ਤੋਂ ਮੁਕਤ ਕਰੋ। ਇਸ ਦਾ ਅਰਥ ਇਹ ਵੀ ਹੈ ਕਿ ਉਹ ਸਪਸ਼ਟ ਤੌਰ 'ਤੇ ਪੂੰਜੀਵਾਦ ਸੰਵਿਧਾਨ ਰਾਹੀ ਪੇਸ਼ ਧਰਾਵਾਂ ਤੋਂ ਆਪਣੇ ਆਪ ਨੂੰ ਆਜ਼ਾਦ ਕਰੇ। ਭ੍ਰਿਸ਼ਟਾਚਾਰ ਉਸ ਸਮਾਜ 'ਚ ਲਾਜ਼ਮੀ ਹੋਵੇਗਾ ਜਿਸ ਦਾ ਆਦਰਸ਼ ਹੈ ਕਿ ਕਿਸੇ ਵੀ ਤਰ੍ਹਾਂ ਅਮੀਰ ਬਣੋ। ਪੂੰਜੀਵਾਦੀ ਹੋਣਾ ਹੀ ਜਿਸ ਸਮਾਜ ਦਾ ਆਦਰਸ਼ ਹੋਵੇ ਉਥੇ ਹਰ ਉਸ ਅੜਿਕੇ ਨੂੰ ਤੋੜਿਆ ਜਾਵੇਗਾ ਜੋ ਉਸ ਦੇ ਰਸਤੇ 'ਚ ਆ ਕੇ ਖੜ੍ਹਿਆ ਹੈ ਇਹ ਬੇਸ਼ੱਕ ਉਸ ਦਾ ਆਪਣਾ ਕਾਨੂੰਨ ਜਾਂ ਸੰਵਿਧਾਨ ਹੀ ਕਿਉਂ ਨਾ ਹੋਵੇ।

# ਨਵ-ਉਦਾਰਵਾਦੀ ਦੌਰ 'ਚ ਵਧਦੀ ਖੁਸ਼ਹਾਲੀ 'ਤੇ ਵਧਦਾ ਭ੍ਰਿਸ਼ਟਾਚਾਰ

ਅਮਰੀਕੀ ਸੰਸਥਾ ਜੀ. ਐਫ. ਆਈ. (ਗਲੋਬਲ ਫਾਇਨਾਸ਼ੀਅਲ ਇੰਟਰਸਿਟੀ) ਇਸ ਸਾਲ ਦੇ ਅੰਤ ਤਕ ਇਹ ਰੀਪੋਟ ਜਾਰੀ ਕਰਨ ਵਾਲੀ ਹੈ। ਜਿਸ ਵਿੱਚ ਸੰਨ 1984 ਤੋਂ ਲੈ ਕੇ 2008 ਵਿਚਕਾਰ ਭਾਰਤ ਤੋਂ ਗੈਰ ਕਾਨੂੰਨੀ ਢੰਗ ਨਾਲ ਬਾਹਰ ਲੈ ਜਾਏ ਗਏ ਪੈਸੇ ਦਾ ਮੁਲਅੰਕਣ ਕੀਤਾ ਗਿਆ ਹੈ। ਇਹ ਅੰਦਾਜਾ ਕਿਸ ਆਧਾਰ 'ਤੇ ਅਤੇ ਕਿਸ ਤਰੀਕੇ ਨਾਲ ਕੀਤਾ ਗਿਆ ਹੈ ਅਤੇ ਕਿੰਨਾ ਵਿਗਿਆਨਕ ਹੈ ਇਹ ਤਾਂ ਰਿਪੋਟ ਸਾਹਮਣੇ ਆਉਣ ਪਿਛੋਂ ਹੀ ਪਤਾ ਲੱਗੇਗਾ ਪਰ ਇਸ ਸੰਸਥਾ 'ਚ ਕੰਮ ਕਰ ਰਹੀ ਅਰਥ-ਸਾਸ਼ਤਰੀ ਕਾਰਲੀ ਕਰਸਿਓ ਨੇ ਪਿਛੇ ਜਿਹੇ ਹੀ ਲਿਖਿਆ ਹੈ ਕਿ ਸਿਰਫ਼ 2000 ਤੋਂ 2008 ਵਿਚਕਾਰ ਭਾਰਤ 'ਚੋਂ 125 ਅਰਬ ਡਾਲਰ ਤੋਂ ਵੱਧ ਧਨ ਰਾਸ਼ੀ ਗੈਰ ਕਾਨੂੰਨੀ ਤਰੀਕੇ ਨਾਲ ਦੇਸ਼ ਤੋਂ ਬਾਹਰ ਲੈ ਜਾਈ ਗਈ ਹੈ। ਯਾਨੀ ਹਰ ਸਾਲ ਕਰੀਬ 15 ਅਰਬ ਡਾਲਰ। ਕਾਰਲੀ ਨੇ ਲਿਖਿਆ ਹੈ ਕਿ ਭਾਰਤ ਤੋਂ ਬਾਹਰ ਗਏ ਇਸ ਪੈਸੇ ਵਿੱਚੋਂ 'ਜ਼ਿਆਦਾਤਰ ਦੇਸ਼ ਦੇ ਅੰਦਰ ਹੀ ਪੈਦਾ ਹੋਇਆ ਧਨ ਸੀ। ਜਿਸ ਨੂੰ ਨਜਾਇਜ ਤਰੀਕੇ ਨਾਲ ਦੇਸ਼ ਤੋਂ ਬਾਹਰ ਲਿਜਾਇਆ ਗਿਆ।'

ਵੱਧ ਮਾਅਰਕੇ ਦੀ ਗੱਲ ਇਹ ਹੈ ਕਿ ਜੀ. ਐਫ. ਆਈ ਦਾ ਕਹਿਣਾ ਹੈ ਕਿ ਜਿਵੇਂ-ਜਿਵੇਂ ਭਾਰਤ ਦੇ ਧਨ ਦੀ ਨਜਾਇਜ ਸਪਲਾਈ ਵੀ ਵਧ ਰਹੀ ਹੈ। ਇਸ ਅਮਰੀਕੀ ਸੰਸਥਾ ਦਾ ਕਹਿਣਾ ਹੈ ਕਿ ਭਾਰਤ ਦੀ ਆਰਥਕ ਤੇਜੀ ਦਾ ਦੌਰ ਜਾਰੀ ਹੈ। ਸਾਲ 2004 ਤੋਂ 2009 ਵਿਚਕਾਰ ਔਸਤ ਸਲਾਨਾ ਖੁਸ਼ਹਾਲੀ ਦੀ ਦਰ 8 ਫੀਸਦੀ ਤੋਂ ਵੱਧ ਰਹੀ ਹੈ। "ਪੈਸੇ ਚਲ ਰਹੇ ਹਨ, ਪਰ ਜੋ ਗਰੀਬ ਸਨ ਉਹ ਗਰੀਬ ਹੀ ਰਹਿ ਰਹੇ ਹਨ। ਭਾਰਤ 'ਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ।" ਲੋਕਾਂ ਦੀ ਬੇਹਤਰੀ ਲਈ ਅਲਾਟ ਕੀਤੇ ਪੈਸੇ ਦੀ ਲੁੱਟ ਹੋ ਰਹੀ ਹੈ। ਇਹ ਰਾਜਸੀ ਤੇ ਨਿੱਜੀ ਖੇਤਰ ਦੀ ਕੁਲੀਨਾ ਦੀ ਤਜੋਰੀਆਂ 'ਚ ਪਹੁੰਚ ਰਹੀ ਹੈ। ਉਥੋਂ ਇਹ ਦੇਸ਼ ਤੋਂ ਬਾਹਰ ਲੈ ਜਾਈ ਜਾ ਰਹੀ ਹੈ। ਇਸ ਲਈ ਸੰਸਥਾ ਦੀ ਦੋ ਟੁੱਕ ਰਾਇ ਇਹ ਹੈ ਕਿ "ਭਾਰਤ ਦੀ ਆਰਥਕ ਖੁਸ਼ਹਾਲੀ ਦਾ ਵੱਡਾ ਹਿੱਸਾ ਕਦੀ ਵੀ ਦੇਸ਼ ਦੇ ਆਮ ਲੋਕਾਂ ਤੱਕ ਨਹੀਂ ਪਹੁੰਚੇਗਾ, ਜਿਹਨਾਂ ਨੂੰ ਇਸ ਦੀ ਸਭ ਤੋਂ ਸਖ਼ਤ ਲੋੜ ਹੈ। ਇਸ ਅਧਿਐਨ 'ਚ ਕਈ ਗੱਲਾਂ ਓਪਰੀਆਂ ਨਹੀਂ ਹਨ। ਇਹ ਸਭ ਅਸੀਂ ਆਪਣੇ ਅਨੁਭਵ ਰਾਹੀਂ ਜਾਣਦੇ, ਸਮਝਦੇ ਹਾਂ। ਪਰ ਇਹ ਗੱਲਾਂ ਜਦ ਲੋਕ ਸੰਘਰਸ਼ਾਂ ਵੱਲੋਂ ਅਤੇ ਜਨਤਾ ਦੀ ਤਰਫਦਾਰੀ ਕਰਨ ਵਾਲੇ ਅਰਥ ਸਾਸ਼ਤਰੀਆਂ ਵਲੋਂ ਕਹੀਆਂ ਜਾਂਦੀਆਂ ਹਨ ਤਾਂ ਹਾਕਮ ਜਮਾਤਾਂ ਤੇ ਚਮਕਦਾਰ ਮੰਡੀਆਂ ਰਾਹੀਂ ਇਸ ਨੂੰ ਖੱਬੇ ਪੱਖੀ ਵਹਾਅ ਕਹਿ ਦਿੱਤਾ ਜਾਂਦਾ ਹੈ, ਪਰ ਹੁਣ ਤਾਂ ਇਕ ਅਮਰੀਕੀ ਸੰਸਥਾ ਹੀ ਇਹ ਸਭ ਕਹਿ ਰਹੀ ਹੈ ਤਾ ਉਸਦੀ ਅਹਿਮੀਅਤ ਵਧ ਜਾਂਦੀ ਹੈ। ਜੀ. ਐਫ. ਆਈ. ਦੀ ਪੂਰੀ ਰੀਪੋਟ ਦੀ ਉਡੀਕ ਕਰੋ। ਉਸ 'ਚ ਇਹ ਗੱਲ ਜਗ ਜਾਹਰ ਹੋਣ ਵਾਲੀ ਹੈ ਕਿ ਕਿਵੇਂ ਇਹ ਸਿਲਸਿਲਾ ਸੱਤਾ ਤਬਦੀਲੀ ਵੇਲੇ ਤੋਂ (1947 ਤੋਂ) ਹੀ ਚੱਲਦਾ ਹੈ। ਅਰਥ ਸਾਸ਼ਤਰੀਆਂ ਮੁਤਾਬਕ ਭ੍ਰਿਸ਼ਟਾਚਾਰੀਆਂ ਦੀ ਕਾਲੀ ਕਮਾਈ ਮੋਟੇ ਤੌਰ 'ਤੇ ਹੁਣ 30000 ਕਰੋੜ ਰੁਪਏ ਹੋ ਚੁੱਕੀ ਹੈ ਯਾਨੀ ਕਿ ਕੁੱਲ ਘਰੇਲੂ ਪੈਦਾਵਾਰ (GDP) ਦਾ ਤਕਰੀਬਨ 50 ਫੀਸਦੀ ਇਹ ਕੁਲ ਮਿਲਾ ਕੇ ਭਾਰਤ

ਦੇ 3 ਫੀਸਦੀ ਲੋਕਾਂ ਪਾਸ ਜਾਂਦੀ ਹੈ। ਜੇ ਭ੍ਰਿਸ਼ਟਾਚਾਰ ਏਨੇ ਭਾਰੀ ਪੈਮਾਨੇ ਤਾਂ ਨਾ ਹੋ ਰਿਹਾ ਹੁੰਦਾ ਤਾਂ ਭਾਰਤ ਦੀ ਆਮਦਨ ਮੌਜੂਦਾ 1000 ਡਾਲਰ ਦੀ ਬਜਾਏ 600 ਡਾਲਰ ਹੁੰਦੀ।

ਇਹ ਇਕ ਅਨੁਮਾਨ ਹੈ ਕਿ ਜੇ ਏਨੇ ਭਾਰੀ ਪੈਮਾਨੇ 'ਤੇ ਭ੍ਰਿਸ਼ਟਾਚਾਰ ਨਾ ਚਲ ਰਿਹਾ ਹੁੰਦਾ ਤਾਂ ਭਾਰਤ ਨੇ 1970 ਦੇ ਦਹਾਕੇ 'ਚ 8 ਫੀਸਦੀ 1980 ਦੇ ਦਹਾਕੇ 'ਚ 13 ਫੀਸਦੀ ਦੀ ਦਰ ਨਾਲ ਆਰਥਿਕ ਖੁਸ਼ਹਾਲੀ ਦਰਜ ਹੁੰਦੀ। ਇਸ ਭ੍ਰਿਸ਼ਟਾਚਾਰ ਦੀ ਵਜਾਹ ਕਾਰਨ ਸੱਤਰ ਦੇ ਦਹਾਕੇ ਤੋਂ ਹੀ ਹਰ ਸਾਲ 5 ਫੀਸਦੀ ਦੀ ਦਰ ਨਾਲ ਆਰਥਿਕ ਖੁਸ਼ਹਾਲੀ ਦਾ ਨੁਕਸਾਨ ਹੋ ਰਿਹਾ ਹੈ। ਭ੍ਰਿਸ਼ਟਾਚਾਰ ਤੇ ਭ੍ਰਿਸ਼ਟਾਚਾਰੀ ਹੀ ਸਾਡੇ ਰਾਜਸੀ ਪ੍ਰਬੰਦ ਨੂੰ ਚਲਾ ਰਹੇ ਹਨ। ਇਸ ਦਾ ਇੱਕ ਸਿੱਟਾ ਹੈ ਜਰਮਨੀ ਦੇ ਲਿਏਰਟੇਸਟਾਈਨ ਬੈਂਕ ਖਾਤਿਆਂ ਦਾ ਮਾਮਲਾ। ਇਸ ਬੈਂਕ ਦੇ ਵਿਦੇਸ਼ੀਆਂ ਖਾਤਿਆਂ ਬਾਰੇ ਜਰਮਨ ਸਰਕਾਰ ਨੇ 2007 'ਚ ਇੱਕ ਸੀਡੀ ਤਿਆਰ ਕੀਤੀ ਸੀ। ਉਸ ਨੇ ਇਸ ਨੂੰ ਕਿਸੇ ਵੀ ਦੇਸ਼ ਦੀ ਸਰਕਾਰ ਨੂੰ ਮੁਫ਼ਤ ਦੇਣ ਦੀ ਪੇਸ਼ਕਸ਼ ਕੀਤੀ ਸੀ ਜਿਨ੍ਹਾਂ ਦੇ ਨਾਗਰਿਕਾਂ ਦੇ ਨਾਂ ਇਸ 'ਚ ਸ਼ਾਮਲ ਹਨ। ਅਮਰੀਕਾ, ਬ੍ਰਿਟੇਨ ਤੇ ਫਰਾਂਸ ਦੀ ਸਰਕਾਰ ਨੇ ਤੁਰੰਤ ਇਹ ਸੀਡੀ ਹਾਸਲ ਕੀਤੀ ਅਤੇ ਸਬੰਧਤ ਲੋਕਾਂ ਖਿਲਾਫ਼ ਕਾਰਵਾਈ ਸ਼ੁਰੂ ਕੀਤੀ। ਪਰ ਭਾਰਤ ਸਰਕਾਰ ਦੋ ਸਾਲ ਤੱਕ ਇਸ ਨੂੰ ਲੈਣ ਤੋਂ ਇਨਕਾਰ ਕਰਦੀ ਰਹੀ ਤਾਂ ਕਿ ਭ੍ਰਿਸ਼ਟ ਲੋਕਾਂ ਨੂੰ ਆਪਣੇ ਬਚਾਅ ਲਈ ਕਦਮ ਚੁਕਣ ਦਾ ਮੌਕਾ ਮਿਲ ਸਕੇ ਤੇ ਹੁਣ ਸੀਡੀ ਹਾਸਲ ਕਰਨ ਪਿੱਛੋਂ ਵੀ ਇਹ ਇਸ ਦੀ ਜਾਣਕਾਰੀ ਜਨਤਕ ਕਰਨ ਤੋਂ ਨਾਂਹ ਕਰ ਰਹੀ ਹੈ। ਨਵ-ਉਦਾਰਵਾਦੀ ਦੀ ਅਜਿਹੀ ਵਿਵਸਥਾ 'ਚ ਅਮੀਰ ਅਤੇ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਨਹੀਂ ਹੋਣਗੇ ਤਾਂ ਹੋਰ ਕੀ ਹੋਵੇਗਾ?

# ਅਸਲੀਅਤ 'ਚ ਕੀ ਹੈ ਅੰਨਾ ਹਜ਼ਾਰੇ ਦੀ ਮੁਹਿੰਮ?

ਬਹਿਸ ਗਰਮ ਹੈ ਕਿ ਅੰਨਾ ਹਜ਼ਾਰੇ ਦੀ ਮੁਹਿੰਮ ਦੀ ਨਾਟਕੀ ਸਫਲਤਾ ਦਾ ਰਾਜ ਕਿਸ ਹੱਦ ਤੱਕ ਦੇਸ਼ ਦੀ ਨੌਜਵਾਨ ਪੀੜ੍ਹੀ ਦੇ ਉਭਾਰ ਨਾਲ ਜੁੜਿਆ ਹੈ। 1973 ਤੋਂ 1977 ਤਕ ਜਿਸ ਤਰ੍ਹਾਂ ਜੈ ਪ੍ਰਕਾਸ਼ ਨਰਾਇਣ ਨੇ ਭਟਕੇ ਹੋਏ ਨੌਜਵਾਨਾਂ ਨੂੰ ਬਦਲਾਅ ਦੀ ਹਨੇਰੀ ਦਾ ਰੂਪ ਧਾਰਨ ਕਰ ਲੈਣ ਦੀ ਪ੍ਰੇਰਣਾ ਦਿੱਤੀ ਸੀ ਤੇ ਐਮਰਜੀਸੀ ਦੀ ਤਾਨਾਸ਼ਾਹੀ ਦੇ, ਭਾਈ, ਭਤੀਜਾ ਵਾਦ ਭ੍ਰਿਸ਼ਟਾਚਾਰ ਨਾਲ ਟਕਰਾਉਣ ਦੀ ਹਿੰਮਤ ਕਰਨ ਵਾਲੀ ਹੱਲਾਸ਼ੇਰੀ ਦਿੱਤੀ ਗਈ ਸੀ। ਵੈਸਾ ਹੀ ਹੁਣ ਅੰਨਾ ਹਜ਼ਾਰੇ ਨੇ ਨਾਟਕ ਕਰ ਵਿਖਾਇਆ ਹੈ। ਦੂਜੇ ਪਾਸੇ ਮੌਜੂਦਾ ਸਰਕਾਰ ਨਾਲ ਜੁੜੇ ਤੇ ਹਾਕਮ ਧਿਰ ਦੀ ਬੇਮੇਲ ਖਿਚੜੀ 'ਚ ਸ਼ਾਮਲ ਰਾਜਸੀ ਪਾਰਟੀਆਂ ਤੇ ਉਹਨਾਂ ਦੀ ਹਾਈ ਕਮਾਨ ਦੇ ਦਰਬਾਰੀਆਂ ਤੇ ਚਾਪਲੂਸ ਨੁਮਾਇੰਦਿਆਂ ਦਾ ਮੰਨਣਾ ਹੈ ਕਿ ਅਜੇਹਾ ਕੁਝ ਵੀ ਨਹੀਂ ਹੈ। ਜੋ ਵਾਪਰਿਆ ਹੈ ਤੇ ਜੋ ਵਾਪਰਨ ਜਾ ਰਿਹਾ ਹੈ ਉਹ ਭਾਰਤੀ ਲੋਕਰਾਜ ਤੇ ਸਮਾਜ ਲਈ ਖ਼ਤਰਨਾਕ ਵੀ ਹੋ ਸਕਦਾ ਹੈ। ਸਿਵਲ ਸੁਸਾਇਟੀ ਦੇ ਇਹ ਨੁਮਾਇੰਦੇ ਅਸਲ ਵਿੱਚ ਵਾਂਝਿਆ, ਊਣਿਆ ਜਾਂ ਦੱਬੇ ਕੁਚਲਿਆਂ ਦੀ ਨੁਮਾਇੰਦਗੀ ਨਹੀਂ ਕਰਦੇ ਅਤੇ ਉਹਨਾਂ ਦੀ ਆਸਥਾ ਸੰਵਿਧਾਨ ਜਾਂ ਲੋਕਰਾਜ ਵਿਵਸਥਾ ਜਾਂ ਸੰਸਦੀ ਰਵਾਇਤਾਂ 'ਚ ਨਹੀਂ ਹੈ। ਜਿਸ ਤਰ੍ਹਾਂ ਗੈਰ ਜ਼ਿੰਮੇਵਾਰ ਆਚਰਨ ਕਰਕੇ ਉਹ ਲਾਲਸਾਵਾਂ ਦੇ ਹੜ ਨੂੰ ਸੱਦਾ ਦੇ ਰਹੇ ਹਨ। ਉਹ ਸ਼ਰਮਨਾਕ ਅਰਾਜਕਤਾ ਤਕ ਵੀ ਪਹੁੰਚ ਸਕਦਾ ਹੈ। ਇਸ ਤੋਂ ਇਲਾਵਾ ਇਹ ਗੱਲ ਵਾਰ-ਵਾਰ ਦੁਹਰਾਈ ਜਾ ਰਹੀ ਹੈ ਕਿ ਜਿਸ ਨੌਜਵਾਨ ਪੀੜ੍ਹੀ ਦੀ ਜੋਰ ਦੇ ਕੇ ਵਿਆਖਿਆ ਕੀਤੀ ਜਾ ਰਹੀ ਹੈ ਉਹ ਅਸਲ 'ਚ ਸ਼ਹਿਰੀ, ਉਹ ਮੱਧ-ਵਰਗ, ਕੁਲ ਮਿਲਾਕੇ ਖਪਤਕਾਰੀ ਅਪਸੰਸਕ੍ਰਿਤੀ 'ਚ ਵਧੀ-ਫੁੱਲੀ ਤਮਾਸਬੀਨਾ ਦੀ ਭੀੜ ਹੀ ਹੈ। ਜੋ ਹਰ ਥਾਂ ਮਸ਼ਹੂਰ ਹਸਤੀਆਂ ਦੇ ਚਰਚਿਤ ਚਿਹਰਿਆਂ ਦੇ ਨਾਲ ਦੇਖੇ ਜਾਣ ਲਈ ਵਿਆਕੁਲ ਰਹਿੰਦੀ ਹੈ। ਹਜ਼ਾਰੇ ਤੇ ਉਹਨਾਂ ਦੇ ਸਾਥੀ ਮੀਡੀਆ ਦੇ ਸ਼ੇਰ ਜ਼ਰੂਰ ਹਨ ਅਤੇ ਮੌਕਾ ਪ੍ਰਸਤ ਖੁਦਗਰਜਾਂ ਦਾ ਇਹ ਇੱਜੜ ਆਪਣੇ ਪੈਰ ਆਪਣੀ ਚਾਦਰ ਤੋਂ ਬਾਹਰ ਪਸਾਰ ਚੁਕਿਆ ਹੈ। ਅੰਗ੍ਰੇਜ਼ੀ 'ਚ ਇਸ ਨੂੰ ਓਵਰ ਰੀਚ ਕਿਹਾ ਜਾਂਦਾ ਹੈ।

ਇਸ ਦੇ ਦੋਸ਼ੀ ਅੰਨਾ ਵੀ ਹਨ ਤੇ ਸ਼ਾਇਦ ਸੁਪਰੀਮ ਕੋਰਟ ਵੀ। ਪਹਿਲਾਂ ਇਹ ਗੱਲ ਸਮਝ ਲੈਣੀ ਜ਼ਰੂਰੀ ਹੈ ਕਿ ਜਦ ਅਸੀਂ ਦੇਸ਼ ਦੇ ਨੌਜਵਾਨਾਂ ਦੀ ਗੱਲ ਕਰਦੇ ਹਾਂ ਤਾਂ ਇਹ ਇਕ ਅਜੇਹਾ ਵਰਗ ਨਹੀਂ ਜਿਸ ਨੂੰ ਸਮਾਨ ਹਿੱਤਾਂ ਤੋਂ ਪ੍ਰੇਰਿਤ ਸਮਝਿਆ ਜਾ ਸਕੇ। ਪਤਾ ਨਹੀਂ ਕਿੰਨੇ ਸਾਲਾਂ ਤੋਂ ਖੁਦ ਨੂੰ ਅਕਲ ਮੰਦ ਸਮਝਣ ਵਾਲੇ ਵਿਸਲੇਸ਼ਕ ਹਿੰਦੁਸਤਾਨ ਨੂੰ ਭਾਰਤ ਬਨਾਮ ਇੰਡੀਆ 'ਚ ਵੰਡਦੇ ਹਨ। ਦੇਸ਼ ਦੀ ਅਬਾਦੀ ਦਾ 70 ਫੀਸਦੀ ਹਿੱਸਾ 28-21 ਸਾਲ ਤੋਂ ਘੱਟ ਉਮਰ ਦਾ ਹੈ। ਭਾਰਤ ਦੀ ਵੰਡ ਅੱਜ ਸ਼ਹਿਰਾਂ ਤੇ ਪਿੰਡਾਂ 'ਚ ਕਰਨੀ ਬੇਇਮਾਨੀ ਹੋ ਚੁੱਕੀ ਹੈ। ਜਨਗਣਨਾ ਉਕਤ ਗੱਲਾਂ ਨੂੰ ਸਾਬਤ ਕਰਦੀ ਹੈ ਬਹੁਤ ਵੱਡੀ ਤੈਦਾਦ 'ਚ ਨੌਜਵਾਨ ਪਿੰਡਾਂ ਤੇ ਕਸਬਿਆਂ ਤੋਂ ਨੌਜਵਾਨ ਰੋਟੀ ਰੋਜੀ ਤੇ ਬੇਹਤਰ ਭਵਿੱਖ ਦੀ ਭਾਲ 'ਚ ਵੱਡੇ ਸ਼ਹਿਰਾਂ 'ਚ ਪਹੁੰਚ ਰਹੇ ਹਨ ਤੇ ਉਥੇ ਹੀ ਰਹਿਣ ਲੱਗੇ ਹਨ। ਇਹਨਾਂ 'ਚੋਂ ਬਹੁਤ ਅੱਜ ਭਾਵੇਂ ਹੀ ਮਲੀਨ ਬਸਤੀਆਂ 'ਚ ਰਹਿ ਰਹੇ ਹੋਣ, ਸੁਪਨੇ ਸਭ ਦੇ ਸਭ ਬੰਗਲੌਰ ਜਾਂ ਹੈਦਰਾਬਾਦ, ਤੇ

ਗੁੜਗਾਵਾਂ ਤੇ ਪੁਣੇ ਦੇ ਬਸ਼ਿੰਦੇ ਬਣਨ ਦੇ ਰੱਖਦੇ ਹਨ। ਕਦੀ ਵਿਦੇਸ਼ ਯਾਤਰਾ ਸਿਰਫ਼ ਖੁਸ਼ਹਾਲ ਵਰਗ ਦੇ ਮੈਂਬਰਾਂ ਲਈ ਹੀ ਸੰਭਵ ਸੀ। ਅੱਜ ਆਈ ਟੀ ਉਦਯੋਗ ਨਾਲ ਜੁੜੇ ਬਹੁਤ ਸਾਰੇ ਸੂਚਨਾ ਕਾਰੀਗਰ ਦੂਰ ਦੇਸ਼ ਦੀ ਯਾਤਰਾ ਕਰ ਚੁੱਕੇ ਹਨ। ਜ਼ਾਹਿਰ ਹੈ ਕਿ ਇਹਨਾਂ ਸਾਰਿਆਂ ਦਾ ਨਜ਼ਰੀਆਂ ਤੰਗਨਜ਼ਰ, ਪੇਂਡੂ, ਜਾਤੀਵਾਦੀ ਜਾਂ ਰਵਾਇਤ ਦੇ ਬੋਝ ਕਰਕੇ ਪੰਗੂ ਨਹੀਂ ਸਮਝਿਆ ਜਾ ਸਕਦਾ। ਇਸ ਤੋਂ ਇਲਾਵਾ ਜੋ ਲੋਕ ਘਰੇਲੂ ਨੌਕਰੀਆਂ ਤੋਂ ਜਾਂ ਅਣਪੜ੍ਹ ਰਾਜ ਮਿਸਤਰੀ, ਪਲੰਬਰ, ਆਦਿ ਵਜੋਂ ਦਿਹਾੜੀ ਕਮਾ ਕੇ ਆਪਣਾ ਪੇਟ ਪਾਲਦੇ ਹਨ। ਉਹ ਵੀ ਖਾੜੀ ਦੇਸ਼ਾਂ 'ਚ, ਦੱਖਣੀ ਪੂਰਬੀ ਏਸ਼ੀਆ 'ਚ ਜਾ ਕੇ ਪ੍ਰਵਾਸੀ ਵਜੋਂ ਆਪਣੀ ਤੇ ਪ੍ਰੀਵਾਰ ਦੀ ਕਾਇਆ ਕਲਪ ਕਰਦੇ ਹਨ।

ਇਹ ਅਮਲ ਸਿਰਫ਼ ਭਾਰਤ ਤਕ ਹੀ ਸੀਮਤ ਨਹੀਂ। ਨੇਪਾਲ ਤੇ ਬੰਗਲਾ ਦੇਸ਼ ਵੀ ਇਸ ਤੋਂ ਪ੍ਰਭਾਵਿਤ ਹੋਏ ਹਨ। ਇਸਦਾ ਸਭ ਤੋਂ ਵੱਡਾ ਅਸਰ ਇਹ ਹੋਇਆ ਹੈ ਕਿ ਨੌਜਵਾਨ ਪੀੜ੍ਹੀ ਦੀ ਸੋਚ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਵਿਅਕਤੀਵਾਦੀ ਤੇ ਆਤਮ ਕੇਂਦਰਿਤ ਹੋਈ ਹੈ। ਸਾਂਝੇ ਪਰਿਵਾਰ ਟੁਟ ਭੱਜ ਗਏ ਹਨ ਤੇ ਵਿਸ਼ਵੀਕਰਨ ਦੇ ਦੌਰ ਵਿੱਚ ਖਪਤਕਾਰੀ ਸਭਿਆਚਾਰ ਦੇ ਪ੍ਰਸਾਰ ਨਾਲ ਤਿਆਗੀ-ਬਲੀਦਾਨੀ ਆਦਰਵਾਦ ਦਾ ਪਤਨ ਹੋਇਆ ਹੈ। ਭ੍ਰਿਸ਼ਟਾਚਾਰ ਦੇ ਹੱਲ ਲਈ ਅੱਜ ਦੀ ਨੌਜਵਾਨ ਪੀੜ੍ਹੀ ਇਕਮੁੱਠ ਹੋ ਕੇ ਇਕਬਾਲ ਲਿਆ ਸਕਦੀ ਹੈ। ਜੇ ਹਿੰਦੁਸਤਾਨ ਦੇ ਨੌਜਵਾਨ ਇਕ ਹੀ ਤਰ੍ਹਾਂ ਸੱਚੇ ਰਹੇ ਹੁੰਦੇ ਤੇ ਉਨ੍ਹਾਂ ਸਾਰਿਆਂ ਦਾ ਸਰੋਕਾਰ ਬਰਾਬਰੀ ਤੇ ਅਧਾਰਤ ਸਮਾਜ ਦੀ ਸਥਾਪਨਾ ਤੇ ਲੋਕ ਰਾਜ ਨੂੰ ਸਾਰਥਕ ਬਣਾਉਣਾ ਹੁੰਦਾ ਤਾਂ ਸਾਡੇ ਚਾਰੇ ਪਾਸੇ ਜੋ ਭਿਅੰਕਰ ਰੂਪ 'ਚ ਵੇਖਣ ਨੂੰ ਮਿਲ ਰਿਹਾ ਹੈ। ਉਹ ਇਸ ਤਰ੍ਹਾਂ ਵਧਦਾ ਫੁਲਦਾ ਦਲਿਤਾਂ ਦੀ ਲੁੱਟ ਘਸੁੱਟ ਹੁੰਦੀ ਜਾਂ ਵੰਚਿਤਾਂ ਦਾ ਸੋਸ਼ਣ, ਔਰਤਾਂ ਦੀ ਲੁੱਟ ਘਸੁੱਟ ਹੁੰਦੀ ਜਾਂ ਵੱਧ ਤੋਂ ਵੱਧ ਤਾਕਤਵਰਾਂ ਦੇ ਤਲੇ ਚਟਣ ਦੀ ਮਾਨਸਿਕਤਾ ਇਹ ਸਾਰੇ ਕੁਝ ਨੂੰ ਜੇ ਸਾਡੇ ਸਮਾਜ 'ਚ ਮਾਨਤਾ ਮਿਲ ਰਹੀ ਹੈ ਤਾਂ ਸਿਰਫ਼ ਨੌਜਵਾਨ ਦੀ ਚੁੱਪ ਕਾਰਣ। ਇੱਥੇ ਉਹ ਨੌਜਵਾਨ ਹੀ ਸ਼ਾਮਲ ਹਨ ਜੋ ਪੜ੍ਹੇ ਲਿਖੇ, ਸ਼ਹਿਰਾਂ ਕਸਬਿਆਂ 'ਚ ਰਹਿਣ ਵਾਲੇ (ਨਿਮਨ ਤੋਂ ਉਚ ਮੱਧ ਵਰਗ ਤਕ) ਉਹਨਾਂ ਨੂੰ ਲਗਦਾ ਹੈ ਕਿ ਭ੍ਰਿਸ਼ਟਾਚਾਰ ਨਾਲ ਸਭ ਤੋਂ ਵੱਧ ਨੁਕਸਾਨ ਉਹਨਾਂ ਨੂੰ ਹੋ ਰਿਹਾ ਹੈ। ਜੋ ਰਾਖਵੇਕਰਨ ਪ੍ਰਣਾਲੀ ਦਾ ਫਾਇਦਾ ਉਠਾਉਣ ਦੇ ਆਯੋਗ ਹਨ। ਜਾਂ ਜਿਹਨਾਂ ਨੂੰ ਲੱਗਦਾ ਹੈ ਕਿ ਉਹਨਾਂ ਦੀ ਕਮਾਈ ਦਾ ਵੱਡਾ ਹਿੱਸਾ ਸਰਕਾਰ ਤੇ ਜਨ ਸੇਵਕ ਵੱਡਾ ਹਿੱਸਾ ਮਲਾਈ ਵਾਂਗੂੰ ਹੜੱਪ ਕਰ ਜਾਂਦੇ ਹਨ। ਉਹਨਾਂ ਨੂੰ ਅੰਨਾ ਹਜ਼ਾਰੇ ਹੀ ਸਭ ਤੋਂ ਵੱਡੀ ਆਸ ਦੀ ਕਿਰਣ ਨਜ਼ਰ ਆਉਂਦੇ ਹਨ। ਦੇਸ਼ ਦੀ ਅਬਾਦੀ ਦਾ ਲਗਭਗ ਦੋ ਤਿਹਾਈ ਹਿੱਸਾ ਸਰਕਾਰੀ ਅੰਕੜਿਆਂ ਅਨੁਸਾਰ ਗਰੀਬੀ ਦੀ ਸੀਮਾ ਰੇਖਾ ਤੋਂ ਹੇਠਾਂ ਜ਼ਿੰਦਗੀ ਬਸਰ ਕਰ ਰਿਹਾ ਹੈ। ਵੀਹ ਰੁਪਏ ਰੋਜਾਨਾ ਤੋਂ ਘੱਟ ਉਨ੍ਹਾਂ ਦੀ ਦਿਹਾੜੀ ਹੈ। ਇਸ ਵਰਗ ਦੇ ਨੌਜਵਾਨ ਲਈ ਮਰਨ ਵਰਤ ਦੇ ਕੀ ਮਾਅਨੇ? ਅਸਲੀਅਤ ਇਹ ਹੈ ਕਿ ਉਹਨਾਂ ਨੂੰ ਦੋ ਵੇਲੇ ਦੀ ਰੋਟੀ ਨਹੀਂ ਮਿਲਦੀ ਤੇ ਭੁੱਖ ਤਿਲ ਤਿਲ ਕਰਕੇ ਮੌਤ ਦੀ ਦਹਿਲੀਜ ਤੱਕ ਉਹਨਾਂ ਨੂੰ ਪਹੁੰਚਾ ਦਿੰਦੀ ਹੈ।

ਕੁਪੋਸ਼ਣ ਜਾਂ ਬੀਮਾਰੀ ਨਾਲ ਹੋਈ ਮੌਤਾਂ ਦੇ ਅੰਕੜੇ ਅਕਸਰ ਭ੍ਰਿਸ਼ਟਾਚਾਰ ਨਾਲ ਜੋੜ ਕੇ ਨਹੀਂ ਵੇਖੇ ਜਾਂਦੇ। ਜਦ ਮੀਡੀਆ ਦਾ ਧਿਆਨ ਜੰਡਰ ਦੀ ਹਲਚਲ 'ਤੇ ਟਿਕਿਆ ਸੀ ਕਿਸੇ ਨੂੰ ਨਕਸਲਵਾਦੀ ਹਿੰਸਾ ਗ੍ਰਸਤ ਇਲਾਕਿਆਂ ਦੀ ਖ਼ਬਰ ਲੈਣ

ਦੀ ਸੁਧ ਨਹੀਂ ਸੀ। ਨਾ ਹੀ ਉਹਨਾਂ ਨੂੰ ਜੰਮੂ ਕਸ਼ਮੀਰ 'ਚ ਇਕ ਫਿਸਫੋਟ ਦਾ ਸੰਕਟ ਬੇਚੈਨ ਕਰ ਰਿਹਾ ਸੀ। ਨੌਜਵਾਨਾਂ ਦੇ ਇਕ ਹਿੱਸੇ ਦਾ ਲੰਪਟੀਕਰਨ ਹੋ ਚੁੱਕਿਆ ਹੈ ਤੇ ਉਹ ਸੋਚਦੇ ਹਨ ਕਿ ਸਮਾਜ ਨੂੰ ਬਦਲਿਆ ਨਹੀਂ ਜਾ ਸਕਦਾ। ਵਹਿੰਦੀ ਗੰਗਾ 'ਚ ਹੱਥ ਧੋਣ ਲਈ ਹਰ ਰਾਜਸੀ ਪਾਰਟੀ ਦੀ ਨੌਜਵਾਨ ਸ਼ਾਖਾ ਦੇ ਮੈਂਬਰ ਉਤਾਵਲੇ ਹਨ। ਉਹ ਜਹਾਦੀ ਘੱਟ ਗਿਣਤੀ ਜਾਂ ਖ਼ਤਰਨਾਕ ਹਿੰਦੂ ਬਹੁ ਗਿਣਤੀ ਉਗਰਪੰਥੀਆਂ ਨਾਲ ਹਨ। ਦੂਜੇ ਪਾਸੇ ਮਾਓਵਾਦੀ ਹਨ। 'ਰੰਗ ਦੇ ਬਸੰਤੀ', 'ਲਗੇ ਰਹੋ ਮੁੰਨਾ ਭਾਈ' ਜਾਂ ਫਿਰ 'ਪੀਪਲੀ ਲਾਈਵ' ਵਰਗੀਆਂ ਫਿਲਮਾਂ ਵੀ ਸਿਰਫ਼ ਉੱਪਰੀ ਪਰਤ ਹੀ ਛੂੰਹਦੀਆਂ ਹਨ। ਸਾਗਰ ਦੀਆਂ ਲਹਿਰਾਂ ਨੀਚੇ ਅਦਿਖ ਹਿਮਸ਼ੈਲ ਦੇ ਸੰਕਟ ਨੂੰ ਅਣਡਿੱਠ ਹੀ ਰੱਖਦੀਆਂ ਹਨ।

# ਅੰਨਾ ਹਜ਼ਾਰੇ, ਲੋਕਪਾਲ ਬਿੱਲ ਤੇ ਐਨ. ਜੀ. ਓ.

ਭ੍ਰਿਸ਼ਟਾਚਾਰ ਦਾ ਨਾਹਰਾ ਬੁਲੰਦ ਕਰਕੇ 4 ਮਹੀਨੇ ਦੇ ਅੰਦਰ ਹੀ ਦੇਸ਼ ਦੇ ਮੱਧ ਵਰਗ ਦੇ ਨਾਇਕ ਬਣੇ ਅੰਨਾ ਹਜ਼ਾਰੇ ਤੇ ਉਹਨਾਂ ਦੇ ਸਹਿਯੋਗੀਆਂ ਨਾਲ ਮਿਲ ਕੇ ਬਣੀ ਸਿਵਲ ਸੋਸਾਇਟੀ ਦੇ ਲੋਕਾਂ ਦੀ ਅਸਲੀਅਤ ਇਕ ਵਾਰ ਫਿਰ ਸਾਹਮਣੇ ਆ ਗਈ। ਜਦ ਸੰਸਦੀ ਸੰਮਤੀ ਦੇ ਸਾਹਮਣੇ ਪੇਸ਼ ਅੰਨਾ ਹਜ਼ਾਰੇ ਤੇ ਉਸ ਦੀ ਟੀਮ ਨੂੰ ਇਹ ਜੁਆਬ ਦੇਣਾ ਮਹਿੰਗਾ ਪੈ ਗਿਆ ਕਿ ਸਿਵਲ ਸੁਸਾਇਟੀ ਵਲੋਂ ਪ੍ਰਸਤਾਵਿਤ ਲੋਕਪਾਲ ਬਿੱਲ 'ਚ ਗੈਰ ਸਰਕਾਰੀ ਸੰਗਠਨਾ (NGO) ਨੂੰ ਬਾਹਰ ਕਿਉਂ ਰੱਖਿਆ ਗਿਆ ਹੈ। ਅਪ੍ਰੈਲ ਮਹੀਨੇ 'ਚ ਅੰਨਾ ਹਜ਼ਾਰੇ ਵਲੋਂ ਜੰਤਰ ਮੰਤਰ 'ਤੇ ਚਾਰ ਦਿਨਾਂ ਦੇ ਵਰਤ ਸਮੇਂ ਸਰਕਾਰ ਲੋਕਪਾਲ ਬਿੱਲ ਨੂੰ ਸਮੇਂ ਸਿਰ ਪਾਸ ਕਰਨ ਲਈ ਸਹਿਮਤ ਹੋਈ। ਅੰਨਾ ਹਜ਼ਾਰੇ ਵਲੋਂ ਭ੍ਰਿਸ਼ਟਾਚਾਰ 'ਤੇ ਰੋਕ ਲਾਉਣ ਹਿੱਤ ਇਕ ਮਸੌਦਾ ਸਰਕਾਰ ਨੂੰ ਸੌਂਪਿਆ ਗਿਆ ਸੀ। ਜਿਸ 'ਚ ਲੋਕਪਾਲ ਦੀ ਅਜ਼ਾਦ ਹੋਂਦ ਦੇ ਨਾਲ-ਨਾਲ ਪ੍ਰਧਾਨ ਮੰਤਰੀ, ਹਾਈਕੋਰਟਾਂ ਤੇ ਪਾਰਲੀਮੈਂਟ ਮੈਂਬਰਾਂ ਨੂੰ ਭ੍ਰਿਸ਼ਟਾਚਾਰ ਦੇ ਕੇਸ 'ਚ ਲੋਕਪਾਲ ਦੇ ਦਾਇਰੇ 'ਚ ਰੱਖਿਆ ਗਿਆ ਸੀ। ਸਰਕਾਰ ਨੇ ਸਿਵਲ ਸੁਸਾਇਟੀ ਵਲੋਂ ਪੇਸ਼ ਮਸੌਦੇ ਨੂੰ ਲਾਂਭੇ ਰੱਖਕੇ ਆਪਣੇ ਵੱਲੋਂ ਲੋਕਪਾਲ ਬਿੱਲ ਸੰਸਦ 'ਚ ਰੱਖਿਆ ਗਿਆ। ਜਿਸ 'ਚ ਪ੍ਰਧਾਨ ਮੰਤਰੀ, ਨਿਆਪਾਲਿਕਾ, ਸੰਸਦ ਮੈਂਬਰਾਂ ਨੂੰ ਲੋਕਪਾਲ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ। ਸੈਸ਼ਨ 'ਚ ਵਿਰੋਧੀ ਧਿਰ ਦੇ ਵਿਰੋਧ ਦੇ ਪਿੱਛੋਂ ਬਿੱਲ ਨੂੰ ਪਾਸ ਕਰਨ ਤੋਂ ਪਹਿਲਾਂ ਸੰਸਦੀ ਸੰਮਤੀ ਨੂੰ ਸੌਂਪਿਆ ਗਿਆ ਹੈ। ਜੋ ਬਿੱਲ ਤੇ ਆਏ ਇਤਰਾਜਾਂ ਨੂੰ ਦੂਰ ਕਰਕੇ ਸਰਕਾਰ ਨੂੰ ਸੁਝਾਅ ਦੇਣੇ ਸਨ।

10 ਅਗਸਤ ਨੂੰ ਅੰਨਾ ਹਜ਼ਾਰੇ ਆਪਣੀ ਟੀਮ ਨਾਲ ਸੰਸਦੀ ਸੰਮਤੀ ਮੂਹਰੇ ਗੱਲ ਕਰਨ ਪਹੁੰਚੇ ਸਨ। ਉਸ ਤੋਂ ਪਹਿਲਾਂ ਅੰਨਾ ਹਜ਼ਾਰੇ ਨੇ ਮੀਡੀਆ ਸਾਹਮਣੇ ਕਿਹਾ ਕਿ ਸਰਕਾਰ ਵਲੋਂ ਪ੍ਰਸਤਾਵਿਤ ਬਿੱਲ ਭ੍ਰਿਸ਼ਟਾਚਾਰ ਦੀ ਰੋਕਥਾਮ ਨਹੀਂ ਕਰ ਸਕਦਾ। ਇਸ ਲਈ ਸੰਮਤੀ ਇਹ ਬਿੱਲ ਸਰਕਾਰ ਨੂੰ ਹੀ ਮੋੜ ਦੇਵੇ। ਉਸ ਦਿਨ ਸੰਮਤੀ ਸਾਹਮਣੇ ਅੰਨਾ ਹਜ਼ਾਰੇ ਤੇ ਉਸ ਦੀ ਟੀਮ ਗੈਰ ਸਰਕਾਰੀ ਸੰਗਠਨਾ (NGO) ਨੂੰ ਲੋਕਪਾਲ ਦੇ ਦਾਇਰੇ 'ਚ ਰੱਖਣ ਬਾਰੇ ਦੇ ਸੁਆਲ 'ਤੇ ਘਿਰ ਗਈ। ਅੰਨਾ ਦੀ ਟੀਮ ਐਨ. ਜੀ. ਓ. ਨੂੰ ਲੋਕਪਾਲ ਦੇ ਦਾਇਰੇ 'ਚ ਨਹੀਂ ਰੱਖਣਾ ਚਾਹੁੰਦੀ ਸੀ ਜਦਕਿ ਪ੍ਰਧਾਨ ਮੰਤਰੀ, ਨਿਆਂਪਾਲਿਕਾ ਤੇ ਪਾਰਲੀਮੈਂਟ ਮੈਂਬਰਾਂ ਨੂੰ ਰੱਖਣਾ ਚਾਹੁੰਦੀ ਹੈ। ਅੰਨਾ ਹਜ਼ਾਰੇ ਦੀ ਟੀਮ ਐਨ. ਜੀ. ਓ. ਨੂੰ ਲੋਕਪਾਲ ਦੇ ਦਾਇਰੇ 'ਚੋਂ ਇਸ ਲਈ ਬਾਹਰ ਰੱਖਣਾ ਚਾਹੁੰਦੀ ਹੈ ਕਿਉਂਕਿ ਸਿਵਲ ਸੁਸਾਇਟੀ 'ਚ ਜੁੜੇ ਸਾਰੇ ਸੰਗਠਨ ਤੇ ਲੋਕ ਖੁਦ ਐਨ. ਜੀ. ਓ. ਚਲਾਉਂਦੇ ਹਨ ਤੇ ਉਹਨਾਂ ਨਾਲ ਖੂਬ ਜੁੜੇ ਹੋਏ ਹਨ। ਟੀਮ ਅੰਨਾ 'ਚ ਕਈ ਲੋਕ ਤਾਂ ਅਜੇਹੇ ਹਨ ਜੋ ਪਹਿਲਾਂ ਨੌਕਰਸ਼ਾਹ ਰਹੇ ਸਨ ਅਤੇ ਅਸਤੀਫਾ ਦੇ ਕੇ ਇਸ ਤਰ੍ਹਾਂ ਨਾਲ 'ਸਮਾਜ ਸੇਵਾ' (ਐਨ. ਜੀ. ਓ. ਖੋਹਲ ਕੇ) ਕਰ ਰਹੇ ਹਨ। ਜਦ ਕਿ ਅਸਲੀਅਤ ਇਹ ਹੈ ਕਿ ਦੇਸ਼ 'ਚ ਸਥਿਤ ਐਨ. ਜੀ. ਓ. ਨੂੰ ਸਰਕਾਰ ਤੋਂ ਇਲਾਵਾ ਦੇਸ਼ ਵਿਦੇਸ਼ ਦੀਆਂ ਕਈ ਸੰਸਥਾਵਾਂ (ਸਾਧਨਾ) 'ਚੋਂ ਭਾਰੀ ਮਾਤਰਾ 'ਚ ਪੈਸਾ ਮਿਲਦਾ ਹੈ। ਜਿਸ ਨੂੰ ਇਹ ਸਮਾਜ ਸੇਵਾ ਦੇ ਨਾਂ ਹੇਠ ਲੈਂਦੇ ਹਨ ਪਰ ਪੈਸਾ ਲਾਉਂਦੇ ਆਪਣੀ ਸੇਵਾ ਵਿੱਚ ਹਨ।

ਐਨ. ਜੀ. ਓ. ਆਮ ਮਜ਼ਦੂਰ-ਮੇਹਨਤਕਸ਼ ਲੋਕਾਂ ਨੂੰ ਉਹਨਾਂ ਦੀਆਂ ਅਸਲ ਪ੍ਰੇਸ਼ਾਨੀਆਂ ਦੇ ਹੱਲ ਦੇ ਰਾਹ ਤੋਂ ਦੂਰ ਰੱਖਕੇ ਭਰਮਾਉਂਦੇ ਹਨ। ਇਹ ਅਰਧ ਜਾਗੀਰੂ ਅਰਧ ਬਸਤੀਵਾਦੀ ਪ੍ਰਣਾਲੀ ਦੀ ਹੀ ਸੇਵਾ ਕਰਦੇ ਹਨ। ਐਨ. ਜੀ. ਓ. ਨੂੰ ਦੇਸ਼ ਵਿਦੇਸ਼ ਤੋਂ ਮਿਲਣ ਵਾਲੀ ਧਨ ਰਾਸ਼ੀ ਦਾ ਹਿਸਾਬ-ਕਿਤਾਬ ਸਰਕਾਰ ਦੇ ਪਾਸ ਵੀ ਨਹੀਂ ਹੈ ਅਤੇ ਨਾ ਹੀ ਹੁਣ ਤੱਕ ਸਰਕਾਰ ਇਸ ਦੇ ਹਿਸਾਬ-ਕਿਤਾਬ 'ਤੇ ਨਜ਼ਰ ਰੱਖਦੀ ਰਹੀ ਹੈ। ਅੰਨਾ ਹਜ਼ਾਰੇ ਤੇ ਉਸ ਦੀ ਸਿਵਲ ਸੁਸਾਇਟੀ ਨੂੰ ਨਾ ਤਾਂ ਪਹਿਲਾਂ (ਅਪ੍ਰੈਲ ਮਹੀਨੇ ਦੇ ਡਰਾਮੇ) ਤੇ ਨਾ ਹੀ ਹੁਣ ਮਜ਼ਦੂਰਾਂ-ਕਿਸਾਨਾਂ ਤੇ ਹੋਰ ਮੇਹਨਤਕਸ਼ ਆਬਾਦੀ ਦਾ ਫ਼ਿਕਰ ਹੈ। ਲੱਖਾਂ ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਅਤੇ ਸਨਅਤਾਂ 'ਚ ਕਿਰਤ ਕਾਨੂੰਨਾਂ ਦੀ ਸ਼ਰੇਆਮ ਉਲੰਘਣਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਸਿੱਟਾ ਹੈ। ਪਰ ਟੀਮ ਅੰਨਾ ਨੂੰ ਸਿਰਫ਼ ਦੇਸ਼ ਦੇ ਮੱਧ ਵਰਗ ਦੇ ਉਪਰਲੇ ਹਿੱਸੇ ਦੀ ਪ੍ਰੇਸ਼ਾਨੀ ਦਿਸਦੀ ਹੈ। ਅੰਨਾ ਹਜ਼ਾਰੇ 'ਤੇ ਉਸ ਦੀ ਸਿਵਲ ਸੁਸਾਇਟੀ ਦੀ ਪੱਖਪਾਤ ਇਕ ਵਾਰ ਫੇਰ ਐਨ. ਜੀ. ਓ. ਨੂੰ ਲੋਕਪਾਲ ਦੇ ਦਾਇਰੇ ਤੋਂ ਬਾਹਰ ਰੱਖਣ ਦੀ ਮੰਗ ਨਾਲ ਸਾਫ਼ ਹੋ ਗਿਆ ਹੈ।

# ਪ੍ਰਚੂਨ ਖੇਤਰ 'ਚ ਵਿਦੇਸ਼ੀ ਨਿਵੇਸ਼ ਕਿਸ ਦੇ ਹਿੱਤਾਂ 'ਚ?

ਭਾਰਤ ਦੇ ਪ੍ਰਚੂਨ ਬਜ਼ਾਰ 'ਚ ਵਿਦੇਸ਼ੀ ਨਿਵੇਸ਼ ਦੀ ਛੋਟ ਦਾ ਪ੍ਰਸਤਾਅ ਸਰਕਾਰ ਕੋਲ ਕਈ ਸਾਲਾਂ ਤੋਂ ਪਿਆ ਹੈ। ਪਿਛੇ ਜਿਹੇ ਹੀ ਭਾਰਤ ਸਰਕਾਰ ਦੇ ਸਕੱਤਰਾਂ ਦੀ ਇਕ ਕਮੇਟੀ ਨੇ ਮੁਦਰਾ ਬਾਜ਼ਾਰ 'ਚ57 ਫੀਸਦੀ ਵਿਦੇਸ਼ੀ ਨਿਵੇਸ਼ ਨੂੰ ਆਪਣੀ ਮੰਜ਼ੂਰੀ ਦਿੰਦੇ ਹੋਇਆ ਉਸ ਨੂੰ ਮੰਤਰੀ ਮੰਡਲ ਦੀ ਮੰਨਜੂਰੀ ਲਈ ਭੇਜ ਦਿੱਤਾ। ਮੰਤਰੀ ਮੰਡਲ ਤੋਂ ਮੰਜ਼ੂਰੀ ਦੇ ਨਾਲ ਹੀ ਭਾਰਤ ਦਾ ਪ੍ਰਚੂਨ ਬਾਜ਼ਾਰ ਸਿੱਧਾ ਪੂੰਜੀ ਨਿਵੇਸ਼ ਲਈ ਖੁਲ੍ਹ ਜਾਵੇਗਾ। ਅਮਰੀਕੀ ਵਿਦੇਸ਼ ਮੰਤਰੀ ਹਲੇਰੀ ਕਲਿਟਨ ਦੀ ਭਾਰਤ ਫੇਰੀ ਦੇ ਕੁਝ ਦਿਨਾਂ ਅੰਦਰ ਹੀ ਇਸ ਮਸੌਦੇ ਦੀ ਮੰਜ਼ੂਰੀ ਅਮਰੀਕੀ ਰਿਟੇਲ ਟ੍ਰੇਡ ਕੰਪਨੀਆਂ ਦੀ ਸਾਲਾਂ ਪੁਰਾਣੀ ਮੁਰਾਦ ਨੂੰ ਪੂਰਾ ਕਰਨ ਵਰਗਾ ਹੈ। ਅਮਰੀਕੀ ਸਰਕਾਰ ਕਈ ਸਾਲਾਂ ਤੋਂ ਭਾਰਤ ਸਰਕਾਰ ਤੋਂ ਪ੍ਰਚੂਨ ਖੇਤਰ ਨੂੰ ਆਪਣੀਆਂ ਕੰਪਨੀਆਂ ਦੇ ਲਈ ਖੋਹਲਣ ਦਾ ਦਬਾਅ ਬਣਾ ਰਹੀ ਸੀ। ਅਜੇ ਤਕ ਅਮਰੀਕੀ ਰੀਟੇਲ ਟ੍ਰੇਡ ਕੰਪਨੀਆਂ ਵਾਲਮਾਰਟ, ਕੇਰਫੋਰ ਤੇ ਟੇਸਕੋ ਦੇ ਨਾਲ ਹੋਰ ਸਾਮਰਾਜੀਆਂ ਦੀਆਂ ਕੰਪਨੀਆਂ ਸਿੱਧੇ ਆਪਣੇ ਵਿਮਾਲਸ ਸਥਾਪਤ ਕਰਨ ਲਈ ਕਬਜਾ ਕਰਨ ਲਈ ਆ ਜਾਣਗੀਆਂ। ਇਕ ਅੰਦਾਜੇ ਮੁਤਾਬਕ ਭਾਰਤ ਦਾ ਕੁਲ ਪ੍ਰਚੂਨ ਬਜ਼ਾਰ 590 ਅਰਬ ਡਾਲਰ ਦਾ ਹੈ ਜਿਸ ਵਿੱਚੋਂ 496 ਅਰਬ ਡਾਲਰ ਗੈਰ ਜਥੇਬੰਦ ਖੇਤਰ ਦੇ ਲੋਕਾਂ ਦੇ ਹੱਥਾਂ ਵਿੱਚ ਹਨ। ਭਾਵ ਦੇਸ਼ ਦੀ ਵੱਡੀ ਅਬਾਦੀ (ਤਕਰੀਬਨ ਦੇਸ਼ 'ਚ ਇੱਕ ਕਰੋੜ ਛੋਟੇ-ਵੱਡੇ ਦੁਕਾਨਦਾਰ ਹਨ) ਇਸ ਪ੍ਰਚੂਨ ਬਜ਼ਾਰ ਨਾਲ ਆਪਣੀ ਰੋਟੀ ਰੋਜ਼ੀ ਕਮਾਉਂਦੀ ਹੈ।

2009 'ਚ ਪਾਰਲੀਮੈਂਟ ਦੀ ਵਿਤ ਵਿਭਾਗ ਦੀ ਸੰਸਦੀ ਸੰਮਤੀ ਨੇ ਪ੍ਰਚੂਨ ਖੇਤਰ 'ਚ ਵਿਦੇਸ਼ੀ ਨਿਵੇਸ਼ ਖਿਲਾਫ਼ ਰਿਪੋਟ ਪੇਸ਼ ਕਰਦਿਆਂ ਕਿਹਾ ਸੀ ਕਿ ਦੇਸ਼ ਦੇ ਵੱਡੇ ਕਾਰਪੋਰੇਟ ਘਰਾਣਿਆਂ ਤੇ ਵਿਦੇਸ਼ੀ ਰਿਟੇਲਰ ਕੰਪਨੀਆਂ ਨੂੰ ਕੱਪੜੇ, ਫਲ ਸਬਜੀ ਆਦਿ ਦੇ ਪ੍ਰਚੂਨ ਬਾਜ਼ਾਰ 'ਚ ਦਾਖਲੇ 'ਤੇ ਪੂਰਨ ਪਾਬੰਦੀ ਦੇ ਨਾਲ ਉਨ੍ਹਾਂ 'ਤੇ ਵੱਡੇ ਮਾਲਜ਼ ਖੋਹਲ ਕੇ ਹੋਰ ਖਪਤਕਾਰ ਸਮੱਗਰੀ ਵੇਚਣ 'ਤੇ ਰੋਕ ਲਾਉਣੀ ਚਾਹੀਦੀ ਹੈ। ਜਾਹਿਰ ਹੈ ਕਿ ਸਰਕਾਰ ਹੁਣ ਆਪਣੀ ਹੀ ਸੰਮਤੀ ਦੀਆਂ ਸਿਫਾਰਸ਼ਾਂ ਨੂੰ ਅਣਗੌਲਿਆ ਕਰਕੇ ਇਕ ਕਦਮ ਅੱਗੇ ਵਧਾ ਰਹੀ ਹੈ। ਜੇ ਇਹ ਪ੍ਰਸਤਾਵ ਲਾਗੂ ਹੋ ਜਾਂਦਾ ਹੈ ਤਾਂ ਵਾਲਮਾਰਟਸ ਵਰਗੀਆਂ ਕੰਪਨੀਆਂ ਇਕ ਝਟਕੇ 'ਚ ਲੱਖਾਂ ਸਬਜੀ, ਫਲ ਵੇਚਣ ਵਾਲਿਆਂ, ਰੇੜ੍ਹੀ ਵਾਲਿਆਂ ਤੋਂ ਲੈ ਕੇ ਛੋਟੇ ਦੁਕਾਨਦਾਰਾਂ ਦੀ ਬਰਬਾਦੀ ਦਾ ਰਾਹ ਖੋਹਲ ਦੇਵੇਗੀ। ਭਾਰਤ ਦੀ ਇਕ ਵੱਡੀ ਅਬਾਦੀ ਦੇ ਇਸ ਖੇਤਰ 'ਚ ਰੁਜ਼ਗਾਰ ਹਾਸਲ ਕਰਨ ਕਰਕੇ ਤਬਾਹੀ ਬਹੁਤ ਜ਼ਿਆਦਾ ਬੇਚੈਨੀ ਪੈਦਾ ਕਰੇਗੀ। ਇਸ ਬੇਚੈਨੀ ਦਾ ਹੀ ਇਕ ਨਜ਼ਾਰਾ ਪਿਛਲੇ ਸਾਲਾਂ 'ਚ ਉਤਰ ਪ੍ਰਦੇਸ਼ 'ਚ ਰਿਲਾਇੰਸ ਦੇ ਮਾਲਜ਼ ਵਿਚ ਸਬਜੀ-ਫਲ ਵਿਕਣ 'ਤੇ ਸਾਹਮਣੇ ਆਇਆ ਸੀ। ਜਿਸ 'ਚ ਲੋਕਾਂ ਦੇ ਵਿਰੋਧ ਕਾਰਨ ਉਤਰ ਪ੍ਰਦੇਸ਼ ਸਰਕਾਰ ਨੂੰ ਕਦਮ ਪਿੱਛੇ ਹਟਾਉਣਾ ਪਿਆ ਹੈ। ਹੁਣ ਸਾਰੀਆਂ ਵਿਦੇਸ਼ੀ ਕਾਰਪੋਰੇਸ਼ਨਾ ਦੇ ਆਉਣ 'ਤੇ ਹੋਣ ਵਾਲੀ ਤਬਾਹੀ ਬਹੁਤ ਜ਼ਿਆਦਾ ਹੋਵੇਗੀ। ਭਾਰਤ 'ਚ ਗੈਰ ਰਵਾਇਤੀ ਖੇਤਰ ਦੇ ਨਾਂ ਨਾਲ ਜਾਣੇ ਜਾਣ ਵਾਲੇ ਇਸ ਖੇਤਰ 'ਚ ਭਾਰੀ ਅਬਾਦੀ ਦੇ ਜਾਣ ਦਾ ਵੱਡਾ ਕਾਰਨ ਬਾਕੀ ਖੇਤਰਾਂ, ਫੈਕਟਰੀਆਂ ਖੇਤੀ 'ਚ ਰੁਜ਼ਗਾਰ

ਦੀ ਘਾਟ ਕਰਕੇ ਹੈ। ਹਰ ਪਾਸੇ ਹੱਥ ਪੈਰ ਮਾਰਨ ਪਿੱਛੋਂ ਆਦਮੀ ਇਕ ਠੇਲੇ 'ਤੇ 2-3 ਹਜ਼ਾਰਦਾ ਸਮਾਨ ਪਾ ਕੇ, ਇਸ ਖੇਤਰ ਦਾ ਹਿੱਸਾ ਬਣਕੇ ਕਿਸੇ ਤਰ੍ਹਾਂ ਜੀਵਨ ਜਿਉਣ ਲੱਗਦਾ ਹੈ। ਹੁਣ ਭਵਿੱਖ 'ਚ ਇਸ ਤਰ੍ਹਾਂ ਦੀ ਸੰਭਾਵਨਾ ਦੇ ਦਰਵਾਜੇ ਬੰਦ ਹੋਣ ਨਾਲ ਬੇਰੁਜ਼ਗਾਰੀ ਦੀ ਸਥਿਤੀ ਹੋਰ ਭਿਅੰਕਰ ਹੋ ਜਾਵੇਗੀ।

ਪ੍ਰਚੂਨ ਬਾਜ਼ਾਰ 'ਚ ਵਿਦੇਸ਼ੀ ਨਿਵੇਸ਼ ਦੇ ਹਮਾਇਤੀ ਮਨਮੋਹਨ ਮੋਨਟੇਕ ਸਿੰਘ-ਚਿੰਦਾਂਬਰਮ ਦੀ ਤਿਕੜੀ ਇਸ ਕਦਮ ਰਾਹੀਂ ਖਾਣ ਵਾਲੀਆਂ ਵਸਤਾਂ ਦੀਆਂ ਕੀਮਤਾਂ 'ਚ ਵਧਦੀ ਮਹਿੰਗਾਈ 'ਤੇ ਰੋਕ ਲਾਉਣ ਦੀ ਦਲੀਲ ਦੇ ਰਹੀ ਹੈ। ਉਹਨਾਂ ਅਨੁਸਾਰ ਦੇਸ਼ ਵਿੱਚ ਕਿਸਾਨਾਂ ਤੇ ਗਾਹਕਾਂ ਵਿਚਕਾਰ ਦੇ ਵੱਖ-ਵੱਖ ਵਿਚੋਲਿਆਂ ਨੂੰ ਹਟਾਕੇ ਕੰਪਨੀਆਂ ਸਸਤੀਆਂ ਕੀਮਤਾਂ 'ਚ ਖਾਣ ਵਾਲੀਆਂ ਵਸਤਾਂ ਵੇਚਣਗੀਆਂ। ਇਸ ਨਾਲ ਮਹਿੰਗਾਈ ਨੂੰ ਨੱਥ ਪਵੇਗੀ। ਉਹਨਾਂ ਦਾ ਇਹ ਤਰਕ ਹਾਸੋਹੀਣਾ ਹੈ। ਪਹਿਲੀ ਗੱਲ ਤਾਂ ਇਹ ਕਿ ਜਿਹਨਾਂ ਵਿਚੋਲਿਆਂ ਨੂੰ ਖ਼ਤਮ ਕਰਨ ਦਾ ਇਹ ਐਲਾਨ ਕਰ ਰਹੇ ਹਨ ਉਹ ਲੱਖਾਂ-ਕਰੋੜਾਂ ਲੋਕਾਂ ਦੀ ਰੋਟੀ-ਰੋਜ਼ੀ ਖੋਹਣਾ ਹੈ। ਉਹਨਾਂ ਦੀ ਕੋਈ ਚਿੰਤਾ ਸਾਡੀ ਸਰਕਾਰ ਨੂੰ ਨਹੀਂ ਹੈ। ਦੂਜੀ ਗੱਲ ਹਾਲੀਆ ਮਹਿੰਗਾਈ ਇਹ ਵੱਖ-ਵੱਖ ਵਿਚੋਲੇ ਨਹੀਂ ਵਧਾ ਰਹੀ ਹੈ। ਬਲਕਿ ਉਸ ਨੂੰ ਵਧਾਉਣ ਦਾ ਕੰਮ ਵੱਡੀ ਪੂੰਜੀ ਦੇ ਮਾਲਕ ਸਟੀਰਿਓ ਕਰ ਰਹੇ ਹਨ। ਜੋ ਭਵਿੱਖ ਵਿੱਚ ਵੀ ਬੇਰੋਕ ਟੋਕ ਕੰਮ ਕਰਦੇ ਰਹਿਣਗੇ। ਨਾਲ ਹੀ ਅਜ਼ਾਰੇਦਾਰ ਸਾਮਰਾਜੀ ਰਿਟੇਲਰ ਕੰਪਨੀਆਂ ਜੋ ਸਿਰਫ਼ ਮੁਨਾਫਾ ਕਮਾਉਣ ਆ ਰਹੀਆਂ ਹਨ। ਹੋ ਸਕਦਾ ਹੈ। ਸ਼ੁਰੂਆਤ 'ਚ ਕੀਮਤਾਂ ਹੇਠਾਂ ਰੱਖਣ ਪਰ ਇੱਕ ਵਾਰੀ ਬਜ਼ਾਰ ਨੂੰ ਕਬਜੇ ਹੇਠ ਕਰਨ ਪਿਛੋਂ ਉਹ ਮਨਮਰਜ਼ੀ ਦੀਆਂ ਕੀਮਤਾਂ ਦੇ ਨਾਲ ਉਤਪਾਦਕਾਂ ਨੂੰ ਵੀ ਆਪਣੀ ਮੁਠੀ 'ਚ ਕਰ ਲੈਣਗੀਆਂ। ਵਾਲਮਾਰਟ ਦੀਆਂ ਕਰਤੂਤਾਂ ਪੂਰੀ ਦੁਨੀਆਂ ਵਿੱਚ ਕੁਝ ਇਸ ਤਰ੍ਹਾਂ ਦੀਆਂ ਹੀ ਹਨ। ਅਜੇਹੇ 'ਚ ਮਹਿੰਗਾਈ ਘਟਣ ਦੇ ਤਰਕ 'ਚ ਕੋਈ ਦਮ ਨਹੀਂ ਹੈ। ਅਸਲੀਅਤ ਇਹੀ ਹੈ ਕਿ ਭਾਰਤ ਦੀ ਵਿਸ਼ਾਲ ਪ੍ਰਚੂਨ ਮਾਰਕਿਟ ਦੇਸੀ-ਵਿਦੇਸ਼ੀ ਵੱਡੀਆਂ ਕੰਪਨੀਆਂ ਮੁਨਾਫੇ ਦਾ ਵੱਡਾ ਸਰੋਤ ਨਜ਼ਰ ਆ ਰਿਹਾ ਹੈ। ਭਾਰਤ ਸਰਕਾਰ ਨੂੰ ਜੋ ਖੁਦ ਵੱਡੀ ਪੂੰਜੀ ਦੀ ਦਲਾਲ ਹੈ। ਕਿਵੇਂ ਨਾ ਕਿਵੇਂ ਵੱਡੀ ਪੂੰਜੀ ਦੀ ਇਸ ਚਾਹਤ ਨੂੰ ਪੂਰਾ ਕਰ ਰਹੀ ਹੈ। ਲੱਖਾਂ-ਕਰੋੜਾਂ ਲੋਕਾਂ ਦੀ ਰੋਟੀ-ਰੋਜ਼ੀ ਖਤਰੇ 'ਚ ਪਾ ਕੇ ਇਹ ਹੁਣ ਉਹਨਾਂ ਦੀ ਬੇਚੈਨੀ ਨੂੰ ਧੱਥੇ ਨਾਲ ਨਿਪਟਣ ਦੀ ਤਿਆਰੀ ਕਰ ਰਹੀ ਹੈ। ਇਹੀ ਮਨਮੋਹਨ-ਮੌਨਟੇਕ-ਚਿਤੰਬਰਮ ਦੀ ਅਸਲੀਅਤ ਹੈ।

## ’ਤੇ ਭਗਵਾਨ ਮਰ ਗਏ ਭਵਿੱਖਬਾਣੀ ਕੰਮ ਨਾ ਆਈ

24 ਅਪ੍ਰੈਲ 2011 ਨੂੰ ਇਕ ਅਜੇਹੇ ਸਖਸ਼ ਦੀ ਮੌਤ ਹੋ ਗਈ ਜਿਸ ਨੇ ਆਪਣੇ ਆਪ ਨੂੰ ਭਗਵਾਨ ਐਲਾਨ ਰੱਖਿਆ ਸੀ ਅਤੇ ਜਿਸ ਨੂੰ ਦੇਸ਼-ਵਿਦੇਸ਼ ਦੇ ਕਰੋੜਾਂ ਲੋਕ ਉਹਨਾਂ ਦੇ ਭਗਤ ਭਗਵਾਨ ਮੰਨਦੇ ਸੀ। ਆਪਣੇ ਆਪ ਨੂੰ ਸਿਰੜੀ ਦੇ ਸਾਈਂ ਬਾਬਾ (1835-1918) ਦਾ ਅਵਤਾਰ ਦੱਸਣ ਵਾਲੇ ਇਸ ਸਖਸ਼ ਨੇ 14 ਸਾਲ ਦੀ ਉਮਰ ’ਚ ਖੁਦ ਨੂੰ ਰੱਬ ਐਲਾਨ ਦਿੱਤਾ ਸੀ। ਇਹ ਸਖਸ਼ ਹੈ ਸਤਿਆ ਸਾਈਂ ਬਾਬਾ ਇਸ ਦੇ ਨਾਲ ਹੀ ‘ਭਗਵਾਨ’ ਸਤਿਆ ਸਾਈਂ ਬਾਬਾ ਨੇ ਆਪਣੀ ਮੌਤ ਦੀ 96 ਸਾਲ ਦੀ ਉਮਰ ਦੀ ਭਵਿੱਖਬਾਣੀ ਕਰ ਰੱਖੀ ਸੀ ਪਰ ਉਹ 85 ਸਾਲ ਦੀ ਉਮਰ ’ਚ ਹੀ ਚਲ ਵਸੇ। ਮੌਤ ’ਤੇ ਇਸ ਤਰ੍ਹਾਂ ‘ਰੱਬ’ ਸਾਈਂ ਬਾਬੇ ਦਾ ਵੱਸ ਨਹੀਂ ਚੱਲਿਆ। ਇਹ ਵੀ ਜ਼ੋਰਦਾਰ ਗੱਲ ਹੈ ਕਿ ਉਹਨਾਂ ਨੇ ਇਸ ਦੇ ਪਿੱਛੋਂ ਵੀ ਅਗਲਾ ਜਨਮ ਲੈਣ ਦੀ ਭਵਿੱਖਬਾਣੀ ਕਰ ਰੱਖੀ ਸੀ ਜੋ ਹੁਣ ਪ੍ਰੇਮ ਸਾਈਂ ਵਜੋਂ ਅਵਤਾਰ ਲੈਣਗੇ। ਬਾਬਾ ਖਾਲੀ ਹੱਥਾਂ ਨਾਲ ਹਵਾ ਵਿੱਚੋਂ ਚੈਨੀਆਂ, ਛਾਪਾਂ, ਅੰਗੂਠੀਆਂ, ਇਮਪੋਰਟਿਡ ਸਿਵਸ ਘੜੀਆਂ ਅਤੇ ਭਵੂਤੀ (ਰਾਖ) ਪੈਦਾ ਕਰਦੇ ਸਨ। ਕਹਿੰਦੇ ਹਨ ਉਹਨਾਂ ਦੀ ਰਾਖ ਨਾਲ ਅਨੇਕਾਂ ਲੋਕਾਂ ਦਾ ਰੋਗ ਦੂਰ ਹੋ ਗਿਆ। ਉਸ ਦੇ ਇਕ ਪ੍ਰੋਫੈਸਰ ਭਗਤ ਨੇ ਕਿਹਾ “ਭਾਰਤ ਨਾਟਿਅਮ ਦੀ ਇਕ ਨਿਰਤਕਾ ਨੂੰ ਅਨਾਮ ਬੀਮਾਰੀ ਲੱਗ ਗਈ ਸੀ ਤੇ ਉਸ ਨੇ ਉਸ ਰੋਗ ਗ੍ਰਸਿਤ ਅੰਗ ’ਤੇ ਵਿਭੂਤੀ (ਰਾਖ) ਲਾਈ ਤੇ ਉਹ ਠੀਕ ਹੋ ਗਈ।” ਇਕ ਹੋਰ ਦੰਦ ਕਥਾ ਅਨੁਸਾਰ ਚੇਨਈ ਦੀ ਇਕ ਔਰਤ ਦੇ ਦਿਲ ’ਚ 3 ਛੇਦ ਸਨ। ਡਾਕਟਰ ਨੇ ਉਸ ਨੂੰ ਅਪ੍ਰੇਸ਼ਨ ਵਾਸਤੇ ਕਿਹਾ ਪਰ ਉਸ ਨੇ ਬਾਬਾ ਦੀ ਇੱਛਾ ਤੋਂ ਬਿਨਾਂ ਕੁਝ ਵੀ ਕਰਨ ਤੋਂ ਨਾਂਹ ਕਰ ਦਿੱਤੀ। ਉਸ ਦੇ ਸਪੁਨੇ ’ਚ ਬਾਬਾ ਆਏ ਤੇ ਉਹਨਾਂ ਨੇ ਇਕ ਕਾਗਜ਼ ’ਤੇ ਦਿਲ ਬਣਾ ਕੇ ਉਸ ’ਤੇ ਕ੍ਰਾਸ ਬਣਾਇਆ ਤਾਂ ਕਿ ਸਮੱਸਿਆ ਦੂਰ ਹੋ ਜਾਵੇ। ਅਗਲੇ ਦਿਨ ਔਰਤ ਡਾਕਟਰ ਕੋਲ ਗਈ ਤੇ ਉਸ ਨੇ ਜਾਂਚ ਕਰਵਾਈ ਤੇ ਉਸ ਨੂੰ ਨਿਰੋਗੀ ਐਲਾਨ ਦਿੱਤਾ ਗਿਆ।

ਇਸ ਤਰ੍ਹਾਂ ਹੋਰ ਕਹਾਣੀਆਂ ਬਾਬੇ ਬਾਰੇ ਪ੍ਰਚਲਿਤ ਹਨ। ਇਥੇ ਹੋਰ ਗੱਲ ਧਿਆਨ ਦੇਣ ਵਾਲੀ ਹੈ ਕਿ ਮੀਡੀਆ ਤੇ ਹਾਕਮ ਜਮਾਤ ਨੇ ਬਾਬਾ ਦੇ ਹਸਪਤਾਲ ਖੋਹਲਣ ’ਤੇ ਹੋਰ ਸਮਾਜਿਕ ਸਰਗਰਮੀਆਂ ਨੂੰ ਕਾਫ਼ੀ ਪ੍ਰਚਾਰਿਆ। ਇਹ ਆਪਾ ਵਿਰੋਧੀ ਗੱਲ ਹੈ ਕਿ ਲੋਕਾਂ ਦਾ ਚਮਤਕਾਰੀ ਵਿਭੂਤੀ ਨਾਲ ਇਲਾਜ ਕਰਨ ਵਾਲੇ ਨੂੰ ਹਸਪਤਾਲ ਖੋਹਲਣ ਦੀ ਕੀ ਲੋੜ? ਬਸ ਇਕ ਚੁਟਕੀ ਰਾਖ ਤੇ ਰੋਗ ਨੂੰ ਛੂ-ਮੰਤਰ। ਇਸ ਤੋਂ ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਪੂਰੀ ਦੁਨੀਆਂ ’ਚ ਆਪਣੇ ਚਮਤਕਾਰਾਂ ਨਾਲ ਚਰਚਾ ’ਚ ਆਉਣ ਵਾਲਾ ਬੰਦਾ ਆਪਣੇ ਆਪ ਨੂੰ ਚਮਤਕਾਰ ਰੱਬ ਐਲਾਨਣ ਵਾਲਾ ਬੰਦਾ ਆਪਣੇ ਇਲਾਜ ’ਚ ਅਸਫਲ ਹੋ ਗਿਆ। ਉਸ ਬੰਦੇ ਦੀ ਮੌਤ ਦਿਲ ਦੀ ਅਸਫਲਤਾ ਕਰਕੇ ਹੋ ਗਈ। ਮੌਤ ਤੋਂ ਪਹਿਲਾਂ ਚੂਲੇ ’ਚ ਸੱਟ ਵਜਣ ਨਾਲ ਬਾਬਾ 2006 ਤੋਂ ਵੀਹਲ ਚੇਅਰ ’ਤੇ ਸੀ। ਬਾਬਾ ਖੁਦ ਨੂੰ ਸਿਰੜੀ ਦੇ ਸਾਈਂ ਬਾਬਾ ਦਾ ਅਵਤਾਰ ਦਸਦੇ ਰਹੇ ਅਤੇ ਆਪਣੇ ਚਮਤਕਾਰਾਂ ਨਾਲ ਜਨਤਾ ਨੂੰ ਭਰਮਾਉਂਦੇ ਰਹੇ ਅਤੇ ਲੋਕ ਉਹਨਾਂ ’ਤੇ ਐਵੇਂ ਹੀ ਵਿਸਵਾਸ਼ ਕਰਦੇ ਰਹੇ ਅਜਿਹਾ ਕਿਉਂ? ਇਸ ਦਾ ਕਾਰਨ ਧਾਰਮਿਕ ਗ੍ਰੰਥਾਂ ’ਚ ਲਿਖੀਆਂ ਪੁਨਰ ਜਨਮ ਦੀਆਂ ਗੱਲਾਂ ਹਨ ਜਿਹਨਾਂ ਨੇ

ਅੱਜ ਵੀ ਆਮ ਲੋਕਾਂ ਦੇ ਦਿਮਾਗ 'ਤੇ ਆਪਣੀ ਪਕੜ ਬਣਾ ਰਖੀ ਹੈ। ਇਸ ਤੋਂ ਇਲਾਵਾ ਹਾਕਮ ਜਮਾਤ ਨੇ ਕਦੀ ਵੀ ਅੰਧਵਿਸ਼ਵਾਸ਼ ਤੇ ਪੂਰੀ ਸੱਟ ਨਾ ਮਾਰ ਕੇ ਅਜੇਹੇ ਵਿਚਾਰਾਂ ਨੂੰ ਪਾਲਿਆ ਪੋਸਿਆ। ਉਸ ਨੇ ਵਿਗਿਆਨ ਦੇ ਨਾਲ-ਨਾਲ ਤਰਕ ਸਥਾਪਤ ਨਹੀਂ ਕੀਤਾ। ਵਿਗਿਆਨਕਤਾ ਨੂੰ ਸਥਾਪਤ ਨਹੀਂ ਕੀਤਾ। ਇਹੀ ਕਾਰਨ ਹੈ ਕਿ ਲੋਕਾਂ ਬਿਨਾਂ ਸੋਚੇ-ਸਮਝੇ, ਤਰਕਬਾਜੀ ਕਰੇ ਅਜਿਹੇ ਲੋਕਾਂ ਨੂੰ ਭਗਵਾਨ ਮੰਨਣ 'ਤੇ ਮਜ਼ਬੂਰ ਹੋ ਜਾਂਦੇ ਹਨ ਅਤੇ ਆਪਣੇ ਅਹਿਲੋਕ ਅਤੇ ਪ੍ਰਲੋਕ ਨੂੰ ਸੁਧਾਰਨ ਦਾ ਜ਼ਰੀਆ, ਮੁਕਤੀ ਦਾ ਰਾਹ ਇਹਨਾਂ ਬਾਬਿਆਂ ਨੂੰ ਮੰਨ ਲੈਂਦੇ ਹਨ। ਇਸ 'ਚ ਕੋਈ ਸ਼ੱਕ ਨਹੀਂ ਕਿ ਹਾਕਮਾਂ ਵਲੋਂ ਅੰਧ-ਵਿਸ਼ਵਾਸ, ਤਰਕਹੀਣਤਾ, ਪੁਨਰਜਨਮ ਦੇ ਸਿਧਾਂਤ ਦੇ ਲੰਮੇ ਦਾਅ ਤੋਂ ਫਾਇਦੇ ਸਨ। ਇਸ ਨਾਲ ਉਹਨਾਂ ਦੀ ਲੁਟੇਰੀ, ਜਾਬਰ ਤੇ ਬੇਰਹਿਮ ਵਿਵੱਸਥਾ ਦੀ ਉਮਰ ਲੰਬੀ ਹੋ ਜਾਂਦੀ ਹੈ। ਇਹ ਬਿਨਾਂ ਕਾਰਨ ਨਹੀਂ ਹੈ ਕਿ ਬਾਬੇ ਦੀ ਮੌਤ 'ਤੇ ਆਂਧਰਾ ਦੀ ਸਰਕਾਰ ਨੇ ਰਾਜਕੀ ਅਫਸੋਸ ਐਲਾਨ ਦਿੱਤਾ ਉਸ ਦੀ ਲਾਸ਼ ਨੂੰ ਕੌਮੀ ਝੰਡੇ 'ਚ ਲਪੇਟਿਆ ਗਿਆ।

ਸਾਰੇ ਰਾਜਸੀ ਆਗੂਆਂ, ਨੇਤਾਵਾਂ, ਮੰਤਰੀਆਂ, ਫਿਲਮੀ ਸਟਾਰਾਂ, ਖੇਡਾਰੀਆਂ, ਅਰਬ-ਪਤੀਆਂ ਤੋਂ ਇਲਾਵਾ ਪ੍ਰਧਾਨ ਮੰਤਰੀ ਤੇ ਸੋਨੀਆ ਗਾਂਧੀ ਵੀ ਆਪਣਾ ਅਫਸੋਸ ਪ੍ਰਗਟ ਕਰਨ ਲਈ ਆਂਧਰਾ ਪ੍ਰਦੇਸ਼ ਦੇ ਉਹਨਾਂ ਦੇ ਆਸ਼ਰਮ ਗਏ। ਆਧੁਨਿਕ ਪੂੰਜੀਵਾਦ ਬਾਬੇ ਦਾ ਟਰੱਸਟ ਸ੍ਰੀ ਸਤਿਆ ਸਾਈਂ ਸੈਂਟਰਲ ਟਰੱਸਟ ਕੋਲ 40000 ਕਰੋੜ ਰੁਪਏ ਦੀ ਜਾਇਦਾਦ ਹੈ। ਇਸ ਟਰੱਸਟ ਕੋਲ 638 ਏਕੜ ਜ਼ਮੀਨ ਹੈ ਜੋ ਹਸਪਤਾਲ, ਕਾਲਜ ਆਦਿ ਦਾ ਸੰਚਾਲਨ ਕਰਦਾ ਹੈ। ਜਿਸ ਨੂੰ ਕਰੋੜਾਂ ਦਾ ਦਾਨ ਦੇਸੀ-ਵਿਦੇਸ਼ੀ ਧਨਾਡਾਂ ਵਲੋਂ ਹਰ ਸਾਲ ਮਿਲਦਾ ਹੈ। ਸ਼ਾਇਦ ਦਾਨ ਦੇਣ ਵਾਲੇ ਇਹਨਾਂ ਧਨਾਡਾਂ ਨੇ ਆਪਣੇ ਪਾਪਾਂ ਦਾ ਪਛਤਾਵਾਂ ਇਸ 'ਚ ਦਿਸਦਾ ਹੈ। ਬਾਬੇ ਦੀ ਮੌਤ ਪਿੱਛੋਂ ਹੋਰ ਟਰੱਸਟੀਆਂ 'ਚ ਇਕ ਟਰੱਸਟੀ ਸਾਬਕਾ ਚੀਫ ਜਸਟਿਸ ਪੀ. ਐਨ. ਭਗਵਤੀ ਮੁੰਬਈ ਦੇ ਸੀ. ਏ. ਇੰਦਰਜਾਲ ਸ਼ਾਹ, ਸਾਬਕਾ ਕੇਂਦਰੀ ਵਿਜੀਲੈਂਸ ਕਮਿਸ਼ਨਰ ਐਸ. ਵੀ. ਗਿਰੀ ਸਨਅਤਕਾਰ ਤੇ ਸਾਬਕਾ ਕੰਨਫੇਡਰੇਸ਼ਨ ਆਫ ਇੰਡੀਅਨ ਇੰਡਸਟਰੀ ਸੀ. ਆਈ. ਆਈ. ਪ੍ਰਧਾਨ ਵੀ ਸ੍ਰੀ ਨਿਵਾਸਨ, ਬਾਬਾ ਦੇ ਭਤੀਜੇ ਆਰ. ਜੇ. ਰਤਨਾਕਰ ਹਨ। ਟ੍ਰਸਟ ਦੀ ਪ੍ਰਬੰਧਕ ਕਮੇਟੀ 'ਚ ਐਸ. ਐਸ. ਨਾਗਾਨੰਦ (ਬੰਗਲੌਰ ਦੇ ਵਕੀਲ) ਜੇ ਵੀ ਸ਼ੈਟੀ (ਸਾਬਕਾ ਚੇਅਰਮੈਨ ਕੇਨਰਾ ਬੈਂਕ) ਟੀਕੇ ਕੇਕੇ ਭਾਗਵਤ (ਸਾਬਕਾ ਚੇਅਰਮੈਨ ਭਾਰਤੀ ਓਵਰਸੀਜ਼ ਬੈਂਕ) ਅਤੇ ਕੇ ਚੱਕਰਵਤੀ (ਰਿਟਾਇਰਡ ਆਈ. ਏ. ਐਸ.) ਹਨ। ਦੇਸ਼ ਦੇ ਮੀਡੀਆ ਨੇ ਅਤੇ ਰਾਜਸੀ ਲੋਕਾਂ ਨੇ ਬਾਬਾ ਦੀ ਮੌਤ ਨੂੰ ਇਉਂ ਪੇਸ਼ ਕੀਤਾ ਜਿਵੇਂ ਕੋਈ ਮਹਾਨ ਆਤਮਾ ਇਸ ਧਰਤੀ ਤੋਂ ਚਲੀ ਗਈ ਹੈ।

ਬਾਬੇ ਦਾ ਜੀਵਨ ਇਕ ਸਰਮਾਏਦਾਰ ਵਾਂਗੂੰ ਗੁਜਰਿਆ। ਨੌਕਰਸ਼ਾਹ ਤੇ ਪੂੰਜੀਪਤੀਆਂ ਦੇ ਟਰੱਸਟੀ ਹੋਣ ਕਰਕੇ ਬਾਬਾ ਦੇ ਸਾਮਰਾਜ 'ਤੇ ਕਦੀ ਕੋਈ ਆਂਚ ਨਹੀਂ ਆਈ। ਬਗੈਰ ਕੋਈ ਮੇਹਨਤ ਕੀਤੇ ਬਾਬਾ ਨੇ 40000 ਕਰੋੜ ਦੀ ਜਾਇਦਾਦ ਇਕੱਠੀ ਕਰ ਲਈ। ਸ਼ਰਮਾਏਦਾਰ ਜਮਾਤ ਨੂੰ ਬਾਬਾ ਦੀ ਮੌਤ 'ਤੇ ਬੇਹੱਦ ਸਦਮਾ ਪਹੁੰਚਣਾ ਬਿਨਾਂ ਕਾਰਨ ਨਹੀਂ ਸੀ। ਅੱਜ ਜਦ ਲੋਕਾਂ ਦੀਆਂ ਦੁੱਖ ਤਕਲੀਫਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ ਤਾਂ ਐਸੇ ਬਾਬਾ ਲੋਕ ਹੀ ਲੋਕਾਂ ਨੂੰ ਆਪਣੇ ਵੱਲ ਖਿੱਚ ਕੇ ਉਹਨਾਂ ਦੀਆਂ ਸਮੱਸਿਆਵਾਂ ਦਾ ਅਧਿਆਤਮਕ ਤੇ ਮਿਥਕ ਹੱਲ ਕਰਨ ਦੀ ਕੋਸ਼ਿਸ਼ ਕਰਦੇ

ਹਨ। ਉਹ ਪੂੰਜੀਵਾਦ ਵਿਰੁੱਧ ਖੜ੍ਹੇ ਹੋਣ ਵਾਲੇ ਰੋਹ ਉਪਰ ਅਧਿਆਤਮਵਾਦ ਦਾ ਠੰਡਾ ਜਲ ਛਿੜਕ ਕੇ ਉਹਨਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਤਾਂ ਨਿਸਚੇ ਹੀ ਹਾਕਮਾਂ ਦੇ ਰਾਖੇ ਦਾ ਜਾਣਾ ਉਹਨਾਂ ਨੂੰ ਬੇਚੈਨ ਕਰੇਗਾ ਹੀ। ਅੱਜ ਦੇਸ਼ 'ਚ ਰਾਜ ਦੇ ਅਤਿਆਚਾਰ 'ਚ ਮਰਨ ਵਾਲੇ ਕਾਰਖਾਨਿਆਂ, ਖਾਣਾ 'ਚ ਅਸੁਰੱਖਿਅਤ ਕੰਮ ਦੀਆਂ ਹਾਲਤਾਂ 'ਚ ਮਰਨ ਵਾਲੇ ਮਜ਼ਦੂਰਾਂ, ਕਿਸਾਨਾਂ ਦੀਆਂ ਖੁਦਕੁਸ਼ੀਆਂ ਕੁਪੋਸ਼ਣ ਤੇ ਭੁੱਖ ਨਾਲ ਮਰਨ ਵਾਲਿਆਂ, ਜ਼ਮੀਨ ਹੜੱਪਣ ਦਾ ਵਿਰੋਧ ਕਰਨ ਵਾਲਿਆਂ ਆਦੀਵਾਸੀਆਂ ਤੇ ਕਿਸਾਨਾਂ ਦੀ ਮੌਤ 'ਤੇ ਇਹਨਾਂ 'ਚੋਂ ਕੋਈ ਬੇਚੈਨ ਹੋਣਾ ਤਾਂ ਦੂਰ ਦੀ ਗੱਲ, ਝੂਠਾ ਦੁੱਖ ਵੀ ਪ੍ਰਗਟ ਨਹੀਂ ਕਰਦੇ। ਦੇਸ਼ ਦੀ ਬਹੁਗਿਣਤੀ ਮੇਹਨਤਕਸ਼ ਅਬਾਦੀ ਜੋ ਇਸ ਸਮਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਦਿਨ ਰਾਤ ਪੈਦਾਵਾਰ ਕਰਦੀ ਹੈ, ਦੇਸ਼ ਨੂੰ ਚਲਾਉਂਦੀ ਹੈ। ਦੇਸ਼ 'ਚ ਸੁੰਦਰ ਤੇ ਹੈਰਾਨੀ ਜਨਕ ਉਸਾਰੀ ਕਾਰਜ ਨੂੰ ਨੇਪਰੇ ਚਾੜ੍ਹਦੀ ਹੈ। ਜਿਸ ਨੇ ਸਾਰੇ ਦੇਸ਼ ਦਾ ਭਾਰ ਆਪਣੇ ਮੋਢਿਆਂ 'ਤੇ ਚੁੱਕ ਰੱਖਿਆ ਹੈ। ਉਸ ਲਈ ਬਾਬੇ ਦੀ ਮੌਤ ਅਤੇ ਮੌਤ ਪਿੱਛੋਂ ਦਾ ਘਟਨਾਕ੍ਰਮ ਤੋਂ ਕੀ ਸਬਕ ਨਿਕਲਦਾ ਹੈ? ਸਬਕ ਇਹੀ ਹੈ ਕਿ ਪੂੰਜੀਵਾਦ 'ਚ ਪ੍ਰਜੀਵੀਆਂ ਦਾ ਹੀ ਗੁਣ ਗਾਣ ਹੁੰਦਾ ਹੈ। ਬਗੈਰ ਕਿਸੇ ਮੇਹਨਤ ਦੇ ਐਸ਼ ਕਰਨ ਵਾਲਿਆਂ ਨੂੰ ਭਗਵਾਨ ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਅਜਿਹੀਆਂ ਦੇ ਮਰਨ ਉਪਰ ਦੇਸ਼ ਨੂੰ ਅਫਸੋਸ ਗ੍ਰਸਿਤ ਕਰਾਰ ਦਿੱਤਾ ਜਾਂਦਾ ਹੈ ਪਰ ਉਸਾਰੀ ਕਰਨ ਵਾਲੀ ਮੇਹਨਤ ਨੂੰ ਨਫ਼ਰਤ ਨਾਲ ਵੇਖਿਆ ਜਾਂਦਾ ਹੈ। ਮੇਹਨਤਕਸ਼ਾਂ ਦੀ ਮੌਤ ਉਹਨਾਂ ਲਈ ਕੋਈ ਅਰਥ ਨਹੀਂ ਰੱਖਦੀ ਹੋਰ ਤਾਂ ਹੋਰ ਮੇਹਨਤ ਕਰਨ ਵਾਲਿਆਂ ਨੂੰ ਇਹ ਵਿਵਸਥਾ ਤੇ ਉਸ ਦੇ ਚਾਲਕ ਆਏ ਦਿਨ ਮੌਤ ਵੰਡਦੇ ਰਹਿੰਦੇ ਹਨ।

# ਅਮੀਰ ਦੇਵਤੇ ਬਨਾਮ ਗਰੀਬ ਲੋਕ

ਸਾਡਾ ਭਾਰਤ ਬਹੁਤ ਮਹਾਨ ਹੈ ਕਿਉਂਕਿ ਇਥੇ ਭਗਵਾਨ ਧਨਵਾਨ ਹੈ। ਇਹ ਇਸ ਲਈ ਕਿਉਂਕਿ ਫਟੇਹਾਲਾਂ ਦੇ ਇਸ ਦੇਸ਼ ਵਿੱਚ ਜਿੱਥੇ ਕਰੋੜਾਂ ਲੋਕਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੋ ਰਹੀ ਹੈ, ਪਰ ਇੱਥੋਂ ਦੇ ਸੈਂਕੜੇ ਮੰਦਰਾਂ 'ਚ ਅਰਬਾਂ-ਖਰਬਾਂ ਰੁਪਏ ਦੇ ਬੇਹੱਦ ਕੀਮਤੀ ਹੀਰੇ ਜਵਾਹਾਰਤ, ਸੋਨਾ-ਚਾਂਦੀ ਆਦਿ ਜਮ੍ਹਾ ਹਨ। ਸਿਰਫ਼ ਇੱਥੇ ਤਿਰੁਪਤੀ ਬਾਲਾ ਜੀ, ਸਿਰੜੀ ਦੇ ਸਾਈਂ ਅਤੇ ਤਿਰੁਵਨੰਤਪੁਰਮ ਦੇ ਅਦਮਾਨਾਭ ਸੁਆਮੀ ਹੀ ਅਰਬਪਤੀ ਨਹੀਂ ਹਨ। ਦੇਸ਼ 'ਚ ਕਈ ਅਜਿਹੇ ਮੰਦਰ ਹਨ ਜਿੱਥੇ ਹਰ ਰੋਜ ਲੱਖਾਂ ਦਾ ਚੜ੍ਹਾਵਾ ਚੜ੍ਹਦਾ ਹੈ। ਸਿਰਫ਼ ਮੰਦਰ ਹੀ ਨਹੀਂ ਦੇਸੀ ਰਿਆਸਤਾਂ ਦਾ ਖਜ਼ਾਨਾ ਵੀ ਇਸ ਕੜੀ ਦਾ ਹਿੱਸਾ ਹੈ। ਕੀ ਇਕ ਗਰੀਬ ਦੇਸ਼ ਵਿੱਚ ਇਸ ਤਰ੍ਹਾਂ ਮੰਦਰਾਂ ਤੇ ਰਿਆਸਤ ਦੇ ਖਜ਼ਾਨੇ 'ਚ ਧਨ ਦਾ ਜਮ੍ਹਾ ਹੋਣਾ ਅਰਥਚਾਰੇ ਲਈ ਸਹੀ ਹੈ?

ਖਬਰਾਂ ਮੁਤਾਬਕ ਪਿਛਲੇ ਦਿਨੀਂ ਤਿਰੁਣਨੰਤਪੁਰਮ ਦੇ ਪਰਮਾਨਾਭ ਸੁਆਮੀ ਮੰਦਰ ਤੋਂ ਮਿਲੇ ਖਜਾਨੇ ਦੀ ਕੀਮਤ ਪੰਜ ਲੱਖ ਕਰੋੜ ਰੁਪਏ ਤਕ ਹੋ ਸਕਦੀ ਹੈ। 1947 ਦੀ ਸੱਤਾ ਬਦਲੀ ਸਮੇਂ ਦੇਸ਼ ਦੇ ਚਾਰ ਵੱਡੇ ਖੁਲਾਸਿਆਂ ਪਿੱਛੋਂ ਸੁਪਰੀਮ ਕੋਰਟ ਦੇ ਜੱਜ ਜਸਟਿਸ ਕ੍ਰਿਸ਼ਨਾ ਅਈਅਰ ਦਾ ਕਹਿਣਾ ਸੀ ਕਿ ਇੱਕ ਲੱਖ ਕਰੋੜ ਰੁਪਏ 'ਚ ਤਿੰਨ ਸਾਲ ਤੱਕ ਦੇਸ਼ ਦੀ ਰੁਜ਼ਗਾਰ ਗਰੰਟੀ ਯੋਜਨਾ ਦਾ ਕੰਮ ਚਲ ਸਕਦਾ ਹੈ। ਪਦਨ੍ਹਾਭ ਸੁਆਮੀ ਮੰਦਰ ਸਬੰਧੀ ਇੰਡੀਅਨ ਕੌਂਸਿਲ ਆਫ ਹਿਸਟੋਰੀਕਲ ਰਿਸਰਚ (ICHR) ਦੇ ਸਾਬਕਾ ਚੇਅਰਮੈਨ ਐਮ. ਜੀ. ਐਸ. ਨਰਾਇਣ ਕਹਿੰਦੇ ਹਨ ਕਿ ਖਜਾਨਾ ਮੰਦਰ ਦੀ ਹੀ ਮਲਕੀਅਤ ਹੈ, ਸਰਕਾਰ ਇਕੱਲੀ ਕੋਈ ਇਕ ਤਰਫਾ ਫੈਸਲਾ ਨਹੀਂ ਲੈ ਸਕਦੀ। ਵੈਸੇ ਹੀ ਕੇਸ ਸੁਪਰੀਮ ਕੋਰਟ 'ਚ ਮੁਲਤਵੀ ਹੈ ਅਤੇ ਅਦਾਲਤ ਦੀ ਪਹਿਲਕਦਮੀ ਕਰਕੇ ਹੀ ਖਜਾਨਾ ਸਾਹਮਣੇ ਆਇਆ। ਅਜਿਹੇ 'ਚ ਖਜਾਨੇ ਦੇ ਭਵਿੱਖ ਦਾ ਫੈਸਲਾ ਸੁਪਰੀਮ ਕੋਰਟ ਹੀ ਕਰੇਗੀ। ਸਰਕਾਰ ਦੇ ਕਬਜੇ 'ਚ ਪਹਿਲਾਂ ਹੀ ਕਈ ਰਾਜ ਘਰਾਣਿਆਂ ਦੇ ਖਜਾਨੇ ਹਨ।

ਮਿਸਾਲ ਵਜੋਂ ਹੈਦਰਾਬਾਦ ਦੇ ਨਿਜਾਮ ਤੇ ਜੰਮੂ ਕਸ਼ਮੀਰ ਦੀ ਸਾਬਕਾ ਰਿਆਸਤ ਦਾ ਖਜਾਨਾ। ਜੰਮੂ ਦੇ ਖਜਾਨੇ ਦੀ ਮੌਜੂਦਾ ਕੀਮਤ ਕਰੀਬ 20 ਹਜ਼ਾਰ ਕਰੋੜ ਰੁਪਏ ਮੰਗੀ ਗਈ ਹੈ। ਕਰਨ ਸਿੰਘ ਦਾ ਮਾਲਕਾਣਾ ਹੱਕ ਦਾ ਦਾਅਵਾ ਖਾਰਿਜ ਹੋਣ ਪਿੱਛੋਂ ਇਹ ਖਜਾਨਾ ਜੰਮੂ ਕਸ਼ਮੀਰ ਸਰਕਾਰ ਦੇ ਕਬਜੇ 'ਚ ਗਿਆ ਪਰ ਇਸ ਬਾਰੇ ਅੱਜ ਘੱਟ ਲੋਕਾਂ ਨੂੰ ਹੀ ਪਤਾ ਹੈ। ਜੰਮੂ ਯੂਨੀਵਰਸਿਟੀ ਦੇ ਇਤਿਹਾਸ ਦੇ ਐਸੋਸੀਏਟ ਪ੍ਰੋਫੈਸਰ ਡਾ. ਸਲਿੰਦਰ ਸਿੰਘ ਕਹਿੰਦੇ ਹਨ" ਖਜਾਨੇ ਨੂੰ ਸ੍ਰੀ ਨਗਰ ਸ਼ਿਫਟ ਕੀਤਾ ਗਿਆ ਤਾਂ ਇਸ ਦੀਆਂ ਕਈ ਚੀਜ਼ਾਂ ਗਾਇਬ ਹੋ ਗਈਆਂ ਪਰ ਸਰਕਾਰ ਨੇ ਚੁੱਪ ਵੱਟ ਰੱਖੀ ਹੈ। ਇਹੀ ਹਾਲ ਨਿਜਾਮ ਦੇ ਖਜਾਨੇ ਦਾ ਹੈ। ਜਿਸ ਨੂੰ 1967 'ਚ ਸਰਕਾਰ ਨੇ 240 ਕਰੋੜ ਰੁਪਏ 'ਚ ਲੈ ਲਿਆ ਸੀ। ਨਿਜਾਮ ਟਰੱਸਟ ਦੇ ਟਰੱਸਟੀ ਸ਼ਹਿਦ ਹੁਸੈਨ ਦਸਦੇ ਹਨ ਕਿ ਉਸ ਵਕਤ ਇਸ ਖਜਾਨੇ ਦੇ ਜਾਣਕਾਰਾਂ ਨੇ ਅਸਲੀ ਕੀਮਤ ਢਾਈ ਤੋਂ ਸੱਤ ਹਜ਼ਾਰ ਕਰੋੜ ਮੰਗੀ ਸੀ। ਇਕੱਲਾ ਜੈਕਬ ਹੀਰਾ ਹੀ 400 ਕਰੋੜ ਰੁਪਏ ਦੀ ਕੀਮਤ ਦਾ ਸੀ। ਅਸੀਂ ਨਹੀਂ ਜਾਣਦੇ ਇਸ ਪਿਛੋਂ ਸਰਕਾਰ ਨੇ ਕੀ ਕੀਤਾ? ਜਦ ਕਿ ਇਹਨਾਂ ਇਤਿਹਾਸਕ ਵਿਰਾਸਤਾਂ ਪ੍ਰਤੀ ਪੂਰੀ ਪਾਰਦਰਸ਼ਤਾਂ ਹੋਣੀ ਚਾਹੀਦੀ ਹੈ। ਬੇਹਤਰ ਹੋਵੇ

ਸਰਕਾਰ ਜਨਹਿਤ ਦੇ ਕੰਮਾਂ 'ਚ ਇਹਨਾਂ ਦੇ ਬੇਹਤਰ ਵਰਤੋਂ ਕਰੇ। ਘਟੋ ਘੱਟ ਪਤਾ ਤਾਂ ਹੋਵੇ ਕਿ ਸਰਕਾਰ ਦੀ ਸਕੀਮ ਹੈ ਕੀ? ਇਹਨਾਂ ਅਨੁਭਵਾਂ ਤੋਂ ਜਾਹਿਰ ਹੈ ਕਿ ਸਿਰਫ਼ ਸਰਕਾਰਾਂ ਦੇ ਭਰੋਸੇ ਕੁਝ ਨਹੀਂ ਛੱਡਿਆ ਜਾ ਸਕਦਾ।

ਕਈ ਕਿਤਾਬਾਂ ਦੇ ਲੇਖਕ ਪ੍ਰਸਿੱਧ ਇਤਿਹਾਸਕਾਰ ਦਵਿੰਦਰ ਹਾਂਡਾ ਸਾਫ਼ ਕਹਿੰਦੇ ਹਨ ਕਿ ਕਹਿਣ ਨੂੰ ਤਾਂ ਸਰਕਾਰਾਂ ਜਨਹਿਤ ਲਈ ਕੰਮ ਕਰ ਰਹੀਆਂ ਹਨ ਪਰ ਲੋਕਾਂ ਨੂੰ ਹੀ ਭਰੋਸਾ ਨਹੀਂ ਹੈ ਕਿ ਉਹ ਖਜਾਨਿਆਂ ਬਾਰੇ ਪੂਰੀ ਇਮਾਨਦਾਰੀ ਨਾਲ ਕੰਮ ਕਰਨਗੀਆਂ। ਹੋਣਾ ਤਾਂ ਇਹ ਚਾਹੀਦਾ ਹੈ ਕਿ ਖਜਾਨੇ ਦੀ ਦੇਖਰੇਖ ਕਰ ਰਹੇ ਮੰਦਰਾਂ ਦੇ ਮੌਜੂਦਾ ਟਰੱਸਟ ਹੀ ਸਕੂਲ, ਕਾਲਜ, ਹਸਪਤਾਲ ਤੇ ਰੁਜ਼ਗਾਰ ਦੀਆਂ ਯੋਜਨਾਵਾਂ 'ਤੇ ਅਮਲ ਕਰਨਾ। ਉਹ ਪਾਰਦਰਸ਼ੀ ਹੋ ਕੇ ਸਰਕਾਰ ਨੂੰ ਬੇਹਤਰ ਕਰ ਸਕਦੇ ਹਨ। ਵੈਸੇ ਖਜਾਨਿਆਂ ਦੀ ਦੌਲਤ ਬੁਨਿਆਦੀ ਤੌਰ 'ਤੇ ਤਾਂ ਲੋਕਾਂ ਦੀ ਹੀ ਹੈ ਜਿਸ ਨੂੰ ਰਾਜ ਪ੍ਰੀਵਾਰਾਂ ਨੇ ਮੰਦਰਾਂ ਦੇ ਹਵਾਲੇ ਕੀਤਾ ਜਾਂ ਆਪਣੇ ਕਬਜੇ ਵਿੱਚ। ਅਜੇਹੇ ਸਬੂਤ ਹਨ ਕਿ ਸੋਕਾ, ਅਕਾਲ, ਮਹਾਂਮਾਰੀ ਹੜ੍ਹ ਵਰਗੀਆਂ ਕੁਦਰਤੀ ਆਫਤਾਂ ਸਮੇਂ ਪਹਿਲਾਂ ਮੰਦਰ ਹੀ ਆਮ ਲੋਕਾਂ ਦੀ ਮਦਦ ਕਰਦੇ ਸਨ।

ਇਤਿਹਾਸਕਾਰਾਂ ਦਾ ਮਤ ਇਹ ਵੀ ਹੈ ਕਿ ਸਭ ਖਜਾਨਿਆਂ ਨੂੰ ਇਕ ਨੀਤੀ ਨਿਯਮ ਦੇ ਦਾਇਰੇ 'ਚ ਲਿਆਂਦਾ ਜਾਵੇ। ਅਕੈਡਮੀ ਆਫ ਇੰਡੀਅਨ ਨਿਊ ਮਿਸਮੇ-ਟਿਕਸ ਦੇ ਨਿਰਦੇਸ਼ਕ ਡਾ. ਐਸ. ਕੇ ਭੱਟ ਇਸ ਲਈ ਇਕ ਕੌਮੀ ਕਮਿਸ਼ਨ ਦੀ ਲੋੜ ਸਮਝਦੇ ਦਸਦੇ ਹਨ ਕਿ, "ਤਿੰਨ ਸਾਲ ਲਈ ਇਸ ਕਮਿਸ਼ਨ 'ਚ ਇਮਾਨਦਾਰ, ਉਦਯੋਗਪਤੀਆਂ, ਅਰਥ-ਸ਼ਾਸਤਰੀਆਂ, ਕਾਨੂੰਨਵੰਦਾਂ, ਕਿਰਤ ਯੂਨੀਅਨਾਂ ਤੇ ਸਿਵਲ ਸੁਸਾਇਟੀ ਦੇ ਨੁਮਾਇੰਦਿਆਂ ਨੂੰ ਲਿਆ ਜਾਵੇ ਸਭ ਤੋਂ ਪਹਿਲਾਂ ਮਾਲਦਾਰ ਮੰਦਰਾਂ ਤੇ ਰਾਜ ਘਰਾਣਿਆਂ ਦੇ ਖਜਾਨਿਆਂ ਦੀ ਇਕ ਸੂਚੀ ਬਣਨੀ ਚਾਹੀਦੀ ਹੈ ਤਾਂ ਕਿ ਦੇਸ਼ ਨੂੰ ਪਤਾ ਲੱਗ ਸਕੇ ਕਿ ਤਹਿਖਾਨਿਆਂ ਜਾਂ ਗੁਪਤ ਤਿਜੌਰੀਆਂ 'ਚ ਪਈ ਕਿੰਨੀ ਦੌਲਤ ਦੇਸ਼ ਕੋਲ ਹੈ। ਫਿਰ ਇਸ ਦੀ ਵਰਤੋਂ 'ਤੇ ਬਹਿਸ ਹੋਣੀ ਚਾਹੀਦੀ ਹੈ।"

ਡਾ. ਭੱਟ ਦੀ ਰਾਇ ਹੈ ਕਿ ਕੌਮੀ ਵਿਕਾਸ 'ਚ ਇਸ ਦਾ ਸਹਿਯੋਗ ਹੋਵੇ, ਕਿਉਂਕਿ ਇਹ ਲੋਕਾਂ ਦੀ ਹੀ ਜਾਇਦਾਦ ਹੈ। ਰਾਜਿਆਂ ਨੂੰ ਟੈਕਸ ਜਨਤਾ ਹੀ ਦਿੰਦੀ ਸੀ ਜਿਸ ਦੀ ਵਰਤੋਂ ਉਹਨਾਂ ਨੇ ਮੰਦਰ-ਮਕਬਰੇ ਬਣਾਉਣ 'ਚ ਕੀਤੀ। ਪਦਮਾਨ 'ਚ ਸਵਾਮੀ ਮੰਦਰ ਦੇ ਅਚਾਨਕ ਖੁਲੇ ਖਜਾਨੇ ਤੋਂ ਪਤਾ ਲੱਗਿਆ ਕਿ ਇਕ ਇਕੱਲੇ ਮੰਦਰ 'ਚ ਜਮ੍ਹਾ ਦੌਲਤ ਕਈ ਰਾਜਾਂ ਦੇ ਬਜਟ ਤੋਂ ਵੀ ਜ਼ਿਆਦਾ ਹੈ। ਸਰਕਾਰ ਦੀਆਂ ਕੋਈ ਅਹਿਮ ਯੋਜਨਾਵਾਂ ਦੇ ਸਲਾਨਾ ਬਜਟ ਤੋਂ ਵੀ ਵੱਧ ਹੈ। ਅਜੇਹੇ 'ਚ ਦੂਜੇ ਮੰਦਰਾਂ, ਮਹਿਲਾਂ ਤੇ ਕਿਲ੍ਹਿਆਂ 'ਚ ਛੁਪੀ ਦੌਲਤ ਦਾ ਅੰਕੜਾ ਕਿੰਨਾ ਹੋਵੇਗਾ? ਜਿਵੇਂ ਜੈਪੁਰ ਦੇ ਜੈਗੜ੍ਹ ਕਿਲੇ ਦਾ ਖੁਫੀਆ ਖਜਾਨਾ ਜਿਸ ਨੂੰ ਖੋਜਣ ਦੀਆਂ ਸਾਰੀਆਂ ਕੋਸ਼ਿਸ਼ਾਂ ਸਰਕਾਰੀ ਪੱਧਰ 'ਤੇ 1975-76 'ਚ ਕੀਤੀਆਂ ਜਾ ਚੁੱਕੀਆਂ ਹਨ। ਇਤਿਹਾਸਕਾਰਾਂ ਦਾ ਕਹਿਣਾ ਹੈ ਕਿ 1947 ਪਿਛੋਂ ਕਈ ਰਿਆਸਤਾਂ ਆਪਣੀ ਜਮ੍ਹਾ ਪੂੰਜੀ ਦੱਬ ਕੇ (ਲਕੋਕੇ) ਬੈਠ ਗਈਆਂ ਸਨ। ਰਾਜਸੀ ਤੌਰ 'ਤੇ ਤਾਕਤਵਰ ਰਾਜ ਘਰਾਣਿਆਂ ਨੇ ਵੀ ਆਪਣੇ ਖਜਾਨੇ ਬਚਾ ਲਏ। ਮਸ਼ਹੂਰ ਇਤਿਹਾਸਕਾਰ ਇਰਫਾਨ ਹਬੀਬੀ ਦਾ ਨਜ਼ਰੀਆ ਵੱਖਰਾ ਹੈ" ਇਹ ਖਜਾਨੇ ਸਿਰਫ਼ ਜਾਇਦਾਦ ਹੀ ਨਹੀਂ ਹਨ। ਇਸ ਨੂੰ ਅੱਜ ਦੀ ਕਰੰਸੀ 'ਚ ਨਹੀਂ ਤੋਲਨਾ ਚਾਹੀਦਾ। ਇਹ ਸਦੀਆਂ ਪੁਰਾਣੀ ਇਤਿਹਾਸਕ ਵਿਰਾਸਤ ਹੈ। ਇਹੀ

ਇਸ ਦਾ ਅਸਲੀ ਮੁੱਲ ਹੈ। ਇਸ ਨੂੰ ਅਜਾਇਬ ਘਰਾਂ 'ਚ ਭੇਜ ਕੇ ਇਸ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਕਿ ਦੁਨੀਆਂ ਵੇਖੇ ਕਿ ਭਾਰਤ ਕਿਸ ਤਰ੍ਹਾਂ ਸੋਨੇ ਦੀ ਚਿੜੀ ਸੀ।''

ਖਜਾਨੇ ਸਿਰਫ਼ ਮੰਦਰਾਂ ਤੇ ਰਾਜ ਘਰਾਣਿਆਂ ਤਕ ਹੀ ਸੀਮਤ ਨਹੀਂ ਹਨ। ਅਕਸਰ ਪੁਰਾਤਤਵ ਖੁਦਾਈਆਂ ਅਤੇ ਅਚਾਨਕ ਵੀ ਪ੍ਰਾਚੀਨ ਮਹੱਤਵ ਦੀਆਂ ਕੀਮਤੀ ਵਸਤਾਂ ਉਜਾਗਰ ਹੁੰਦੀਆਂ ਰਹਿੰਦੀਆਂ ਹਨ। ਜਿਵੇਂ ਦਿੱਲੀ 'ਚ ਆਈ. ਆਈ. ਦੀ ਇਮਾਰਤ ਦੀ ਉਸਾਰੀ ਵੇਲੇ ਅਲਾਉਦੀਨ ਖਿਲਜੀ ਦੀ ਟਕਸਾਲ ਤੇ ਹਜ਼ਾਰਾਂ ਸਿਕੇ ਮਿਲੇ ਸਨ। ਇਹ ਆਰਕੋਲੇਜੀਕਲ ਸਰਵੇ ਆਫ ਇੰਡੀਆ ਦੇ ਸੰਗ੍ਰਹਿ 'ਚ ਮੌਜੂਦ ਹਨ। 1996 'ਚ ਉਤਰੀ ਅਫਗਾਨਿਸਤਾਨ ਦੇ ਬਗਲਾਨ ਨਾਂ ਦੀ ਥਾਂ ਉਪਰ ਰਕਰੀਬ 20 ਹਜ਼ਾਰ ਸੋਨੇ ਦੀਆਂ ਮੂਰਤੀਆਂ ਦਾ ਖਜਾਨਾ ਹੱਥ ਲੱਗਿਆ ਸੀ। ਇਹ ਖੋਜ ਦੁਨੀਆਂ ਭਰ 'ਚ ਚਰਚਿਤ ਰਹੀ। ਇਹ ਪਤਾ ਨਹੀਂ ਲੱਗ ਸਕਿਆ ਕਿ ਕਿਸ ਨੇ ਇਹਨਾਂ ਮੂਰਤੀਆਂ ਨੂੰ ਦੱਬਕੇ ਛੱਡ ਦਿੱਤਾ। 1946 ਰਾਜਸਥਾਨ 'ਚ ਬਿਆਨਾ ਪਾਸ ਗੁਪਤ ਕਾਲ ਦੇ ਸੋਨੇ ਦੇ 21 ਸੌ ਤੋਂ ਵੱਧ ਸਿਕਿਆਂ ਦਾ ਖਜੀਰਾ ਇਕ ਖੇਤ 'ਚੋਂ ਮਿਲਿਆ ਸੀ। ਇਹ ਸਿਕੇ ਮਟਕਿਆਂ 'ਚ ਭਰ ਕੇ ਰੱਖੇ ਹੋਏ ਸਨ। ਭਰਤਪੁਰ ਰਿਆਸਤ ਨੇ ਇਹਨਾਂ ਨੂੰ ਅਪਣੇ ਕਬਜੇ 'ਚ ਲੈ ਕੇ ਸੁਰੱਖਿਅਤ ਰੱਖਿਆ। ਹਰਿਆਣਾ ਦੇ ਸੁਘ ਪਿੰਡ ਵਿੱਚ ਪੰਜਾਬ ਯੂਨੀਵਰਸਿਟੀ ਦੀ ਇਕ ਖੋਜ ਵਿੱਚ ਅਸ਼ੋਕ ਦੇ ਸਮੇਂ ਦਾ ਬਣਿਆ ਸਤੂਪ ਅਤੇ ਸੋਨੇ ਚਾਂਦੀ ਦੇ ਸਿਕੇ ਹੱਥ ਲੱਗੇ ਸਨ। ਪੰਜਾਬ 'ਚ ਦੇਵਗੜ੍ਹ 'ਚ ਪਿੰਡ ਵਾਲਿਆਂ ਨੂੰ ਨੀਂਹ ਪੁਟਦੇ ਸਮੇਂ ਚਾਂਦੀ ਦੇ ਇਕ ਹਜ਼ਾਰ ਸਿੱਕੇ ਮਿਲੇ। ਇਸ ਪ੍ਰੋਜੈਕਟ ਨਾਲ ਜੁੜੇ ਰਹੇ ਡਾ. ਹਾਂਡਾ ਕਹਿੰਦੇ ਹਨ ਕਿ ਸਾਡੀ ਕਮੀ ਇਹ ਹੈ ਕਿ ਸਾਨੂੰ ਆਪਣੀ ਵਿਰਾਸਤ ਮਾਰਕਿਟਿੰਗ ਨਹੀਂ ਆਉਂਦੀ। ਇਹ ਭਾਵੇਂ ਹੀ ਛੋਟੇ ਖਜਾਨੇ ਹਨ, ਇਸ ਦਾ ਇਤਿਹਾਸਕ ਮੁੱਲ ਵੀ ਹੈ। ਸਭ ਤਰ੍ਹਾਂ ਦੀਆਂ ਇਹਨਾਂ ਦੌਲਤਾਂ ਲਈ ਕੋਈ ਨੀਤੀ ਨਿਯਮ ਬਣਨੇ ਚਾਹੀਦੇ ਹਨ। ਤਿਰੁਅਨੰਤਪੁਰਮ ਦੇ ਪਦਮਾਨਾਭ ਸੁਆਮੀ 'ਚ ਮਿਲੇ ਖਜਾਨੇ ਦਾ ਖੁਲਾਸਾ ਕਰਦਿਆਂ ਮੁਲਅੰਕਣ ਕਰਨ ਵਾਲਿਆਂ ਨੂੰ ਇਸ ਦੀ ਕੀਮਤ ਦਾ ਅੰਦਾਜਾ ਲਾਉਣ ਅਤੇ ਪੰਜ ਲੱਖ ਕਰੋੜ 'ਚ ਪੰਜ ਦੇ ਅੰਕ ਪਿੱਛੋਂ ਲੱਗਣ ਵਾਲੀ ਜੀਰੋ ਦਾ ਪਤਾ ਲਾਉਣ 'ਚ ਕੁਝ ਸਮਾਂ ਲੱਗਿਆ। ਕੋਚੀ ਦੇ ਇਸ ਮੰਦਰ ਵਿੱਚ ਕਈ ਦਹਾਕਿਆਂ ਤੋਂ ਇਹ ਖਜਾਨਾ ਦੱਬਿਆ ਪਿਆ ਸੀ। ਕਰੀਬ ਦਸ ਦਿਨ ਪਹਿਲਾਂ ਕਾਫੀ ਘੱਟ ਲੋਕਾਂ ਨੂੰ ਇਸ ਮੰਦਰ ਬਾਰੇ ਜਾਣਕਾਰੀ ਸੀ। ਅੱਜ ਹਾਲਾਤ ਇਹ ਹੈ ਕਿ ਦੇਸ਼ ਤੇ ਵਿਦੇਸ਼ਾਂ ਦੇ ਅਖਬਾਰ ਅਤੇ ਚੈਨਲਾਂ ਨੂੰ ਮੰਦਰ ਦਾ ਮਹੀਨਾ ਲੈਣ 'ਚ ਦਿੱਕਤ ਆ ਰਹੀ ਹੈ।

ਇਹ ਮੰਦਰ ਅੱਜ ਸ਼ਾਇਦ ਵਿਸ਼ਵ ਦਾ ਸਭ ਤੋਂ ਵੱਧ ਅਮੀਰ ਧਾਰਮਿਕ ਥਾਂ ਬਣ ਗਈ ਹੈ। ਇਸ 'ਚ ਮਿਲੀਆਂ ਬਹੁਮੁੱਲੀਆਂ ਵਸਤੂਆਂ ਵੇਟਿਕਨ ਦੇ ਕੁਲ ਖਜਾਨੇ ਤੋਂ ਵੀ, ਵੱਧ ਕੀਮਤ ਦੀਆਂ ਹਨ। ਇੱਥੋਂ ਤਕ ਕਿ ਇਸ 'ਚ ਮਿਲ ਰਹੇ ਖਜਾਨੇ ਨੇ ਪੋਪ ਨੂੰ ਹੈਰਾਨੀ 'ਚ ਪਾ ਦਿੱਤਾ ਹੈ ਅਤੇ ਉਹਨਾਂ ਨੇ ਇਸ ਦੀ ਪੂਰੀ ਜਾਣਕਾਰੀ ਲਈ ਅਤੇ ਸ਼ਾਇਦ ਇਸ ਲਈ ਕਦੀ ਸੋਨੇ ਦੀ ਚਿੜੀ ਰਹੇ ਭਾਰਤ ਅਤੇ ਇੱਥੋਂ ਦੇ ਮੰਦਰਾਂ 'ਤੇ ਵਿਦੇਸ਼ੀ ਤਾਕਤਾਂ ਨੇ ਕਈ ਵਾਰ ਹਮਲਾ ਕੀਤਾ। ਇਕ ਵਾਰੀ ਬਾਲੀਵੁੱਡ ਹੀਰੋ ਅਮਿਤਾਬ ਬਚਨ ਨੇ ਤ੍ਰਿਪਤੀ ਬਾਲਾ ਜੀ ਮੰਦਰ 'ਚ ਇਕ ਛਤਰ ਭੇਂਟ ਕੀਤਾ ਸੀ। ਜਿਸ 'ਚ 10 ਕਰੋੜ ਰੁਪਏ ਮੁੱਲ ਦੇ ਹੀਰੇ ਜੜੇ ਹੋਏ ਸਨ ਤੇ ਇਹ ਸਿਰਫ਼ ਇਕ ਮਿਸਾਲ

ਹੈ। ਪਤਾ ਨਹੀਂ ਅਜੇਹੀਆਂ ਕਿੰਨੀਆਂ ਹੀ ਉਦਾਹਰਣਾਂ ਹੋਣਗੀਆਂ। ਇੱਕ ਅੰਦਾਜੇ ਅਨੁਸਾਰ ਤਿਰੁਪਤੀ ਬਾਲਾ ਜੀ ਮੰਦਰ 'ਚ ਸਲਾਨਾ ਇਕ ਕਰੋੜ ਸ਼ਰਧਾਲੂ ਆਉਂਦੇ ਹਨ ਅਤੇ ਜੇ ਇਹ ਮੰਨ ਲਿਆ ਜਾਵੇ ਕਿ ਸਭ ਨੇ ਘਟੋ ਘੱਟ ਪੰਜਾਹ ਰੁਪਏ ਮੰਦਰ 'ਚ ਦਾਨ ਵਜੋਂ ਦਿੱਤੇ ਹਨ ਤਾਂ ਵੀ ਕੁਲ ਰਕਮ ਦੀ ਕਲਪਨਾ ਕੀਤੀ ਜਾ ਸਕਦੀ ਹੈ। ਪਿੱਛੇ ਜਿਹੇ ਹੀ ਪੁਟਪਰਥੀ ਦੇ ਸਤਿਆ ਸਾਈਂ ਬਾਬਾ ਦੇ ਦੇਹਾਂਤ ਪਿੱਛੋਂ ਉਹਨਾਂ ਦੇ ਨਿੱਜੀ ਚੈਂਬਰ 'ਚੋਂ ਮਿਲੇ ਖਜਾਨੇ ਜਿਸ 'ਚ ਸੋਨਾ, ਚਾਂਦੀ ਤੇ ਹੀਰੇ ਸ਼ਾਮਲ ਸਨ, ਨੂੰ ਵੀ ਨਹੀਂ ਭੁੱਲ ਸਕਦੇ। ਸਾਈਂ ਬਾਬਾ ਸੈਂਟਰਲ ਟਰੱਸਟ ਦੀ ਕੁਲ ਜਾਇਦਾਦ ਦੀ ਕੀਮਤ ਕਰੀਬ 40000 ਕਰੋੜ ਮੰਗੀ ਗਈ ਹੈ ਅਤੇ ਇਹ ਸਭ ਦਾਨ ਦੇ ਪੈਸੇ ਨਾਲ ਤਿਆਰ ਹੋਈ ਹੈ ਅਤੇ ਜਦ ਇਹ ਖਜਾਨਾ ਦੁਨੀਆਂ ਦੇ ਸਾਹਮਣੇ ਆ ਰਿਹਾ ਹੈ, ਦੇਸ਼ 'ਚ ਕਾਲੇ ਧਨ ਦੇ ਖਿਲਾਫ਼ ਸੰਘਰਸ਼ ਵੀ ਚਲ ਰਹੇ ਹਨ ਪਰ ਕੇਂਦਰ ਸਰਕਾਰ ਦੇ ਰਵੱਈਏ ਤੋਂ ਸਾਫ਼ ਹੈ ਕਿ ਮਜ਼ਬੂਤ ਲੋਕਪਾਲ ਬਿੱਲ ਪਾਸ ਕਰਨ ਦੀ ਮੰਗ, ਵਿਦੇਸ਼ੀ ਬੈਂਕਾਂ 'ਚ ਜਮ੍ਹਾ ਕਾਲਾ ਧਨ ਵਾਪਸ ਲਿਆਉਣ ਦੀ ਮੰਗ ਸਰਕਾਰੀ ਲਾਲ ਫੀਤਾ ਸ਼ਾਹੀ 'ਚ ਉਲਝਣ ਵਾਲੀਆਂ ਹਨ ਕੀ ਇਹਨਾਂ ਹਾਲਤਾਂ 'ਚ ਧਾਰਮਿਕ ਥਾਵਾਂ 'ਤੇ ਮਿਲੇ ਖਜਾਨੇ ਨੂੰ ਗਰੀਬਾਂ ਦੇ ਹੱਕ ਵਿੱਚ ਖਰਚ ਨਹੀਂ ਕੀਤਾ ਜਾਣਾ ਚਾਹੀਦਾ ਜਾਂ ਘੱਟੋ ਘੱਟ ਇਸ ਪਾਸੇ ਕਦਮ ਨਹੀਂ ਚੁੱਕਣਾ ਚਾਹੀਦਾ।

ਅਜੇਹੇ ਦੇਸ਼ 'ਚ ਜਿੱਥੇ ਬਹੁਤੇ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ ਉਥੇ ਇਸ ਖਜਾਨੇ ਨੂੰ ਮੰਦਰ ਦੇ ਪੁਜਾਰੀਆਂ ਦੇ ਭਰੋਸੇ ਤਹਿਖਾਨੇ 'ਚ ਕਿਵੇਂ ਛੱਡਿਆ ਜਾ ਸਕਦਾ ਹੈ ਜਿਸ ਨਾਲ ਲੱਖਾਂ ਭੁੱਖੇ ਪੇਟ ਭਰੇ ਜਾ ਸਕਦੇ ਹਨ। ਭਗਵਾਨ ਦੇ ਹੀਰੇ ਸੋਨੇ ਤੇ ਸਿਲਕ ਦੇ ਬਣੇ ਕੱਪੜੇ ਪਹਿਨਾਉਣ ਦੀ ਬਜਾਏ ਖੁਦ ਭਗਵਾਨ ਨਹੀਂ ਚਾਹੁਣਗੇ ਕਿ ਉਸ ਪੈਸੇ ਦੀ ਵਰਤੋਂ ਉਹਨਾਂ ਬੱਚਿਆਂ ਦੀ ਪੜ੍ਹਾਈ ਲਿਖਾਈ ਲਈ ਹੋਵੇ ਜਿਹਨਾਂ ਕੋਲ ਪੜ੍ਹਨ ਲਈ ਪੈਸਾ ਨਹੀਂ ਹੈ। ਦੇਸ਼ ਦਾ ਕੋਈ ਵੀ ਮੰਦਰ ਆਪਣੀ ਬੈਲੇਂਸ ਸ਼ੀਟ ਜਨਤਕ ਨਹੀਂ ਕਰਦਾ ਹੈ। ਆਓ ਕੁਝ ਅੰਦਾਜ਼ਿਆਂ ਤੇ ਨਜ਼ਰ ਮਾਰੀਏ ਤਿਰਪੁਤੀ ਬਾਲਾ ਜੀ ਮੰਦਰ ਦੀ, ਮਿਸਾਲ ਹੀ ਲੈਂਦੇ ਹਾਂ ਸਿਰਫ਼ ਤਿਰੁਪਤੀ ਬਾਲਾ ਜੀ ਮੰਦਰ 'ਚ ਹਰ ਮਹੀਨੇ ਭਗਤ 20 ਲੱਖ ਅਮਰੀਕੀ ਡਾਲਰ ਦਾਨ ਦਿੰਦੇ ਹਨ। 2007 'ਚ ਤਿਰੁਪਰੀ ਮੰਦਰ ਦੇ ਮਨੁੱਖ ਦੇ ਇਕ ਵਾਲ ਦੀ ਨਿਲਾਮੀ ਰਾਹੀਂ ਕਰੀਬ ਇਕ ਅਰਬ ਰੁਪਏ (25 ਕਰੋੜ ਅਮਰੀਕੀ ਡਾਲਰ) ਦੀ ਰਕਮ ਇਕੱਠੀ ਕੀਤੀ ਗਈ ਸੀ। ਮੰਦਰ 'ਚ ਦਾਖਲੇ ਲਈ ਵੇਚੀਆਂ ਜਾਣ ਵਾਲੀਆਂ ਟਿਕਟਾਂ ਦੇ ਬਦਲੇ 'ਚ 2007 ਵਿੱਚ ਕਰੀਬ ਇਕ ਅਰਬ ਰੁਪਏ (2.5 ਕਰੋੜ ਅਮਰੀਕੀ ਡਾਲਰ) ਦੀ ਰਕਮ ਹਾਸਲ ਕੀਤੀ ਗਈ ਸੀ। ਜਦਕਿ 2007 ਵਿੱਚ ਭਗਵਾਨ ਨੂੰ ਪ੍ਰਸ਼ਾਦ ਵਜੋਂ ਚੜ੍ਹਾਏ ਜਾਣ ਵਾਲੇ ਲੱਡੂਆਂ ਦੀ ਵਿਕਰੀ ਤੋਂ ਕਰੀਬ 41 ਕਰੋੜ ਰੁਪਏ (ਇਕ ਕਰੋੜ ਅਮਰੀਕੀ ਡਾਲਰ) ਦੀ ਰਕਮ ਜੁਟਾਈ ਗਈ ਸੀ। ਤਿਰੁਪਰੀ ਤਿਰੁਪਤੀ ਬਾਲਾ ਜੀ ਮੰਦਰ ਦੀ ਦੇਖ ਰੇਖ ਕਰਨ ਵਾਲੇ ਟਰੱਸਟ ਤਿਰੁਪਤੀ ਦੇਵ ਸਥਾਨਮ ਨੇ 2008 'ਚ ਕਰੀਬ 20 ਅਰਬ ਰੁਪਏ (500 ਮਿਲੀਅਨ ਅਮਰੀਕੀ ਡਾਲਰ) ਦੇ ਬਜਟ ਦਾ ਐਲਾਨ ਕੀਤਾ ਸੀ।

ਮੰਦਰ ਨੂੰ ਮਿਲਣ ਵਾਲੇ ਦਾਨ ਦੇ ਮੁੱਦੇ ਨੂੰ ਕਈ ਲੋਕਾਂ ਨੇ ਉਠਾਇਆ ਤੇ ਕਿਹਾ ਕਿ ਇਸ ਰਕਮ ਦੀ ਵਰਤੋਂ ਆਮ ਲੋਕਾਂ ਦੀ ਭੁਲਾਈ ਲਈ ਹੋ ਸਕਦੀ ਹੈ। ਪਰ ਆਲੋਚਕਾਂ ਨੇ ਉਹਨਾਂ ਨੂੰ ਚੁੱਪ ਕਰਵਾ ਦਿੱਤਾ। ਉਸ 'ਚ ਬਹੁਤੇ ਜਣੇ ਲੀਡਰ ਸਨ

ਜਿਹਨਾਂ ਦਾ ਕਹਿਣਾ ਸੀ ਕਿ ਇਹਨਾਂ ਮੰਦਰਾਂ 'ਚ ਮੌਜੂਦ ਧਨ ਤੇ ਟਰੱਸਟ ਭਗਵਾਨ ਦਾ ਹੈ ਤੇ ਪਦਮਾਨਾਭ ਸੁਆਮੀ ਮੰਦਰ ਸਬੰਧੀ ਇਹ ਤ੍ਰਾਵਣਕੋਰ ਸ਼ਾਹੀ ਪ੍ਰੀਵਾਰ ਦਾ ਹੈ।

ਹੁਣ ਸੁਆਲ ਇਹ ਹੈ ਕਿ ਜੇ ਭਗਵਾਨ ਆਪਣੇ ਲੋਕਾਂ ਦੀ ਦੇਖਭਾਲ ਨਹੀਂ ਕਰਨਗੇ ਤਾਂ ਕੌਣ ਕਰੇਗਾ? ਪੁਟਪਰਥੀ ਦੇ ਨੇੜ੍ਹੇ ਇਕ ਵੈਨ 'ਚ ਰਕਮ ਮਿਲਣ ਪਿੱਛੋਂ ਸਤਿਆ ਸਾਈਂ ਬਾਬਾ ਦੇ ਰਿਸ਼ਤੇਦਾਰਾਂ ਤੇ ਟਰੱਸਟ ਦੇ ਮੈਂਬਰਾਂ ਤੋਂ ਪੁਛ ਪੜਤਾਲ ਕੀਤੀ ਗਈ ਸੀ। ਮੰਦਰਾਂ ਤੇ ਆਸ਼ਰਮਾ 'ਚ ਮੌਜੂਦ ਪੈਸੇ ਤੇ ਖਜਾਨੇ ਦੀ ਦੇਖਭਾਲ ਕਰ ਰਹੇ ਕੁਝ ਮੁੱਠੀ ਭਰ ਲੋਕ ਖਜਾਨੇ ਦੀ ਗਲਤ ਵਰਤੋਂ ਨਹੀਂ ਕਰਨਗੇ। ਇਸ ਗੱਲ ਤੋਂ ਇਹਨਾਂ ਨੂੰ ਕੌਣ ਰੋਕੇਗਾ? ਕਿਉਂਕਿ ਮੰਦਰ ਦੇ ਪੈਸੇ ਜਾਂ ਖਜਾਨੇ ਦੀ ਰਖਵਾਲੀ ਮੁਠੀਭਰ ਲੋਕ ਕਰ ਰਹੇ ਹਨ ਤੇ ਇਸ ਗੱਲ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ ਕਿ ਕਿੰਨਾ ਪੈਸਾ ਇਕੱਠਾ ਹੋਇਆ ਹੈ, ਅਜੇਹੇ 'ਚ ਸਾਨੂੰ ਇਸ ਗੱਲ ਦਾ ਭਰੋਸਾ ਕਿਵੇਂ ਹੋ ਸਕਦਾ ਹੈ ਕਿ ਮੰਦਰ ਦੀ ਜਾਇਦਾਦ ਦੀ ਗਲਤ ਵਰਤੋਂ ਨਹੀਂ ਹੋਵੇਗੀ। ਜਿੱਥੋਂ ਤੱਕ ਗੱਲ ਦਾਨ ਤੇ ਖਜਾਨੇ ਦੇ ਅਲਕਾਨਾ ਹੱਕ ਭਗਵਾਨ ਦੇ ਕੋਲ ਹੋਣ ਦੀ ਗੱਲ ਹੈ ਤਾਂ ਕੀ ਪ੍ਰਮਾਤਮਾ ਲਈ ਅਜਿਹੀਆਂ ਦੁਨਿਆਵੀਂ (ਭੌਤਿਕ) ਚੀਜ਼ਾਂ ਦਾ ਕੋਈ ਮਹੱਤਵ (ਕੀਮਤ) ਹੈ? ਇਕ ਹੋਰ ਤੱਥ ਤਿਰੁਪਤੀ ਬਾਲਾ ਜੀ ਮੰਦਰ ਦਾ ਸਲਾਨਾ ਡਿਪਾਜਟ 1000 ਕਰੋੜ ਅਤੇ ਸਲਾਨਾ ਆਮਦਨ 600 ਕਰੋੜ ਰੁਪੈ ਹੈ। ਸਾਈ ਬਾਬਾ ਮੰਦਰ ਦਾ ਨਿਵੇਸ਼ 427 ਕਰੋੜ ਰੁਪੈ ਹੈ ਆਮਦਨੀ 165 ਕਰੋੜ ਰੁਪੈ। ਗਹਿਣੇ ਹੀਰੇ 32-24 ਕਰੋੜ ਰੁਪੈ ਹੈ।

# ਮੁਨਾਫੇ ਦੀ ਹਵਸ਼ ਬਨਾਮ ਮਜ਼ਦੂਰਾਂ ਦੀ ਚੀਕਾਂ

ਜਦ 26 ਜਨਵਰੀ ਨੂੰ ਦਿੱਲੀ 'ਚ ਗਣਤੰਤਰ ਦਿਵਸ ਦੀਆਂ ਤਿਆਰੀਆਂ ਬਹੁਤ ਜੋਰਾਂ ਸ਼ੋਰਾਂ ਨਾਲ ਚਲ ਰਹੀਆਂ ਸਨ। ਠੀਕ ਉਸੇ ਵੇਲੇ ਦਿੱਲੀ ਦੇ ਤੁਗਲਕਾਬਾਦ 'ਚ ਚਲ ਰਹੀ ਨਜਾਇਜ਼ ਫੈਕਟਰੀ 'ਚ ਹੋਏ ਧਮਾਕੇ 'ਚ 12 ਮਜ਼ਦੂਰ ਮਾਰੇ ਗਏਅਤੇ 6 ਤੋਂ ਵੱਧ ਜਖ਼ਮੀ ਹੋ ਗਏ। ਬੇਕਸੂਰ ਮਜ਼ਦੂਰਾਂ ਦੀ ਮੌਤ ਦੇਸ਼ ਦੀ ਹਾਕਮ ਜਮਾਤ ਦੇ ਜਸ਼ਨ 'ਚ ਕੋਈ ਖਲਲ ਨਹੀਂ ਪਾ ਸਕੇ। ਇਸ ਲਈ ਮਜ਼ਦੂਰਾਂ ਦੀ ਮੌਤ ਦੀ ਇਸ ਖਬਰ ਨੂੰ ਦਬਾ ਦਿੱਤਾ ਗਿਆ। ਕੁਝ ਰੋਜਾਨਾ ਅਖਬਾਰਾਂ ਨੇ ਖਾਨਾਪੂਰਤੀ ਲਈ ਇਸ ਘਟਨਾ ਦੀ ਇਕ ਕਾਲਮ ਦੀ ਇਕ ਛੋਟੀ ਜਿਹੀ ਖਬਰ ਦੇ ਦਿੱਤੀ। ਉਹ ਵੀ ਨਾ ਜਾਣੇ ਲੋਕਾਂ ਸਾਹਮਣੇ ਇਸ ਘਟਨਾ ਨੂੰ ਲਿਆਉਣ ਲਈ ਦਿੱਤੀ ਸੀ ਜਾਂ ਕਾਰਖਾਨਾ ਮਾਲਕ ਤੋਂ ਆਪਣਾ ਹਿੱਸਾ ਲੈਣ ਲਈ। ਇਸ ਫੈਕਟਰੀ ਦਾ ਮਾਲਕ ਮਾਸਟਰ ਮੁੰਨਾ ਰਾਮ ਨਾਂ ਦਾ ਇਕ ਅਪਰਾਧਿਕ ਸਖਸ਼ ਹੈ। ਉਂਜ ਤਾਂ ਫੈਕਟਰੀ ਮਾਲਕ ਮਾਸਟਰ ਮੁੰਨਾ ਰਾਮ 'ਤੇ ਪੁਲਸ ਨੇ ਕਈ ਮੁਕੱਦਮੇ ਦਰਜ ਕੀਤੇ ਹਨ ਪਰ ਘਟਨਾ ਦੇ ਦੋ ਹਫ਼ਤਿਆਂ ਪਿੱਛੋਂ ਵੀ ਮਾਸਟਰ ਮੁੰਨਾ ਰਾਮ ਦਿੱਲੀ ਪੁਲਸ ਦੇ ਹੱਥ ਨਹੀਂ ਆਇਆ ਹੈ। ਅਜਿਹਾ ਤਦ ਹੈ ਜਦ ਘਟਨਾ 'ਚ ਮਾਸਟਰ ਮੁੰਨਾ ਰਾਮ ਦਾ ਬੇਟਾ ਸ਼ਮੀਮ ਖਾਨ ਵੀ ਜ਼ਖ਼ਮੀ ਹੋਇਆ ਹੈ। ਜਿਸ ਦੇ ਨਾਂ ਹੇਠ ਫੈਕਟਰੀ ਚਲ ਰਹੀ ਸੀ।

ਕਿਰਤ ਵਿਭਾਗ ਨੇ ਆਪਣੀ ਨੱਕ ਬਚਾਉਣ ਲਈ ਫੈਕਟਰੀ ਨੂੰ ਸੀਲ ਕਰਕੇ ਮੁਆਵਜ਼ੇ ਲਈ ਨੋਟਿਸ ਚਿਪਕਾ ਦਿੱਤਾ। ਇਸ ਨੋਟਿਸ 'ਚ 12 ਮ੍ਰਿਤਕ ਮਜ਼ਦੂਰਾਂ ਤੇ 7 ਜ਼ਖ਼ਮੀ ਮਜ਼ਦੂਰਾਂ ਦਾ ਵੀ ਨਾਂ ਸੀ ਜਿਸ 'ਚ ਮ੍ਰਿਤਕਾਂ ਦੇ ਪ੍ਰੀਵਾਰਾਂ ਨੂੰ 5-5 ਲੱਖ ਰੁਪਏ ਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਹੁਕਮ ਸੀ। ਪਰ ਪ੍ਰੀਵਾਰਾਂ ਨੂੰ ਤਾਂ ਮੁਆਵਜੇ ਬਾਰੇ ਕੁਝ ਪਤਾ ਹੀ ਨਹੀਂ ਸੀ। ਦੁਰਘਟਨਾ 'ਚ ਜ਼ਖਮੀ ਰਿਜ਼ਵਾਨ ਦੇ ਪਿਤਾ ਕੱਲੂ ਦੇ ਦਸਣ ਅਨੁਸਾਰ ਮੁਆਵਜੇ ਦੀ ਰਕਮ ਬਾਰੇ ਉਹਨਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਤੇ ਮਾਲਿਕ ਮਾਸਟਰ ਮੁੰਨਾ ਨੇ ਸ਼ੁਰੂਆਤੀ ਦਿਨਾਂ 'ਚ ਆਪਣੀ ਦਲਾਲ ਰਾਹੀਂ ਦੁਰਘਟਨਾ ਨੂੰ ਦਬਾਉਣ ਲਈ ਕੁਝ ਮਜ਼ਦੂਰਾਂ ਨੂੰ ਪੰਜ-ਦਸ ਹਜ਼ਾਰ ਰੁਪਏ ਦਿੱਤੇ ਸਨ ਪਰ ਜਦ 4 ਫਰਵਰੀ ਨੂੰ ਫੈਕਟਰੀ ਸੀਲ ਹੋਈ ਅਤੇ ਮੁਆਵਜੇ ਦਾ ਨੋਟਿਸ ਲੱਗਿਆ ਤਾਂ ਉਸ ਨੇ ਮਜ਼ਦੂਰਾਂ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਸਭ ਮਜ਼ਦੂਰਾਂ ਦੀ ਤਨਖਾਹ ਅਜੇ ਬਕਾਇਆ ਹੈ ਤੇ ਹੋ ਸਕਦਾ ਹੈ ਕਿ ਉਹ ਵੀ ਨਾ ਮਿਲ ਸਕੇ। ਤੁਗਲਕਾ ਬਾਦ ਏਕਸ ਗਲੀ ਨੰ: 8 ਦੇ ਜਿਸ ਇਲਾਕੇ 'ਚ ਇਹ ਘਟਨਾ ਹੋਈ ਉਹ ਕੋਈ ਸ਼ਨਅਤੀ ਖੇਤਰ ਨਹੀਂ ਬਲਕਿ ਰਿਹਾਇਸ਼ੀ ਇਲਾਕਾ ਸੀ। ਇੱਥੇ ਕੋਈ ਘਰਾਂ 'ਚ ਐਕਸਪੋਰਟ ਗਾਰਮੈਂਟਸ ਦੀਆਂ ਫੈਕਟਰੀ ਲੱਗੀਆ ਹੋਈਆਂ ਹਨ। ਇਹਨਾਂ 'ਚੋਂ ਜ਼ਿਆਦਾਤਰ 'ਚ 10 ਤੋਂ 100 ਮਜ਼ਦੂਰ ਤਕ ਕੰਮ ਕਰਦੇ ਹਨ।

ਮੇਸ਼ਰਸ ਅਮੇਜਿੰਗ ਕ੍ਰਿਇਅੰਸ਼ ਫੈਕਟਰੀ ਵੀ ਉਹਨਾਂ 'ਚੋਂ ਇਕ ਸੀ ਜਿੱਥੇ ਔਰਤ ਮਜ਼ਦੂਰਾਂ ਅਨੁਸਾਰ 100 ਤੋਂ 150 ਔਰਤ-ਮਰਦ ਮਜ਼ਦੂਰ ਕੰਮ ਕਰਦੇ ਸਨ। ਇਸ 'ਚ ਔਰਤਾਂ ਨੂੰ 130 ਰੁਪਏ ਦਿਹਾੜੀ ਤੇ ਮਰਦ ਮਜ਼ਦੂਰਾਂ ਨੂੰ ਲਗਾਤਾਰ ਰਾਤ ਦੀ ਸ਼ਿਫਟ ਵਿੱਚ ਵੀ ਸਿੰਗਲ ਰੇਟ ਦਿਹਾੜੀ 'ਤੇ ਕੰਮ 'ਤੇ ਲਾ ਦਿੱਤਾ ਜਾਂਦਾ ਸੀ। ਮਜ਼ਦੂਰਾਂ ਦੀ ਕਾਰਜ ਦਸਾ ਸਾਫ਼ ਦਸਦੀ ਹੈ ਕਿ ਮਜ਼ਦੂਰ ਕਿਸੇ ਕਾਰਖਾਨੇ 'ਚ ਨਹੀਂ ਬਲਕਿ ਕਿਸੇ

ਕੈਦਖਾਨੇ ’ਚ ਸਜ਼ਾ ਕੱਟ ਰਹੇ ਸਨ। ਸਿਰਫ਼ 65 ਗਜ਼ ’ਚ ਖੜ੍ਹੀ ਕੀਤੀ ਗਈ 4 ਮੰਜਿਲਾਂ ਇਮਾਰਤ ਹੈ ਇਹ ਜਿਸ ਦੀ ਚੌੜਾਈ ਸਿਰਫ਼ 10 ਫੁੱਟ ਹੈ। ਇਸ ਦੀ ਇਕ ਮੰਜਿਲ ’ਤੇ 17 ਆਟੋਮੈਟਿਕ ਸਿਲਾਈ ਮਸ਼ੀਨਾਂ ਨਾਲ ਕੰਮ ਕੀਤਾ ਜਾਂਦਾ ਸੀ। ਦੂਜੀ ਮੰਜਿਲ ’ਤੇ ਕਟਿੰਗ ਟੇਬਲ ’ਤੇ ਕਟਿੰਗ ਮਜ਼ਦੂਰ ਕੰਮ ਕਰਦੇ ਸੀ। ਚੌਥੀ ਮੰਜਿਲ ’ਤੇ ਅੱਡਾ ਲੱਗਿਆ ਹੋਇਆ ਸੀ ਜਿਸ ’ਚ ਮਜ਼ਦੂਰ ਸਿਤਾਰੇ ਲਾਉਂਦੇ ਸਨ। ਇਸ ਮੰਜਿਲ ’ਤੇ ਕੱਪੜਾ ਸਾਫ਼ ਕਰਨ ਵਾਲੀ ਹਾਈਡ੍ਰੋ ਏਕਸਟ੍ਰੇਕਚਰ ਮਸ਼ੀਨ ਰੱਖੀ ਹੋਈ ਸੀ ਜੋ ਪੈਟਰੋਲ ਨਾਲ ਕੱਪੜੇ ਦੀ ਸਫਾਈ ਕਰਦੀ ਸੀ। ਇਹ ਮਸ਼ੀਨ ਫਲੇਮ ਪਰੂਫ ਨਹੀਂ ਸੀ। ਇਸ ਕਾਰਨ ਉਸ ਵਿੱਚ ਸਪਾਰਕ ਨਾਲ ਇਕੋ ਇਕ ਵਿਸਫੋਟ ਹੋਇਆ ਅਤੇ ਚਾਰੇ ਪਾਸੇ ਅੱਗ ਫੈਲ ਗਈ। ਉਸ ਸਮੇਂ ਮਸ਼ੀਨ ’ਚ ਕਰੀਬ ਤੀਹ ਤੋਂ 40 ਲਿਟਰ ਪੈਟਰੋਲ ਸੀ। ਹੁਣ ਤੁਸੀਂ ਖੁਦ ਸਮਝ ਸਕਦੇ ਹੋ ਕਿ ਏਨੀ ਘੱਟ ਥਾਂ ’ਤੇ ਏਨੇ ਮਜ਼ਦੂਰ ਕਿਵੇਂ ਕੰਮ ਕਰਦੇ ਹੋਣਗੇ ਅਤੇ ਅੱਗ ਲੱਗਣ ’ਤੇ ਕੀ ਹੋਇਆ ਹੋਵੇਗਾ। ਹੁਣ ਉਦਯੋਗ ਵਿਭਾਗ, ਕਿਰਤ ਵਿਭਾਗ, ਦਿੱਲੀ ਪ੍ਰਦੂਸ਼ਣ ਕੰਟਰੋਲ ਸੁਸਾਇਟੀ ਪੁਲਸ ਪ੍ਰਸਾਸ਼ਨ ਸਭ ਇਸ ਹਾਦਸੇ ਦੀ ਜ਼ਿੰਮੇਵਾਰੀ ਤੋਂ ਪੱਲਾਂ ਝਾੜ ਰਹੇ ਹਨ।

ਕਿਰਤ ਵਿਭਾਗ ਦਾ ਕਹਿਣਾ ਹੈ ਕਿ ਨਜ਼ਾਇਜ ਫੈਕਟਰੀਆਂ ’ਚ ਮਜ਼ਦੂਰਾਂ ਦੀਆਂ ਕੰਮ ਕਰਨ ਦੀਆਂ ਹਾਲਤਾਂ, ਸੁਰੱਖਿਆ ਉਪਰਕਣਾ ਦੀ ਜਾਂਚ ਲਈ ਉਹਨਾਂ ਦੀ ਜੁਆਬਦੇਹੀ ਨਹੀਂ ਹੈ। ਜਾਹਿਰਾ ਤੌਰ ’ਤੇ ਕਾਨੂੰਨੀ ਤੌਰ ’ਤੇ ਨਜਾਇਜ਼ ਫੈਕਟਰੀਆਂ ਨੂੰ ਰੋਕਣ ਦਾ ਕੰਮ ਪੁਲਸ ਪ੍ਰਸਾਸ਼ਨ ਦਾ ਹੈ ਪਰ ਸੁਆਲ ਇਹ ਹੈ ਕਿ ਕੀ ਕੌਮੀ ਰਾਜਧਾਨੀ ਦਿੱਲੀ ਦੇ ਜਾਇਜ ਸਨਅਤੀ ਖੇਤਰਾਂ ’ਚ ਮਜ਼ਦੂਰਾਂ ਦੀਆਂ ਕੰਮ ਦੀਆਂ ਹਾਲਤਾ ’ਤੇ ਸੁਰੱਖਿਆ ਉਪਕਰਣ ਬੇਹਤਰ ਹਨ? ਅਸੀਂ ਸਭ ਜਾਣਦੇ ਹਾਂ ਕਿ ਆਏ ਦਿਨ ਸਨਅਤੀ ਖੇਤਰਾਂ ’ਚ ਮਜ਼ਦੂਰਾਂ ਦੇ ਨਾਲ ਦੁਰਘਟਨਾਵਾਂ ਤੇ ਉਹਨਾਂ ਦੀਆਂ ਮੌਤਾ ਹੁੰਦੀਆਂ ਰਹਿੰਦੀਆਂ ਹਨ। ਨੋਇਡਾ ਦੇ ਆਈ ਈ. ਡੀ ਕਾਰਖਾਨੇ ਦੇ ਮਜ਼ਦੂਰਾਂ ਦੇ ਨਾਲ ਹੋਣ ਵਾਲੀਆਂ ਦੁਰਘਟਨਾਵਾਂ ਬਾਰੇ ਰੀਪੋਟ ਆਈ ਸੀ। ਬਦਲੀ ’ਚ ਲੋਹੇ ਦੀ ਪੱਤੀ ਲੱਗਣ ਨਾਲ ਹੋਈਆਂ ਮਜ਼ਦੂਰਾਂ ਦੀਆਂ ਮੌਤਾਂ ’ਤੇ ਵੀ ਰੀਪੋਟ ਦਿੱਤੀ ਗਈ। ਇਹ ਰੀਪੋਟਾਂ ਦਾ ਸਿਰਫ਼ ਸਾਗਰ ਦੀਆਂ ਬੂੰਦਾਂ ਬਰਾਬਰ ਹਨ ਅਸਲ ’ਚ ਅਜਿਹੀਆਂ ਦੁਰਘਟਨਾਵਾਂ ਦੀ ਗਿਣਤੀ ਸੰਭਵ ਹੀ ਨਹੀਂ ਹੈ। ਕਿਰਤ ਵਿਭਾਗ ਆਪਣਾ ਕੰਮ ਕਿੰਨੀ “ਮੁਸਤੈਦੀ” ਨਾਲ ਕਰਦਾ ਹੈ। ਇਹ ਹਰ ਮਜ਼ਦੂਰ ਜਾਣਦਾ ਹੈ। ਇਹ ਵੀ ਸੱਚ ਹੈ ਕਿ ਕਿਰਤ ਵਿਭਾਗ ਕੋਲੇ ਏਨੇ ਕਰਮਚਾਰੀ ਵੀ ਨਹੀਂ ਹਨ ਜੋ ਹਰ ਮਹੀਨੇ ਫੈਕਟਰੀਆ ਦੀ ਜਾਂਚ ਲਈ ਜਾ ਸਕਣ।

ਮੌਜੂਦਾ ਸਮੇਂ ’ਚ ਦਿੱਲੀ ’ਚ 29 ਵੱਡੇ ਸਨਅਤੀ ਖੇਤਰਾਂ ਲਈ ਇਕ ਚੀਫ ਇਨਸਪੈਕਟਰ ਆਫ ਫੈਕਟਰੀ ਸਮੇਤ ਕੁਲ 11 ਲੋਕ ਤੇ ਇਕ ਡਾਕਟਰ ਦੀ ਟੀਮ ਹੈ ਜੋ ਸਹੀ ਅਰਥਾਂ ਵਿੱਚ ਏਨੇ ਸਾਰੇ ਸਨਅਤੀ ਖੇਤਰਾਂ ਲਈ, ਨਾਕਾਫੀ ਹੈ। ਪਰ ਇੱਥੇ ਸੁਆਲ ਸਿਰਫ਼ ਸਟਾਫ ਦੀ ਕਮੀ ਦਾ ਜਾਂ ਲਾਹਪ੍ਰਵਾਹੀ ਦਾ ਨਹੀਂ ਬਲਕਿ ਪ੍ਰਸਾਸ਼ਨ ਤੰਤਰ ਦੀ ਮੰਸ਼ਾ ਦਾ ਵੀ ਹੈ। ਕੀ ਪੂੰਜੀਵਾਦੀ ਪ੍ਰਸਾਸ਼ਨ ਤੰਤਰ ਮਜ਼ਦੂਰ ਨੂੰ ਇਕ ਨਾਗਰਿਕ ਦਾ ਦਰਜਾ ਦਿੰਦਾ ਹੈ? ਅੰਕੜੇ ਦਸ ਰਹੇ ਹਨ ਕਿ ਅੱਜ ਦੇਸ਼ ਦੀ 93 ਫੀਸਦੀ ਮਜ਼ਦੂਰ ਅਬਾਦੀ ਗੈਰ-ਜਥੇਬੰਦ ਖੇਤਰ ਵਿੱਚ ਕੰਮ ਕਰਦੀ ਹੈ ਜਿੱਥੇ ਮਜ਼ਦੂਰਾਂ ਦੀ ਦਸ਼ਾ ਬੋਲਣ ਵਾਲੇ ਪੁਰਜੇ ਤੋਂ ਵੱਧ ਕੁਝ ਨਹੀਂ ਹੈ। ਉਹਨਾਂ ਦੇ ਲਈ ਜ਼ਿੰਦਗੀ ਦਾ ਮਤਲਬ

12–14 ਘੰਟੇ ਸਿੰਗਲ ਰੇਟ ’ਤੇ ਕੰਮ ਕਰਨਾ ਹੈ। ਵੈਸੇ ਵੀ ਉਦਾਰੀਕਰਣ, ਨਿੱਜੀਕਰਣ ਦੇ ਦੌਰ ’ਚ ਘੱਟੋ ਘੱਟ ਮਜ਼ਦੂਰੀ–ਕਾਨੂੰਨ, ਫੈਕਟਰੀ ਐਕਟ 1948, ਕਰਮਚਾਰੀ ਰਾਜ ਬੀਮਾ ਕਾਨੂੰਨ, ਠੇਕਾ ਮਜ਼ਦੂਰੀ ਕਾਨੂੰਨ 1971, ਕਾਮਗਾਰ ਮੁਆਵਜਾ ਕਾਨੂੰਨ ਸਿਰਫ਼ ਕਾਗਜ਼ਾਂ ਦੀ ਸ਼ੋਭਾ ਵਧਾਉਣ ਲਈ ਹੀ ਰਹਿ ਗਏ ਹਨ। ਜੋ ਹੱਕ ਮਜ਼ਦੂਰਾਂ ਨੇ ਬੜੀ ਕੁਰਬਾਨੀ ਦੇ ਕੇ ਹਾਸਲ ਕੀਤੇ ਸਨ ਅੱਜ ਉਹਨਾਂ ਨੂੰ ਇਕ ਇਕ ਕਰਕੇ ਖੋਹਿਆ ਜਾ ਰਿਹਾ ਹੈ। ਬਚੇ ਖੁਚੇ ਕਾਨੂੰਨ ਸਿਰਫ਼ ਕਾਗਜ਼ਾਂ ’ਤੇ ਹੀ ਮੌਜੂਦ ਹਨ ਅਤੇ ਉਹ ਵੀ ਮਾਲਕਾਂ ਤੇ ਠੇਕੇਦਾਰਾਂ ਦੀ ਜੇਬ ’ਚ ਰਹਿੰਦੇ ਹਨ।

ਕਿਰਤ ਕਾਨੂੰਨ ’ਚ ਚਪੜਾਸੀ ਤੋਂ ਲੈ ਕੇ ਮੰਤਰੀ ਤਕ ਲੁੱਟ ਦੀ ਇੱਕ ਪੂਰੀ ਲੜੀ ਹੈ। ਬੱਸ ਆਪ ਪੈਸਾ ਸੁਟੋ ਤੇ ਤਮਾਸ਼ਾ ਵੇਖੋ। ਵੈਸੇ ਵੀ ਰਾਜਧਾਨੀ ’ਚ ਤੁਗਲਕਾਬਾਦ ਇਕੱਲਾ ਅਜਿਹਾ ਇਲਾਕਾ ਨਹੀਂ ਹੈ। ਜਿੱਥੇ ਨਜਾਇਜ ਫੈਕਟਰੀਆਂ ਚਲ ਰਹੀਆਂ ਹਨ। ਗਾਂਧੀਨਗਰ, ਸਲੀਮਪੁਰ, ਵੇਲਕਮ, ਸੰਗਮ, ਵਿਹਾਰ, ਗੋਬਿੰਦਪੁਰੀ ’ਚ ਐਕਸਪੋਰਟ ਗਾਰਮੈਂਟਸ ਦੇ ਹਬ ਹਨ ਜਿੱਥੇ ਹਜ਼ਾਰਾਂ ਮਜ਼ਦੂਰ ਦੂਰ ਨੇਕੇ ਦਿਹਾੜੀ ਪੀਸਰੇਟ ’ਤੇ ਕੰਮ ਕਰਦੇ ਹਨ ਅਤੇ ਅਜਿਹਾ ਵੀ ਨਹੀਂ ਹੈ ਕਿ ਇਹਨਾਂ ਸਨਅਤਾਂ ਬਾਰੇ ਕਿਰਤ ਵਿਭਾਗ ਨੂੰ ਪਤਾ ਨਾ ਹੋਵੇ। ਅਸਲ ’ਚ ਤਾਂ ਇਹ ਕਿਰਤ ਵਿਭਾਗ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਜਿਹੇ ਸਭ ਉਦਯੋਗਾਂ ਨੂੰ ਉਹ ਫੈਕਟਰੀ ਐਕਟ ਦੇ ਦਾਇਰੇ ਵਿੱਚ ਲਿਆਉਣ ਜਿੱਥੇ ਬਿਜਲੀ ਦੀ ਸਹਾਇਤਾ ਨਾਲ 10 ਮਜ਼ਦੂਰ ਕਿਸੇ ਉਸਾਰੀ ਕੰਮ ’ਚ ਲੱਗੇ ਹੋਣ ਜਾਂ ਫਿਰ 20 ਮਜ਼ਦੂਰ ਬਿਨਾਂ ਬਿਜਲੀ ਕੁਨੈਕਸ਼ਨ ਦੇ ਦਿਸੇ ਉਸਾਰੀ ਕੰਮ ’ਚ ਲੱਗੇ ਹੋਣ ਪਰ ਸੁਆਲਤਾਂ ਇਹ ਹੈ ਕਿ ਜਦ ਕਿਰਤ ਵਿਭਾਗ ਨਿਯਮਤ ਉਦਯੋਗ ’ਚ ਕਿਰਤ ਕਾਨੂੰਨ ਲਾਗੂ ਨਹੀਂ ਕਰਵਾ ਰਿਹਾ ਹੈ ਤਾਂ ਨਜਾਇਜ ਫੈਕਟਰੀਆਂ ਦੀ ਦਸ਼ਾ ਦੀ ਕੀ ਸੁਧ ਲਵੇਗਾ?

ਮਜ਼ਦੂਰਾਂ ਦੀਆਂ ਹੋ ਰਹੀਆਂ ਗੁਮਨਾਮ ਮੌਤਾਂ ਇਹ ਸੁਆਲ ਖੜ੍ਹਾ ਕਰਦੀਆਂ ਹਨ ਕਿ ਕੀ ਮਜ਼ਦੂਰ ਉਂਜ ਹੀ ਗੁਲਾਮਾਂ ਵਾਗ ਮਰਦੇ ਰਹਿਣਗੇ ਜਾਂ ਆਪਣੇ ਇਨਸਾਨ ਹੋਣ ਦਾ ਸਬੂਤ ਉਹ ਦੇਣਗੇ? ਜਦ ਉਹ ਸਾਰੀ ਦੁਨੀਆਂ ਲਈ ਐਸ਼ੋ–ਆਰਾਮ ਪੈਦਾ ਕਰਦੇ ਹਨ ਤਾਂ ਉਹ ਹੀ ਕਿਉਂ ਰੋਜ਼–ਰੋਜ਼ ਮਾਰਨ? 25 ਜਨਵਰੀ ਨੂੰ ਤੁਗਲਕਾਬਾਦ ’ਚ ਮਜ਼ਦੂਰਾਂ ਦੀ ਮੌਤ ਦੇਸ਼ ਦੇ ਗਣਤੰਤਰ ਦੇ ਜ਼ਸਨ ’ਤੇ ਸੁਆਲ ਖੜ੍ਹਾ ਕਰਦੀ ਹੈ। ਜੇ 26 ਜਨਵਰੀ 1950 ਨੂੰ ਲਾਗੂ ਹੋਇਆ ਸੰਵਿਧਾਨ ਦੇਸ਼ ਦੇ ਮਜ਼ਦੂਰਾਂ ਨੂੰ ਬੁਨਿਆਦੀ ਹੱਕ ਵੀ ਨਹੀਂ ਦੇ ਸਕਦਾ ਤਾਂ ਇਹ ਕਿਸ ਦੀ ਖਾਤਰ?

# ਭੋਲੇ ਭਾਲੇ ਲੋਕਾਂ ਨੂੰ ਸ਼ਿਕਾਰ ਬਣਾਉਣ ਵਾਲੇ ਜਾਹਲਸਾਜ

ਜਾਲਸਾਜ ਆਮ ਤੌਰ 'ਤੇ ਰਾਤੋ ਰਾਤ ਅਮੀਰ ਬਣਨ, ਵੱਧ ਸੈਂਕਸੀ ਤੇ ਸੁੰਦਰ ਦਿਸਣ ਦੀਆਂ ਲਾਲਸਾਵਾਂ ਨੂੰ ਸ਼ਿਕਾਰ ਬਣਾਉਂਦੇ ਹਨ। ਤੁਸੀਂ ਕੀ ਆਪਣੇ ਕੱਦ ਸਬੰਧੀ ਫਿਕਰ ਮੰਦ ਹੋਂ? ਤੁਹਾਡੀ ਇਹ ਚਿੰਤਾ ਦੂਰ ਕਰਨ ਵਾਲੇ ਬੱਸ ਇਕ ਟੈਲੀਫੋਨ ਦੇ ਜੁਆਬ ਵਿਚ ਹਨ "ਆਪਣਾ ਕੱਦ ਆਪਣੀ ਤਕਨੀਕ ਨਾਲ ਇਕ ਤੋਂ ਚਾਰ ਇੰਚ ਤੱਕ ਵਧਾਓ ਸਿਰਫ਼ ਤਿੰਨ ਮਹੀਨਿਆਂ 'ਚ 100 ਫੀਸਦੀ ਸਿੱਟੇ ਉਮਰ 8 ਤੋਂ 35 ਸਾਲਾਂ ਤਕ 1000 ਰੁਪਏ ਦੇ ਭੁਗਤਾਨ ਪਿੱਛੋਂ ਫ੍ਰੀਹੋਮ ਡਲਿਵਰੀ" ਵੱਡੀ ਗਿਣਤੀ 'ਚ ਆ ਰਹੇ ਐਸ. ਐਮ. ਐਸ. 'ਤੇ ਅਜਿਹਾ ਦਾਅਵਾ ਕੀਤਾ ਜਾ ਰਿਹਾ ਹੈ ਕਿ ਸੰਦੇਸ਼ 'ਚ ਦਿੱਤੇ ਫੋਨ ਨੰ: 'ਤੇ ਫੋਨ ਕਰੋ। ਉਧਰੋਂ ਖੁਦ ਨੂੰ ਸੰਧਿਆ ਦੱਸਣ ਵਾਲੀ ਲੜਕੀ ਦੀ ਮਿੱਠੀ ਆਵਾਜ਼ ਸੁਣਾਈ ਦਿੰਦੀ ਹੈ ਜੋ ਤੁਹਾਨੂੰ ਦੱਸੇਗੀ "ਲੰਬਾਈ ਵਧਾਉਣ ਦੀ ਉਮਰ ਨਿਕਲ ਜਾਣ ਪਿਛੋਂ ਕੱਦ ਵਧਾਉਣ ਦਾ ਇਹੋ ਇਕ ਇਕ ਉਪਾਅ ਹੈ।" ਤੁਸੀਂ ਪੁੱਛਦੇ ਹੋ ਇਹ ਇਲਾਜਕੀ ਹੈ? ਸੰਧਿਆ ਦਾ ਜੁਆਬ ਹੋਵੇਗਾ "ਇਕ ਦਮ ਅਸਾਨ ਆਪ ਨੂੰ 90 ਦਿਨ 'ਚ ਸਿਰਫ਼ ਦਿਨ ਇਕ ਵਾਰੀ 15 ਮਿੰਟ ਵਿਸ਼ੇਸ਼ ਕਿਸਮ ਦਾ ਜੁੱਤਾ ਪਹਿਨਣਾ ਹੈ।" ਇਹ ਜੁੱਤਾ ਹੱਡੀਆਂ ਨੂੰ ਵਧਾਉਣ 'ਚ ਆਪਣੇ ਤੇ ਦਿਮਾਗ 'ਚ ਰਸਾਇਣਕ ਸੰਕੇਤ ਭੇਜਦਾ ਹੈ, ਉਹ ਦਸਦੀ ਹੈ "ਬਹੁਤ ਸਾਰੇ ਲੋਕ ਇਸ ਇਲਾਜ ਦਾ ਫਾਇਦਾ ਉਠਾ ਚੁੱਕੇ ਹਨ ਅਤੇ ਹਜ਼ਾਰਾਂ ਲੋਕ ਇਸ ਨੂੰ ਅਪਣਾ ਰਹੇ ਹਨ" ਜੇ ਇਹ ਏਨਾ ਹੀ ਕਾਰਗਰ ਹੈ ਤਾਂ ਗੁਆਂਢ ਦੀ ਹੋਰ ਦੁਕਾਨਾਂ 'ਤੇ ਇਹ ਕਿਉਂ ਨਹੀਂ ਮਿਲਦਾ? ਇਸ ਸੁਆਲ ਦੇ ਜੁਆਬ 'ਚ ਉਹ ਕਹਿੰਦੀ ਹੈ "ਇਹ ਸਾਡੀ ਖਾਸ ਦਵਾਈ ਹੈ 1000 ਰੁਪਏ ਦੇ ਭੁਗਤਾਨ ਬਦਲੇ ਇਹ ਬਿਨਾਂ ਕਿਸੇ ਲਾਗਤ ਦੇ ਆਪ ਤੱਕ ਪਹੁੰਚਾਈ ਜਾ ਸਕਦੀ ਹੈ?"

ਹਿੰਦੀ ਖੇਤਰ 'ਚ ਪੜ੍ਹੇ ਜਾਣ ਵਾਲੇ ਅਖਬਾਰ 'ਚ ਇਕ ਜਪਾਨੀ ਉਪਕਰਣ ਦੀ ਅਜਿਹੀ ਹੀ ਇਸ਼ਤਿਹਾਰ ਬਾਜ਼ੀ ਵਿਖਾਈ ਜਾਂਦੀ ਹੈ। ਇਸ਼ਤਿਹਾਰ ਦੇ ਦਾਅਵੇ ਅਨੁਸਾਰ, ਇਹ ਉਪਕਰਣ ਮਰਦ ਦੇ ਗੁਪਤ ਅੰਗ ਨੂੰ ਸਿਰਫ਼ 100 ਰੁਪਏ 'ਚ 7-8 ਇੰਚ ਤੱਕ ਲੰਮਾ ਕਰ ਸਕਦਾ ਹੈ। ਇਹ ਖੁਦ ਨੂੰ ਕੰਮਜ਼ੋਰ ਸਮਝਣ ਵਾਲੇ ਅਨੇਕਾਂ ਨੂੰ ਜਾਲ 'ਚ ਫਸਾਉਣ ਦੀ ਚਾਲ ਹੈ। ਇਹ ਅਖੌਤੀ ਉਪਕਰਣ ਕੁਝ ਨਹੀਂ ਸਿਰਫ਼ ਇਕ ਸੈਕਸੀ ਖਿਡੌਣਾ ਹੈ ਜੋ ਕੰਪਨੀ ਪੈਦਾ ਕਰਨ ਵਾਲੇ ਯੰਤਰ ਦਾ ਨਾਲ ਜੁੜੀ ਇਕ ਨਾਲ ਹੈ। ਅਖਬਾਰ 'ਚ ਹੋਰ ਇਸ਼ਤਿਹਾਰ ਵੀ ਮਿਲ ਜਾਣਗੇ। ਜਿਨਾਂ 'ਚ ਫੌਰਨ ਤੁਰੰਤ ਹੀ ਫੌਨ 'ਤੇ ਗੰਭੀਰ ਸੈਕਸ ਸਮੱਸਿਆਵਾਂ ਦਾ ਪਤਾ ਲਾਉਣ ਦਾ ਦਾਅਵਾ ਕੀਤਾ ਗਿਆ ਹੁੰਦਾ ਹੈ। ਜਦ ਤੁਸੀਂ ਇਸ ਦੀ ਸੇਵਾ ਮੰਗਦੇ ਹੋ ਤਾਂ ਤੁਹਾਨੂੰ ਸਾਰੇ ਹੱਲ ਸਮਝਾਏ ਜਾਂਦੇ ਹਨ। ਜਿਵੇਂ ਮਰਦਾਨਗੀ ਵਧਾਉਣ ਵਾਲੀਆਂ ਗੋਲੀਆਂ, ਤੇਲ, ਰੋਮਾਂਟਿਕ ਸਪ੍ਰੇਅ, ਕਾਮ ਉਤੇਜਨਾ ਪੈਦਾ ਕਰਨ ਵਾਲੀਆਂ ਦਵਾਈਆਂ ਇਥੋਂ ਤਕ ਕਿ 8 ਜੀ. ਵੀ ਮੈਗਰੀ ਕਾਰਡ 'ਤੇ ਸੈਕਸ ਵਾਲੀਆਂ ਫਿਲਮਾਂ। ਸ਼ਹਿਰ ਦੀ ਲੜਕੀ ਛੁਪ ਕੇ ਕੁਝ ਮੌਜ ਮਸਤੀ ਕਰਦੀ ਹੈ? ਕੁਝ ਕਲੱਬ ਨਾਂ ਨਾਲ ਮੁੰਬਈ ਦੇ ਇਕ ਫ੍ਰੇਂਡਸਿਪ ਕਲੱਬ ਦੀ ਵੇਬਸਾਈਟ 'ਤੇ ਦੱਸਿਆ ਗਿਆ ਹੈ ਕਿ ਇਹ "ਵਿਸ਼ੇਸ਼ ਤੌਰ 'ਤੇ ਉਹਨਾਂ ਔਰਤਾਂ ਲਈ

ਬਣਾਇਆ ਗਿਆ ਹੈ ਜੋ ਭਾਰਤ ’ਚ ਇਕੱਲੀਆਂ ਰਹਿੰਦੀਆਂ ਹਨ ਅਤੇ ਆਪਣੇ ਜੀਵਨ ’ਚ ਗੁਪਤ ਤੌਰ ’ਤੇ ਕਿਸੇ ਛਬੀਲੇ ਮਰਦ ਦਾ ਸਾਥ ਚਾਹੁੰਦੀਆਂ ਹਨ।” ਇਸ ਦਾ ਦਾਅਵਾ ਹੈ ਕਿ ਪੂਰੇ ਦੇਸ਼ ’ਚ ਇਹ ਕਲੱਬ ਸੇਵਾਵਾਂ ਦੇ ਰਿਹਾ ਹੈ ਅਤੇ ਮੁੱਖ ਅਖਬਾਰਾਂ ’ਚ ਨਿਯਮਤ ਰੂਪ ਨਾਲ ਇਸ਼ਤਿਹਾਰ ਦਿੰਦਾ ਹੈ, ਦੋ ਬੱਚਿਆਂ ਦੀ ਮਾਂ ਮੁੰਬਈ ਦਾ ਵਿਆਹੁਤਾ 35 ਸਾਲਾ ਡਾਕਟਰ ਅਨੀਤਾ ਨੇ ਆਪਣੇ ਆਈ. ਸੀ. ਆਈ. ਬੈਂਕ ਦੇ ਆਨ ਲਾਈਨ ਖਾਤੇ ’ਚੋਂ ਕਲੱਬ ਨੂੰ ਇਕ ਲੱਖ ਰੁਪਏ ਦਾ ਭੁਗਤਾਨ ਕੀਤਾ ਪਰ ਉਹ ਜਿਸ ਤਰ੍ਹਾਂ ਦੇ ਮਰਦ ਦੀ ਉਮੀਦ ਕਰ ਰਹੀ ਸੀ, ਉਹ ਉਸ ਨੂੰ ਨਹੀਂ ਮਿਲਿਆ। ਕਲੱਬ ਨੇ ਉਸ ਦਾ ਪੈਸਾ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਅਨੀਤਾ ਕਹਿੰਦੀ ਹੈ “ਉਹ ਜਾਣਦੇ ਹਨ ਕਿ ਮੈਂ ਆਪਣੇ ਪ੍ਰੀਵਾਰ ਨੂੰ ਮੈਂ ਇਸ ਭੁਗਤਾਨ ਬਾਰੇ ਨਹੀਂ ਦੱਸ ਸਕਦੀ। ਉਹਨਾਂ ਨੇ ਮੁੰਬਈ ਪੁਲਸ ਨੂੰ ਇਕ ਗੁਮਨਾਮ ਸ਼ਕਾਇਤ ਦਰਜ ਕਰਵਾ ਦਿੱਤੀ ਹੈ ਜਿਸ ’ਚ ਉਹਨਾਂ ਨੇ ਬੈਂਕਾਂ ਦੇ ਲੈਣ ਦੇਣ ਦਾ ਪੂਰਾ ਵੇਰਵਾ ਦਿੱਤਾ ਹੈ, ਦਿੱਲੀ ਪੁਲਸ ਦਾ ਅੰਦਾਜ਼ਾ ਹੈ ਕਿ ਦੇਸ਼ ਭਰ ’ਚ ਇਸ ਤਰ੍ਹਾਂ ਦੀ ਧੋਖਾਧੜੀ ਕਰਨ ਵਾਲੀਆਂ ਕਰੀਬ 500 ਕੰਪਨੀਆਂ ਚਲ ਰਹੀਆਂ ਹਨ।

ਮੁੰਬਈ ’ਚ ਪੁਲਸ ਦੀ ਅਪਰਾਧ ਸ਼ਾਖਾ ਨੇ ਇਸ ਸਾਲ ਧੋਖਾਧੜੀ ਦੇ 78 ਮਾਮਲੇ ਦਰਜ ਕੀਤੇ ਹਨ। ਧੋਖਾਧੜੀ ਦੇ ਬਹੁਤੇ ਮਾਮਲੇ ਰਾਤੋ ਰਾਤ ਅਮੀਰ ਬਣਨ ਵਾਲੀਆਂ ਯੋਜਨਾਵਾਂ ‘ਦੋਸਤੀ ਕਲੱਬਾਂ ਤੇ ਨੌਕਰੀ ਦਵਾਉਣ ਨਾਲ ਸਬੰਧਤ ਹੁੰਦੇ ਹਨ। ‘ਲਾਟਰੀ’ ਆਪਣੇ ਆਪ ’ਚ ਇੱਕ ਧੋਖੇਵਾਲਾ ਉਦਯੋਗ ਹੈ। ਲੋਕਾਂ ਪਾਸ ਈ ਮੇਲ ਅਤੇ ਐਸ. ਐਮ. ਐਸ. ਰੇਗੂਲਰ ਆਉਂਦੇ ਰਹਿੰਦੇ ਹਨ। ਇਹਨਾਂ ’ਚ ਦੱਸਿਆ ਜਾਂਦਾ ਹੈ ਕਿ “ਆਪ ਜਿੱਤ ਗਏ ਹੋ” ਸੰਦੇਸ਼ ਨੂੰ ਵੱਧ ਭਰੋਸੇਮੰਦ ਬਣਾਉਣ ਲਈ ਇਸ ਦੇ ਪ੍ਰੇਸ਼ਕ ਖੁਦ ਨੂੰ ਵੱਡੇ ਕਾਰਪੋਰੇਟ ਘਰਾਨਿਆ ਲਈ ਕੰਮ ਕਰਨ ਵਾਲੇ ਦੱਸਦੇ ਹਨ, ਕਦੀ ਕਦੀ ਤਾਂ ਉਹ ਇਹਨਾਂ ਕੰਪਨੀਆਂ ਦੇ ਫਰਜੀ ਲੋਕਾਂ ਦੀ ਵੀ ਵਰਤੋਂ ਕਰਦੇ ਹਨ। ਦਿੱਲੀ ਦੇ ਵਪਾਰ ਰਕਤ ਸਿਕੰਦ (ਬਦਲਿਆ ਨਾਂ) ਨੂੰ ਇਸ ਸਾਲ ਅਪ੍ਰੈਲ ’ਚ ਗੋਪਾਲ ਲਾਟਰੀ ਪ੍ਰੋਮੋ ਵਲੋਂ 7838195696 ਨੰਬਰ ਤੋਂ ਇਹ ਐਸ. ਐਮ. ਐਸ. ਜਿਸ ’ਚ ਦੱਸਿਆ ਗਿਆ ਕਿ ਉਹ 50 ਹਜ਼ਾਰ ਅਮਰੀਕੀ ਡਾਲਰ ਜਿੱਤ ਚੁੱਕੇ ਹਨ ਜਿਹਨਾਂ ਨੂੰ ਹਾਸਲ ਕਰਨ ਲਈ ਪ੍ਰੋਸੈਸਿੰਗ ਟੈਕਸ ਵਜੋਂ ਉਹਨਾਂ ਨੂੰ 28000 ਰੁਪਏ ਜਮ੍ਹਾ ਕਰੌਣੇ ਹੋਣਗੇ। ਪਰ ਉਹਨਾਂ ਨੇ ਤਿੰਨ ਕਿਸ਼ਤਾਂ ’ਚ ਗੌਤਮ ਖੁਰਾਨੇ ਨਾਂ ਦੇ ਵਿਅਕਤੀ ਨੂੰ ਜਿਸਨੇ ਖੁਦ ਨੂੰ ਭਾਰਤੀ ਰਿਜ਼ਰਵ ਬੈਂਕ ਦਾ ਨਿਰਦੇਸ਼ਕ ਦੱਸਿਆ ਸੀ ਨੂੰ 2 ਲੱਖ ਤੋਂ ਵੱਖ ਦੀ ਰਕਮ ਦੇਣੀ ਪਈ। ਸਿਕੰਦ ਦਾ ਕਰੋੜਪਤੀ ਬਣੇ ਨਾ ਦਾ ਸੁਪਨਾ ਜਲਦੀ ਹੀ ਚਕਨਾ ਚੂਰ ਹੋ ਗਿਆ। ਧੋਖੇਬਾਜੀ ਦਾ ਅਰਬਾਂ ਡਾਲਰ ਦਾ ਕਾਰੋਬਾਰ ਹੈ।

ਦਿੱਲੀ ਦੇ ਇੰਸਟੀਚੂਟ ਆਫ ਇਕਨਾਮਿਕ ਗ੍ਰੋਥ ’ਚ ਸਮਾਜ ਸ਼ਾਸਤਰ ਦੇ ਪ੍ਰੋਫੈਸਰ ਸੰਜੈ ਸ੍ਰੀ ਵਾਸਤਵ ਦਾ ਮੰਨਣਾ ਹੈ ਕਿ ਇਹ ਖਪਤਕਾਰ ਸਭਿਆਚਾਰ ਦੀ ਦੇਣ ਹੈ ਕਿ ਉਹ ਕਹਿੰਦੇ ਹਨ, “ਖੇਤਰੀ ਮੀਡੀਆ ਇਸ ਤਰ੍ਹਾਂ ਦੇ ਗੁਮਰਾਹ ਕਰਨ ਵਾਲੇ ਇਸ਼ਤਿਹਾਰ ਕਈ ਸਾਲਾਂ ਤੋਂ ਦਿੰਦਾ ਆ ਰਿਹਾ ਹੈ। ਨਵੀਂ ਗੱਲ ਇਹ ਹੈ ਕਿ ਇਹ ਰਿਵਾਜ ਗਰੀਬ ਤੇ ਮੱਧ ਵਰਗ ਦੇ ਲੋਕਾਂ ਨੂੰ ਆਪਣੀ ਗ੍ਰਿਫਤ ’ਚ ਲੈਣ ਲੱਗਿਆ ਹੈ। ਆਮ ਰਸਤੇ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਉਮਰ ਨਿਕਲ ਜਾਂਦੀ ਹੈ। ਇਸ ਲਈ ਲੋਕਾਂ ਨੂੰ ਗੈਰ ਰਵਾਇਤੀ ਰਾਹ ਸਾਹੀ ਲਗਦਾ ਹੈ।” ਧੋਖੇਬਾਜੀ ਦੇ ਬਹੁਤ

ਚੁਤਰਾਈ ਭਰੇ ਤਰੀਕੇ ਵਰਤੇ ਜਾਂਦੇ ਹਨ। ਦਿੱਲੀ ਦੇ ਸੈਨਿਕ ਪਾਰਕ 'ਚ ਰਹਿਣ ਵਾਲੇ ਅਸੀਮ ਗੁਪਤਾ ਨੇ ਪਾਇਆ ਕਿ ਉਸ ਦਾ ਨਾਂ ਪਤਾ, ਫੋਨ ਨੰਬਰ ਆਈ. ਪੀ. ਐਲ. ਦਾ ਪ੍ਰੀਮੀਅਮ ਟਿਕਟ ਵੇਚਣ ਲਈ ਇਕ ਨਿੱਜੀ ਸਾਈਟ 'ਤੇ ਪਾਇਆ ਗਿਆ ਹੈ। ਉਸ ਕੋਲ ਨਾਰਾਜ਼ ਗਾਹਕਾਂ ਦੇ ਸੈਂਕੜੇ ਫੋਨ ਆਏ ਜਿਹਨਾਂ ਨੂੰ ਟਿਕਟਾਂ ਨਹੀਂ ਮਿਲੀਆਂ ਸਨ, ਉਹ ਆਪਣਾ ਪੈਸਾ ਵਾਪਸ ਮੰਗ ਰਹੇ ਸਨ। ਗੁਪਤਾ ਨੂੰ ਭੋਰਾ ਵੀ ਪਤਾ ਨਹੀਂ ਕਿ ਕਿਸ ਨੇ ਉਸ ਦਾ ਨਾਂ ਸਾਈਟ 'ਤੇ ਪਾ ਦਿੱਤਾ। ਕਾਰੋਬਾਰ ਦੇ ਨਾਲ ਲੋਕ ਮਸਤੀ ਵੀ ਚਾਹੁੰਦੇ ਹਨ? ਚੇਨਈ ਇੰਟਰਟੇਨਮੈਂਟ ਰਜਿਸਟਰਡ ਦੇ ਨਾਂ 'ਤੇ ਜਿਸ ਨੇ ਆਪਣਾ ਪਤਾ 625, ਮਣਿਬਕਮ ਮੈਨਰੋਡ, ਮਨੀਪਕਮ ਚੈਨੇ 60091 ਲਿਖਿਆ ਦਿੱਤਾ ਹੈ। ਅਖਬਾਰਾਂ 'ਚ ਰੈਗੂਲਰ ਇਸ਼ਤਿਹਾਰ ਆਉਂਦਾ ਹੈ ਜਿਸ ਵਿੱਚ ਲਿਖਿਆ ਰਹਿੰਦਾ ਹੈ 'ਸਭਿਆਚਾਰਕ ਤੇ ਸਮਾਜਿਕ ਮਿਲਨ ਦਾ ਲੁਤਫ ਉਠਾਓ" ਪਰ ਨਾਲ ਚੇਤਾਵਨੀ ਵੀ ਹੁੰਦੀ ਹੈ "ਵਿਦਿਆਰਥੀਆਂ ਲਈ ਨਹੀਂ, ਵੀ ਵੀ ਆਈ. ਪੀ. ਲੋਕਾਂ ਲਈ ਇਸ 'ਚ ਫੋਨ ਨੰਬਰ ਵੀ ਦਿੱਤੇ ਹਨ 9940390958 ਅਤੇ 9283765716 ਸਿੰਗਾਪੁਰ ਦੇ 35 ਸਾਲਾ ਅਪ੍ਰਵਾਸੀ ਹਾਰਨ ਨੇ ਇਹ ਇਸ਼ਤਿਹਾਰ ਦੇਖ ਕੇ ਫੋਨ ਕੀਤਾ। ਉਹਨਾਂ ਨੂੰ ਭਰੋਸਾ ਦਵਾਇਆ ਗਿਆ ਕਿ ਮੁਫਤ ਰਜਿਸਟਰੇਸ਼ਨ ਕਰਾਉਣ ਪਿਛੋਂ, ਉਹ ਉਹਨਾਂ ਲੋਕਾਂ ਦੀ ਸੂਚੀ 'ਚ ਸ਼ਾਮਲ ਹੋ ਜਾਣਗੇ ਜਿਹਨਾਂ ਨੇ ਮਾਡਲਾਂ, ਹੀਰੋਇਨਾ ਤੇ ਵੱਡੀ ਸਰਕਾਰੀ ਅਧਿਕਾਰੀਆਂ, ਡਾਕਟਰਾਂ, ਵਕੀਲਾਂ ਤੇ ਨੇਤਾਵਾਂ ਦੀਆਂ ਬੀਵੀਆ ਦੇ ਨਾਲ ਡੇਟ ਤੇ ਜਾਣ ਤੇ ਸੈਕਸ ਲਈ 20,000 ਤੋਂ 50,000 ਰੁਪਏ ਤਕ ਦਿੱਤੇ ਜਾਣਗੇ। ਕਾਰਨ ਨੇ ਮਨੋਜ ਨਾਂ ਦੇ ਸਖਸ਼ ਹੇਠ ਇਕ ਲੱਖ ਭੇਜ ਦਿੱਤੇ ਪਰ ਹਾਰਨ ਦਾ ਸੁਪਨਾ ਧਰਿਆ ਧਰਾਇਆ ਰਹਿ ਗਿਆ। ਉਹਨਾਂ ਨੇ ਹੁਣ ਚੈਨਈ ਪੁਲਸ ਦੀ ਮਦਦ ਮੰਗੀ ਹੈ।

ਧੋਖਾਧੜੀ ਕਰਨ ਵਾਲੇ ਹੁਣ ਸ਼ਰੇਆਮ ਅਖਬਾਰਾਂ 'ਚ ਇਸ਼ਤਿਹਾਰ ਦਿੰਦੇ ਹਨ ਅਤੇ ਲੋਕਾਂ ਨੂੰ ਠੱਗ ਕੇ ਗਾਇਬ ਹੋ ਜਾਂਦੇ ਹਨ? ਕਾਨੂੰਨ ਨੂੰ ਅੰਗੂਠਾ ਵਿਖਾ ਕੇ ਉਹ ਕਿਵੇਂ ਬਚ ਜਾਂਦੇ ਹਨ। ਹੌਜ ਖਾਸ ਥਾਣੇ ਦੇ ਐਸ. ਐਚ. ਓ. ਅਤੁਲ ਕੁਮਾਰ ਕਹਿੰਦੇ ਹਨ "ਲੋਕ ਜੀਵਨ 'ਚ ਤਬਦੀਲੀ ਲਈ ਕੋਈ ਵੀ ਕੀਮਤ ਦੇਣ ਲਈ ਤਿਆਰ ਰਹਿੰਦੇ ਹਨ। ਕਈ ਵਾਰ ਲੋਕ ਸਹਿਯੋਗ ਕਰਦੇ ਹਨ ਪਰ ਮਾਮਲਾ ਜਦ ਅਦਾਲਤ 'ਚ ਪਹੁੰਚ ਜਾਂਦਾ ਹੈ ਤਾਂ ਉਹ ਪਿੱਛੇ ਹਟ ਜਾਂਦੇ ਹਨ। ਬਹੁਤੇ ਤਾਂ ਸ਼ਰਮਿੰਦਗੀ ਤੋਂ ਬਚਣ ਲਈ ਪੁਲਸ ਨੂੰ ਵੀ ਸੂਚਿਤ ਨਹੀਂ ਕਰਦੇ ਹਨ। ਕੰਮਪਲੈਟਸ ਇੰਡੀਆ ਵਰਗੇ ਆਨ ਲਾਈਨ ਮਦਦ ਕਰਨ ਵਾਲੇ ਮੰਚ ਫਰਜੀ ਲਾਟਰੀਆਂ ਤੇ ਨੌਕਰੀਆਂ ਦਵਾਉਣ ਵਾਲੀਆਂ ਝਾਂਸਾ ਦੇਣ ਵਾਲੀਆਂ ਬਾਰੇ ਖਬਰਾਂ ਦਿੰਦੇ ਰਹਿੰਦੇ ਹਨ ਅਤੇ ਲੋਕਾਂ ਨੂੰ ਸਲਾਹ ਦਿੰਦੇ ਰਹਿੰਦੇ ਹਨ ਕਿ ਉਹ ਅਪਰਾਧੀਆਂ ਦੇ ਝਾਂਸੇ 'ਚ ਨਾ ਆਉਣ ਪਰ ਇਸ ਤਰ੍ਹਾਂ ਦੀ ਜਾਹਲਸਾਜੀ ਵਾਲੇ ਇਸ਼ਤਿਹਾਰ ਏਨੀ ਅਸਾਨੀ ਨਾਲ ਗਾਇਬ ਹੋਣ ਵਾਲੇ ਨਹੀਂ ਹਨ।

# ਭ੍ਰਿਸ਼ਟਾਚਾਰ, ਮੱਧਵਰਗ, ਸਰਮਾਏਦਾਰ ਜਮਾਤ ਤੇ ਫਾਸ਼ੀਵਾਦ

ਅਪ੍ਰੈਲ ਦੇ ਸ਼ੁਰੂਆਤ 'ਚ ਦਿੱਲੀ 'ਚ ਜੰਤਰ ਮੰਤਰ ਵਿਖੇ 'ਵੰਦੇ ਮਾਤਰਮ' ਦੇ ਉਚਾਰਨ ਨਾਲ ਮੱਧ ਵਰਗ ਨੇ ਆਪਣੀ ਜਿਸ ਸਮਾਜਕ ਸਰਗਰਮੀ ਦਾ ਇਜ਼ਹਾਰ ਕੀਤਾ, ਉਸ ਵਿੱਚ ਫਾਸ਼ੀਵਾਦ ਦੀ ਗੂੰਜ ਬਹੁਤ ਮੁਖ ਸੀ। ਸੰਕਟ ਗ੍ਰਸਤ ਭਾਰਤੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੇ ਮੌਜੂਦਾ ਦੌਰ ਵਿੱਚ ਇਹ ਗੂੰਜ ਅੱਖੋਂ ਉਹਲੇ ਕਰਨ ਦਿੱਤੇ ਜਾਣ ਲਾਇਕ ਨਹੀਂ ਹੈ। ਖਾਸ ਕਰਕੇ ਇਸ ਲਈ ਕਿ ਇਸ ਨੂੰ ਭਾਰਤ ਦੀ ਦਲਾਲ ਸਰਮਾਏਦਾਰੀ (ਹਕੂਮਤੀ) ਤੇ ਪੂੰਜੀਵਾਦੀ ਪਾਰਲੀਮਾਨੀ ਰਾਜਸੀ ਪਾਰਟੀਆਂ ਦੀ ਖੁੱਲ੍ਹੀ ਹਮਾਇਤ ਹਾਸਲ ਸੀ। ਗਲੇ ਤੱਕ ਖਪਤਵਾਦ 'ਚ ਡੁੱਬੇ ਅਤੇ ਇਸ ਦੇ ਲਈ ਕਿਸੇ ਵੀ ਤਰ੍ਹਾਂ ਦੀ ਨੈਤਿਕਤਾ ਨੂੰ ਨਾ ਮੰਨਣ ਵਾਲੇ ਮੱਧਵਰਗ ਲਈ ਭਾਰਤੀ ਕ੍ਰਿਕਟ ਟੀਮ ਵਲੋਂ ਵਰਲਡ ਕੱਪ ਜਿੱਤਣਾ ਇਕ ਵੱਡਾ ਜਸ਼ਨ ਸੀ। ਉਸ ਦੀਆਂ ਕੌਮੀ ਭਾਵਨਾਵਾਂ ਸਿਖਰ 'ਤੇ ਸਨ ਪਰ ਨਾਲ ਹੀ ਇਸ ਖੁਮਾਰੀ ਦੇ ਉਤਰ ਜਾਣ ਦਾ ਸਮਾਂ ਵੀ ਆ ਗਿਆ ਸੀ। ਚਿਅਰ ਲੀਡਰਸ ਦੇ ਨਾਲ ਦੂਜਾ ਕ੍ਰਿਕਟ ਮਨੋਰੰਜਨ ਜਾਂ ਆਈ. ਪੀ. ਐਲ. ਅਜੇ ਕੁਝ ਦੂਰ ਸੀ। ਸਮੇਂ ਦਾ ਸਹੀ ਅਨੁਮਾਨ ਲਾਉਣ ਵਿੱਚ ਅਧੁਨਿਕ ਮਨੈਜਮੇਂਟ ਗੁਰੂਆਂ 'ਚ ਦੂਰ ਤਕ ਪਹੁੰਚ ਰੱਖਣ ਵਾਲੇ ਕੁਸ਼ਲ ਪ੍ਰਬੰਦਕਾਂ ਨੇ ਅੰਨ ਹਜ਼ਾਰੇ ਨੂੰ ਜੰਤਰ ਮੰਤਰ 'ਤੇ ਬੈਠਣ ਦੇ ਭੁੱਖ ਹੜਤਾਲ ਕਰਨ ਦਾ ਇਹੀ ਸਹੀ ਵਕਤ ਦੱਸਿਆ। ਦੋ ਕ੍ਰਿਕਟ ਮੰਨੋਰਜਨਾ ਦੇ ਵਿਚਕਾਰ ਇਹੀ 5-6 ਦਿਨ ਦਾ ਸਮਾਂ ਸੀ ਅਤੇ ਇਹ ਕਾਫੀ ਸੀ। ਸਰਕਾਰ ਵਲੋਂ ਪਾਬੰਦੀ ਦਾ ਵਿਖਾਵਾ ਕਰਕੇ ਭੁੱਖ ਹੜਤਾਲ ਦੀਆਂ ਮੰਗਾਂ ਨੂੰ ਮੰਨ ਕੇ ਉਸ ਨੂੰ ਖ਼ਤਮ ਕਰ ਦੇਣ ਲਈ। ਅੰਨਾ ਹਜ਼ਾਰੇ ਵਰਗਾ ਨਿਕ ਬੁਰਜੂਆ ਜੋ ਗਾਂਧੀਵਾਦੀ ਟੋਪੀ ਦੇ ਹੇਠਾਂ ਫਾਸ਼ੀਵਾਦ ਨਾਲ ਲੈਸ ਹੈ। ਅਚਾਨਕ ਮਹਾਂਰਾਸ਼ਟਰ ਦੇ ਪਿੰਡ ਤੋਂ ਉਠਕੇ ਰਾਜਧਾਨੀ ਵਿੱਚ ਆ ਬੈਠਿਆਂ ਤੇ ਰਾਤ ਦਿਨ ਚਲਣ ਵਾਲੇ ਖਬਰੀ ਟੀ. ਵੀ. ਚੈਨਲ ਉਸ ਨੂੰ ਸਮੁੱਚੇ ਦੇਸ਼ 'ਚ ਪਹੁੰਚਾਉਣ ਲੱਗੇ।

ਦੇਸ਼ 'ਚ ਫਾਸ਼ੀਵਾਦੀ ਉਭਾਰ ਤੇ ਨਵੀਂ ਆਰਥਿਕ ਨੀਤੀ ਦੇ ਜ਼ਮਾਨੇ (ਇਸ ਨੂੰ ਭਾਰਤੀ ਹਾਕਮ ਦਲਾਲ ਸਰਮਾਏਦਾਰੀ 'ਉਭਰਦਾ ਭਾਰਤ' ਕਹਿੰਦੀ ਹੈ) ਦੀ ਪੈਦਾਵਾਰ ਹੈ - ਨਿੱਜੀ, ਸਮਾਚਾਰ ਚੈਨਲ ਵਕਤ ਦੇ ਨਾਲ ਉਹਨਾਂ ਨੇ ਸਮਾਚਾਰਾਂ ਦੇ ਬਦਲੇ ਚਾਰ ਗੱਲਾਂ 'ਤੇ ਆਪਣਾ ਧਿਆਨ ਕੇਂਦਰਿਤ ਕੀਤਾ - ਕ੍ਰਾਈਮ, ਕ੍ਰਿਕਟ, ਸਿਨੇਮਾ ਤੇ ਸੈਲਿਬ੍ਰਿਟੀਜ਼ (ਜਾਣੀਆਂ-ਪਹਿਚਾਣੀਆਂ ਹਸਤੀਆਂ) ਕ੍ਰਾਈਮ ਭਾਵ ਅਪਰਾਧ 'ਚ ਭ੍ਰਿਸ਼ਟਾਚਾਰ ਵੀ ਸ਼ਾਮਲ ਸੀ। ਇਹ ਚੈਨਲ ਭਾਰਤੀ ਸ਼ਹਿਰੀ ਮੱਧ ਵਰਗ (ਜੋ ਆਪਣੇ ਕਿਰਦਾਰ 'ਚ ਕੁਝ ਹੱਦ ਤੱਥ ਲੰਪਟ ਹੈ), ਅਸਲ ਖਬਰਾਂ ਦੀ ਬਜਾਏ ਇਹਨਾਂ ਉਪਰੇਲੀਆਂ 4 ਗੱਲਾਂ (ਸਮਾਚਾਰਾਂ) ਨੂੰ ਹੀ ਦੇਖ ਰਿਹਾ ਸੀ। ਰਾਜਨੀਤੀ ਉਹਨਾਂ ਲਈ ਗੁੰਡੇ ਬਦਮਾਸਾਂ ਦਾ ਕੰਮ ਸੀ ਤੇ ਇਸ ਨੇ ਉਸ ਨੂੰ ਉਹਨਾਂ ਲਈ ਛੱਡ ਦਿੱਤਾ ਸੀ। ਦੇਸ਼ ਦੀ ਬਾਕੀ ਜਨਤਾ ਨਾਲ ਵੀ ਉਸ ਨੂੰ ਕੋਈ ਸਰੋਕਾਰ ਨਹੀਂ ਸੀ ਕਿਉਂਕਿ ਇਹ ਸਿਰਫ਼ ਖੁਦ ਨੂੰ ਹੀ ਜਨਤਾ ਮੰਨਦਾ ਸੀ ਉਸ ਦੇ ਲਈ ਆਮ ਆਦਮੀ ਦਾ ਮਤਲਬ ਸੀ 'ਮੱਧ ਵਰਗ'। ਦੇਸ਼ ਪੂੰਜਵਾਦੀ ਘਰਾਣਿਆਂ ਤੋਂ ਤਿੰਨ ਲੱਖ ਰੁਪਏ ਇਕੱਠੇ ਕਰਕੇ ਜਦ ਅਰਵਿੰਦਰ ਕੇਜਰੀਵਾਲ ਤੇ ਕਿਰਨ ਬੇਦੀ ਵਰਗੇ ਚੁਸਤ-ਚਲਾਕ ਪ੍ਰਬੰਦਕਾਂ ਨੇ

ਅੰਨਾ ਹਜ਼ਾਰੇ ਵਰਗੇ ਨਿਕ-ਬੁਰਜੂਆ ਨੂੰ ਜੰਤਰ ਮੰਤਰ ’ਤੇ ਬਿਨ ਦਿੱਤਾ ਤਾਂ ਮੱਧ ਵਰਗ ਨੂੰ ਸੋਧਿਤ ਕਰਕੇ ਸਾਰੇ ਟੀ. ਵੀ. ਚੈਨਲ ਆ ਡਟੇ। ਇੱਥੇ ਖ਼ੁਦ ਮੱਧ ਵਰਗ ਮੌਜੂਦ ਸੀ। ਇਥੇ ਮੌਜੂਦ ਸੀ ਭ੍ਰਿਸ਼ਟਾਚਾਰ ਭਾਵ ਅਪਰਾਧ ਦਾ ਮੁੱਦਾ। ਇਸ ਨੇ ਸਿਨੇਮਾ ਦੀਆਂ ਹਸਤੀਆਂ ਤੇ ਹੋਰ ਉਘੀਆਂ ਸਖਸ਼ੀਅਤਾਂ ਦੀ ਹਮਾਇਤ ਵੀ ਮਿਲ ਰਹੀ ਸੀ। ਇਸ ਤੋਂ ਵੱਧ ਹੋਰ ਕੀ ਚਾਹੀਦਾ ਹੈ। ਧੂੰਆਂਧਾਰ ਪ੍ਰਸਾਰਨ ਸ਼ੁਰੂ ਹੋ ਗਿਆ। ਮੁੱਠੀ ਭਰ ਲੋਕਾਂ ਨੇ ਇਸ ਨਾਟਕੀ ਕਾਰਨਾਮੇ ਨੂੰ ਦੇਸ਼ ਭਰ ਦੀ ਹਮਾਇਤ ਐਲਾਨ ਦਿੱਤਾ। ਇਹ ਉਹੀ ਸਮਾਚਾਰ ਚੈਨਲ ਸਨ ਜਿਹਨਾਂ ਨੇ 23 ਫਰਵਰੀ ਨੂੰ ਉਸੇ ਜੰਤਰ ਮੰਤਰ ’ਤੇ ਦੇਸ਼ ਭਰ ’ਚੋਂ ਆਏ ਪੰਜਾਹ ਹਜ਼ਾਰ ਮਜ਼ਦੂਰਾਂ ਦੀ ਰੈਲੀ ਦੀ ਇਕ ਮਿੰਟ ਦੀ ਖਬਰ ਵੀ ਪ੍ਰਸਾਰਿਤ ਨਹੀਂ ਕੀਤੀ ਸੀ। ਜਿਨਾਂ ਸਮਾਚਾਰ ਮਾਧਿਅਮ ਨੇ ਇਸ ਬਾਰੇ ਜੋ ਖਬਰ ਦਿੱਤੀ ਉਹ ਸੀ ਇਸ ਨਾਲ ਹੋਏ ਟ੍ਰੈਫਿਕ ਜਾਮਦੀ ਪਰ ਇਸ ਵਾਰੀ ਮੁੱਦਾ ਮੱਧਵਰਗ ਦਾ ਸੀ ਅਤੇ ਇਸ ਨੂੰ ਪਿੱਛੇ ਤੋਂ ਸਰਮਾਏਦਾਰੀ ਹਾਕਮਾਂ ਦਾ ਵਰਦਾਨ ਹਾਸਲ ਸੀ। ਜਿਸ ਇੰਡੀਆ ਗੇਟ ’ਤੇ ਵੀਹ ਸਾਲ ਪਹਿਲਾਂ ਜਲੂਸ ਮੁਜਾਹਰਾ ਕਰਨ ’ਤੇ ਪਾਬੰਦੀ ਲਾ ਦਿੱਤੀ ਗਈ ਤੇ ਜਿੱਥੇ ਹਮੇਸ਼ਾ ਧਾਰਾ 144 ਲਾਗੂ ਰਹਿੰਦੀ ਹੈ। ਉਥੇ ਸ਼ਾਮ ਨੂੰ ਕੁਝ ਹਜ਼ਾਰ ਲੋਕ ਇਕੱਠੇ ਹੋ ਕੇ ਮੋਮਬੱਤੀ ਜਲੂਸ ਕੱਢਣ ਲੱਗੇ।

ਸ਼ਹੀਦੀ ਦਿਵਸ (23 ਮਾਰਚ) ਨੂੰ ਆਈ ਟੀ. ਓ. ਤੋਂ ਸ਼ਹੀਦ ਪਾਰਕ ਤਕ ਮੋਮਬੱਤੀ ਮਾਰਚ ਵੀ ਕੱਢਣ ਦੇਣ ਦੀ ਇਜਾਜ਼ਤ ਨਾ ਦੇਣ ਵਾਲੇ ਪ੍ਰਸਾਸ਼ਨ ਨੂੰ ਉਪਰੋਕਿਤ ਨੂੰ ਇਜਾਜ਼ਤ ਦੇਣ ’ਚ ਕੋਈ ਪ੍ਰੇਸ਼ਾਨੀ ਨਹੀਂ ਸੀ। ਭ੍ਰਿਸ਼ਟਾਚਾਰ ਦਾ ਮੁੱਦਾ ਮੱਧਵਰਗ ਦਾ ਸੀ ਅਤੇ ਇਸ ਮੁੱਦੇ ’ਤੇ ਇਸ ‘ਵਿਰੋਧ ਮੁਜਾਹਰੇ’ ਨੂੰ ਇਸੇ ਤਰ੍ਹਾਂ ਛਲ ਆਯੋਜਿਤ ਕਰਦਾ ਹੈ। ਭ੍ਰਿਸ਼ਟਾਚਾਰ ਸਰਮਾਏਦਾਰ ਜਮਾਤ ਲਈ ਕੋਈ ਮੁੱਦਾ ਨਹੀਂ ਹੈ। ਨਿਯਮਾਂ-ਕਾਨੂੰਨਾਂ ਦੀ ਤਰੋੜ-ਮਰੋੜ ਉਹਨਾਂ ਦਾ ਰੋਜਾਨਾਂ ਦਾ ਧੰਦਾ ਹੈ ਤੇ ਭ੍ਰਿਸ਼ਟਾਚਾਰ ਕੰਮ ਕੱਢਣ ਦਾ ਤਰੀਕਾ। ਇਹ ਭ੍ਰਿਸ਼ਟਾਚਾਰ ਦੀ ਅਨੈਤਿਕਤਾ ਵਰਗੀਆਂ ਚੀਜ਼ਾਂ ਕਰਕੇ ਇਹ ਨਾ ਤਾਂ ਆਪ ਪ੍ਰੇਸ਼ਾਨ ਹੁੰਦੇ ਹਨ ਤੇ  ਨਾ ਹੀ ਉਸ ਨਾਲ ਆਪਣੇ ਹੱਥ-ਪੈਰ ਬੰਨਦੇ ਹਨ। ਪਰ ਤਰ੍ਹਾਂ ਤਰ੍ਹਾਂ ਦੀ ਨੈਤਿਕਤਾ ਦੇ ਠੇਕੇਦਾਰ ਮੱਧਵਰਗ ਦੇ ਲਈ ਇਹ ਨੈਤਿਕ ਪਤਨ ਦਾ ਕਾਰਨ ਬਣ ਜਾਂਦਾ ਹੈ। ਅੱਜ ਭਾਰਤ ਦਾ ਖਪਤਕਾਰੀ ਮੱਧਵਰਗ ਕਿਸੇ ਵੀ ਤਰੀਕੇ ਨਾਲ ਵੱਧ ਤੋਂ ਵੱਧ ਪੈਸਾ ਹਾਸਲ ਕਰਨਾ ਚਾਹੁੰਦਾ ਹੈ ਪਰ ਨਾਲ ਹੀ ਅਜਿਹਾ ਕਰਦੇ ਹੋਏ ਉਹ ਅਪਰਾਧ ਬੋਧ ਮਹਿਸੂਸ ਕਰਦਾ ਹੈ। ਇਸ ਕਾਰਨ ਉਹ ਜਿੰਨਾ ਭੌਤਿਕ ਤੌਰ ’ਤੇ ਭ੍ਰਿਸ਼ਟ ਹੁੰਦਾ ਹੈ। ਉਸ ਤੋਂ ਵੱਧ ਨੈਤਿਕ ਤੌਰ ’ਤੇ ਭ੍ਰਿਸ਼ਟ ਹੋ ਜਾਂਦਾ ਹੈ। ਜਦ ‘ਇਹ ਸਭ ਭ੍ਰਿਸ਼ਟ ਹਨ’ ਕਹਿ ਕੇ ਸਭ ਨੂੰ ਗਾਲਾਂ ਕੱਢਦਾ ਹੈ ਤਾਂ ਉਹ ਅਸਲ ’ਚ ਸਭ ਤੋਂ ਵੱਧ ਖੁਦ ਨੂੰ ਕੋਸ ਰਿਹਾ ਹੁੰਦਾ ਹੈ। ਇਹ ਆਪਣੀ ਵਿਡੰਬਨਾ ਪੂਰਨ ਸਥਿਤੀ ਨੂੰ ਲਾਹਣਤਾਂ ਪਾ ਰਿਹਾ ਹੁੰਦਾ ਹੈ। ਰੁਪਏ ਪੈਸੇ ਸਬੰਧੀ ਸਭ ਤੋਂ ਵੱਧ ਨੈਤਿਕਤਾਹੀਣ ਹੁੰਦੇ ਜਾਂਦੇ ਮੱਧਵਰਗ ਦੇ ਇਸ ਨੈਤਿਕ ਪਤਨ ਹੋਣ ਜਾਣ ਲਈ ਪੂੰਜੀਵਾਦ ਦੀ ਹੱਲਾਸ਼ੇਰੀ ਤੇ ਨਿਯਮਾਂ ਕਾਨੂੰਨਾਂ ਦੀ ਜਕੜਣ, ਜੋ ਜਿਵੇਂ ਕਿਤੇ ਸਿਰਫ਼ ਉਸ ਲਈ ਹੀ ਹੈ। (ਮੱਧਵਰਗ ਅਕਸਰ ਕਹਿੰਦਾ ਹੈ ਕਿ ਸਭ ਤੋਂ ਬੁਰੀ ਹਾਲਤ ਉਸ ਦੀ ਹੈ) ਇਹ ਹੈਰਾਨ ਕੁੰਨ ਸਥਿਤੀ ਪੈਦਾ ਕਰਦੀ ਹੈ। ਜਿਸ ’ਚ ਹਰ ਤਰ੍ਹਾਂ ਦੀ ਹੇਰਾਫੇਰੀ ’ਚ ਡੁੱਬਿਆ ਮੱਧਵਰਗ ਭ੍ਰਿਸ਼ਟਾਚਾਰ ਦਾ ਵਿਰੋਧ ਕਰਨ ਲਈ ਜੰਤਰ ਮੰਤਰ ’ਤੇ ਪਹੁੰਚ ਜਾਂਦਾ ਹੈ ਜਾਂ ਆਪਣੇ ਮੁਹੱਲੇ ’ਚ ਮੋਮਬੱਤੀ ਮਾਰਚ ਕੱਢਣ

ਲੱਗਦਾ ਹੈ। ਇਸ ਕਾਰਨ ਇਹ ਭੁੱਖ ਹੜਤਾਲ 'ਤੇ ਬੈਠੇ ਲੋਕਾਂ ਦੇ ਹੱਕ 'ਚ ਨਾਹਰੇ ਲਾਉਣ ਪਿੱਛੋਂ ਠੀਕ ਗੁਆਂਢ 'ਚ ਹੀ ਡੋਸਾ-ਇਡਲੀ ਖਾਣ ਬੈਠ ਜਾਂਦਾ ਹੈ।

ਉਸ ਦੀ ਆਪਣੀ ਘੁਟਣ ਉਸ ਨੂੰ ਹੱਥ 'ਚ ਮੋਮਬੱਤੀ ਲੈਣ ਵੱਲ ਲੈ ਜਾਂਦੀ ਹੈ। ਇਹ ਪਾਪੀ ਦਾ ਪ੍ਰਾਸਚਿਤ ਹੁੰਦਾ ਹੈ। ਇਹ ਅਜਿਹੇ ਪਾਪੀ ਦਾ ਪਛਤਾਵਾ ਹੁੰਦਾ ਹੈ ਜੋ ਪਾਪ ਦੇ ਮੂਲ ਯਾਨੀ ਪੈਸੇ ਅਤੇ ਪੈਸੇ ਦੀ, ਚਾਹਤ ਤੋਂ ਘ੍ਰਿਣਾ ਨਹੀਂ ਕਰਦਾ ਹੈ। ਇਹ ਸਿਰਫ਼ ਉਸ 'ਚੋਂ ਉਪਜੇ ਪਾਪ ਦੇ ਕੰਮ ਯਾਨੀ ਭ੍ਰਿਸ਼ਟਾਚਾਰ ਤੋਂ ਘ੍ਰਿਣਾ ਕਰਦਾ ਹੈ। ਪਰ ਸਭ ਪਾਪਾਂ ਵਾਂਗੂੰ ਇਸ ਪਾਪ ਵਿੱਚ ਵੀ ਗਜਬੰਦੀ ਖਿੱਚ ਸ਼ਕਤੀ ਹੁੰਦੀ ਹੈ ਯਾਨੀ ਅਜੇ ਪਛਤਾਵਾ ਪੂਰਾ ਹੋਇਆ ਨਹੀਂ ਕਿ ਪਾਪੀ ਦੂਜੇ ਪਾਪ ਵੱਲ ਭੱਜ ਲੈਂਦਾ ਹੈ। ਜੰਤਰ ਮੰਤਰ ਤੋਂ ਉਹ ਸਿੱਧੀ ਰਿਸ਼ਵਤ ਲੈਣ ਜਾਂ ਦੇਣ ਪਹੁੰਚ ਜਾਂਦਾ। ਪੂੰਜੀਵਾਦ ਦੀਆਂ ਸਾਰੀਆਂ ਨੈਤਿਕਤਾਵਾਂ ਦੀਆਂ ਹੱਦਾਂ 'ਚ ਬੱਝਿਆ ਮੱਧ ਵਰਗ ਇਸ ਪਾਪ ਲਈ ਉਹਨਾਂ ਨੂੰ ਦੋਸ਼ੀ ਠਹਿਰਾਉਂਦਾ ਹੈ ਜੋ ਉਸ ਦੀ ਨਜ਼ਰ 'ਚ ਸਭ ਚੀਜ਼ਾਂ ਦੇ ਸੰਚਾਲਕ ਹੈ। ਉਸ ਨੂੰ ਲਗਦਾ ਹੈ ਕਿ ਜੇ ਸੰਚਾਲਕ ਠੀਕ ਹੁੰਦੇ ਤਾਂ ਸਭ ਕੁਝ ਠੀਕ ਹੋ ਜਾਂਦਾ ਅਤੇ ਜਦ ਉਹ ਵੇਖਦਾ ਹੈ ਕਿ ਇਹ ਸੰਚਾਲਕ ਭ੍ਰਿਸ਼ਟਾਚਾਰ ਰੋਕਣ ਬਦਲੇ ਖੁਦ ਹੀ ਭ੍ਰਿਸ਼ਟਾਚਾਰ 'ਚ ਲਿਪਤ ਹਨ ਤਾਂ ਉਸ ਦੇ ਗੁੱਸੇ ਦੀ ਹੱਦ ਨਹੀਂ ਰਹਿੰਦੀ। ਇੱਥੋਂ ਹੀ ਇਹ ਆਪਾ ਵਿਰੋਧੀ ਸਥਿਤੀ ਪੈਦਾ ਹੁੰਦੀ ਹੈ ਕਿ ਮਿਸਰ ਦਾ ਮੱਧ ਵਰਗ ਭ੍ਰਿਸ਼ਟਾਚਾਰ ਤੋਂ ਮੁਕਤੀ ਹਾਸਲ ਕਰਨ ਲਈ ਲੋਕਰਾਜ ਦੀ ਸਥਾਪਨਾ ਯਾਨੀ ਰਾਜਸੀ ਪਾਰਟੀਆਂ, ਨੇਤਾਵਾਂ ਤੇ ਨਿਯਮਤ ਚੋਣਾ ਦੀ ਮੰਗ ਕਰਦਾ ਹੈ ਤਾਂ ਭਾਰਤ ਦਾ ਮੱਧਵਰਗ ਰਾਜਨੀਤੀ ਨੂੰ ਹੀ ਠੱਗਾਂ, ਬਦਮਾਸਾਂ ਦੀ ਖੇਡ ਮੰਨ ਕੇ ਉਸ ਤੋਂ ਮੂੰਹ ਮੋੜ ਲੈਂਦਾ ਹੈ। ਇਹ ਇਸ ਲਈ ਕਿ ਮਿਸ਼ਰ 'ਚ ਵਿਵਸਥਾ ਦੇ ਸੰਚਾਲਕ ਤਾਨਾਸ਼ਾਹ ਸਨ ਤਾਂ ਭਾਰਤ 'ਚ ਪੂੰਜੀਵਾਦੀ ਪਾਰਟੀਆਂ ਅਤੇ ਨੇਤਾ। ਭਾਰਤ ਦੀ ਖਪਤਵਾਦੀ ਮੱਧਵਰਗ ਦੇ ਗੈਰ ਰਾਜਸੀ ਜਾਂ ਰਾਜਨੀਤੀ ਪੂੰਜੀਪਤੀ ਵਰਗ ਦੀ ਇਹ ਖਾਹਿਸ਼ ਵੀ ਹੈ। ਇਸ ਨਾਲ ਇਕ ਪਾਸੇ ਤਾਂ ਵਿਵਸਥਾ ਵਿਰੋਧੀ ਅੰਦੋਲਨਾ 'ਚ ਮੱਧ ਵਰਗ ਦੀ ਭੂਮਿਕਾ ਖਤਰਾ ਹੋ ਜਾਂਦੀ ਹੈ ਤਾਂ ਦੂਜੇ ਪਾਸੇ ਵਿਵਸਥਾ ਨੂੰ ਬਚਾਉਣ ਲਈ ਤਰ੍ਹਾਂ ਤਰ੍ਹਾਂ ਦੇ ਅੰਦੋਲਨਾ 'ਚ ਇਸ ਦੀ ਭੂਮਿਕਾ ਬਣ ਜਾਂਦੀ ਹੈ। ਫਾਸੀਵਾਦੀ ਇਸ 'ਚ ਵਿਆਪਕ ਹੈ।

ਇਹ ਖਪਤਵਾਦੀ ਮੱਧ ਵਰਗ ਦੀ ਨਜ਼ਰ ਵਿੱਚ ਭਰਿਸ਼ਟਾਚਾਰ ਸਮੇਤ ਦੇਸ਼ ਦੀਆਂ ਸਭ ਸਮੱਸਿਆਵਾਂ ਦੀ ਜੜ੍ਹ ਵਿੱਚ ਭ੍ਰਿਸ਼ਟ ਪਾਰਟੀਆਂ ਤੇ ਨੇਤਾ ਹਨ ਅਤੇ ਅਜਿਹਾ ਇਸ ਲਈ ਹੈ ਕਿਉਂਕਿ ਦੇਸ਼ 'ਚ ਸਭ ਨੂੰ ਵੋਟ ਦਾ ਅਧਿਕਾਰ ਹੈ। ਜਿਹਨਾਂ 'ਚੋਂ ਬਹੁਤੇ (ਮਜ਼ਦੂਰ ਤੇ ਕਿਸਾਨ) ਜਾਹਿਲ ਹਨ। ਇਹ ਜਾਹਿਲ ਲੋਕ ਬਹੁਮਤ ਹਨ ਅਤੇ ਇਹ ਜਾਤੀ ਧਰਮ ਖੇਤਰ ਦੇ ਨਾਂ ਹੇਠ ਜਾਂ ਪੇਸ਼ਾ ਸ਼ਰਾਬ ਆਦਿ ਬਦਲੇ ਵੋਟ ਦੇ ਦਿੰਦੇ ਹਨ। ਇਸ ਕਾਰਨ ਬਦਮਾਸ਼ ਨੇਤਾ ਚੋਣ ਜਿੱਤ ਜਾਂਦੇ ਹਨ ਤੇ ਪੂਰੇ ਦੇਸ਼ ਨੂੰ ਪਤਨ ਵੱਲ ਲੈ ਜਾਂਦੇ ਹਨ। ਇਸ ਤਰ੍ਹਾਂ ਲੋਕਤੰਤਰ, ਜਾਹਿਲ ਲੋਕਾਂ 'ਤੇ ਅਧਾਰਤ ਲੋਕਤੰਤਰ ਸਭ ਸਮੱਸਿਆਵਾਂ ਦੇ ਮੂਲ ਵਿੱਚ ਹੈ। ਇਸ ਨਾਲ ਸਾਰੀ ਅਰਾਜਕਤਾ, ਭ੍ਰਿਸ਼ਟਾਚਾਰ ਆਦਿ ਪੈਦਾ ਹੁੰਦਾ ਹੈ। ਮੱਧ ਵਰਗ ਇਹ ਨਹੀਂ ਵੇਖਦਾ ਜਾਂ ਜਾਣ ਬੁਝ ਕੇ ਨਹੀਂ ਵੇਖਣਾ ਚਾਹੁੰਦਾ ਕਿ ਬਹੁਤੇ ਐਮ. ਪੀ. ਜਾਂ ਵਿਧਾਇਕ ਉਸ ਵਾਂਗ ਪੜ੍ਹੇ ਲਿਖੇ ਹਨ ਤੇ ਸਾਰੀਆਂ ਪਾਰਟੀਆਂ ਦੇ ਬਹੁਤੇ ਉਪਰਲੇ ਨੇਤਾ ਲੰਪਨ ਜਾਂ ਅਪਰਾਧੀ ਨਹੀਂ ਹਨ। ਪਰ ਜੇ ਮੱਧ ਵਰਗ ਤੱਥਾਂ ਤੋਂ ਅੱਖਾਂ ਨਹੀਂ ਮੀਟਦਾ ਤਾਂ ਉਹ ਮੱਧਵਰਗ

ਨਹੀਂ ਹੁੰਦਾ। 'ਜਾਹਿਲਾਂ' ਦੇ ਇਸ ਲੋਕ ਰਾਜ ਨੂੰ ਨਾ ਸਿਰਫ਼ ਮੱਧਵਰਗ ਸਭ ਸਮੱਸਿਆਵਾਂ ਦੀ ਜੜ੍ਹ ਮੰਨਦਾ ਹੈ ਬਲਕਿ ਉਸ, ਇਸ ਵਿੱਚ ਆਪਣੇ ਆਪ ਨੂੰ ਬੇਵਸ ਵੀ ਮੰਨਦਾ ਹੈ। 'ਜਾਹਿਲ' ਲੋਕਾਂ ਮੁਕਾਬਲੇ ਗਿਣਤੀ 'ਚ ਉਹ ਬਹੁਤ ਥੋੜ੍ਹਾ ਹੈ। ਚੁਣਾਵੀ ਗਣਿਤ ਦੇ ਸਮੀਕਰਣਾ ਨੂੰ ਉਹ ਪ੍ਰਭਾਵਿਤ ਨਹੀਂ ਕਰ ਸਕਦਾ। ਚੁਣਾਵੀ ਗਣਿਤ ਦੇ ਸਮੀਕਰਣਾ ਨੂੰ ਉਹ ਪ੍ਰਭਾਵਿਤ ਨਹੀਂ ਕਰ ਸਕਦਾ। ਲੋਕਤੰਤਰ 'ਚ ਆਪਣੀ ਨਿਪੁੰਸਕਤਾ ਇਸ ਕਾਰਨ ਹੋਰ ਵੀ ਵੱਧ ਦਿਸਦੀ ਹੈ ਕਿ ਉਹ ਆਪਣੇ ਆਪ ਨੂੰ ਬਹੁਤ ਕਾਬਿਲ ਮੰਨਦਾ ਹੈ। ਉਹ ਸੁਪਰਵਾਈਜ਼ਰ ਮੈਨੇਜਰ ਹੈ, ਉਹ ਡਾਕਟਰ ਹੈ, ਇੰਜਨੀਅਰ ਹੈ, ਲੇਖਕ ਹੈ, ਵਿਗਿਆਨੀ ਹੈ, ਉਹ ਕਲਾਕਾਰ ਹੈ ਪਰ ਵਿਵਸਥਾ ਚਲਾਉਣ 'ਚ ਉਹ ਕਿਤੇ ਵੀ ਨਹੀਂ ਹੈ।

ਵਿਵਸਥਾ ਚਲਾ ਰਹੇ ਹਨ, 'ਅਨਪੜ੍ਹ' ਜਨਤਾ ਵਲੋਂ ਚੁਣੇ ਹੋਏ ਬਦਮਾਸ਼ ਨੇਤਾ। ਇਸ ਲਈ ਮੱਧਵਰਗ ਮੰਗ ਕਰਦਾ ਹੈ ਕਿ ਵਿਵਸਥਾ ਨੂੰ ਠੀਕ ਕਰਨ ਲਈ ਇਹ ਜਾਹਿਲ ਜਨਤਾ ਨੂੰ ਖ਼ਤਮ ਕੀਤਾ ਜਾਵੇ ਜਾਂ ਸੀਮਤ ਕੀਤਾ ਜਾਵੇ। ਕੋਈ ਤਾਨਾਸ਼ਾਹੀ ਲਾਗੂ ਕੀਤੀ ਜਾਵੇ ਜਾਂ ਅਰਾਜਕਤਾ ਖ਼ਤਮ ਕਰੇ। ਨਿਯਮਾਂ ਨੂੰ ਲਾਗੂ ਕਰੇ ਤੇ ਨਿਯਮ ਕਾਨੂੰਨ ਤੋੜਨ ਵਾਲਿਆਂ ਨੂੰ ਸਖਤੀ ਨਾਲ ਸਜਾ ਦੇਵੇ। ('ਭ੍ਰਿਸ਼ਟਾਚਾਰੀਆਂ ਨੂੰ ਮੌਤ ਦੀ ਸਜਾ ਦਿਉ) ਦੇਸ਼ ਨੂੰ ਉਵੇਂ ਹੀ ਚਲਾਇਆ ਜਾਵੇ ਜਿਵੇਂ ਕੰਪਨੀਆਂ ਚਲਾਈਆਂ ਜਾਂਦੀਆਂ ਹਨ। ਇਸ ਨੂੰ ਚਲਾਉਣ 'ਚ ਕਾਬਿਲ ਲੋਕਾਂ ਨੂੰ ਜਗਾਹ ਮਿਲੇ। ਜੰਤਰ ਮੰਤਰ 'ਤੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਠੋਸ ਮੁੱਦੇ ਯਾਨੀ ਲੋਕਪਾਲ ਬਿਲ 'ਚ ਇਹ ਸਾਰੀਆਂ ਗੱਲਾਂ ਪਹਿਲਾਂ ਹੀ ਦਰਜ ਹਨ। ਇਹ ਜਨ ਲੋਕਪਾਲ ਬਿੱਲ ਇੱਕ ਐਸੀ ਸੰਸਥਾ ਦੀ ਸਿਫਾਰਸ਼ ਕਰਦਾ ਹੈ। ਜਿਸ ਦਾ ਮੁਖੀਆ ਜਾਂਚ ਕਰਨ ਵਾਲਾ, ਖਪਤਕਾਰ ਤੇ ਜੱਜ ਸਭ ਹੋਵੇਗਾ। ਉਸ ਪਾਸ ਕਿਸੇ ਨੂੰ ਵੀ ਮੁਅੱਤਲ ਕਰਨ ਦੇ ਅਧਿਕਾਰ ਹੋਣਗੇ। (ਸਾਂਸਦ, ਵਿਧਾਇਕ, ਸਪੀਕਰ ਲੋਕ ਸਭਾ, ਪ੍ਰਧਾਨ ਮੰਤਰੀ ਸਭ) ਇਹ ਸਭ ਚੁਣੇ ਹੋਏ ਨੁਮਾਇੰਦਿਆ ਦੇ ਉਪਰ ਹੋਵੇਗਾ ਜਿਸ ਨੂੰ ਥੋੜ੍ਹੇ ਜਿਹੇ ਬੁਧੀਮਾਨ ਲੋਕਾਂ (ਨੋਬੇਲ ਪੁਰਸਕਾਰ ਵਿਜੇਤਾ, ਮੈਗਸਾਸੇ ਪੁਰਸਕਾਰ ਵਿਜੇਤਾ ਭਾਰਤ ਰਤਨ, ਜੱਜ ਆਦਿ) ਦੀ ਕਮੇਟੀ ਚੁਣੇਗੀ। ਇਹ "ਜਾਹਿਲ" ਜਨਤਾ ਉਪਰ "ਬੁਧੀਮਾਨ" ਦਾ ਕੰਟਰੋਲ ਹੋਵੇਗਾ। ਇਹ "ਜਾਹਿਲਾਂ" ਦੇ ਲੋਕਤੰਤਰ ਦੀ ਬਜਾਏ ਬੁਧੀਮਾਨਾ ਵਲੋਂ ਬੁੱਧੀਮਾਨਾਂ ਦਾ, ਬੁਧੀਮਾਨਾ ਲਈ ਇਕ ਤੰਤਰ ਹੋਵੇਗਾ। ਇਸ 'ਚ "ਜਾਹਿਲ" ਜਨਤਾ ਵੋਟ ਤੋਂ ਵਾਂਝੀ ਹੋਵੇਗੀ ਜਾਂ ਫਿਰ ਉਸ 'ਤੇ ਸਖ਼ਤ ਪਾਬੰਦੀਆਂ ਹੋਣਗੀਆਂ (ਮੱਧਵਰਗ ਦਾ ਹਰ ਬੰਦਾ ਆਪਣੇ ਆਪ ਨੂੰ ਬੁਧੀਮਾਨ ਮੰਨਦਾ ਹੈ)। ਇਤਿਹਾਸ ਦੇ ਹਵਾਲੇ ਨਾਲ ਸਪਸ਼ਟ ਹੈ ਕਿ ਮੁਸੋਲੀਨੀ ਦੇ ਫਾਸ਼ੀਵਾਦ ਤੇ ਹਿਟਲਰ ਦੇ ਨਾਜੀਵਾਦ 'ਚ ਮੱਧਵਰਗ ਦਾ ਇਹ ਸੁਪਨਾ ਪੂਰਾ ਹੋ ਚੁਕਿਆ ਹੈ ਅਤੇ ਫਾਸ਼ੀਵਾਦ-ਨਾਜੀਵਾਦ ਦੀਆਂ ਨੀਤੀਆਂ ਤੋਂ ਹੀ ਮੱਧਵਰਗ ਦੀ ਹੈਰਾਨਕੁੰਨ ਸਥਿਤੀਆਂ ਹੋਰ ਵੱਧ ਨੰਗੀਆਂ ਹੋ ਚੁੱਕੀਆਂ ਹਨ।

ਪਹਿਲੀ ਸੰਸਾਰ ਜੰਗ ਪਿੱਛੋਂ ਇਟਲੀ ਤੇ ਜਰਮਨੀ 'ਚ ਪੂੰਜੀਵਾਦ ਦੇ ਡੂੰਘੇ ਸੰਕਟ ਨੇ ਮੱਧਵਰਗ ਨੂੰ ਭੌਤਿਕ ਤੇ ਨੈਤਿਕ ਸੰਕਟ ਵੱਲ ਧੱਕਿਆ। ਇਸ ਸੰਕਟ ਦਾ ਇਕ ਹੱਲ ਮਜ਼ਦੂਰ ਦਾ ਇਨਕਲਾਬ ਹੀ ਹੋ ਸਕਦਾ ਹੈ। ਸਰਮਾਏਦਾਰ ਜਮਾਤ ਇਸ ਗੱਲ ਨੂੰ ਜਾਣਦੀ ਸੀ। ਇਸ ਲਈ ਉਸਨੇ ਇਕ ਪਾਸੇ ਮਜ਼ਦੂਰ ਅੰਦੋਲਨ ਨੂੰ ਕੁਚਲਣ ਵਿੱਚ ਪੂਰਾ ਜ਼ੋਰ ਲਾਇਆ ਤਾਂ ਦੂਜੇ ਪਾਸੇ ਫਾਸ਼ੀਵਾਦ ਨੂੰ ਹੱਲਾਸ਼ੇਰੀ ਦਿੱਤੀ। ਇਹਨਾਂ

ਦੇਸ਼ਾਂ 'ਚ ਇਕ ਅੰਦੋਲਨ ਵਜੋਂ ਫਾਸ਼ੀਵਾਦ ਸੰਕਟ ਗ੍ਰਸਤ ਮੱਧਵਰਗ ਦਾ ਅੰਦੋਲਨ ਸੀ ਪਰ ਇਸ ਦੀ ਪਾਲਣਾ ਪੋਸਣਾ ਸਰਮਾਏਦਾਰ ਜਮਾਤ ਨੇ ਕੀਤੀ। ਰੁਪਏ ਪੈਸੇ ਤੋਂ ਲੈ ਕੇ ਹਜ਼ਾਰ ਤਰ੍ਹਾਂ ਦੀ ਮਦਦ ਪੂੰਜੀਪਤੀ ਜਮਾਤ ਨੇ ਫਾਸ਼ੀਵਾਦੀ ਅੰਦੋਲਨ ਨੂੰ ਦਿੱਤੀ ਤੇ ਜਦ ਫਾਸ਼ੀਵਾਦੀ ਅੰਦੋਲਨ ਮਜ਼ਬੂਤ ਹੋ ਕੇ ਸੱਤਾ ਤੱਕ ਪਹੁੰਚ ਦੀ ਸਥਿਤੀ 'ਚ ਪਹੁੰਚ ਗਿਆ ਤਾਂ ਪੂੰਜੀਪਤੀ ਵਰਗ ਨੇ ਹੀ ਇਸ ਨੂੰ ਹਕੂਮਤ 'ਚ ਲੈ ਆਂਦਾ। ਮਸੋਲੀਨੀ ਤੇ ਹਿਟਲਰ ਇਸ ਤਰ੍ਹਾਂ ਗੱਦੀ 'ਤੇ ਬੈਠੇ ਪਰ ਇਸ ਪਿੱਛੋਂ ਸਰਮਾਏਦਾਰੀ ਜਮਾਤ ਨੇ ਇਸ ਅੰਦੋਲਨ ਨੂੰ ਪੂਰੀ ਤਰ੍ਹਾਂ ਹਥਿਆ ਲਿਆ। ਇਸ ਦੀ ਮਦਦ ਨਾਲ ਲੋਕਤੰਤਰ ਤੇ ਵਿਰੋਧੀ ਪਾਰਟੀਆਂ ਨੂੰ ਖਤਮ ਕਰ ਦਿੱਤਾ। ਸਰਮਾਏਦਾਰਾਂ ਜਮਾਤ ਦੇ ਡਿਕਡੋਲੇ ਖਾਂਦੀ ਹਕੂਮਤ ਸਾਹਮਣੇ ਮੌਜੂਦਾ ਖਤਰਿਆਂ ਨੂੰ ਖ਼ਤਮ ਕਰਕੇ ਉਸ ਨੂੰ ਦ੍ਰਿੜਤਾ ਮੁਹੱਈਆ ਕੀਤੀ। ਮੱਧਵਰਗ ਜੋ ਚਾਹੁੰਦਾ ਸੀ ਉਹ ਮਿਲ ਗਿਆ ਪਰ ਉਦੋਂ ਉਸ ਨੇ ਵੇਖਿਆ ਕਿ ਉਹ ਉਸ ਦੇ ਸੁਪਨਿਆਂ ਦੀ ਹਕੂਮਤ ਨਹੀਂ ਬਲਕਿ ਪੂੰਜੀਪਤੀ ਵਰਗ ਦਾ ਇਕਤੰਤਰ ਸੀ। ਇਸ ਇਕ ਤੰਤਰ ਨੇ ਮਜ਼ਦੂਰ ਜਮਾਤ ਨੂੰ ਕੁਚਲਣ ਪਿਛੋਂ ਮੱਧ ਵਰਗ ਨੂੰ ਜ਼ਰੂਰਤ ਪੈਣ 'ਤੇ ਕੁਚਲਣ 'ਚ ਜਰਾਂ ਹੀ ਹਿਰਕ ਮਹਿਸੂਸ ਨਹੀਂ ਕੀਤੀ। ਅੱਜ ਭਾਰਤ ਦੇ ਸ਼ਹਿਰੀ ਉਪਭੋਗਤਾ ਵਾਦੀ ਮੱਧ ਵਰਗ ਵਲੋਂ ਥੋਖਾਧੜੀ ਆਯੋਜਤ ਕੀਤੀ ਜਾ ਰਹੀ ਹੈ। ਭਾਰਤ ਦੀ ਸਰਮਾਏਦਾਰ ਜਮਾਤ ਤਦ ਹੋਰ ਵੱਧ ਭੈਭੀਤ ਹੋ ਜਾਂਦਾ ਹੈ ਜਦ ਉਹ ਵਧਦਾ ਹੈ ਕਿ ਅਰਬ ਦੇਸ਼ਾਂ 'ਚ ਵਿਦਰੋਹ ਪਿੱਛੇ ਠੀਕ ਉਹੀ ਮੁੱਦੇ ਸਨ ਜੋ ਭਾਰਤ 'ਚ ਭਿਅੰਕਰ ਚੋਰ 'ਤੇ ਜਨਤਾ ਨੂੰ ਪ੍ਰੇਸ਼ਾਨ ਕਰ ਰਹੇ ਹਨ ਅਜਿਹੇ 'ਚ ਨੇੜੇ ਜਾਂ ਦੂਰ ਭਵਿੱਖ 'ਚ ਇੱਥੇ ਵੀ ਉਹੋ ਜਿਹੇ ਵਿਸਫੋਟ ਹੋ ਸਕਦੇ ਹਨ।

ਇਹਨਾਂ ਹੀ ਲਾਲਸਾਵਾਂ ਦੇ ਮੱਦੇ ਨਜ਼ਰ ਭਾਰਤ ਦੀ ਸਰਮਾਏਦਾਰ ਜਮਾਤ ਭਾਂਤ ਭਾਂਤ ਦੇ ਉਪਾਅ ਆਪਣੀ ਰਾਖੀ ਲਈ ਕਰ ਰਹੀ ਹੈ। ਉਹਨਾਂ 'ਚੋਂ ਇਕ ਸੀ ਮੱਧਵਰਗ ਨੂੰ ਅਰਵਿੰਦ ਕੇਜਰੀ ਵਾਲ, ਕਿਰਨ ਬੇਦੀ ਤੇ ਜਨ ਲੋਕਪਾਲ ਬਿਲ ਪਿੱਛੋਂ ਲਾਮਬੰਦ ਕਰਨ। ਇਸ ਰਾਹੀਂ ਇਕ ਹੋਰ ਮੱਧਵਰਗ ਦੇ ਰੁਝਾਣ ਨੂੰ ਉਭਾਰਿਆ ਗਿਆ ਤੇ ਦੂਜੇ ਪਾਸੇ ਉਸ ਨੂੰ ਉਸ ਝਾਂਸੇ 'ਚ ਲਾਇਆ ਗਿਅਆ ਕਿ ਜਨ ਲੋਕਪਾਲ ਬਿੱਲ ਨਾਲ ਭ੍ਰਿਸ਼ਟਾਚਾਰ ਦੀ ਸਮੱਸਿਆ ਦਾ ਹੱਲ ਹੋ ਸਕਦਾ ਹੈ, ਲਗਾਤਾਰ ਝੂਠੇ ਸੁਪਨਿਆਂ 'ਚ ਜਿਉਣ ਵਾਲੇ ਮੱਧ ਵਰਗ ਨੂੰ ਇਸ ਤਰ੍ਹਾਂ ਦੇ ਝਾਂਸਿਆਂ 'ਚ ਲਾਇਆ ਜਾ ਸਕਦੈ। ਇਹ ਇਸੇ ਲਾਇਕ ਹੈ। ਕੁਝ ਸਮੇਂ ਬਾਦ ਜਦ ਉਜਾਗਰ ਹੋ ਜਾਵੇਗਾ ਕਿ ਕੁਝ ਬਦਲਿਆ ਤਾਂ ਪੂੰਜੀਪਤੀ ਜਮਾਤ ਵਲੋਂ ਹੋਰ ਨੁਕਸੇ ਅਪਣਾਏ ਜਾਣਗੇ। ਪਰ ਇਸ ਦੌਰਾਨ ਉਹ ਫੌਰੀ ਤੌਰ 'ਤੇ ਤਣਾਅ ਹਲਕਾ ਕਰਨ 'ਚ ਕਾਮਯਾਬ ਹੋ ਚੁੱਕਿਆ ਹੋਵੇਗ। ਇਕ ਸਾਹ ਤੋਂ ਦੂਜੇ ਸਾਹ ਤੱਕ ਜਿਉਂਦਾ ਪੂੰਜੀਵਾਦ ਤੇ ਪੂੰਜੀਪਤੀ ਜਮਾਤ ਲਈ ਕੀ ਇਹ ਗੱਲ ਘੱਟ ਮਹੱਤਵ ਦੀ ਹੈ?

# ਅਬਦੁਲ ਕਲਾਮ ਨੇ ਦੇਸ਼ ਦੇ ਕਿਹੜੇ ਭਵਿੱਖ ਦੀ ਤਸਵੀਰ ਪੇਸ਼ ਕੀਤੀ?

ਏ. ਪੀ. ਜੇ. ਅਬਦੁਲ ਕਲਾਮ ਨੂੰ ਜਦ ਹਿੰਦ ਫਿਰਕਾਪ੍ਰਸਤੀ ਦੀ ਝੰਡਾ ਬਰਦਾਰ ਭਾਜਪਾ ਨੇ ਭਾਰਤ ਦਾ ਰਾਸ਼ਟਰਪਤੀ ਬਣਾਇਆ ਤਾਂ ਉਹਨਾਂ ਦੀ ਬਸ ਇਕ ਵਿਗਆਨੀ ਵਜੋਂ ਸ਼ੋਹਰਤ ਸੀ ਹਾਲਾਂਕਿ ਉਸ ਵੇਲੇ ਬਹੁਤ ਸਾਰੇ ਲੋਕਾਂ ਨੇ ਇਸ ਗੱਲ ਨੂੰ ਟਿਕਿਆ ਸੀ ਕਿ ਅਬਦੁਲ ਕਲਾਮ ਵਿਗਿਆਨਕਾਂ ਦੇ ਵਿਚਕਾਰ ਰਾਜਸੀ ਨੇਤਾ ਤੇ ਰਾਜਸੀ ਨੇਤਾਵਾਂ ਵਿਚਕਾਰ ਵਿਗਿਆਨੀ ਵਜੋਂ ਜਾਣੇ ਜਾਂਦੇ ਹਨ। ਇਸ ਗੱਲ ਨੇ ਉਹਨਾ ਨੂੰ ਰਾਸ਼ਟਰਪਤੀ ਦੀ ਕੁਰਸੀ ਤਕ ਪਹੁੰਚਾਇਆ ਪਰ ਰਾਸ਼ਟਰਪਤੀ ਬਣਨ ਦੇ ਕੁਝ ਸਮੇਂ ਪਿੱਛੋਂ ਹੀ ਅਬਦੁਲ ਕਲਾਮ ਨੇ ਆਪਣੀ ਦੂਜੀ ਦਿਖ ਬਣਾਉਣੀ ਸ਼ੁਰੂ ਕਰ ਦਿੱਤੀ। ਉਹ ਮੌਜੂਦਾ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਵਾਂਗੂ ਸਿਰਫ਼ ਰਾਸ਼ਟਰਪਤੀ ਭਵਨ ਦੀ ਸ਼ੋਭਾ ਵਧਾਉਣ ਨੂੰ ਤਿਆਰ ਨਹੀਂ ਸਨ। ਉਹ ਦੇਸ਼ ਦੇ ਭਵਿੱਖ ਦੇ ਬੁਲਾਰੇ ਬਣ ਗਏ। ਉਹਨਾਂ ਨੇ ਦੇਸ਼ ਦੇ ਭਵਿੱਖ ਦੀ ਇਕ ਤਸਵੀਰ ਪੇਸ਼ ਕਰਨੀ ਸ਼ੁਰੂ ਕਰ ਦਿੱਤੀ। ਇਸ ਨੂੰ ਉਹਨਾਂ ਨੇ ਖਾਸ ਕਰਕੇ ਵਿਦਿਆਰਥੀਆਂ ਤੇ ਨੌਜਵਾਨਾ ਸਾਹਮਣੇ ਪੇਸ਼ ਕੀਤਾ। ਅੱਜ ਅਬਦੁਲ ਕਲਾਮ ਦੀ ਦਿਖ ਦੇਸ਼ ਦੇ ਸਾਬਕਾ ਰਾਸ਼ਟਰਪਤੀ ਵਜੋਂ ਘੱਟ ਇਸੇ ਰੂਪ 'ਚ ਵੱਧ ਹੈ। ਅਬਦੁਲ ਕਲਾਮ ਨੇ ਦੇਸ਼ ਦੇ ਕੋਨੇ ਤੋਂ ਭਵਿੱਖ ਦੀ ਤਸਵੀਰ ਪੇਸ਼ ਕੀਤੀ ਸੀ? ਉਹਨਾਂ ਦੀ ਤਸਵੀਰ ਦਾ ਮੁੱਖ ਵਾਹਕ ਤੇ ਉਦੇਸ਼ ਕੌਣ ਸੀ? ਇਹ ਸੀ ਭਾਰਤ ਦਾ ਨਵਾਂ ਮੱਧ ਵਰਗ ਯਾਨੀ ਉਦਾਰੀਕਰਨ ਦੇ ਜਮਾਨੇ ਦਾ ਨਵਾਂ ਮੱਧ ਵਰਗ ਜਿਸ ਨੂੰ ਸੰਸਾਰ ਬੈਂਕ ਤੇ ਸਾਮਰਾਜੀ ਸੰਸਥਾਵਾਂ ਨੇ ਸਿਵਲ ਸੁਸਾਇਟੀ ਦੇ ਨਾਂ ਨਾਲ ਵੀ ਸੰਬੋਧਿਤ ਕੀਤਾ ਹੈ। ਇਸ ਵਰਗ ਦੇ ਭਾਰਤ ਦੇ ਭਵਿੱਖ ਦੀ ਤਸਵੀਰ ਕੁਝ ਇਸ ਤਰ੍ਹਾਂ ਹੈ : ਨਹਿਰੂ ਵੇਲੇ ਦੇ ਲਾਇਸੰਸ ਪ੍ਰਮਿਟ ਰਾਜ ਦੇ ਖਤਮ ਹੋ ਜਾਣ ਪਿਛੋਂ ਭਾਰਤ ਦੇ ਉਦਮੀਆਂ ਦੀ ਪਹਿਲ ਕਦਮੀ ਹੋ ਗਈ ਹੈ। ਇਸ ਨਾਲ ਭਾਰਤ ਨੂੰ ਤੇਜ ਰਫਤਾਰ ਨਾਲ ਵਿਕਾਸ ਕਰ ਰਿਹਾ ਹੈ ਇਸ 'ਚ ਉਦਮੀਆਂ ਤੇ ਤਕਨੀਕੀ ਲੋਕਾਂ ਤੇ ਅਧੁਨਿਕ ਪ੍ਰਬੰਦਕਾਂ ਦੀ ਮੁੱਖ ਭੂਮਿਕਾ ਹੈ। ਇਹਨਾਂ ਦੀ ਪਹਿਲ ਕਦਮੀ ਨੂੰ ਹੋਰ ਹੱਲਾਸ਼ੇਰੀ ਦੇਣਲਈ ਹੋਰ ਵੱਧ ਸੁਧਾਰਾਂ ਦੀ ਜ਼ਰੂਰਤ ਹੈ।

ਸਰਕਾਰ ਨੂੰ ਅਰਥਚਾਰੇ ਤੋਂ ਇਕਦਮ ਹੀ ਹੱਥ ਖਿੱਚ ਕੇ ਆਪਣੇ ਆਪ ਨੂੰ ਕਾਨੂੰਨ ਪ੍ਰਣਾਲੀ ਤਕ ਸੀਮਤ ਕਰ ਲੈਣਾ ਚਾਹੀਦਾ ਹੈ ਕਿਉਂਕਿ ਸਰਕਾਰੀ ਰਾਹਤ ਪ੍ਰੋਗਰਾਮ ਅਕੁਸ਼ਲਤਾ, ਭ੍ਰਿਸ਼ਟਾਚਾਰ ਤੇ ਅਦਾਰਿਆਂ ਦੀ ਦੁਰਵਰਤੋਂ ਹੀ ਵਧਾਉਂਦੀ ਹੈ। ਅੰਤ ਉਹਨਾਂ ਨੂੰ ਖ਼ਤਮ ਕਰਕੇ ਸਾਰੀਆਂ ਵਸਤਾਂ ਤੇ ਸੇਵਾਵਾਂ ਨੂੰ ਬਾਜ਼ਾਰ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ। ਅਜਿਹਾ ਹੋਣ ਨਾਲ ਭਾਰਤ ਤੇਜੀ ਨਾਲ ਤਰੱਕੀ ਕਰਕੇ ਵਿਕਸਤ ਦੇਸ਼ ਦੀ ਕਤਾਰ 'ਚ ਪਹੁੰਚ ਜਾਵੇਗਾ। ਬੱਸ ਇਸ 'ਚ ਅੜਿੱਕਾ ਦੇਸ਼ ਦੇ ਗ਼ਰੀਬ ਲੋਕ ਤੇ ਨੇਤਾ ਹਨ। ਇਨਾਂ ਨੂੰ ਕਿਸੇ ਤਰ੍ਹਾਂ ਦਰੁਸ਼ਤ ਕੀਤਾ ਜਾਣਾ ਚਾਹੀਦਾ ਹੈ ਜਾਂ ਦੇਸ਼ ਨੂੰ ਚਲਾਉਣ ਦਾ ਹੱਕ ਉਹਨਾਂ ਤੋਂ ਖੋਹ ਲੈਣਾ ਚਾਹੀਦਾ ਹੈ। ਸਰਕਾਰ ਤੇ ਸਰਕਾਰੀ ਖੇਤਰ ਨੂੰ ਵਧ ਤੋਂ ਵੱਧ ਸੀਮਤ ਕਰਨ ਨਾਲ ਇਸ ਟੀਚੇ ਨੂੰ ਹਾਸਲ ਕੀਤਾ ਜਾ ਸਕਦਾ ਹੈ। ਭਾਰਤ ਕੋਲ ਵਪਾਰੀ ਹਨ, ਟੇਲੈਂਟ ਹੈ ਅਤੇ ਭਾਰਤ ਇਕ ਵਾਰੀ ਫੇਰ ਦੁਨੀਆਂ ਦਾ ਸਿਰਮੌਰ ਬਣ ਸਕਦਾ ਹੈ। ਅਮਰੀਕਾ ਤੋਂ ਪਿਛੜਿਆ ਹੀ ਰਿਹਾ ਹੈ, ਚੀਨ

ਵੀ ਭਾਂਤ-ਭਾਂਤ ਦੀਆਂ ਸਮੱਸਿਆਵਾਂ ਨੂੰ ਗ੍ਰਸਿਤ ਹੈ। ਖਾਸ ਕਰਕੇ ਉਥੇ ਲੋਕਤੰਤਰ ਨਹੀਂ ਹੈ। ਇਸ ਲਈ ਭਾਰਤ 2050 ਤਕ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਬਣ ਜਾਵੇਗਾ। ਇਸ ਤਸਵੀਰ ਦਾ ਅਧਾਰ ਹੈ ਪਿਛਲੇ ਵੀਹ ਸਾਲਾਂ ਤੋਂ ਤੇਜ ਵਾਧਾ ਦਰ, ਇਕ ਉਭਰਦਾ ਹੋਇਆ ਨਵਾਂ ਮੱਧ ਵਰਗ ਅਤੇ ਤਰ੍ਹਾਂ ਤਰ੍ਹਾਂ ਦੇ ਖਪਤਕਾਰ ਮਾਲਾਂ ਦਾ ਹੋਣਾ। ਇਹ ਭਵਿੱਖ ਦੇ ਭਾਰਤ ਦੀ ਇਕ ਤਸਵੀਰ ਹੈ ਜੋ ਬੇਹੱਦ ਹਸੀਨ ਹੈ, ਕੁਝ-ਕੁਝ ਮਲਟੀਪਲੈਕਸ ਸਿਨੇਮਾ ਹਾਲਾਂ 'ਚ ਚਲਣ ਵਾਲੀਆਂ ਫ਼ਿਲਮਾਂ ਵਾਂਗੂੰ। ਇਸ ਤਸਵੀਰ 'ਚ ਕੁਝ ਚੀਜ਼ਾਂ ਮੁੱਢੋਂ ਗਾਇਬ ਹਨ। ਇਸ 'ਚ ਭਾਰਤੀ ਖੇਤੀ ਦੀ ਦੁਰਦਸ਼ਾ ਨਹੀਂ ਹੈ ਜਿਸ ਕਾਰਨ ਲੱਖਾਂ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਇਸ 'ਚ ਇਹ ਗਾਇਬ ਹੈ ਕਿ ਇਹਨਾਂ ਵੀਹਾਂ ਸਾਲਾਂ 'ਚ ਖੇਤੀ ਦੀ ਵਿਕਾਸ ਦਰ ਬੇਹੱਦ ਨੀਵੀਂ ਹੈ। ਉਨ੍ਹਾਂ ਦਾ ਅਰਥਚਾਰੇ ਹਿੱਸਾ ਲਗਾਤਾਰ ਘਟਦਾ ਜਾ ਰਿਹਾ ਹੈ ਜਦ ਕਿ ਉਹਨਾਂ 'ਤੇ ਨਿਰਭਰ ਅਬਾਦੀ ਬਹੁਤ ਮੱਠੀ ਰਫਤਾਰ ਨਾਲ ਘਟ ਰਹੀ ਹੈ। ਇਸ 'ਚ ਦਸਤਕਾਰਾਂ ਦੀ ਤਬਾਹੀ ਤੇ ਆਤਮ ਹੱਤਿਆਵਾਂ ਨਹੀਂ ਹਨ। ਇਸ 'ਚ ਇਹ ਤੱਥ ਨਹੀਂ ਹੈ ਜੋ ਹੁਣ ਬੇਹੱਦ ਆਮ ਹੋ ਚੁੱਕਿਆ ਹੈ ਕਿ 2004-05 'ਚ ਦੇਸ਼ ਦੀ 77 ਫੀਸਦੀ ਅਬਾਦੀ ਰੋਜਾਨਾ 20 ਰੁਪਏ ਤੋਂ ਘੱਟ 'ਤੇ ਗੁਜਰ-ਬਸਰ ਕਰ ਰਹੀ ਹੈ। ਇਸ 'ਚ ਅਮੀਰੀ-ਗਰੀਬ ਦਰਮਿਆਨ ਵਧਦਾ ਪਾੜ, ਮਜ਼ਦੂਰਾਂ ਦੀ ਮਜ਼ਦੂਰੀ 'ਚ ਲਗਾਤਾਰ ਹੁੰਦੀ ਗਿਰਾਵਟ ਨਹੀਂ ਹੈ। ਇਸ 'ਚ ਵਧਦੀ ਭੁੱਖ ਤੇ ਦਹੇਜ ਹੱਤਿਆਵਾਂ, ਵਧਦੇ ਅਪਰਾਧ ਨਹੀਂ ਹਨ। ਇਸ 'ਚ ਕਸ਼ਮੀਰ, ਮੱਧ ਭਾਰਤ ਅਤੇ ਉਤਰ ਪੂਰਬ 'ਚ ਸਰਕਾਰ ਦਾ ਬੇਕਿਰਕ ਜਬਰ ਨਹੀਂ ਹੈ, ਇਸ 'ਚ ਖੈਰ ਲਾਂਜੀ, ਗੁਜਰਾਤ ਸ਼ਾਮਲ ਨਹੀਂ ਹੈ। ਅਜਿਹੇ ਇਸ ਲਈ ਹੈ ਕਿ ਉਭਰਦੇ ਨਵੇਂ ਮੱਧ ਵਰਗ ਦੀ ਜ਼ਿੰਦਗੀ 'ਚ ਇਹ ਸਭ ਕੁਝ ਨਹੀਂ ਹੈ। ਇਹ ਸ਼ਹਿਰੀ ਹੈ, ਜ਼ਿਆਦਾਤਰ ਸਵਰਨ ਹਿੰਦੂ ਹੈ ਅਤੇ ਉਦਾਰੀਕਰਨ ਦੇ ਦੌਰ 'ਚ ਨਾ ਸਿਰਫ਼ ਵਧਿਆ-ਫੁਲਿਆ ਹੈ ਬਲਕਿ ਉਹ ਉਸੇ ਦੀ ਪੈਦਾਇਸ਼ ਹੈ।

ਇਸ ਦੌਰਾਨ ਉਸ ਦੀ ਆਮਦਨ ਵਧੀ ਹੈ। ਉਸ ਨੂੰ ਹਾਸਲ ਖਪਤਕਾਰੀ ਵਸਤਾਂ ਦੀ ਮਾਤਰਾ ਤੇ ਗੁਣਾ 'ਚ ਵਾਧਾ ਹੋਇਆ ਹੈ। ਉਸ ਦੀ ਜ਼ਿੰਦਗੀ ਚਮਕ ਰਹੀ ਹੈ। ਉਸ ਦਾ ਭਾਰਤ ਚਮਕ ਰਿਹਾ ਹੈ। ਉਹ 'ਸ਼ਾਇਨਿੰਗ ਇੰਡੀਆ' ਵਾਲਾ ਨਵਾਂ ਮੱਧ ਵਰਗ ਹੈ। ਇਸ ਦਾ ਪੈਦਾ ਹੋਣਾ ਨਾ ਤਾਂ ਸੰਯੋਗ ਵਸ ਹੈ ਅਤੇ ਨਾ ਹੀ ਹੈਰਾਨੀ ਜਨਕ ਜਦ ਭਾਰਤ 'ਚ ਨਵੀਆਂ ਆਰਥਿਕ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ ਤਦ ਭਾਰਤ ਸਰਕਾਰ ਨੇ ਵਿਦੇਸ਼ਾਂ 'ਚ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਗਿਆ ਸੀ ਕਿ ਭਾਰਤ 'ਚ ਇਕ ਵੱਡਾ ਮੱਧ ਵਰਗ ਹੈ ਜੋ ਇਹਨਾਂ ਨੀਤੀਆਂ ਦਾ ਆਧਾਰ ਬਣ ਸਕਦਾ ਹੈ। ਇਹ ਵਿਦੇਸ਼ੀ ਬਹੁਕੌਮੀ ਕੰਪਨੀਆਂ ਦੀਆਂ ਸੇਵਾਵਾਂ ਅਤੇ ਵਸਤਾਂ ਦਾ ਖਰੀਦਦਾਰ ਬਣ ਸਕਦਾ ਹੈ। ਇਸ ਪ੍ਰਚਾਰ ਕਰਕੇ ਵਿਦੇਸ਼ੀ ਕੰਪਨੀਆਂ ਤਦ ਧੜੱਲੇ ਨਾਲ ਭਾਰਤ ਆਈਆਂ ਤੇ ਦੋ-ਚਾਰ ਸਾਲਾਂ 'ਚ ਵੇਖਿਆ ਕਿ ਇਹ ਮੱਧਵਰਗੀ ਖਪਤਕਾਰੀ ਬਾਜ਼ਾਰ ਅਸਲ 'ਚ ਉਨਾਂ ਵਧਿਆ ਨਹੀਂ ਹੈ ਜਿਨਾਂ ਸਰਕਾਰ ਪ੍ਰਚਾਰ ਕਰ ਰਹੀ ਸੀ। ਫੇਰ ਉਹਨਾਂ ਨੇ ਆਪਣੇ ਆਪ ਨੂੰ ਇਸ ਹਿਸਾਬ ਨਾਲ ਢਾਲਿਆ। ਭਾਰਤ ਸਰਕਾਰ ਭਾਰਤ ਦੇ ਮੱਧਵਰਗ ਦੇ ਆਕਾਰ ਬਾਰੇ ਭਾਵੇਂ ਹੀ ਵਧਾ ਚੜ੍ਹਾ ਕੇ ਗੱਲ ਕਰ ਰਹੀ ਹੋਵੇ, ਉਹ ਇਕ ਗੱਲ ਸੱਚੀ ਕਰ ਰਹੀ ਸੀ। ਇਹਨਾਂ ਨੀਤੀਆਂ ਦਾ ਆਧਾਰ ਮੱਧ ਵਰਗ ਸੀ ਜਾਂ ਜਿਸ ਦੇ ਇਕ ਉਪਰੀ ਹਿੱਸੇ ਨੂੰ ਖਾਸ ਕਰਕੇ ਨਿਸ਼ਾਨਾ ਬਣਾ ਰਹੀ

ਸੀ। ਜੇ ਸਰਮਾਏਦਾਰ ਜਮਾਤ ਨੂੰ ਲੁੱਟ ਦੀ ਖੁੱਲ੍ਹ ਇਹਨਾਂ ਨੀਤੀਆਂ ਕਰਕੇ ਦਿੱਤੀ ਜਾ ਰਹੀ ਸੀ ਤਾਂ ਇਸ ਖਪਤਕਾਰੀ ਮੱਧਵਰਗ ਨੂੰ ਇਸ ਦੇ ਰਾਜਸੀ ਅਧਾਰ ਵਜੋਂ ਸਥਾਪਤ ਕੀਤਾ ਜਾ ਰਿਹਾ ਸੀ। ਨਵੀਆਂ ਆਰਥਿਕ ਨੀਤੀਆਂ ਦੇ ਜ਼ਮਾਨੇ 'ਚ ਹੋਰ ਵਰਗਾਂ ਤੇ ਤਬਕਿਆਂ ਦੀ ਬਦੌਲਤ ਹੀ ਵਧਣ-ਫੁਲਣ ਦਾ ਮੌਕਾ ਮਿਲਿਆ ਸੀ।

ਸਰਮਾਏਦਾਰ ਜਮਾਤ ਦੀ ਪੂੰਜੀ ਬੇਹੱਦ ਵਧਣੀ ਸੀ ਤੇ ਉਸ ਦੀ ਜੂਨ 'ਤੇ ਇਕ ਖਪਤਕਾਰੀ ਨਵਾਂ ਮੱਧਵਰਗ ਪੈਦਾ ਹੋਣਾ ਸੀ ਜਾਂ ਪੁਰਾਣੇ ਮੱਧਵਰਗ ਦੇ ਵਿਚਕਾਰਲੇ ਤੇ ਉਪਰਲੇ ਹਿੱਸੇ ਦੀ ਤਬਦੀਲੀ ਹੋਣੀ ਸੀ। ਨਵੀਆਂ ਆਰਥਿਕ ਨੀਤੀਆਂ ਜਾਂ ਨਿੱਜੀਕਰਨ-ਉਦਾਰੀਕਰਨ-ਵਿਸ਼ਵੀਕਰਨ ਦੀਆਂ ਨੀਤੀਆਂ ਇਸ ਮਾਮਲੇ 'ਚ ਸਫ਼ਲ ਰਹੀਆ ਹਨ। ਇਸ ਪੂਰੇ ਦੌਰ 'ਚ ਦੇਸ਼ ਦੀ ਸਰਮਾਏਦਾਰ ਜਮਾਤ ਦੀ ਦੌਲਤ ਬੇਹੱਦ ਵਧੀ ਹੈ। ਇਹ ਇਸ ਹੱਦ ਤਕ ਵਧੀ ਹੈ ਕਿ ਰਤਨ ਟਾਟਾ ਨੂੰ ਮੁਕੇਸ਼ ਅੰਬਾਨੀ ਨੂੰ ਨਸੀਅਤ ਤਕ ਦੇਣੀ ਪਈ ਕਿ ਏਨੇ ਕੁੱਢਰ ਤਰੀਕੇ ਨਾਲ ਆਪਣੀ ਦੌਲਤ ਦਾ ਵਿਖਾਵਾ ਨਾ ਕਰਨ (ਪਤਨੀ ਨੂੰ 250 ਕਰੋੜ ਰੁਪਏ ਦਾ ਜਹਾਜ ਭੇਂਟ ਕਰਨਾ ਜਾਂ 3000 ਕਰੋੜ ਰੁਪਏ ਦਾ ਸਤਾਈ ਮੰਜਲੀ ਇਮਾਰਤ ਬਣਾਉਣੀ) ਭਾਰਤ 'ਚ ਤੇਜੀ ਨਾਲ ਅਰਬਪਤੀ (ਡਾਲਰਾਂ 'ਚ) ਪੈਦਾ ਹੋ ਰਹੇ ਹਨ। ਭਾਰਤ ਦੇ ਅਰਬਪਤੀ ਦੁਨੀਆਂ, ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ 'ਚ ਸ਼ਾਮਲ ਹੋ ਰਹੇ ਹਨ। ਗਰੀਬ ਦੇਸ਼ਾਂ ਦੇ ਅਮੀਰ ਲੋਕ ਭਾਰਤ ਦੇ ਸਰਮਾਏਦਾਰਾਂ ਦੀ ਅਕਾਸ਼ ਛੂੰਹਦੀ ਦੌਲਤ ਦੇ ਨਾਲ ਉਸ ਦੇ ਪ੍ਰਬੰਦਕ ਲੇਖਾਕਰ, ਇੰਜਨੀਅਰ, ਡਾਕਟਰ, ਵਕੀਲ ਆਦਿ ਵਾਂਗੂੰ ਕੰਮ ਕਰਨ ਵਾਲਾ ਜਾਂ ਇਸ ਤਰ੍ਹਾਂ ਦੇ ਪੇਸ਼ੇ 'ਚ ਸ਼ਾਮਲ ਇਕ ਮੱਧ ਵਰਗ ਵੀ ਖੂਬ ਵਧਿਆ-ਫੁਲਿਆ ਹੈ। ਇਹ ਬਹੁਤਾ ਤਾਂ ਨਿੱਜੀ ਖੇਤਰ 'ਚ ਹੈ, ਹਾਲਾਂਕਿ ਸਰਕਾਰੀ ਖੇਤਰਵਾਲੇ ਵੀ ਇਸ ਦਾ ਹਿੱਸਾ ਹਨ ਹਾਲਾਂਕਿ ਸਰਕਾਰੀ ਖੇਤਰ ਵਾਲੇ ਵੀ ਇਸ ਦਾ ਹਿੱਸਾ ਹਨ। ਇਹਨਾਂ ਦੀ ਜ਼ਿੰਦਗੀ ਦਾ ਐਸ਼ੋ ਆਰਾਮ ਨਵੀਆਂ ਆਰਥਿਕ ਨੀਤੀਆਂ ਦੀ ਦੇਣ ਹੈ।

ਉਦਾਰੀਕਰਨ ਦੀਆਂ ਨੀਤੀਆਂ ਦੇ ਕਾਰਨ ਚਮਕਣ ਵਾਲੇ ਭਾਰਤ ਦਾ ਹਿੱਸਾ ਹੋਣ ਕਰਕੇ ਇਹ ਨਵੀਂ ਮੱਧ ਸ੍ਰੇਣੀ ਨਾ ਸਿਰਫ਼ ਇਸ ਚਮਕ ਤੋਂ ਅਸਰਅੰਦਾਜ਼ ਹੈ ਬਲਕਿ ਸੋਚਦੀ ਹੈ ਕਿ ਪੂਰਾ ਦੇਸ਼ ਹੀ ਇਉਂ ਚਮਕ ਸਕਦਾ ਹੈ। ਇਹ ਉਸ ਦੇ ਭਾਰਤਦਾ ਹਸੀਨ ਸੁਪਨਾ ਹੈ। ਜੇ ਇਹ ਸੁਪਨਾ ਪੂਰਾ ਹੋ ਜਾਵੇ ਤਾਂ ਭਾਰਤ ਸਾਰੇ ਵਿਕਸਤ-ਵਿਕਾਸਸ਼ੀਲ ਜਾਂ ਪਿਛੜੇ ਦੇਸ਼ਾਂ ਨੂੰ ਪਿੱਛੇ ਛੱਡਦਿਆਂ ਸਭ ਦੇਸ਼ਾਂ ਤੋਂ ਅੱਗੇ ਨਿਕਲ ਸਕਦਾ ਹੈ ਪਰ ਉਸ ਦੇ ਇਸ ਹਸੀਨ ਸੁਪਨੇ ਦੇ ਰਾਹ 'ਚ ਦੋ ਵੱਡੀਆਂ ਔਕੜਾ ਹਨ : ਦੇਸ਼ ਦੀ ਗਰੀਬ ਤੋਂ 'ਜਾਹਿਲ' ਜਨਤਾ ਅਤੇ ਨੇਤਾ। ਨੇਤਾ ਇਸ ਅਨਪੜ੍ਹ ਗਰੀਬ ਲੋਕਾਂ ਨੂੰ ਬੇਵਕੂਫ ਬਣਾਉਂਦੇ ਹਨ ਅਤੇ ਆਪਣਾ ਘਰ ਭਰਦੇ ਹਨ। ਇਸ ਅਸਲ 'ਚ ਇਹ ਦੇਸ਼ ਦਾ ਬੇੜਾ ਗਰਕ ਕਰਦੇ ਹਨ, ਦੇਸ਼ ਦੀ ਤਰੱਕੀ ਨੂੰ ਰੋਕਦੇ ਹਨ। ਇਸ ਨਵੀਂ ਮੱਧ ਸ਼੍ਰੇਣੀ ਦੀ ਨਜ਼ਰ 'ਚ ਦੇਸ਼ ਦੀ ਗਰੀਬ ਜਨਤਾ ਇਕ ਸਮੱਸਿਆ ਹੈ। ਸਿਵਾਏ ਉਸ ਸਥਿਤੀ ਨੂੰ ਛੱਡਕੇ ਜਦ 'ਲੇਬਰ' ਵਾਂਗੂੰ ਉਸ ਦੀ ਲੋੜ ਪੈਂਦੀ ਹੈ। ਤਾਂ ਭਲਾ ਹੋਵੇ ਆਟੋਮੈਟਿਕ ਮਸ਼ੀਨਾਂ ਦਾ ਕਿ 'ਲੇਬਰ' ਦੀ ਲੋੜ ਘਟ ਤੋਂ ਘਟ ਹੁੰਦੀ ਜਾ ਰਹੀ ਹੈ। ਰਹੀ ਕਿਸਾਨਾਂ ਦੀ ਗੱਲ ਤਾਂ ਖੇਤੀ ਦਾ ਵੀ ਵੱਡੀ ਪੱਧਰ 'ਤੇ ਮਸ਼ੀਨੀਕਰਨ ਕਰ ਦਿੱਤਾ ਜਾਣਾ ਚਾਹੀਦਾ ਹੈ ਜਾਂ ਫਿਰ ਖੇਤੀ ਵਸਤਾਂ ਦੀ ਦਰਾਮਦ ਕਰ ਲੈਣੀ ਚਾਹੀਦੀ ਹੈ। ਨਵੇਂ ਮੱਧ ਵਰਗ ਦੇ ਮਸੀਹਾ ਗ੍ਰਹਿ ਮੰਤਰੀ ਪੀ-ਚਿੰਦਾਂਬਰਮ ਨੇ ਤਾਂ ਆਪਣੀ ਇਹ

ਖਾਹਿਸ ਹੀ ਜਾਹਰ ਕਰ ਦਿੱਤੀ ਕਿ ਦੇਸ਼ ਦੀ 90 ਫੀਸਦੀ ਅਬਾਦੀ ਸ਼ਹਿਰਾਂ 'ਚ ਰਹੇ। ਦੇਸ਼ ਦੇ ਗਰੀਬ ਇਸ ਮੱਧ ਸ਼੍ਰੇਣੀ ਦੀ ਨਜ਼ਰ 'ਚ ਇੱਕ ਸਮੱਸਿਆ ਹੈ। ਇਹੀ ਨਹੀਂ ਇਹ "ਅਨਪੜ੍ਹ ਜਾਂ ਮੂਰਖ" ਲੋਕ ਖੁਦ ਆਪਣੀਆਂ ਸਮੱਸਿਆਵਾਂ ਲਈ ਜ਼ੁੰਮੇਵਾਰ ਹਨ। ਉਪਰੋਂ ਇਹ ਕਿ ਇਹ ਦੇਸ਼ ਦੀ ਤਰੱਕੀ 'ਚ ਰੋੜਾਂ ਹਨ। ਇਹ ਗਰੀਬ ਜਨਤਾ ਆਪਣੇ ਬੱਚੇ ਨੂੰ ਸਕੂਲ ਭੇਜਣ ਦੀ ਬਜਾਏ ਉਸ ਤੋਂ ਕੰਮ ਕਰਵਾਉਂਦੀ ਹੈ। ਇਹ ਪੈਸੇ ਬਚਾ ਕੇ ਬੱਚਿਆਂ ਨੂੰ ਪੜ੍ਹਾਉਣ ਲਿਖਾਉਣ ਦੀ ਬਜਾਏ, ਉਸ ਨੂੰ ਸ਼ਰਾਬ ਜਾਂ ਨਸ਼ਿਆਂ ਤੇ ਖਰਚ ਕਰਦੀ । ਇਹ ਆਪਣੀ ਐਸ਼ ਕਰਨ ਕਰਕੇ ਵੱਧ ਬੱਚੇ ਪੈਦਾ ਕਰਦੀ ਹੈ ਤੇ ਦੇਸ਼ ਦੀ ਅਬਾਦੀ ਵਧਾਉਂਦੀ ਹੈ। ਇਸ ਨਾਲ ਦੇਸ਼ ਦੇ ਸਾਧਨਾਂ 'ਤੇ ਬੋਝ ਵਧਦਾ ਹੈ। ਇਹ ਸ਼ਹਿਰਾਂ 'ਚ ਢੰਗ ਨਾਲ ਰਹਿਣ ਦੀ ਬਜਾਏ ਝੁਗੀ ਝੋਪੜੀਆਂ 'ਚ ਰਹਿੰਦੀ ਹੈ। ਇਹ ਜਨਤਾ ਕਮਜੋਰ ਹੈ। ਅਨੇਕਾਂ ਕੰਮ-ਧੰਦੇ ਮਿਲਦੇ ਹਨ। ਇਹਨਾਂ 'ਚ ਆਪਣੀ ਮੁਹਾਰਤ ਦਿਖਾਉਣ ਦੀ ਬਜਾਏ ਇਹ ਨੌਕਰੀਆਂ ਲੱਭਦੀ ਫਿਰਦੀ ਹੈ। ਇਹ ਚਾਹੁੰਦੀ ਹੈ ਕਿ ਸਰਕਾਰ ਉਹਨਾਂ ਦਾ ਖਰਚਾ ਉਠਾਵੇ, ਉਹ ਸਰਕਾਰ ਜਿਸ ਨੂੰ ਮੱਧਵਰਗ ਟੈਕਸ ਦਿੰਦਾ ਹੈ। ਇਹ ਸਭ ਨਹਿਰੂਵਾਦੀ ਸਮਾਜਵਾਦ ਦਾ ਨਤੀਜਾ ਹੈ। ਜਿਸ ਨਾਲ ਵੀਹ ਸਾਲ ਬਾਅਦ ਵੀ ਮੁਕਤੀ ਨਹੀਂ ਮਿਲੀ ਹੈ।

ਸਰਕਾਰ ਨੂੰ ਹੋਰ ਵੱਧ ਸੁੰਗੋੜਨਾ ਤੇ ਉਦਾਰੀਕਰਨ ਦੀਆਂ ਨੀਤੀਆਂ ਨੂੰ ਹੋਰ ਵੱਧ ਅੱਗੇ ਵਧਾਉਣ ਨਾਲ ਹੀ ਇਸ ਰੋਗ ਤੋਂ ਪਿੱਛਾ ਛੁਡਾਇਆ ਜਾ ਸਕਦਾ ਹੈ ਅਤੇ ਨੇਤਾ? ਉਹਨਾਂ ਦਾ ਤਾਂ ਕਹਿਣਾ ਹੀ ਕੀ ਹੈ? ਸਭ ਪੱਕੇ ਚੋਰ ਤੇ ਅਪਰਾਧੀ ਹਨ। ਉਹ ਵੀ ਅਣਪੜ੍ਹ ਤੇ ਜਾਹਲ ਹਨ। ਹਾਂ ਬੇਹੱਦ ਚਲਾਕ ਤੇ ਢੀਠ ਹਨ। ਉਹ ਪੜ੍ਹੇ ਲਿਖੇ ਮੱਧ ਵਰਗ ਨੂੰ ਤਾਂ ਝਾਂਸਾ ਨਹੀਂ ਦੇ ਸਕਦੇ ਪਰ ਗਰੀਬ 'ਜਾਹਲ' ਲੋਕ ਨੂੰ ਸੌਖਾ ਹੀ ਬੇਵਕੂਫ ਬਣਾ ਜਾਂਦੇ ਹਨ। ਉਹਨਾਂ ਦਾ ਇਕੋ ਇਕ ਨਿਸ਼ਾਨਾ ਹੈ ਆਪਣਾ ਘਰ ਭਰਨਾ। ਉਹ ਵੋਟ ਲਈ ਜਾਤ, ਧਰਮ, ਖੇਤਰ ਦੀ ਵਰਤੋਂ ਕਰਦੇ ਹਨ ਅਤੇ ਦੇਸ਼ ਨੂੰ ਵੰਡਕੇ ਰੱਖਦੇ ਹਨ। ਉਹ ਦੇਸ਼ 'ਚ ਅਰਾਜਕਤਾ ਫੈਲਾਉਂਦੇ ਹਨ, ਉਹਨਾਂ ਕਾਰਨ ਹੀ ਦੇਸ਼ ਅੱਗੇ ਨਹੀਂ ਵਧ ਸਕਿਆ ਤੇ ਨਾ ਵੱਧ ਰਿਹਾ ਹੈ। ਅਜੇਹੇ 'ਚ ਦੇਸ਼ ਨੂੰ ਅੱਗੇ ਵਧਾਉਣ ਹੈ ਤਾਂ ਕੀ ਕਰਨਾ ਪਵੇਗਾ? ਪਹਿਲਾਂ ਤਾਂ ਦੇਸ਼ 'ਚੋਂ ਭ੍ਰਿਸ਼ਟਾਚਾਰ ਖ਼ਤਮ ਕਰਕੇ ਹਰ ਥਾਂ ਕਾਨੂੰਨ ਦੀ ਹਕੂਮਤ ਲਾਗੂ ਕਰਨ ਪੈਣੀ ਹੈ। ਦੇਸ਼ 'ਚੋਂ ਜੋ ਹਫੜਾ ਤਫੜੀ ਫੈਲੀ ਖ਼ਤਮ ਕਰਨੀ ਪੈਣੀ ਹੈ। ਦੇਸ਼ ਨੂੰ ਸਿੱਖਿਆ ਕਰਨਾ ਪਵੇਗਾ। ਇਹ ਤਿੰਨ ਚੀਜਾਂ ਹੋ ਜਾਣ ਤਾਂ ਦੇਸ਼ ਹੋਰ ਤੇਜੀ ਨਾਲ ਵਿਕਾਸ ਦੀ ਰਾਹ 'ਤੇ ਅੱਗੇ ਚਲ ਪਵੇਗਾ। ਇਹਨਾਂ 'ਚੋਂ ਪਹਿਲਾਂ ਦੋ ਲਈ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਉਣ ਚਾਹੀਦੇ ਹਨ। ਅੱਤਵਾਦ ਨਾਲ ਬੇਹੱਦ ਸਖ਼ਤੀ ਨਾਲ ਨਿਬੜਨਾ ਚਾਹੀਦਾ ਹੈ। ਸਭ ਤਰ੍ਹਾਂ ਦੇ ਅਪਰਾਧਾਂ ਨਾਲ ਵੀ ਸਖਤੀ ਨਾਲ ਨਿਬੜਨਾ ਚਾਹੀਦਾ ਹੈ। ਤੀਜੇ ਲਈ ਵੀ ਹੋਰ ਵੱਧ ਸਖ਼ਤ ਕਾਨੂੰਨ ਬਣਾਉਣਾ ਚਾਹੀਦਾ ਹੈ। ਜਿਸ 'ਚ ਮਾਪੇ ਬੱਚਿਆਂ ਤੋਂ ਕੰਮ ਕਰਾਉਣ ਦੀ ਬਜਾਏ ਉਹਨਾਂ ਨੂੰ ਸਕੂਲ ਭੇਜਣ। ਜੇ ਫਿਰ ਵੀ ਕੋਈ ਕਸਰ ਬਾਕੀ ਰਹਿ ਜਾਂਦੀ ਹੈ ਤਾਂ ਇਸ ਨੂੰ ਗੈਰ ਸਰਕਾਰੀ ਸੰਸਥਾਵਾਂ (NGO) ਦੀ ਮਦਦ ਨੂੰ ਪੂਰਾ ਕਰਨਾ ਚਾਹੀਦਾ ਹੈ। ਭਾਵੇਂ ਕਿ ਸਰਮਾਏਦਾਰੀ ਵੀ ਇਸ 'ਚ ਮਦਦ ਕਰਨ ਲਈ ਤਿਆਰ ਹੈ। ਇਹ ਸਭ ਕਰੇ ਕੌਣ? ਉਹੀ ਸਰਕਾਰ ਜਿਸ ਨੂੰ ਆਰਥਿਕ ਖੇਤਰਾਂ 'ਚੋਂ ਆਪਣੇ ਹੱਥ ਖਿੱਚ ਲੈਣੇ ਚਾਹੀਦੇ ਹਨ ਤੇ ਆਪਣੇ ਆਪ ਨੂੰ ਕਾਨੂੰਨੀ ਪ੍ਰਣਾਲੀ ਤਕ ਸੀਮਤ ਕਰ ਲੈਣਾ ਚਾਹੀਦੇ

ਹੈ। ਇਹੀ ਉਸ ਦਾ ਕੰਮ ਹੈ।

ਅਰਥਚਾਰੇ ਨੂੰ ਸਰਮਾਏਦਾਰਾਂ ਤੇ ਉਸ ਦੇ ਪ੍ਰਬੰਦਕਾਂ ਦੇ ਜਿੰਮੇ ਛੱਡ ਦੇਣਾ ਚਾਹੀਦਾ ਹੈ। ਇਹੀ ਨਹੀਂ ਖੁਦ ਸਰਕਾਰ ਨੂੰ ਵੀ ਕਿਸੇ ਕੰਪਨੀ ਵਾਂਗੂ ਚਲਾਉਣਾ ਚਾਹੀਦਾ ਹੈ। 'ਜਾਹਲ' ਜਨਤਾ ਵਲੋਂ ਚੁਣੇ ਗਏ ਨੁਮਾਇੰਦਿਆਂ ਦੇ ਅਧਿਕਾਰ ਸੀਮਤ ਕਰਕੇ ਨਿਯੁਕਤ ਕੀਤੇ ਗਏ ਲੋਕਾਂ ਨੂੰ ਵੱਧ ਤੋਂ ਵੱਧ ਅਧਿਕਾਰ ਦੇਣੇ ਚਾਹੀਦੇ ਹਨ ਅਤੇ ਖੁਦ ਇਸ ਨਵੀਂ ਮੱਧ ਸ਼੍ਰੇਣੀ ਦੀ ਕੀ ਭੂਮਿਕਾ ਹੋਵੇਗੀ? ਇਕ ਤਾਂ ਇਹੀ ਕਿ ਇਹ ਹੀ ਇਸ ਦੇਸ਼ ਦੀ ਤੇਜ ਬੁੱਧੀ ਦੀ ਚਾਲਕ ਹੈ। ਮਾਹਰਾਂ ਤੇ ਪ੍ਰਬੰਧਕਾਂ ਵਜੋਂ ਇਹ ਦੇਸ਼ ਦੀ ਤਰੱਕੀ ਦੀ ਮੁੱਖ ਸ਼ਕਤੀ ਹੈ। 'ਸਾਇਨਿੰਗ ਇੰਡੀਆ' 'ਚ ਚਮਕ ਉਸ ਕਾਰਣ ਹੀ ਹੈ। ਦੂਜਾ ਇਹ ਕਿ ਦੇਸ਼ 'ਚ ਜੋ ਕੁਝ ਗਲਤ ਹੋ ਰਿਹਾ ਹੈ। ਉਸ ਨੂੰ ਠੀਕ ਕਰਨ ਵਿੱਚ ਵੀ ਇਸ ਮੱਧ ਸ਼੍ਰੇਣੀ ਨੂੰ ਆਪਣੀ ਆਵਾਜ਼ ਉਠਾਉਣੀ ਚਾਹੀਦੀ ਹੈ ਪਰ ਉਸ ਦਾ ਢੰਗ 'ਜਾਹਲ' ਜਨਤਾ ਵਾਲਾ ਨਹੀਂ ਹੋਵੇਗਾ। ਇਹ ਗਿਣਤੀ 'ਚ ਥੋੜ੍ਹੀ ਹੈ, ਇਸ ਲਈ ਇਹ ਚੋਣਾਂ ਦੌਰਾਨ ਬਹੁਤਾ ਕੁਝ ਨਹੀਂ ਕਰ ਸਕਦੀ। ਇਹੀ ਨਹੀਂ 'ਜਾਹਲ' ਜਨਤਾ ਅਤੇ 'ਵੋਟ ਬੈਂਕ' ਕਾਰਨ ਵੈਸ ਵੀ ਚੋਣਾ ਜਾਹਲਾਂਤੇ ਅਪਰਾਧੀਆਂ ਦੇ ਕੰਮ ਬਣ ਗਏ ਹਨ। ਇਹ ਹੜਤਾਲ, ਚੱਕਾ ਜਾਮ ਤੇ ਘਿਰਾਓ ਨਹੀਂ ਕਰ ਸਕਦੀ। ਇਹ ਵੀ ਮੂਰਖਾ ਤੇ ਜਾਹਲਾਂ ਦਾ ਕੰਮ ਹੈ, ਇਸ ਨਾਲ ਦੇਸ਼ ਦਾ ਨੁਕਸਾਨ ਹੁੰਦਾ ਹੈ ਤਾਂ ਫਿਰ ਆਪਣੀ ਆਵਾਜ਼ ਉਠਾਉਣ ਲਈ ਇਹ ਕੀ ਕੰਮ ਕਰ ਸਕਦੀ ਹੈ? ਇਹ ਫੇਸਬੁਕ ਅਤੇ ਟ੍ਵਿਟਰ ਉਤੇ ਆਪਣੀ ਸਲਾਹ ਦੇ ਸਕਦੀ ਹੈ। ਇਹ 'ਆਨ ਲਾਇਨ ਪ੍ਰੋਟੈਸਟ' ਕਰ ਸਕਦੀ ਹੈ। ਇਹ 'ਕੈਂਡਿਲ ਲਾਈਟ ਵਿਜਿਲ' ਅਤੇ 'ਕੈਂਡਿਲ ਲਾਈਟ-ਮਾਰਚ' ਕਰ ਸਕਦੀ ਹੈ। ਇਹ ਇਕ ਖਾਸ ਮੌਕੇ 'ਤੇ ਇਕ ਖਾਸ ਤਰੀਕੇ ਦੀ ਟੀ ਸ਼ਰਟ ਪਹਿਣ ਦੇ ਦੌੜ ਸਕਦੀ ਹੈ। ਮੋਮਬੱਤੀ ਸਭ ਠੋਸ ਵਸਤੂਆਂ ਵਿੱਚੋਂ ਸਭ ਤੋਂ ਨਰਮ ਵਿੱਚੋਂ ਹੈ। ਇਹ ਥੋੜ੍ਹੀ ਜਿਨੀ ਮਰੋੜ ਜਾਂ ਗਰਮੀ ਨਾਲ ਪਿਘਲ ਜਾਂਦੀ ਹੈ ਤੇ ਇਸ ਦੀ ਲੋਅ ਹਵਾ ਦੇ ਨਿੱਕੇ ਜਿਹੇ ਬੁਲੇ ਨਾਲ ਬੁਝ ਜਾਂਦੀ ਹੈ ਜਾਂ ਮੋਮਬੱਤੀ ਨੂੰ ਤੇਜ਼ੀ ਨਾਲ ਪਿਘਲਾ ਦਿੰਦੀ ਹੈ ਪਰ ਇਹ ਨਾਲ ਅਜਿਹੀ ਹੈ ਕਿ ਪਿਘਲ ਦੇ ਹੱਥਾਂ ਉਪਰ ਡਿੱਗਣ ਨਾਲ ਜਰਾ ਵੀ ਨਹੀਂ ਸਾੜਦੀ। ਜਰਾ ਜਿੰਨੀ ਵੀ ਚੋਟ ਨਹੀਂ ਪਹੁੰਚਾਉਂਦੀ। ਨਵੀਂ ਮੱਧਸ਼੍ਰੇਣੀ ਇਸੇ ਮੋਮਬੱਤੀ ਨੂੰ ਲੈ ਕੇ ਆਪਣਾ ਵਿਸ਼ੇਸ਼ ਮੁਜਾਹਰਾ ਕਰਦੀ ਹੈ। ਮੋਮਬੱਤੀ ਉਸ ਦਾ ਆਪਣਾ ਹੀ ਪ੍ਰਤੀ ਰੂਪ ਹੈ। ਰਾਜਸਤਾ ਦੀ ਮਸ਼ੀਨਰੀ ਦੇ ਜਬਰ ਮੂਹਰੇ ਇਹ ਬਿਲਕੁਲ ਮੋਮਬੱਤੀ ਵਰਗਾ ਹੀ ਵਰਤਾਅ ਕਰਦੀ ਹੈ। ਇਸ ਲਈ ਜਲੂਸ-ਮੁਜਾਹਰੇ ਦੇ ਪਾਬੰਦੀ ਸੁਧਾ ਇੰਡੀਆ ਗੇਟ 'ਤੇ ਇਸ ਨੂੰ ਬਿਨਾਂ ਕਿਸੇ 'ਹਿਚਕਚਾਹਟ' ਦੇ 'ਮੋਮਬੱਤੀ ਮਾਰਚ' ਕੱਢਣ ਦੀ ਮੰਜ਼ੂਰੀ ਮਿਲ ਜਾਂਦੀ ਹੈ। ਉਦਾਰੀਕਰਨ ਦੇ ਦੌਰ 'ਚ ਇਹ 'ਮੋਮਬੱਤੀ ਵਾਲਾ' ਵਾਲੀ ਘਟਨਾ ਭਾਰਤ ਹੀ ਨਹੀਂ ਪੂਰੀ ਦੁਨੀਆਂ ਪੱਧਰ 'ਤੇ ਸਾਹਮਣੇ ਆਈ ਹੈ। ਬਲਕਿ ਭਾਰਤ 'ਚ ਤਾਂ ਇਹ ਵਿਦੇਸ਼ੀ ਪੂੰਜੀ ਵਿਦੇਸੀ ਤਕਨੀਕ ਅਤੇ ਉਪਲੱਭਦ ਵਸਤਾਂ ਦੀ ਆਮਦ ਦੇ ਨਾਲ ਬਾਹਰੋਂ ਪ੍ਰੇਰਿਤ ਹੋਈ ਹੈ। 'ਮੋਮਬੱਤੀ ਵਾਲਾ' ਪੱਛਮ ਦੀ ਖਾਸ ਕਰਕੇ ਅਮਰੀਕੀ ਸਾਮਰਾਜਵਾਦੀ ਸਭਿਆਚਾਰ ਤੋਂ ਵੱਧ ਪ੍ਰਭਾਵਿਤ ਹੈ।

ਇਹ ਆਪਣੀ ਜਹਿਨੀਅਤ 'ਚ ਉਥੋਂ ਦਾ ਹੀ ਹੈ ਅਤੇ ਮੌਕਾ ਮਿਲੇ ਤਾਂ ਅਮਰੀਕਾ ਜਾ ਕੇ ਵਸ ਜਾਵੇਗਾ। ਇਹ ਵੰਦੇ ਮਾਤਰਮ ਨੂੰ ਅੰਕਲ ਸੇਮ ਦੀ ਧੁੰਨ 'ਤੇ ਗਾਉਂਦਾ ਹੈ। ਸਾਮਰਾਜੀਆਂ ਨੇ ਅਤੇ ਉਹਨਾਂ ਦੀਆਂ ਅਧਿਕਾਰਿਤ ਸੰਸਥਾਵਾਂ ਤੇ ਗੈਰ

ਅਧਿਕਾਰ ਸੰਸਥਾਵਾਂ ਨੇ ਉਦਾਰੀਕਰਨ ਦੇ ਦੌਰ ਵਿੱਚ ਇਸ ਮੋਮਬੱਤੀ ਵਾਲੇ ਨੂੰ ਅਤੇ ਮੋਮਬੱਤੀ ਵਰਤਾਰੇ ਨੂੰ ਇਕ ਯੋਜਨਾ ਦੇ ਤਹਿਤ ਹੱਲਾਸ਼ੇਰੀ ਤੇ ਪ੍ਰੇਰਿਤ ਸਥਾਪਤ ਕੀਤਾ ਹੈ। ਉਸ ਦੀਆਂ ਉਦਾਰੀਕਰਨ ਦੀਆਂ ਨੀਤੀਆਂ ਦਾ ਇਹੀ ਸਮਾਜਕ ਅਧਾਰ ਹੈ ਇਹ ਉਹਨਾਂ ਦੀ ਆਪਣੀ ਸੁਰੱਖਿਆ ਪੰਕਤੀ ਵੀ ਹੈ। ਇਹ ਸਮਝਣਾ ਕੋਈ ਬਹੁਤਾ ਮੁਸ਼ਕਲ ਕੰਮ ਨਹੀਂ ਹੈ ਕਿ 'ਸ਼ਾਈਨਿੰਗ ਇੰਡੀਆ' ਵਾਲੀ ਇਸ ਨਵੀਂ ਮੱਧ ਸ਼੍ਰੇਣੀ ਦਾ ਹਸੀਨਾ ਸੁਪਨਾ ਕਦੀ ਹਕੀਕਤ ਨਹੀਂ ਬਣ ਸਕਦਾ। ਉਸ ਦਾ ਆਪਣਾ ਚਮਕਦਾ ਹੋਇਆ ਭਾਰਤ ਜਾਂ ਵੱਧ ਸੱਚ ਕਹੀਏ ਤਾਂ ਇੰਡੀਆ ਸਮੁੱਚਾ ਭਾਰਤ ਨਹੀਂ ਬਣ ਸਕਦਾ। ਇਸ ਸਿੱਧੇ ਜਿਹੇ ਤੱਥ ਕਾਰਨ ਹੀ ਇਹ ਚਮਕਦਾ ਭਾਰਤ ਹਨੇਰੇ ਭਾਰਤ ਦੀ ਕੀਮਤ 'ਤੇ ਚਮਕ ਰਿਹਾ ਹੈ। ਉਦਾਰੀਕਰਨ ਦੇ ਦੌਰ 'ਚ ਸਰਮਾਏਦਾਰੀ ਜਮਾਤ ਦੀ ਤੇਜੀ ਨਾਲ ਵਧਦੀ ਹੋਈ ਦੌਲਤ ਨਵੀਂ ਮੱਧ ਸ਼੍ਰੇਣੀ ਦੀ ਚਮਕਦੀ ਜ਼ਿੰਦਗੀ ਮਜ਼ਦੂਰ ਜਮਾਤ ਦੀ ਹੋਰ ਵੱਧ ਲੁੱਟ ਉਪਰ ਟਿਕੀ ਹੋਈ ਹੈ। ਇਹ ਮਜ਼ਦੂਰ ਵਰਗ ਦੀ ਹੋਰ ਵੱਧ ਮੰਦਹਾਲੀ ਨਾਲ ਪੈਦਾ ਹੋ ਰਹੀ ਹੈ। ਇਹ ਛੋਟੇ ਦਰਮਿਆਨੇ ਕਿਸਾਨਾਂ ਤੇ ਦਸਤਕਾਰਾਂ ਦੀ ਜਾਇਦਾਦ ਦੇ ਉਜਾੜੇ ਨਾਲ ਪੈਦਾ ਹੋ ਰਹੀ ਹੈ। ਮਜ਼ਦੂਰ, ਕਿਸਾਨ ਤੇ ਦਸਤਕਾਰ ਆਤਮ ਹੱਤਿਆ ਕਰ ਰਹੇ ਹਨ ਜਾਂ ਸਰਕਾਰ ਵੱਲੋਂ ਗੋਲੀਆਂ ਨਾਲ ਭੁੰਨੇ ਜਾ ਰਹੇ ਹਨ। ਇਹ 'ਸ਼ਾਇਨਿੰਗ ਇੰਡੀਆ' ਦਾ ਸਿਰਫ਼ ਦੂਜਾ ਚਿਰਾਗ ਹੀ ਨਹੀਂ ਹੈ ਬਲਕਿ 'ਸ਼ਾਇਨਿੰਗ ਇੰਡੀਆ' ਦੀ ਚਮਕ ਇਸੇ ਕਾਰਨ ਹੈ। ਟਾਟਾ-ਬਿਰਲਾ ਅੰਬਾਨੀ ਦੀ ਦੌਲਤ ਇਸੇ ਕਾਰਨ ਬੇਤਹਾਸ਼ਾ ਵਧ ਰਹੀ ਹੈ ਕਿ ਮਜ਼ਦੂਰ ਦੀ ਥਾਲੀ 'ਚੋਂ ਰੋਟੀ ਗਾਇਬ ਹੋ ਰਹੀ। ਇਸ ਲਈ ਸਾਰਾ ਦੇਸ਼ ਚਮਕਦੇ ਭਾਰਤ 'ਚ ਤਬਦੀਲ ਨਹੀਂ ਹੋ ਸਕਦਾ ਕਿਸ ਨੂੰ ਲੁਟਿਆ ਜਾਵੇਗਾ? ਕਿਸ ਦੀ ਤਾਕਤ ਨਾਲ ਦੌਲਤ ਇਕੱਠੀ ਕੀਤੀ ਜਾਵੇਗੀ? ਇਹੀ ਨਹੀਂ ਮੱਧ ਸ਼੍ਰੇਣੀ ਦਾ ਨਿਕਲਦਾ ਹਿੱਸਾ ਵੀ ਜੋ ਗਿਣਤੀ 'ਚ ਉਪਰੀ ਹਿੱਸੇ ਤੋਂ ਬਹੁਤ ਜ਼ਿਆਦਾ ਹੈ, ਚਮਕਦੇ ਭਾਰਤ ਦਾ ਹਿੱਸਾ ਨਹੀਂ ਬਣ ਸਕਦਾ ਚਾਹੇ ਇਹ ਇਸ ਵੱਲ ਕਿੰਨੀ ਹੀ ਹਸਰਤ ਨਾਲ ਵੇਖੇ। ਇਹ ਬੇਸ਼ੱਕ ਮੋਮਬੱਤੀ ਲੈ ਕੇ ਮੋਮਬੱਤੀ ਵਾਲਿਆ ਵਿਚਕਾਰ ਖੜ੍ਹਾ ਹੋ ਜਾਵੇ, ਪਰ ਆਪਣੀ ਦੇਸੀ ਭਾਸ਼ਾ ਤੇ ਸਸਤੀ ਪੌਸ਼ਾਕ ਤੋਂ ਪਹਿਚਾਣਿਆ ਜਾਵੇਗਾ ਅਤੇ ਅੰਗ੍ਰੇਜੀ ਨਾਲ ਬੋਲ ਸਕਣ ਦੇ ਹੀਣੇਪਣ 'ਚ ਘੁਟ ਕੇ ਸੁੰਗੜ ਜਾਵੇਗਾ। ਨਵੀਂ ਮੱਧਸ਼੍ਰੇਣੀ ਦੀ ਹਸਰਤ ਦੇ ਠੀਕ ਉਲਟ 'ਸਾਇਨਿੰਗ ਇੰਡੀਆ' ਦੀਆਂ ਅੱਜ ਦੀਆਂ ਸਾਰੀਆਂ ਬੀਮਾਰੀਆਂ ਹੋਰ ਵਧਦੀਆਂ ਜਾਣਗੀਆਂ। ਉਦਾਰੀਕਰਨ ਦੀ ਨੀਤੀਆਂ ਇਸ ਨੂੰ ਹੋਰ ਵਧਾਉਣਗੀਆਂ। ਭ੍ਰਿਸ਼ਟਾਚਾਰ ਹੋਰ ਵੱਡੇ ਪੈਮਾਨੇ 'ਤੇ ਹੋਵੇਗਾ। ਸਮਾਜ 'ਚ ਭਾਂਤ ਭਾਂਤ ਤੇ ਵਿਗਾੜ ਹੋਰ ਵਧਣਗੇ। ਮਜ਼ਦੂਰਾਂ ਤੇ ਬੇਘਰਿਆਂ ਤੇ ਬੇਜ਼ਮੀਨਿਆਂ 'ਚ ਰੋਸ ਹੋਰ ਵੱਧ ਫੁਟੇਗਾ ਅਤੇ ਇਸ ਨਾਲ ਨਿਬੜਨ ਲਈ ਸਰਕਾਰੀ ਜਾਬਰ ਮਸ਼ੀਨਰੀ ਨੂੰ ਹੋਰ ਵੱਧ ਮਜ਼ਬੂਤ ਕੀਤਾ ਜਾਵੇਗਾ। ਅਜਿਹੇ 'ਚ ਨਵੀਂ ਮੱਧਸ਼੍ਰੇਣੀ ਦੀ ਜ਼ਿੰਦਗੀ ਦੀ ਇਸ ਹਕੀਕਤ ਤੋਂ ਹੋਰ ਵੱਧ ਅੱਖਾਂ ਬੰਦ ਕਰਨੀਆਂ ਪੈਣਗੀਆਂ। ਆਪਣੀਆਂ ਗੇਟ ਵਾਲੀਆਂ ਕਲੋਨੀਆਂ 'ਚ ਸੁਰੱਖਿਅਤ ਮੋਮਬੱਤੀ ਵਾਲੀ ਜਾਂ ਨਵੀਂ ਮੱਧ ਸ਼੍ਰੇਣੀ ਇਕ ਲੰਮੇ ਸਮੇਂ ਤੱਕ ਆਪਣੇ ਹਸੀਨ ਸੁਪਨੇ ਦਾ ਮਜਾ ਲੈ ਸਕਦੀ ਹੈ। ਜਦ ਤਕ ਕਿ ਮਜ਼ਦੂਰ ਜਮਾਤ ਦੇ ਖੁਰਦਰੇ ਫੌਲਾਦੀ ਹੱਥ ਸਰਮਾਏਦਾਰੀ ਜਮਾਤ ਦੀ ਗਰਦਨ ਤਕ ਨਹੀਂ ਪਹੁੰਚ ਜਾਂਦੇ। ਤਦ ਤੱਕ ਇਹ ਅੰਨਾ ਹਜ਼ਾਰੇ ਜਾਂ ਕਿਸੇ ਨੂੰ ਵੀ ਆਪਣਾ ਮਸੀਹਾ ਮੰਨ ਕੇ ਮੋਮਬੱਤੀ ਮਾਰਚ 'ਚ ਸ਼ਾਮਲ ਹੋ ਸਕਦੀ ਹੈ।

## ਇਤਿਹਾਸ ਦੇ ਝਰੋਖੇ 'ਚੋਂ

# ਕਿੰਨਾ ਮਹਾਂਪੁਰਸ਼ਾਂ ਨੇ ਆਜ਼ਾਦੀ ਦੀ ਪਹਿਲੀ ਲੜਾਈ ਨੂੰ ਪਿੱਠ ਵਿਖਾਈ?

ਵੱਖ-ਵੱਖ ਕਿਸਮ ਦੇ ਮੁਹੱਈਆ ਸਬੂਤਾਂ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸੰਥਾਲ ਲੋਕ ਹੜੱਪਾ ਮੋਹਨਜੋਦਿੜੋ ਖੇਤਰ ਦੇ ਸਿੰਧੂ ਘਾਟੀ ਦੇ ਲੋਕਾਂ ਦੀ 'ਅਸੁਰ' ਨਸਲ ਦੀ ਸੰਤਾਨ ਸਨ। ਜ਼ਿਆਦਾਤਰ ਮੂਲ ਨਿਵਾਸੀ ਲੋਕਾਂ ਦੇ ਸਮੇਂ ਦੇ ਨਾਲ-ਨਾਲ ਬ੍ਰਾਹਮਣਵਾਦੀ ਸਭਿਆਚਾਰ ਦੇ ਸਾਹਮਣੇ ਗੋਡੇ ਟੇਕ ਦਿੱਤੇ ਜਦ ਕਿ ਦੂਜੇ ਲੋਕਾਂ ਨੇ ਜਿਹਨਾਂ ਨੂੰ ਸੰਥਾਲ ਕਿਹਾ ਜਾਂਦਾ ਹੈ ਭਾਰਤ ਦੇ ਪੂਰਬੀ ਖੇਤਰ ਦੇ ਪਹਾੜਾਂ ਤੇ ਜੰਗਲਾਂ 'ਚ ਸ਼ਰਨ ਲੈ ਲਈ। ਉਹ ਅੱਜ ਵੀ 'ਅਸੁਰ' ਪ੍ਰੀਵਾਰ ਦੀਆਂ ਕੁਝ ਮੂਲ ਵਿਸ਼ੇਸ਼ਤਾਵਾਂ ਰੱਖਦੇ ਹਨ। ਉਹ ਲੋਕ ਅੱਜ ਕੁਝ ਧਾਰਮਿਕ ਰੀਤੀ ਰਿਵਾਜਾਂ ਸਮੇਂ ਹੜੱਪਾ ਖੇਤਰ ਤੋਂ ਖੁਦਾਈ ਦੌਰਾਨ ਹਾਸਲ ਭਾਸ਼ਾ ਲਿਪੀ ਦੀ ਵਰਤੋਂ ਕਰਦੇ ਹਨ। ਬਿਹਾਰ-ਬੰਗਾਲ ਦੀ ਸੀਮਾ 'ਤੇ ਸ਼ਾਹੇ ਬਰੰਜ 'ਚ ਰਹਿਣ ਵਾਲੇ ਸੰਥਾਲ ਲੋਕਾਂ ਵਲੋਂ ਧਾਰਮਿਕ ਮੌਕੇ 'ਤ ਵਰਤੀਆਂ ਜਾਂਦੀਆਂ ਸਿੰਧੂ ਘਾਟੀ ਵਾਲੀਆਂ ਲਿਪੀਆਂ ਦੇ ਚਿੰਨਾ ਨੂੰ ਅਧਾਰ ਮੰਨ ਕੇ ਐਨ. ਕੇ. ਵਰਮਾ ਨੇ ਸਿੰਧੂ ਘਾਟੀ ਦੀ ਲਿਖਾਈ ਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਨਾਲ ਸੰਥਾਲਾਂ ਦੀ ਵੰਸ਼ਾਵਲੀ ਦੀ ਜੜ੍ਹ ਉਤਰ-ਪੱਛਮੀ ਭਾਰਤ ਦੇ ਵੈਦਿਕ ਕਾਲ ਤੋਂ ਪਹਿਲਾਂ ਦੇ 'ਅਸੁਰ' ਲੋਕਾਂ 'ਚ ਮਿਲਦੀ ਹੈ। ਉਹ ਰਿਸ਼ਤੇ ਵਾਲੇ ਭਾਈ ਹਨ। ਇਸ ਦੇਸ਼ ਦੇ ਬਹੁ-ਗਿਣਤੀ ਲੋਕ ਹਰਾਕੇ ਗੁਲਾਮ ਬਣਾਏ ਗਏ ਪੈਦਾਵਾਰੀ ਵਰਗ ਦੇ ਸਾਰੇ ਲੋਕ ਇਸ ਨਸਲ ਦੇ ਹਨ। 'ਸ਼ੂਦਰ' ਉਸੇ ਅਸੁਰ ਨਸਲ 'ਚੋਂ ਨਿਕਲੇ ਹਨ। ਸੰਥਾਲਾਂ ਦਾ ਅਜੇ ਤਕ ਬ੍ਰਾਹਮਣੀਕਰਨ ਨਹੀਂ ਹੋਇਆ ਜਦਕਿ 'ਸ਼ੂਦਰ' ਤੇ ਅਛੂਤਾਂ ਦਾ ਅੰਸ਼ਿਕ ਰੂਪ 'ਚ ਬ੍ਰਾਹਮਣੀਕਰਨ ਹੋ ਚੁੱਕਿਆ ਹੈ। ਇਹ ਵਿਚਾਰ ਈ. ਏ. ਗੇਟ ਨੇ 1911 ਦੀ ਜਨਗਣਨਾ ਵਿੱਚ ਦਿੱਤੇ ਸਨ। ਪਿਛੋਂ ਜਦ ਆਰੀਆ ਬ੍ਰਾਹਮਣਾ ਦੇ ਅਧੀਨ ਸਮਾਜਕ-ਪ੍ਰਣਾਲੀ ਦਾ ਪੁਨਰਗਠਨ ਕੀਤਾ ਗਿਆ ਜਦ ਜਿਹਨਾਂ ਭਾਰਤੀ ਮੂਲ ਨਿਵਾਸੀ ਲੋਕਾਂ ਨੇ ਆਪਣੇ ਹਥਿਆਰ ਵਿਦੇਸ਼ੀ ਆਰੀਆ ਬ੍ਰਾਹਮਣਾ ਦੇ ਸਾਹਮਣੇ ਸੁੱਟ ਕੇ ਗੁਲਾਮੀ ਮੰਜੂਰ ਕਰ ਲਈ, ਉਹਨਾਂ ਨੇ 'ਸ਼ੂਦਰ' ਅਤੇ ਜਿਹਨਾਂ ਨੇ ਹਮਲਾਵਰਾਂ ਨੂੰ ਚੁਣੌਤੀ ਦੇ ਕੇ ਦੇਸ਼ ਦੇ ਦੂਰ-ਅੰਦਾਜ਼ ਖੇਤਰਾਂ 'ਚ ਨਿਵਾਸ ਕਰਕੇ (ਮੁਖ ਤੌਰ 'ਤੇ ਸੰਘਣੇ ਜੰਗਲਾਂ ਤੇ ਛੋਟੀਆਂ ਪਹਾੜੀਆਂ ਵਿੱਚ) ਅਤੇ ਆਪਣੇ ਹਥਿਆਰ ਰੱਖਣ ਦੇ ਅਧਿਕਾਰ ਨੂੰ ਛੱਡ ਕੇ, ਆਪਣੀ ਵੰਸ਼ਵਾਦੀ ਤੇ ਸਭਿਆਚਾਰਕ ਪਹਿਚਾਣ ਨੂੰ ਬਚਾਇਆ। ਉਹ ਅੰਗਰੇਜ਼ੀ ਹਕੂਮਤ ਦੇ ਆਖਰੀ ਦੌਰ 'ਚ ਕੁਦਰਤ ਦੇ ਪੁਜਾਰੀ ਜਾਂ ਆਦੀਵਾਸੀਆਂ ਵਜੋਂ ਪ੍ਰਸਿੱਧ ਹੋਏ। ਕੁਦਰਤ ਦੇ ਪੁਜਾਰੀ ਜਾਂ ਆਦੀਵਾਸੀ ਗੌਰਵਸ਼ਾਲੀ ਦੇਸ਼ ਭਗਤਾਂ ਵਿੱਚੋਂ ਸੰਥਾਲ ਇਕ ਸਮੂਹ ਹੈ।

ਉਹ ਅੱਜ ਵੀ ਤੀਰ ਅੰਦਾਜੀ ਤੇ ਦੂਜੀਆਂ ਅਨੇਕਾਂ ਯੁੱਧਾਂ ਕਲਾਵਾਂ 'ਚ ਮਾਹਰ ਹਨ। ਇਹੀ ਕਾਰਣ ਹੈ ਕਿ ਆਰੀਆ-ਬ੍ਰਾਹਮਣ ਸੰਥਾਲਾਂ ਨੂੰ ਗੈਰ ਮਨੁੱਖੀ ਪੱਧਰ ਤੱਕ ਡੇਗਣ ਦੀ ਹਿੰਮਤ ਨਹੀਂ ਕਰ ਸਕੇ ਜਦਕਿ 'ਸ਼ੂਦਰਾਂ' ਨੂੰ ਜੰਗਲੀ ਮਨੁੱਖ ਦੀ ਪੱਧਰ ਤਕ ਡੇਗ ਦਿੱਤਾ ਗਿਆ। 'ਸ਼ੂਦਰਾਂ ਨੂੰ ਵਿਸ਼ੇਸ਼ ਕਰਕੇ ਅਛੂਤ ਸ਼ੂਦਰਾਂ ਨੂੰ ਹਜ਼ਾਰਾਂ ਸਾਲਾਂ

ਬਾਅਦ ਅੰਗ੍ਰੇਜੀ ਰਾਜ ਦੀ ਫ਼ੌਜ 'ਚ ਭਰਤੀ ਹੋਣ ਪਿੱਛੋਂ ਹਥਿਆਰ ਰੱਖਣ ਤੇ ਚਲਾਉਣ ਦਾ ਖੋਹਿਆ ਹੋਇਆ ਹੱਕ ਹਾਸਲ ਹੋਇਆ। ਇਹਨਾਂ ਆਦੀਵਾਸੀ ਲੋਕਾਂ ਦੇ ਸਮੂਹਾਂ ਨੇ ਹੜੱਪਾ ਸਭਿਆਚਾਰ ਦੇ ਨਾਂ ਤੇ ਰੀਤੀ-ਰਿਵਾਜਾਂ ਨੂੰ ਆਪਣੀ ਪ੍ਰਾਚੀਨ ਪਹਿਚਾਣ ਵਜੋਂ ਬਣਾਈ ਰੱਖਿਆ। ਉਹ ਆਪਣੀ ਇਸ ਪਹਿਚਾਣ ਨੂੰ 'ਹਾਰਾ ਮਿਤਨ' ਭਾਗ ਹੱੜਪਾ ਦੇ ਲੋਕਾਂ ਦਾ ਮਿੱਤਰ ਗਠਜੋੜ ਕਹਿੰਦੇ ਹਨ। ਬ੍ਰਾਹਮਣ-ਮੁਸਲਿਮ ਗਠਜੋੜ ਹਕੂਮਤ ਪਿੱਛੋਂ ਅੰਗ੍ਰੇਜੀ ਰਾਜ ਤੋਂ ਪ੍ਰੇਰਿਤ ਹੋ ਕੇ ਅਤੇ ਹੁਣ ਯੂਰਪੀ ਰਾਜ ਤੋਂ ਜਥੇਬੰਦ ਹੋ ਕੇ, ਬ੍ਰਾਹਮਣਵਾਦੀ ਲੋਕ, ਭੋਲੇ ਭਾਲੇ ਬਹਾਦਰਤੇ ਸ਼ਾਂਤੀ ਪਸੰਦ ਸੰਥਾਲਾਂ ਨੂੰ ਧੋਖਾ ਦੇਣ, ਜ਼ਬਰ ਕਰਨ, ਉਹਨਾਂ ਦੀ ਲੁੱਟ ਕਰਨ ਤੇ ਉਹਨਾਂ ਉਪਰ ਹਮਲਾ ਕਰਨ ਤੋਂ ਨਹੀਂ ਝਿਜਕਦੇ ਹਨ। 33 ਕਰੋੜ ਦੇਵਤਿਆਂ ਦਾ ਆਸ਼ੀਰਵਾਦ ਲੈ ਕੇ ਅੰਗ੍ਰੇਜੀ ਰਾਜ ਦੀ ਛਤਰਛਾਇਆ ਹੇਠ ਆਰੀਆ ਬ੍ਰਾਹਮਣਾ ਨੇ ਆਪਣੇ ਆਪ ਨੂੰ ਧਰਤੀ ਤੇ ਕੁਝ ਵੀ ਕਰਨ ਦੇ ਯੋਗ ਸਮਝ ਲਿਆ, ਪਰ ਏਨਾ ਸਭ ਕੁਝ ਹੋਣ ਦੇ ਬਾਵਜੂਦ ਵੀ ਆਰੀਆ ਬ੍ਰਾਹਮਣਾ ਨੇ ਸ਼ਕਤੀਸ਼ਾਲੀ ਹਥਿਆਰਬੰਦ ਲੋਕਾਂ ਦੇ ਖੇਤਰ ਉਤੇ ਹਮਲਾ ਕਰਨ ਦੀ ਹਿੰਮਤ ਨਹੀਂ ਕੀਤੀ। ਸੰਥਾਲਾਂ ਨੇ ਹਿੰਦੂਆਂ ਦੀਆਂ ਸੋਸ਼ਣਕਾਰੀ ਨੀਤੀਆਂ ਦਾ ਵਿਰੋਧ ਕੀਤਾ। ਜਦ ਸੰਥਾਲੀ ਦੇ ਵਿਰੋਧ ਨੂੰ ਪਾਸ਼ਵਿਕ ਪੁਲਸ ਫੋਰਸ ਨੇ ਦਬਾਇਆ ਅਤੇ ਲੁਟੇਰਿਆ ਨੇ ਅੰਗ੍ਰੇਜੀ ਪ੍ਰਸਾਸ਼ਨਿਕ ਸ਼ਕਤੀ ਦੀ ਵਰਤੋਂ ਸੰਥਾਲਾਂ ਵਿਰੁੱਧ ਕੀਤੀ ਤਾਂ ਉਹਨਾਂ ਨੇ ਲੁਟੇਰਿਆਂ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਜਦ ਇਕ ਸ਼ਾਂਤੀਪਸੰਦ ਦੇਸ਼ ਹਥਿਆਰ ਚੁਕਦਾ ਹੈ ਤਾਂ ਉਸ ਨੂੰ ਇਹ ਨਹੀਂ ਪਤਾ ਹੁੰਦਾ ਕਿ ਆਪਣੇ ਟੀਚੇ ਦੀ ਪ੍ਰਾਪਤੀ ਪਿਛੋਂ ਕਦੋਂ ਜੰਗ ਖ਼ਤਮ ਕਰਨੀ ਚਾਹੀਦੀ ਹੈ। ਭਾਰਤ ਭੂਮੀ ਪੁੱਤਰ ਸੰਥਾਲਾਂ ਨੇ ਜਲਦੀ ਹੀ ਐਲਾਨ ਕਰ ਦਿੱਤਾ ਕਿ ਇਹ "ਇਹ ਆਪਣੀ ਜਨਮ ਭੂਮੀ ਨੂੰ ਅਜ਼ਾਦ ਕਰਾਉਣ ਕਰ ਦਿੱਤਾ ਕਿ ਇਹ "ਇਹ ਆਪਣੀ ਜਨਮ ਭੂਮੀ ਨੂੰ ਅਜ਼ਾਦ ਕਰਾਉਣ ਅਤੇ ਇਸ ਨੂੰ ਦੇਸ਼ ਦੇ ਰਾਜੇ ਦੇ ਅਧੀਨ ਕਰਨ ਦੀ ਲੜਾਈ ਹੈ।" ਅਜ਼ਾਦੀ ਦੀ ਜੰਗ, ਜਿਸ ਨੂੰ ਸੰਥਾਲੀ ਭਾਸ਼ਾ 'ਚ 'ਹੂਲ' ਕਹਿੰਦੇ ਹਨ। ਇਹ ਜੰਗ 30 ਜੂਨ 1855 ਤੋਂ ਸ਼ੁਰੂ ਹੋਈ। ਕਾਰਲ ਮਾਰਕਸ ਤੇ ਏਗਲਜ਼ ਵਲੋਂ ਲਿਖਤ ਕਮਿਊਨਿਸਟ ਪਾਰਟੀ ਦੇ ਮੈਨੀਫੈਸਟੋ ਦੇ ਯੂਰਪ ਦੀ ਸਰਹੱਦ ਤੋਂ ਬਾਹਰ ਆਉਣ ਤੋਂ ਪਹਿਲਾਂ ਹੀ ਭਾਰਤੀ ਮੂਲ ਨਿਵਾਸੀਆਂ ਨੇ ਇਹ ਨਾਹਰਾ ਦਿੱਤਾ, "ਕ੍ਰਾਂਤੀ (ਹੂਲ) ਅਮਰ ਰਹੇ, ਅਜ਼ਾਦੀ ਦੀ ਜੰਗ ਅਮਰ ਰਹੇ" ਆਪਣੀ ਸ਼ਕਤੀਸ਼ਾਲੀ ਕਲਪਨਾ ਤੇ ਦੂਰ ਦ੍ਰਿਸ਼ਟੀ ਕਾਰਨ ਸੰਥਾਲਾ ਨੇ ਕ੍ਰਾਂਤੀ ਨੂੰ ਇਕ ਮੂਰਤ ਸ਼ਕਲ ਦਿੱਤੀ। ਲਗਭਗ 1 1/2 ਫੁੱਟ ਲਕੜੀ ਦੇ ਅਰਧਵਿਆਸ ਵਾਲੇ ਲਕੜੀ ਦੇ ਬਣੇ ਪਹੀਏ ਜਾਂ ਚੱਕਰ ਵਿਚਕਾਰ ਇਕ ਸੁਰਾਖ ਕਰਕੇ ਉਸ ਨੂੰ ਇਨਕਲਾਬ ਦੇ ਚਿੰਨ ਵਜੋਂ ਪੇਸ਼ ਕੀਤਾ। ਭਾਰਤ ਦੇ ਆਦੀਵਾਸੀ ਲੋਕ ਅੱਜ ਵੀ ਇਸ ਚਿੰਨ ਦੀ ਪੂਜਾ ਕਰਦੇ ਹਨ। ਇਨਕਲਾਬ ਨਿਰੰਤਰ ਚਲਦਾ ਰਹਿੰਦਾ, ਜਿਸ ਤਰ੍ਹਾਂ ਪਹੀਆ ਘੁੰਮਦਾ ਰਹਿੰਦਾ ਹੈ। ਆਪਣਾ ਰਾਜ ਤੇ ਰਾਜਾ ਸਥਾਪਤ ਕਰਨ ਦੀ ਇਸ ਜੰਗ ਵਿੱਚ ਸੰਥਾਲਾਂ ਤੋਂ ਇਲਾਵਾ ਹੇਠਲੀ ਜਾਤੀ ਦੇ ਸ਼ੂਦਰ (ਅਛੂਤ ਤੇ ਸਛੂਤ) ਲੌਹਾਰ, ਕਿਸਾਨ, ਕੁਮਹਾਰ, ਚਮਿਆਰ, ਜੁਹਾਲੇ ਆਦਿ ਵੀ ਸ਼ਾਮਲ ਹੋ ਗਏ।

ਅਜਾਦੀ ਦੀ ਇਸ ਲੜਾਈ 'ਚ ਸੰਥਾਲ ਸਿੱਧੇ ਤੇ ਅਸਿੱਧੇ ਢੰਗ ਨਾਲ, ਲਗਭਗ 60 ਹਜ਼ਾਰ ਦੀ ਗਿਣਤੀ 'ਚ ਇਕਜੁਟ ਹੋ ਗਏ। ਇਸ ਏਨੀ ਵੱਡੀ ਘਟਨਾ ਦਾ ਵਿਸਥਾਰ ਲਿਖਤੀ ਰੂਪ 'ਚ ਰੱਖਣ ਲਈ ਅਣਪੜ੍ਹ ਬਾਗੀਆਂ 'ਚ ਇਕ ਵੀ ਨਹੀਂ

ਸੀ। ਜਿਹਨਾਂ ਆਰੀਆ ਤੇ ਬ੍ਰਾਹਮਣਾ ਵਿਰੁੱਧ ਇਹ ਬਗਾਵਤ ਸੀ। ਉਹਨਾਂ ਨੇ ਵੀ ਇਸ ਮਹਾਨ ਇਨਕਲਾਬ ਨੂੰ ਆਪਣੇ ਇਤਿਹਾਸ 'ਚ ਨਹੀਂ ਲਿਖਿਆ। ਕੁਝ ਅੰਗ੍ਰੇਜੀ ਅਧਿਕਾਰੀਆਂ ਨੇ ਇਸ ਘਟਨਾ 'ਤੇ ਥੋੜ੍ਹੀ ਜਿੰਨੀ ਟੀਕਾ-ਟਿੱਪਣੀ ਕੀਤੀ। ਜਦ ਅੰਗ੍ਰੇਜਾਂ ਨੇ 1757 ਤੋਂ 1818 ਤਕ ਭਾਰਤੀ ਭੂਮੀ ਤੇ ਜਿੱਤ ਹਾਸਲ ਕੀਤੀ ਤਾਂ ਏਨੀ ਗਿਣਤੀ 'ਚ ਉਹਨਾਂ ਨੂੰ ਫ਼ੌਜੀ ਨਹੀਂ ਮਰਵਾਉਣੇ ਪਏ। ਇਸ ਮਹਾਨ ਇਤਿਹਾਸਕ ਘਟਨਾ ਦੀ ਤੁਲਨਾ ਫਰਾਂਸ 'ਚ ਪੈਰਿਸ ਕਮਿਊਨ ਨਾਲ ਵੀ ਕੀਤੀ ਜਾ ਸਕਦੀ ਹੈ। ਜਿਸ ਵਿੱਚ ਫ਼ੌਜ ਨੇ ਉਹਨਾਂ ਦੀ ਅਜਾਦੀ ਦੀ ਪਹਿਲੀ ਜੰਗ 'ਚ ਸ਼ਾਂਤੀ ਪਸੰਦ ਸੰਥਾਲਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਡਬਲਯੂ-ਡਬਲਯੂ ਹੰਟਰ ਅਨੁਸਾਰ ਬਗਾਵਤ ਦਾ ਫੌਰੀ ਕਾਰਨ ਹਿੰਦੂਆਂ (ਬ੍ਰਾਹਮਣ, ਖੱਤਰੀ ਤੇ ਵੈਸ਼ਿਯ) ਵਲੋਂ ਉਹਨਾਂ ਦੀ ਲੁੱਟ ਘਸੁੱਟ ਤੇ ਆਰਥਿਕ ਧੋਖੇਬਾਜੀ ਸੀ। ਇਸ ਲੁੱਟ-ਘਸੁੱਟ ਦੀ ਘਟਨਾ ਦੇ ਡੂੰਘੇ ਯਤਨ ਦਾ ਵਰਨਣ ਅਫਸਰਸ਼ਾਹੀ-ਇਤਿਹਾਸਕਾਰਾਂ ਨੇ ਇਸ ਤਰ੍ਹਾਂ ਕੀਤਾ ਹੈ "ਸੰਥਾਲ ਲੋਕ ਅਗਿਆਨੀ ਤੇ ਇਮਾਨਦਾਰ ਸਨ। ਵਪਾਰੀ ਹਿੰਦੂ ਚਲਾਕ ਤੇ ਧੋਖੇਬਾਜ ਸਨ। ਕੋਈ ਵੀ ਸਾਲ ਅਜਿਹਾ ਨਹੀਂ ਲੰਘਦਾ ਸੀ ਜਿਸ ਵਿਚ ਇਕ ਦੁਕਾਨਦਾਰ ਪਹਾੜੀਆਂ ਦੀ ਤਲਹਟੀ ਤੋਂ ਸ਼ਹਿਰ 'ਚ ਅਥਾਹ ਪੈਸਾ ਲੈਕੇ ਨਾਲ ਮੁੜਦਾ ਹੋਵੇ ਅਤੇ ਇਸ ਪੈਸੇ ਨਾਲ ਜ਼ਮੀਨ ਨਾ ਖਰੀਦਦਾ ਹੋਵੇ। ਸੰਥਾਲਾਂ ਦਾ ਦੇਸ਼ ਹਿੰਦੂਆਂ ਵਲੋਂ ਅਥਾਹ ਪੈਸਾ ਕਮਾਏ ਜਾਣ ਦਾ ਠਿਕਾਨਾ ਮੰਨਿਆ ਜਾਂਦਾ ਸੀ। ਪੈਸਾ ਚਾਹੇ ਕਿਵੇਂ ਵੀ ਕਮਾਇਆ ਜਾਵੇ ਪਰ ਜਲਦੀ ਹੀ ਬਣ ਜਾਂਦਾ ਸੀ। ਸੰਥਾਲਾਂ ਦੇ ਨਾਪ ਵਰਤਾਅ 'ਚ 'ਹਿੰਦੂ ਧੋਖੇਬਾਜ ਲੁਟੇਰੇ ਤੇ ਸੋਸ਼ਣਕਾਰੀ ਲੱਗਦੇ ਸਨ। ਇੱਕ ਤਰ੍ਹਾਂ ਨਾਲ ਆਮ ਹਿੰਦੂਆਂ ਤੋਂ ਬਦਮਾਸ਼ੀ 'ਚ ਘੱਟ ਨਹੀਂ ਸਨ ਅਤੇ ਨਾ ਜ਼ਿਆਦਾ ਸਨ। ਇਸ ਤਰ੍ਹਾਂ ਕੁਝ ਧੋਖੇਬਾਜ ਅਗ੍ਰੇਜ ਪੂਰੇ ਅੰਗ੍ਰੇਜੀ ਦੇਸ਼ ਦੇ ਵਰਤਾਅ ਨੂੰ ਜਾਹਰ ਕਰਦੇ ਹਨ। ਸੰਥਾਲ ਦੇਸ਼ ਦੇ ਬ੍ਰਾਹਮਣੀ ਖੇਤਰ ਕੋਲ, ਬੀਅਰ ਭੂਮ ਉਚ ਘਾਟੀ ਦੇ ਉਤਰ 'ਚ ਅਨੇਕਾਂ ਹਿੰਦੂ ਪ੍ਰਚੂਨ ਤੇ ਛੋਟੇ ਵਪਾਰੀਆਂ ਨੇ ਵੱਖ-ਵੱਖ ਬਹਾਨੇ ਬਣਾਕੇ ਆਪਣੀ ਕਲੋਨੀ ਬਣਾ ਲਈ ਅਤੇ ਕੁਝ ਹੀ ਸਾਲਾਂ 'ਚ ਅਮੀਰ ਬਣ ਬੈਠੇ। ਉਹਨਾਂ ਨੇ ਭੋਲੇ ਭਾਲੇ ਸੰਥਾਲਾਂ ਨੂੰ ਹਰ ਲੈਣ ਦੇਣ 'ਚ ਠਗਿਆ। ਸੰਥਾਲ ਲੋਕ ਸ਼ੁੱਧ ਘਿਉ ਜਾਰਾਂ 'ਚ ਭਰ ਕੇ ਵੇਚਣ ਲਈ ਲੈ ਜਾਂਦੇ ਸਨ ਅਤੇ ਹਿੰਦੂ ਉਹਨਾਂ ਨੂੰ ਨਕਲੀ ਪੌਂਦੇ (ਤਲਹਟੀ) ਦੇ ਬਰਤਨ ਨਾਲ ਨਾਲ ਨਾਮ ਲੈਂਦੇ ਸਨ ਜਿਸ ਨਾਲ ਜ਼ਿਆਦਾ ਘਿਉ ਨੂੰ ਘੱਟ ਦੱਸਿਆ ਜਾ ਸਕੇ। ਉਹ ਲੋਕ ਚਾਵਲ ਦੇ ਬਦਲੇ ਲੂਣ, ਤੇਲ, ਕੱਪੜਾ ਤੇ ਬਰੂਦ ਲੈ ਕੇ ਜਾਂਦੇ ਸਨ ਅਤੇ ਹਲਕੇ ਵਜਣ ਵਾਲੇ ਭਾਰ ਨਾਲ ਤੋਲ ਕੇ ਉਹਨਾਂ ਨੂੰ ਸਮਾਨ ਦਿੰਦੇ ਸਨ। ਜੇ ਕੋਈ ਸੰਥਾਲ ਵਿਰੋਧ ਕਰਦਾ ਤਾਂ ਉਸ ਨੂੰ ਕਿਹਾ ਜਾਂਦਾ ਕਿ ਲੂਣ 'ਤੇ ਟੈਕਸ ਲਗਦਾ ਹੈ। ਇਸ ਲਈ ਵਿਸ਼ੇਸ਼ ਮਾਤਰਾ 'ਚ ਵਿਸ਼ੇਸ਼ ਭਾਰ ਨਾਲ ਤੋਲ ਦਿੱਤਾ ਜਾਂਦਾ ਹੈ। ਜੇ ਸੰਥਾਲਾਂ ਨੂੰ ਕਿਸੇ ਤਰ੍ਹਾਂ ਦੀਆਂ ਦੀ ਸਹਾਇਤਾ ਮੁਹੱਈਆ ਕੀਤੀ ਸੀ ਤਾਂ ਇਸ ਬਦਲੇ 'ਚ ਉਹਨਾਂ ਤੋਂ ਭਾਰੀ ਮਾਤਰਾ 'ਚ ਸਮਾਨ ਲਿਆ ਜਾਂਦਾ ਸੀ।

ਨਵੇਂ ਵਸਣ ਵਾਲੇ ਹਿੰਦੂ ਵਪਾਰੀ ਲਈ ਥੋੜ੍ਹਾ ਉਧਾਰ ਲਿਆ ਹੋਇਆ ਚਾਵਲ ਉਸ ਦੀ ਲੋੜ ਲਈ ਕਾਫੀ ਹੁੰਦਾ ਸੀ। ਜਦ ਤਕ ਉਹ ਸੰਥਾਲਾਂ 'ਚ ਚੌਲ ਬੀਜਣ ਲਈ ਜੰਗਲ ਦੀ ਸਫਾਈ ਸਸਤੇ 'ਚ ਨਾ ਕਰ ਲੈਣ। ਜਦ ਸੰਥਾਲ ਜਮੀਨ ਸਾਫ ਕਰਕੇ ਖੇਤੀ ਦੇ ਕਾਬਲ ਬਣਾ ਕੇ ਫਸਲ ਬੀਜ ਲੈਂਦੇ ਤਾਂ ਹਿੰਦੂ ਵਪਾਰੀ ਕੁਝ

ਸਿੱਕੇ ਦੇ ਕੇ ਜ਼ਮੀਨ ਉਹਨਾਂ ਤੋਂ ਖੋਹ ਲੈਂਦੇ। ਦੂਜਾ ਪ੍ਰੀਵਾਰ ਆਪਣੀ ਸ਼ਾਨ ਵਿਖਾਉਣ ਲਈ ਆਪਣੀ ਪੂਰੀ ਫਸਲ ਨੂੰ ਦਾਅਵਤ (ਪਾਰਟੀ) ਦੇਣ 'ਚ ਹੀ ਖਰਚ ਕਰ ਦਿੰਦਾ ਅਤੇ ਹਿੰਦੂ ਵਪਾਰੀ ਕੋਲੋਂ ਉਧਾਰ ਖਾਤਾ ਖੋਹਲ ਲੈਂਦਾ ਜੋ ਉਸ ਨੂੰ ਪੂਰਾ ਸਾਲ ਭੁੱਖਮਰੀ ਤੋਂ ਬਚਾਉਣ ਲਈ ਕੁਝ ਨਾ ਕੁਝ ਖਾਣ ਨੂੰ ਦਿੰਦਾ ਰਹਿੰਦਾ। ਜਦ ਸੰਥਾਲ ਕਿਸਾਨ ਤੇ ਉਸ ਦੇ ਬੱਚੇ ਹਿੰਦੂ ਵਪਾਰੀ ਤੋਂ ਉਧਾਰ ਲਏ ਚੌਲ ਚੁਕਦੇ ਤਾਂ ਉਹ ਉਸ ਦੇ ਗੁਲਾਮ ਬਣ ਜਾਂਦੇ ਸਨ। ਸੰਥਾਲ ਦਾ ਪ੍ਰੀਵਾਰ ਕਿੰਨੀ ਵੀ ਕਜੂੰਸੀ ਨਾਲ ਰਹੇ, ਚਾਹੇ ਕਿੰਨੀ ਵੀ ਕੋਸ਼ਿਸ਼ ਆਪਣੇ ਆਪ ਨੂੰ ਕਰਜੇ 'ਚੋਂ ਕੱਢਣ ਲਈ ਕਰੇ ਹਿੰਦੂ ਉਸ ਦੀ ਪੂਰੀ ਫਸਲ ਨੂੰ ਕਰਜੇ 'ਚ ਲੈ ਲੈਂਦਾ ਸੀ ਅਤੇ ਅਸਲੀ ਫਸਲ ਦੇ ਸਮੇਂ ਲਈ ਬਾਕੀ ਕਰਜਾ ਕੱਢ ਲੈਂਦਾ ਸੀ। ਹਰ ਸਾਲ ਸੰਥਾਲ ਲੋਕ ਆਪਣੀ ਲੁੱਟ ਕਰਨ ਵਾਲੇ ਲਈ ਕਮਾਉਂਦੇ ਰਹਿੰਦੇ। ਜੇ ਸੰਥਾਲ ਕਰਜੇ ਤੋਂ ਤੰਗ ਆ ਕੇ ਜੰਗਲ 'ਚ ਭੱਜਣ ਦੀ ਧਮਕੀ ਦਿੰਦੇ ਤਾਂ ਹਿੰਦੂ ਵਪਾਰੀ ਉਸ ਵਿਰੁੱਧ ਅਦਾਲਤ 'ਚ ਮੁਕਦਮਾ ਪਾ ਦਿੰਦੇ ਤੇ ਉਸ ਵਿਰੁੱਧ ਕੁਰਕੀ ਲੈਣ ਤਕ ਉਸ ਨੂੰ ਮੁਕਦਮੇ ਦਾ ਪਤਾ ਵੀ ਨਾ ਲਗਣ ਦਿੰਦੇ ਸੀ। ਬਿਨਾਂ ਕਿਸੇ ਚੇਤਾਵਨੀ ਦੇ ਵਿਚਾਰੇ ਸੰਥਾਲ ਦੀ ਮੱਝ, ਗਾਂ ਤੇ ਹੋਰ ਪਸ਼ੂ ਸਭਨਾ ਦੀ ਬੋਲੀ ਲਾ ਦਿੱਤੀ ਜਾਂਦੀ ਤੇ ਇਥੋਂ ਤਕ ਕਿ ਘਰ ਦੇ ਛੋਟੇ-ਛੋਟੇ ਭਾਂਡੇ ਵੀ ਵੇਚ ਦਿੱਤੇ ਜਾਂਦੇ ਸਨ। ਘਟੀਆ ਕਿਸਮ ਦੇ ਲੋਹੇ ਦਾ ਗਹਿਣੇ ਸੰਥਾਲ ਔਰਤਾਂ ਦੀ ਮਾਨ ਇੱਜ਼ਤ ਦੇ ਪ੍ਰਤੀਕ ਵੀ ਜ਼ਬਰਦਸਤੀ ਉਹਨਾਂ ਦੇ ਗੁੱਟਾਂ ਤੋਂ ਜ਼ਬਰਦਸਤੀ ਖੋਹ ਲਏ ਜਾਂਦੇ ਸਨ।

ਬੇਸਹਾਰਾ, ਕੁਦਰਤ ਨੂੰ ਪਿਆਰ ਕਰਨ ਵਾਲੇ ਸੰਥਾਲਾਂ ਦੀ ਸਹਾਇਤਾ ਲਈ ਧਰਤੀ 'ਤੇ ਕੋਈ ਨਹੀਂ ਸੀ। "ਉਹਨਾਂ ਦੀ ਸਹਾਇਤਾ ਦਾ ਕੋਈ ਸੁਆਲ ਹੀ ਪੈਦਾ ਨਹੀਂ ਹੁੰਦਾ ਸੀ। ਅਦਾਲਤ ਉਹਨਾਂ ਦੇ ਰਿਹਾਇਸੀ ਇਲਾਕਿਆਂ ਵਿਚੋਂ ਸੈਂਕੜੇ ਮੀਲ ਦੂਰ ਸੀ। ਟੈਕਸ ਇਕੱਠਾ ਕਰਨ ਲੱਗੇ ਹੋਏ ਅੰਗ੍ਰੇਜੀ ਜੱਜਾਂ ਕੋਲ ਲੋਕਾਂ ਦੇ ਛੋਟੇ ਮੋਟੇ ਮੁੱਕਦਮੇ ਸੁਲਝਾਉਣ ਲਈ ਸਮਾਂ ਨਹੀਂ ਸੀ। ਭਾਰਤੀ ਬ੍ਰਾਹਮਣਵਾਦੀ ਸਭ ਅਧਿਕਾਰੀ ਲੁਟੇਰਿਆਂ ਨਾਲ ਰਲੇ ਹੋਏ ਸਨ। ਪੁਲਸ ਦਾ ਵੀ ਲੁੱਟ ਵਿੱਚ ਹਿੱਸਾ ਸੀ 'ਰੱਬ ਮਹਾਨ ਹੈ ਪਰ ਉਹ ਬਹੁਤ ਦੂਰ ਹੈ।" ਸੰਥਾਲ ਅਜਿਹਾ ਕਹਿੰਦੇ ਸਨ। ਵਿਚਾਰੇ ਚੀਕਦੇ ਰਹਿੰਦੇ ਉਹਨਾਂ ਦੀ ਸਹਾਇਤਾ ਲਈ ਕੋਈ ਵੀ ਨਹੀਂ ਆਉਂਦਾ ਸੀ।

ਅੰਗ੍ਰੇਜ਼ੀ ਹਕੂਮਤ ਨੇ ਹਿਮਾਲਿਆ ਦੇ ਖੇਤਰ ਵਿੱਚ ਉਹਨਾਂ ਅਧੀਨ ਬਹਾਦਰ, ਇਮਾਨਦਾਰ ਤੇ ਪੂਰੀ ਤਰ੍ਹਾਂ ਨਾਲ ਭੋਲੇ ਭਾਲੇ ਸੰਥਾਲ ਲੋਕਾਂ ਵਿਰੁੱਧ ਚਲ ਰਹੀ। ਇਸ ਲੁਟੇਰੀ ਬ੍ਰਾਹਮਣਵਾਦੀ ਨੀਤੀ ਤੋਂ ਅਗਿਆਨਤਾ ਦਾ ਬਹਾਨਾਂ ਬਣਾ ਕੇ ਆਪਣਾ ਪੱਲਾ ਛੁਡਾਉਣ ਦੀ ਕੋਸ਼ਿਸ਼ ਕੀਤੀ। ਕਿਸੇ ਤੱਥ ਦੀ ਜਾਣਕਾਰੀ ਨਾ ਹੋਣਾ ਜ਼ੁੰਮੇਵਾਰੀ ਤੋਂ ਬਚਣ ਦਾ ਬਹਾਨਾ ਨਹੀਂ ਹੋ ਸਕਦਾ। ਇਹ ਵੀ ਗੱਲ ਮੰਨਣਯੋਗ ਨਹੀਂ ਹੈ ਕਿ ਸਰਭ ਸ਼ਕਤੀਮਾਨ ਸਰਕਾਰ ਨੂੰ ਇਸ ਭਿਆਨਕ ਵਿਸਫੋਟ ਸਥਿਤੀ ਦੀ ਜਾਣਕਾਰੀ ਨਹੀਂ ਸੀ। ਇਸ ਹਾਲਾਤ 'ਚ ਸੰਥਾਲਾਂ ਨੂੰ ਉਹਨਾਂ ਦੀ ਸਥਿਤੀ ਬਾਰੇ ਸਰਕਾਰ ਦੀ ਜਾਣਕਾਰੀ ਨਾ ਹੋਣ ਦਾ ਫਾਇਦਾ ਅੰਗ੍ਰੇਜ਼ੀ ਸਰਕਾਰ ਤੋਂ ਮਿਲਣਾ ਚਾਹੀਦਾ ਸੀ ਪਰ ਇਸ ਦੇ ਉਲਟ ਉਹਨਾਂ ਨੂੰ ਗੈਰ ਬਰਾਬਰੀ ਜੰਗ 'ਚ ਅੰਗ੍ਰੇਜ਼ਾਂ ਨੇ ਮੌਤ ਦੇ ਘਾਟ ਉਤਾਰ ਦਿੱਤਾ। ਅਜਿਹਾ ਕਿਹਾ ਜਾਂਦਾ ਹੈ ਕਿ "ਇਸ ਸਭ ਦੇ ਬਾਰੇ ਸਰਕਾਰ ਨੂੰ ਕੋਈ ਜਾਣਕਾਰੀ ਨਹੀਂ ਸੀ। ਸੰਥਾਲਾਂ ਦੀ ਦੇਖਭਾਲ ਲਈ ਇਕ ਇਕੱਲੇ ਅੰਗ੍ਰੇਜ਼ ਅਧਿਕਾਰੀ ਨੂੰ ਲਾਇਆ ਗਿਆ ਅਤੇ ਇਕ ਬੰਦਾ ਜੋ ਕੁਝ ਵੀ ਕਰ ਸਕਦਾ ਹੈ ਉਸ ਨੂੰ ਇਹ ਕਿਹਾ ਗਿਆ।

ਜਿਉ ਹੀ ਖੇਤੀ ਵਧਦੀ ਗਈ ਉਸ ਦੇ ਨਾਲ-ਨਾਲ ਉਹਨਾਂ ਨੇ ਜ਼ਮੀਨੀ ਟੈਕਸ ਵੀ ਵਧਾ ਦਿੱਤਾ ਅਤੇ ਬਿਨਾਂ ਸ਼ੋਸ਼ਣ ਕੀਤੇ ਜਾਂ ਬਿਨਾਂ ਕਿਸੇ ਵਿਰੋਧ ਦੇ ਉਸ ਦੇ ਪ੍ਰਬੰਧ 'ਚ ਟੈਕਸ 1938 'ਚ 1668 ਰੁਪਏ ਤੋਂ 1854 'ਚ 6803 ਰੁਪਏ ਵਧ ਗਿਆ। ਨਿਆਂ ਦੀ ਵਿਵਸਥਾ ਅਦਾਲਤਾਂ 'ਚ ਨਿਮਨ ਪੱਧਰ ਦੇ ਹਿੰਦੂ ਅਧਿਕਾਰੀਆਂ ਦੇ ਹੱਥਾਂ 'ਚ ਦੇ ਦਿੱਤੀ ਗਈ ਤੇ ਹਿੰਦੂ ਅਧਿਕਾਰੀ ਸੁਭਾਵਿਕ ਹੀ ਆਪਣੀ ਨਸਲ ਦੇ ਲੁਟੇਰੇ ਵਪਾਰੀਆਂ ਦੇ ਪੱਖ 'ਚ ਹੋ ਗਏ ਅਤੇ ਸੰਥਾਲਾਂ ਨਾਲ ਨਫਰਤ ਕਰਨ ਲੱਗੇ ਜੇ ਕੋਈ ਅੰਗ੍ਰੇਜ਼ੀ ਨਿਰੀਖਕ, ਸਖਤ ਮੇਹਨਤ ਨਾਲ ਆਪਣੇ-ਆਪਣੇ ਰੋਜਾਨਾ ਦੇ ਟੈਕਸ ਇਕੱਠੇ ਕਰਨ ਦੇ ਕੰਮ ਨੂੰ ਪੂਰੀ ਤਰ੍ਹਾਂ ਵੇਖ ਸਕਦਾ ਸੀ ਤਾਂ ਉਹ ਆਪਣੇ ਆਪ ਨੂੰ ਬਹੁਤ ਕਿਸਮਤ ਵਾਲਾ ਸਮਝਦਾ ਸੀ।

ਲੋਕਾਂ ਦੇ ਇਤਿਹਾਸ ਬਾਰੇ ਉਹਨਾਂ ਦੀਆਂ ਆਦਤਾਂ ਬਾਰੇ ਜਾਂ ਲੋਕਾਂ ਦੀਆਂ ਲੋੜਾਂ ਬਾਰੇ ਜਾਨਣ ਲਈ ਉਹਨਾਂ ਕੋਲ ਇਕ ਪਲ ਵੀ ਨਹੀਂ ਹੁੰਦਾ ਸੀ। ਪੂਰੀ ਤਰ੍ਹਾਂ ਹਥਿਆਰਬੰਦ ਤੇ ਅਰਧ ਸਭਿਅਕ ਸ਼ਕਤੀਸ਼ਾਲੀ ਲੋਕਾਂ ਦੇ ਵਿਸ਼ਾਲ ਜਨ ਸਮੂਹ ਬਿਨਾਂ ਕਿਸੇ ਸੁਧਾਰ ਦੀ ਦਿਸ਼ਾ ਵੱਲ ਅੰਗ੍ਰੇਜ਼ੀ ਸਰਕਾਰ ਨੇ ਉਹਨਾਂ ਨੂੰ ਵਧਣ ਦਿੱਤਾ ਅਤੇ ਇਹਨਾਂ ਵੱਲ ਕੋਈ ਹਮਦਰਦੀ ਰੱਖਣ ਦੀ ਬਜਾਏ ਲੱਖਾਂ ਜੰਗਲੀ ਆਦੀਵਾਸੀਆਂ ਨੂੰ ਸਥਾਈ ਕਿਸਾਨਾਂ 'ਚ ਤਬਦੀਲ ਕਰਨ ਆਪਣੇ ਆਪ ਨੂੰ ਸਲਾਹੁਣ ਲੱਗੀ। ਸਰਕਾਰ ਨੂੰ ਸਲਾਨਾ ਟੈਕਸ ਦੇ ਵਾਧੇ 'ਤੇ ਖੁਸ਼ੀ ਹੋਣ ਲੱਗੀ ਅਤੇ ਇਹ ਵਿਖਾਇਆ ਗਿਆ ਕਿ ਜਿੰਨੀ ਜਲਦੀ ਜੰਗਲਾਂ ਨੂੰ ਸਾਫ਼ ਕਰਕੇ ਉਹਨਾਂ ਨੂੰ ਖੇਤੀ ਦੇ ਕਾਬਲ ਬਣਾ ਦਿੱਤਾ ਜਾਵੇ। ਸੰਥਾਲਾਂ ਦੀਆਂ ਪੱਕੀਆਂ ਰਿਹਾਇਸ਼ਾਂ ਨੂੰ ਉਹਨਾਂ ਦਿਨਾਂ ਦੀ ਸਰਕਾਰ ਦਾ ਸਸਤੇ ਤੇ ਵਿਹਾਰਕ ਪ੍ਰਸਾਸ਼ਨ ਦੀ ਪ੍ਰਾਪਤੀ ਮੰਨਿਆ ਗਿਆ ਪਰ ਸੰਥਾਲਾਂ ਦੀਆਂ ਬਸਤੀਆਂ ਵਲੋਂ ਇਸ ਪ੍ਰਸਾਸ਼ਨ ਦੇ ਦਾਅਵਿਆਂ ਵਿਰੁੱਧ ਭਿਆਨਕ ਜੁਆਬ ਦੇਣਾ ਅਜੇ ਬਾਕੀ ਹੈ। ਈਸਟ ਇੰਡੀਆ ਕੰਪਨੀ ਵਰਗੀਆਂ ਸੰਸਥਾਵਾਂ ਦੇ ਨੌਕਰ, ਜੋ ਟੈਕਸ ਲਾ ਕੇ ਆਪਣੀ ਆਮਦਨ ਵਧਾਉਂਦੇ ਸਨ। ਉਹ ਸਰਕਾਰ ਨੂੰ ਵਪਾਰਕ ਨਜ਼ਰੀਏ ਤੋਂ ਲਾਲਚ ਵੱਸ ਦੇਖਦੇ ਅਤੇ ਸਰਕਾਰ ਦੀ ਸਫਲਤਾ ਦਾ ਆਰਥਿਕ ਲਾਭ ਅਨੁਸਾਰ ਅੰਦਾਜਾ ਲਾਉਂਦੇ ਸਨ। 1854 ਤਕ ਸੰਥਾਲ ਬਸਤੀ ਖੇਤਰ 'ਚ ਰਹਿਣ ਵਾਲਿਆ ਕੋਲ ਇਕ ਵੀ ਬਦਲ ਨਹੀਂ ਸੀ ਕਿ ਉਹ ਹਿੰਦੂ ਲੁਟੇਰਿਆਂ (ਵਪਾਰੀਆਂ) ਦੇ ਗੁਲਾਮ ਬਣੇ ਰਹਿਣ ਜਾਂ ਬੰਜਰ ਤੇ ਬੇਹੱਦ ਅਬਾਦੀ ਵਾਲੇ ਆਪਣੇ ਦੇਸ਼ ਵਿੱਚ ਵਾਪਸ ਜਾਣ, ਜਿੱਥੋਂ ਉਹ ਆਏ ਸਨ। 1848 ਵਿੱਚ ਪੂਰੇ ਤਿੰਨ ਕਸਬਿਆਂ ਨੇ ਜੰਗਲਾਂ ਦੀ ਸਫਾਈ ਦਾ ਕੰਮ ਬੰਦ ਕਰਕੇ, ਨਿਰਾਸ਼ ਹੋ ਕੇ ਵਾਪਸ ਆਪਣੇ ਜੰਗਲਾਂ 'ਚ ਜਾਣਾ ਪਸੰਦ ਕੀਤਾ, ਪਰ ਬਹੁਤੇ ਲੋਕਾਂ ਨੇ ਉਪਜਾਊ ਧਰਾਤਲ 'ਤੇ ਗੁਲਾਮੀ ਦੀ ਜ਼ਿੰਦਗੀ ਜਿਉਣ ਨੂੰ ਮਹੱਤਵ ਦਿੱਤਾ। ਬਜਾਏ ਇਸਦੇ ਕਿ ਉਹ ਆਪਣੀਆਂ ਔਰਤਾਂ ਅਤੇ ਬੱਚਿਆਂ ਨੂੰ ਸਥਾਈ ਤੌਰ 'ਤੇ ਜੰਗਲਾਂ 'ਚ ਭੁਖਮਰੀ ਦੇ ਹਾਲ 'ਚ ਰੱਖਣ। ਇਸ ਤਰ੍ਹਾਂ ਬੰਗਾਲ 'ਚ ਚਿਰਾਂ ਤੋਂ ਲਾਗੂ ਸਥਾਈ ਗੁਲਾਮੀ ਦੀ ਪ੍ਰਣਾਲੀ ਨੂੰ ਮੰਨ ਲਿਆ ਗਿਆ।

## ਇਤਿਹਾਸ ਦੇ ਝਰੋਖੇ 'ਚੋਂ

# ਕਿਹੜੇ ਮਹਾਂਪੁਰਸ਼ਾਂ ਨੇ ਅਜ਼ਾਦੀ ਦੀ ਪਹਿਲੀ ਜੰਗ ਨੂੰ ਢਾਹ ਲਾਈ?

1860 ਤਕ ਗੁਲਾਮੀ ਪ੍ਰਥਾ ਵਿਰੁੱਧ ਕੋਈ ਕਾਨੂੰਨ ਨਹੀਂ ਸੀ ਅਤੇ ਅਸਲ 'ਚ ਇਸ ਤੋਂ ਪਹਿਲਾਂ ਦਾ ਕਾਨੂੰਨ ਜੋ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਕੰਟਰੋਲ ਕਰਦਾ ਸੀ ਅਤੇ ਜਿਸ ਨੂੰ ਅਦਾਲਤ ਦੀ ਹਮਾਇਤ ਹਾਸਲ ਨਹੀਂ ਸੀ। ਉਦੋਂ ਵੀ ਗੁਲਾਮੀ ਦੀ ਵਿਵਸਥਾ ਲਾਗੂ ਸੀ। ਜ਼ਿਆਦਾਤਰ ਸੰਥਾਲਾਂ ਕੋਲ ਗਹਿਣੇ ਰੱਖਕੇ ਛੋਟਾ-ਛੋਟਾ ਕਰਜਾ ਲੈਣ ਲਈ ਜ਼ਮੀਨ ਜਾਂ ਕੋਈ ਫਸਲ ਨਹੀਂ ਸੀ। ਇਸ ਤਰ੍ਹਾਂ ਦੇ ਕਿਸੇ ਬੰਦੇ ਨੂੰ ਆਪਣੇ ਮ੍ਰਿਤਕ ਪਿਤਾ ਦੀ ਅੰਤਿਮ ਰਸਮ (ਦਬਾਉਣ ਦੀ) ਪੂਰੀ ਕਰਨ ਲਈ ਉਹ ਕੁਝ ਪੈਸੇ ਦੇ ਕਰਜਾ ਲੈਣ ਲਈ ਹਿੰਦੂ ਵਪਾਰੀ ਕੋਲ ਜਾਂਦਾ ਅਤੇ ਕੁਝ ਵੀ ਗਹਿਣੇ ਰੱਖਣ ਲਈ ਨਾ ਹੋਣ 'ਤੇ ਉਹ ਆਪਣੇ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਗਹਿਣੇ ਰੱਖਕੇ ਗੁਲਾਮ ਬਣ ਜਾਂਦਾ। ਜਦ ਤਕ ਪੂਰਾ ਕਰਜਾ ਵਾਪਸ ਨਾ ਮੋੜ ਦਿੰਦਾ ਜੋ ਥੋੜ੍ਹਾ ਜਿੰਨਾ ਕਰਜਾ ਲਿਆ ਸੀ ਉਹ ਉਸ ਦੇ ਬਾਪ ਦੀ ਅੰਤਿਮ ਰਸਮ 'ਤੇ ਤੇਜੀ ਨਾਲ ਖਰਚ ਹੋ ਗਿਆ। ਮ੍ਰਿਤ ਭੋਜ ਰਿਸ਼ਤੇਦਾਰਾਂ ਨੂੰ ਖੁਆਇਆ ਗਿਆ ਤੇ ਅਗਲੀ ਸਵੇਰ ਪੀੜਤ ਪ੍ਰੀਵਾਰ ਉਧਾਰ ਦੇਣ ਵਾਲੇ ਵਪਾਰੀਆਂ ਦੇ ਘਰ ਵੱਲ ਚੱਲ ਪਿਆ ਤੇ ਆਪਣੇ ਆਪ ਨੂੰ ਗੁਲਾਮੀ ਦੀ ਦਲਦਲ 'ਚ ਸੁੱਟ ਲਿਆ। ਕਰਜਾ ਦੇਣ ਵਾਲਾ ਨਾ ਤਾਂ ਉਮੀਦ ਕਰਦਾ ਸੀ ਤੇ ਨਾ ਹੀ ਉਸ ਦੀ ਇੱਛਾ ਹੁੰਦੀ ਸੀ ਕਿ ਕਰਜਾ ਵਾਪਸ ਮਿਲੇ। ਪੂਰੇ ਦਿਨ ਦੇ ਪੂਰੇ ਘੰਟਿਆਂ ਤਕ ਕੰਮ ਕਰਦਾ ਰਹੇ ਤੇ ਉਸ ਨੂੰ ਅਰਾਮ ਕਰਨ ਦਾ ਸਮਾਂ ਵੀ ਨਹੀਂ ਦਿੰਦਾ ਸੀ। ਜਿਸ ਨਾਲ ਕਿ ਉਹ ਉਸ ਸਮੇਂ 'ਚ ਵਾਧੂ ਕੰਮ ਕਰਕੇ ਪੈਸਾ ਕਮਾਵੇ ਅਤੇ ਆਪਣੀ ਅਜ਼ਾਦੀ/ਮੁਕਤੀ ਖਰੀਦ ਸਕੇ। ਮਰਦੇ ਸਮੇਂ ਆਪਣੇ ਬੱਚਿਆਂ ਖਾਤਰ ਛੱਡਣ ਵਾਸਤੇ ਸਿਰਫ਼ ਕਰਜਾ ਹੁੰਦਾ ਸੀ ਜੋ ਸ਼ੁਰੂ 'ਚ ਥੋੜ੍ਹਾ ਹੁੰਦਾ ਸੀ ਪਰ ਪਿੱਛੋਂ 33% ਚੱਕਰਵ੍ਰਿਧੀ ਵਿਆਜ ਦੀ ਦਰ ਨਾਲ ਵਧ ਕੇ ਬਹੁਤ ਵੱਡਾ ਹੋ ਜਾਂਦਾ ਸੀ। ਜੇ ਗੁਲਾਮ ਪੂਰਾ ਸਮਾਂ ਕੰਮ 'ਚ ਲਾਉਣ ਲਈ ਮਨ੍ਹਾ ਕਰ ਦਿੰਦਾ ਤਾਂ ਮਾਲਕ ਉਸ ਨੂੰ ਰੋਟੀ ਦੇਣੀ ਬੰਦ ਕਰ ਦਿੰਦਾ ਸੀ। ਜੇ ਉਹ ਕਿਸੇ ਹੋਰ ਘਰ ਕੰਮ ਕਰਨ ਚਲਾ ਜਾਂਦਾ ਸੀ ਤਾਂ ਉਸ ਦਾ ਮਾਲਕ ਉਸ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੰਦਾ ਸੀ ਤੇ ਜਲਦੀ ਹੀ ਉਸ ਭੋਲੇ ਭਾਲੇ ਸੰਥਾਲ ਨੂੰ ਆਪਣੇ ਪੈਰਾਂ 'ਚ ਡਿੱਗਣ ਲਈ ਮਜ਼ਬੂਰ ਕਰ ਦਿੰਦਾ ਸੀ ਅਤੇ ਆਪਣੀ ਚਲਾਕੀ ਨਾਲ ਉਹ ਜੇਹਲ ਜਾਣ ਦੇ ਸਿੱਟੇ ਤੋਂ ਡਰਦਾ ਰਹਿੰਦਾ ਸੀ। ਜੋ ਸੰਥਾਲ ਗੁਲਾਮ ਬਣ ਕੇ ਆਪਣੇ ਮਾਲਕਾਂ ਦੇ ਘਰਾਂ 'ਚ ਕੰਮ ਕਰਨ ਲਈ ਮਜ਼ਬੂਰ ਹੁੰਦੇ ਸਨ। ਉਹਨਾਂ ਨੂੰ ਆਪਣੇ ਹਾਲ ਅਤੇ ਦੂਜੇ ਖੁੱਲ੍ਹੇ ਰੂਪ 'ਚ ਕੰਮ ਕਰਨ ਵਾਲੇ ਅਜ਼ਾਦ ਖੁਸ਼ਹਾਲ ਸੰਥਾਲਾ ਦੇ ਹਾਲ 'ਚ ਫਰਕ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ। ਗੁਲਾਮ ਸੰਥਾਲ ਪਾਬੰਦੀਆਂ ਤੋੜ ਕੇ ਭੱਜਣ ਲੱਗੇ ਅਤੇ ਹਿੰਦੂ ਵਪਾਰੀ ਮਾਲਕਾਂ ਨੇ ਆਪਣੇ ਬਚਾਅ ਲਈ ਪਹਿਲਾਂ ਤੋਂ ਵੱਧ ਸਖ਼ਤ ਤੇ ਵੱਧ ਚੌਕਸੀ ਰੱਖਣ ਵਾਲੀ ਪ੍ਰਣਾਲੀ ਨੂੰ ਲਾਗੂ ਕਰ ਦਿੱਤਾ।

ਅਜ਼ਾਦੀ ਸੰਗਰਾਮ ਦੀ ਬਹਾਦਰੀ ਪੂਰਨ ਕਹਾਣੀ ਇਸ ਪ੍ਰਕਾਰ ਹੈ। 1854

ਅਤੇ 1855 ਦੀ ਸਰਦੀ ਦੇ ਮੌਸਮ 'ਚ ਸੰਥਾਲ ਬੇਹੱਦ ਬੇਚੈਨ ਮਹਿਸੂਸ ਕਰ ਰਹੇ ਸਨ। ਇਸ ਵਾਰੀ ਫਸਲ ਬਹੁਤ ਅੱਛੀ ਹੋਈ ਸੀ ਅਤੇ ਪੈਸੇ ਦੇ ਅਸਰ ਨਾਲ ਖੇਤੀ ਉਪਜ ਨੂੰ ਖੇਤਰੀ ਮੰਡੀ 'ਚ ਅੱਛਾ ਭਾਅ ਮਿਲ ਗਿਆ। ਏਨਾ ਹੋਣ ਦੇ ਬਾਵਜੂਦ ਵੀ ਸੰਥਾਲ ਪ੍ਰੇਸ਼ਾਨ ਸਨ। ਬੀਅਰ ਭੂਮੀ ਦੇ ਮੈਜਿਸਟ੍ਰੇਟ ਨੇ ਜ਼ਿਲ੍ਹੇ ਪੂਰੇ ਸਾਲ ਦੀ ਤਰੱਕੀ ਦਾ ਨਿਰੀਖਣ ਕਰਦਿਆਂ ਪ੍ਰਗਤੀਸ਼ੀਲਤਾ ਦੀ ਰੀਪੋਟ ਦਿੱਤੀ।" ਉਸ ਨੇ ਲਿਖਿਆ, "ਪੂਰੇ ਜ਼ਿਲ੍ਹੇ 'ਚ ਰੇਲ ਵਿਭਾਗ ਹੁਣ ਕੰਮ ਕਰ ਰਿਹਾ ਹੈ ਅਤੇ ਸਹੀ ਵਰਗਾਂ ਦੇ ਲੋਕਾਂ ਨੂੰ ਕਾਫੀ ਵੱਧ ਗਿਣਤੀ 'ਚ ਰੁਜ਼ਗਾਰ ਦੇਣ ਨਾਲ ਇੱਥੋਂ ਦੇ ਨਿਵਾਸੀਆਂ ਦੀ ਹਾਲਤ 'ਚ ਕਾਫੀ ਸੁਧਾਰ ਆਇਆ ਹੈ ਅਤੇ ਚਾਰੇ ਪਾਸੇ ਅੱਛੀ ਫਸਲ ਪੈਦਾ ਹੋਣ ਨਾਲ ਉਹਨਾਂ ਦੀ ਖੁਸ਼ਹਾਲੀ ਵਧੀ ਹੈ।" ਪਰ ਉਹਨਾਂ ਦੀ ਫਸਲ ਤੇ ਮਜ਼ਦੂਰੀ ਦੇ ਉਚੇ ਭਾਅ ਹੋਣ ਦੇ ਬਾਵਜੂਦ ਵੀ ਸੰਥਾਲ ਲੋਕ ਬੇਚੈਨੀ ਨਾਲ ਘੁੰਮਦੇ ਰਹੇ। ਸਚਾਈ ਇਹ ਸੀ ਕਿ ਅਮੀਰ ਸੰਥਾਲਾਂ ਨੇ ਹੁਣ ਇਰਾਦਾ ਬਣਾ ਲਿਆ ਕਿ ਉਹਨਾਂ ਨੇ ਹੁਣ ਹਿੰਦੂਆਂ ਤੋਂ ਖਰੀਦਦਾਰੀ 'ਚ ਧੋਖਾ ਨਹੀਂ ਖਾਣਾ। ਗਰੀਬ ਕਿਸਾਨਾਂ ਨੇ ਅਤੇ ਬੰਦਕ ਮਜ਼ਦੂਰਾਂ ਨੇ ਇਹ ਨਿਸ਼ਚਾ ਕਰ ਲਿਆ ਕਿ ਹੁਣ ਹਿੰਦੂਆਂ ਦੀ ਗੁਲਾਮੀ ਨਹੀਂ ਕਰਨੀ। ਇਸ ਤਰ੍ਹਾਂ ਦੀ ਮਾਨਸਿਕ ਤਿਆਰੀ ਕਰਨ ਵਾਲੇ ਲੋਕਾਂ ਨੂੰ ਨੇਤਾਵਾਂ ਦੀ ਲੋੜ ਨਹੀਂ ਹੁੰਦੀ। ਇਕ ਪਿੰਡ ਦੇ ਰਹਿਣ ਵਾਲੇ ਸਿੱਧੂ ਤੇ ਕੰਹੂ ਦੋ ਭਰਾਵਾਂ ਨੂੰ ਹਿੰਦੂ ਵਪਾਰੀ ਨੇ ਬੇਹੱਦ ਅਸਹਿ ਦੁੱਖ ਪਹੁੰਚਾਇਆ ਜਿਸ ਕਾਰਨ ਉਹ ਆਪਣੇ ਦੇਸ਼ ਵਾਸੀਆਂ ਲਈ ਮੁਕਤੀ-ਦਾਤਾ ਵਜੋਂ ਸਾਹਮਣੇ ਆਏ। ਉਹਨਾਂ ਨੇ ਹਰੇਕ ਪਿੰਡ 'ਚ ਇਕ ਗੁਪਤ ਸੂਚਨਾ ਲਿਖਤੀ ਰੂਪ 'ਚ ਭੇਜੀ ਜਿਸ ਦਾ ਪਿੰਡ ਵਾਲਿਆਂ ਨੇ ਸਵਾਗਤ ਕੀਤਾ ਅਤੇ ਇਸ ਸੂਚਨਾ ਨੂੰ ਅਮਲੀ ਰੂਪ ਦੇਣ ਲਈ ਸਭ ਲੋਕ ਅੱਗੇ ਆਏ। ਇਸ ਤਰ੍ਹਾਂ ਨਾਲ ਦੋਨੋਂ ਭਾਈਆਂ ਨੇ ਹਰੇਕ ਪਿੰਡ ਦੇ ਆਮ ਲੋਕਾਂ ਦੇ ਦਿਲ ਤੇ ਦਿਮਾਗ 'ਚ ਇਕ ਨਵੀਂ ਮੁਕਤੀ ਦੀ ਉਮੀਦ ਦੀ ਕਿਰਣ ਜਗਾ ਦਿੱਤੀ। ਦੂਜੇ ਪਾਸੇ ਸੰਘਰਸਸ਼ੀਲ ਨੇਤਾ ਇਹ ਅੰਦਾਜ਼ਾ ਲਾ ਰਹੇ ਸਨ ਕਿ ਅਗ੍ਰੇਜ਼ੀ ਹਾਕਮ ਉਹਨਾਂ ਨਾਲ ਉਹਨਾਂ ਦੇ ਸੰਕਟ ਬਾਰੇ ਗੱਲਬਾਤ ਕਰਕੇ ਉਸ ਨੂੰ ਦੂਰ ਕਰਨਗੇ ਪਰ ਅੰਗ੍ਰੇਜ਼ੀ ਹਾਕਮਾਂ ਕੋਲ ਇਸ ਕੰਮ ਲਈ ਸਮਾਂ ਕਿੱਥੇ ਸੀ? ਉਸ ਪਿੱਛੋਂ ਸੰਥਾਲ ਆਗੂਆਂ ਨੇ ਅੰਗ੍ਰੇਜ਼ਾਂ ਦੇ ਮੁੱਖ ਅਧਿਕਾਰੀ ਪਾਸ ਸੂਚਨਾ ਭੇਜੀ ਕਿ ਉਹ ਆਪਣੇ ਸੰਕਟਾਂ ਨੂੰ ਹੋਰ ਵੱਧ ਸਹਿਣ ਨਹੀਂ ਕਰ ਸਕਦੇ। ਇਸ ਅਧਿਕਾਰੀ ਨੂੰ ਸੰਥਾਲਾਂ ਦੇ ਸੰਕਟਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ। ਅੰਗ੍ਰੇਜ਼ੀ ਇੰਸਪੈਕਟਰ ਟੈਕਸ ਵਸੂਲ ਕਰਦਾ ਸੀ ਅਤੇ ਉਹਨਾਂ ਦੀ ਸ਼ਕਾਇਤ 'ਤੇ ਕੋਈ ਧਿਆਨ ਨਹੀਂ ਦਿੰਦਾ ਸੀ। ਸੰਥਾਲਾਂ ਨੇ ਤੰਗ ਆਕੇ ਕਮਿਸ਼ਨਰ ਨੂੰ ਕਿਹਾ ਕਿ ਜੇ ਉਹ ਉਹਨਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰੇਗਾ ਤਾਂ ਉਹ ਖੁਦ ਉਹਨਾਂ ਸਮੱਸਿਆਵਾਂ ਦਾ ਹੱਲ ਕੱਢਣਗੇ। ਕਮਿਸ਼ਨਰ ਇਹ ਗੱਲ ਨਹੀਂ ਸਮਝ ਸਕਿਆ ਕਿ ਉਹ ਕਹਿਣਾ ਕੀ ਚਾਹੁੰਦੇ ਹਨ? ਟੈਕਸ ਪਹਿਲਾਂ ਵਾਂਗੂੰ ਹੀ ਆਉਂਦਾ ਰਿਹਾ ਤੇ ਅੰਗ੍ਰੇਜ਼ੀ ਹਕੂਮਤ ਚੁਪਚਾਪ ਬੈਠੀ ਰਹੀ। ਅੰਤ 'ਚ ਸੰਥਾਲ ਨੇਤਾਵਾਂ ਨੇ ਹਰੇਕ ਘਾਟੀ ਅਤੇ ਪਿੰਡ ਵਿੱਚ ਸਾਲ ਰੁਖ ਦੀ ਟਾਹਣੀ ਲੈ ਕੇ ਦੂਤ ਭੇਜੇ ਅਤੇ ਸਭ ਲੋਕ ਆਪਣੇ ਨੇਤਾਵਾਂ ਦੀ ਆਗਿਆ ਅਨੁਸਾਰ ਵੱਡੀ ਭਾਰੀ ਗਿਣਤੀ 'ਚ ਇਕ ਥਾਂ ਆਪਣੇ ਹਥਿਆਰਾਂ ਨਾਲ ਇਕੱਠੇ ਹੋ ਗਏ। ਦੋਨੋ ਭਾਈਆਂ ਨੇ ਮਹਿਸੂਸ ਕੀਤਾ ਕਿ ਉਹਨਾਂ ਨੇ ਇਨਕਲਾਬ ਦਾ ਅਜਿਹਾ ਤੂਫਾਨ ਖੜ੍ਹਾ ਕਰ ਦਿੱਤਾ ਹੈ ਕਿ ਜਿਸ ਨੂੰ ਉਹ ਖੁਦ ਕੰਟਰੋਲ 'ਚ ਨਹੀਂ ਰੱਖ ਸਕਦੇ।

ਇਹੀ ਤੂਫਾਨ ਲਹਿਰ ਕਲਕੱਤਾ ਤੱਕ ਪਹੁੰਚ ਗਈ ਅਤੇ 30 ਜੂਨ 1855 ਨੂੰ ਇਕ ਵਿਸ਼ਾਲ ਮੁਹਿੰਮ ਖੜ੍ਹੀ ਹੋਈ। ਨੇਤਾਵਾਂ ਦੀ ਅੰਗ ਰੱਖਿਅਕਾਂ ਦੀ ਗਿਣਤੀ, ਲਗਭਗ 30000 ਸੀ। ਇਨਕਲਾਬੀ ਦਾ ਖਾਣਾ ਜਿਸ ਨੂੰ ਉਹ ਆਪਣੇ ਨਾਲ ਆਪਣੇ ਪਿੰਡੋਂ ਲੈ ਗਏ ਸਨ, ਜਦ ਤਕ ਚਲਿਆ, ਤਦ ਤੱਕ ਉਹ ਲਗਾਤਾਰ ਅੱਗੇ ਵਧਦੇ ਰਹੇ ਪਰ ਕੁਝ ਅਜਿਹੀਆਂ ਟੁੱਕੜੀਆਂ ਜਿਨਾਂ ਦੀ ਕੋਈ ਅਗਵਾਈ ਕਰਨ ਵਾਲਾ ਨਹੀਂ ਸੀ। ਉਹ ਆਪਣੇ ਹਥਿਆਰਾਂ ਸਮੇਤ ਏਧਰ ਉਧਰ ਭਟਕ ਗਏ ਕਿ ਕਿੱਥੇ ਜਾਈਏ। ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਉਹ ਜਲਦੀ ਹੀ ਖਤਰਨਾਕ ਸਾਬਤ ਹੋਈ। ਉਹਨਾਂ ਦਾ ਰਾਸ਼ਣ ਪਾਣੀ ਖ਼ਤਮ ਹੁੰਦਿਆਂ ਹੀ ਉਹਨਾਂ ਨੇ ਲੁੱਟਣਾ ਸ਼ੁਰੂ ਕਰ ਦਿੱਤਾ। ਨੇਤਾ ਲੋਕ ਚਾਹੁੰਦੇ ਸਨ ਕਿ ਸਥਾਨਕ ਲੋਕਾਂ ਦੀ ਸਹਾਇਤਾ ਖਾਣ-ਪੀਣ ਦੀਆਂ ਚੀਜਾਂ ਲੈਣ 'ਚ ਲਈ ਜਾਵੇ। ਜਦਕਿ ਇਨਕਲਾਬੀ ਲੋਕ ਚੀਜਾਂ ਲੈਣ ਦੀ ਬਜਾਏ ਲੁਟਣਾ ਚਾਹੁੰਦੇ ਸਨ। 7 ਜੁਲਾਈ ਨੂੰ ਸਥਾਨਕ ਪੁਲਸ ਇੰਸਪੈਕਟਰ ਨੇ ਸੰਥਾਲੀ ਦੀ ਵਿਸ਼ਾਲ ਗਿਣਤੀ ਦੀਆਂ ਸਰਗਰਮੀਆਂ ਤੇ ਉਹਨਾਂ ਦੇ ਦੋ ਭਾਈ ਨੇਤਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ। ਇਹ ਜਾਣਕਾਰੀ ਕਾਰਨ ਹਿੰਦੂ ਵਪਾਰੀ ਘਬਰਾਉਣ ਲੱਗੇ ਅਤੇ ਉਹਨਾਂ ਨੇ ਪੁਲਸ ਇੰਸਪੈਕਟਰ ਨੂੰ ਰਿਸ਼ਵਤ ਦੇ ਕੇ ਉਹਨਾਂ ਸੰਥਾਲਾਂ ਵਿਰੁੱਧ ਚੋਰੀ ਦਾ ਇਲਜਾਮ ਲਾਉਣ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਨੂੰ ਕਿਹਾ। ਅੰਗ੍ਰੇਜ਼ ਪੁਲਸ ਅਧਿਕਾਰੀ ਆਪਣੇ ਅੰਗ ਰੱਖਿਅਕਾਂ ਦੇ ਨਾਲ ਸੰਥਾਲਾਂ ਕੋਲ ਗਿਆ। ਰਸਤੇ 'ਚ ਸੰਥਾਲ ਨੇਤਾਵਾਂ ਨੇ ਆਪਣੇ ਦੂਤ ਭੇਜ ਕੇ ਅੰਗ੍ਰੇਜ਼ ਪੁਲਸ ਅਧਿਕਾਰੀ ਨੂੰ ਆਪਣੇ ਤੰਬੂ 'ਚ ਬੁਲਾ ਲਿਆ। ਦੋਨੋ ਭਾਈਆਂ ਨੇ ਅੰਗ੍ਰੇਜ਼ੀ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਇਹ ਹਰੇਕ ਹਿੰਦੂ ਪਰਿਵਾਰ 'ਤੇ ਦਸ ਸ਼ਲਿੰਗ ਦਾ ਟੈਕਸ ਲਾ ਕੇ ਸੰਥਾਲ ਇਨਕਲਾਬੀਆਂ ਦੀ ਖੁਰਾਕ ਸਮੱਗਰੀ ਦਾ ਪ੍ਰਬੰਦ ਕਰੇ। ਉਹ ਉਸ ਅਧਿਕਾਰੀ ਨੂੰ ਛੱਡਣ ਵਾਲੇ ਹੀ ਸਨ ਜਦ ਕਿਸੇ ਬੰਦੇ ਨੇ ਉਹਨਾਂ ਨੂੰ ਦੱਸਿਆ ਕਿ ਉਹ ਅੰਗ੍ਰੇਜ਼ ਅਧਿਕਾਰੀ ਸੰਥਾਲਾਂ ਵਿਰੁੱਧ ਝੂਠੇ ਚੋਰੀ ਦੇ ਇਲਜ਼ਾਮ ਲਾ ਕੇ ਸ਼ਕਾਇਤ ਦਰਜ ਕਰਨ ਆਇਆ ਸੀ। ਪਹਿਲਾਂ ਤਾਂ ਅਧਿਕਾਰੀ ਨੇ ਸਚਾਈ, ਸੁਨਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਚੋਰੀ ਬਾਰੇ ਜਾਣਕਾਰੀ ਹੋਣ 'ਤੇ ਛਾਣਬੀਣ ਕਰਨ ਜਾ ਰਿਹਾ ਸੀ ਪਰ ਪਿੱਛੋਂ ਉਸ ਨੇ ਮੰਨਿਆ ਕਿ "ਮੈਂ ਹਿੰਦੂ ਵਪਾਰੀਆਂ ਪਾਸੋਂ ਸੰਥਾਲਾਂ ਵਿਰੁੱਧ ਚੋਰੀ ਕਰਨ ਦਾ ਇਲਜਾਮ ਲਾਕੇ ਸ਼ਕਾਇਤ ਦਰਜ ਕਰਾਉਣ ਲਈ ਰਿਸ਼ਵਤ ਲਈ ਹੈ। ਦੋਨੋ ਭਾਈਆਂ ਨੂੰ ਬੰਨ ਕੇ ਲੈ ਜਾਣ ਲਈ ਆਇਆ ਸੀ।" ਇਹ ਗੱਲ ਸੁਣਕੇ ਦੋਨੋਂ ਭਾਈਆਂ ਨੇ ਕਿਹਾ ਕਿ ਜੇ ਸਾਡੇ ਵਿਰੁੱਧ ਤੁਹਾਡੇ ਕੋਲ ਕੋਈ ਸਬੂਤ ਹੈ ਤਾਂ ਬੰਨ ਕੇ ਲੈ ਜਾਓ। ਅੜੀਅਲ ਤੇ ਮੂਰਖ ਅੰਗ੍ਰੇਜ਼ ਪੁਲਸ ਅਧਿਕਾਰੀ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਦੋਨੋ ਭਾਈਆਂ ਨੂੰ ਬੰਨ ਕੇ ਲੈ ਚਲੋ। ਉਸ ਨੇ ਸੰਥਾਲਾਂ ਦੇ ਸ਼ਾਂਤੀ ਪਸੰਦ ਸੁਭਾਅ ਦਾ ਗਲਤ ਅੰਦਾਜਾ ਲਾਇਆ। ਜਿਉਂ ਹੀ ਅੰਗ੍ਰੇਜੀ ਅਧਿਕਾਰੀ ਨੇ ਹੁਕਮ ਦਿੱਤਾ ਤੁਰੰਤ ਸੰਥਾਲਾ ਲੋਕ ਅੰਗ੍ਰੇਜ਼ੀ ਅਧਿਕਾਰੀ ਤੇ ਉਹਨਾਂ ਦੇ ਸਿਪਾਹੀਆਂ ਉਪਰ ਟੁੱਟ ਪਏ ਅਤੇ ਉਹਨਾਂ ਨੂੰ ਬੰਨ ਲਿਆ। ਇਨਕਲਾਬੀਆਂ ਦੇ ਮੁਖ ਆਗੂ ਸਿੱਧੂ ਨੇ ਭ੍ਰਿਸ਼ਟ ਅਧਿਕਾਰੀ ਨੂੰ ਆਪ ਕੁੱਟਿਆ ਤੇ ਮਾਰਿਆ। ਸੰਥਾਲਾਂ ਦੇ ਤੰਬੂ 'ਚ 9 ਪੁਲਸ ਮੁਲਾਜਮਾਂ ਨੂੰ ਵੀ ਮਾਰ ਦਿੱਤਾ ਗਿਆ। ਉਦੋਂ ਤੋਂ 7 ਜੁਲਾਈ ਨੂੰ ਇਨਕਲਾਬੀ ਦਿਨ ਮੰਨਿਆ ਗਿਆ। ਸੰਥਾਲ ਜਦ ਇਕੱਲੇ ਹੋਕੇ ਬਾਹਰ ਨਿਕਲੇ ਤਾਂ ਉਹਨਾਂ ਨੇ ਸਰਕਾਰ ਵਿਰੁੱਧ ਹਥਿਆਰ

ਲੈ ਕੇ ਲੜਨ ਦਾ ਇਰਾਦਾ ਨਹੀਂ ਸੀ ਬਣਾਇਆ। ਜਦ ਉਹਨਾਂ ਦੀ ਲੜਾਈ ਖ਼ਤਮ ਹੋ ਗਈ ਤਦ ਉਹਨਾਂ ਨੇ ਨੇਤਾਵਾਂ ਨੂੰ ਕਿਹਾ ਕਿ ਅਸੀਂ ਝੂਠ ਬੋਲਣ ਤੋਂ ਨਫ਼ਰਤ ਕਰਦੇ ਹਾਂ ਤੇ ਪੂਰੀ ਨਿਹਚਾ ਨਾਲ ਕਹਿੰਦੇ ਹਾਂ ਕਿ ਸਾਡਾ ਨਿਸ਼ਾਨਾ ਕਲਕੱਤਾ ਪਹੁੰਚ ਕੇ ਸਥਾਨਕ ਅਧਿਕਾਰੀ ਵਲੋਂ ਸਾਡੀ ਸ਼ਕਾਇਤ ਨਾ ਸੁਨਣ ਪਿੱਛੋਂ ਗਵਰਨਰ ਜਨਰਲ ਨੂੰ ਆਪਣੀ ਸ਼ਕਾਇਤ ਦਾ ਮੰਗ ਪੱਤਰ ਦੇਣ ਆਏ ਹਾਂ।

ਅਸਲ ’ਚ ਉਹਨਾਂ ਦਾ ਢੋਲ ਤੇ ਤੂਤੀ ਨਾਲ ਵਰਦੀ ਪਹਿਨ ਕੇ ਚਲਣਾ ਇਕ ਵਿਸ਼ੇਸ਼ ਜਲੂਸ ਸੀ। ਭੁਖਮਰੀ ਨੇ ਉਹਨਾਂ ਨੂੰ ਲੁਟਮਾਰ ਲਈ ਮਜ਼ਬੂਰ ਕਰ ਦਿੱਤਾ ਅਤੇ ਅੰਗ੍ਰੇਜ਼ੀ ਅਧਿਕਾਰੀ ਦੇ ਧੋਖਾਧੜੀ ਵਾਲੇ ਰਵੱਈਏ ਨੇ ਉਹਨਾਂ ਨੂੰ ਗੁੱਸੇ ਕਰ ਦਿੱਤਾ। ਇਹਨਾਂ ਕਾਰਨਾਂ ਕਰਕੇ ਸੰਘਰਸ਼ ਦਾ ਰੂਪ ਹੀ ਬਦਲ ਗਿਆ ਗੈਰ ਹਮਲਾਵਰ ਪਰ ਅਰਧ ਗੁਲਾਮ ਸੰਥਾਲ ਅੰਗ੍ਰੇਜ਼ੀ ਅਧਿਕਾਰੀ ਤੇ ਸਿਪਾਹੀਆਂ ਦਾ ਖ਼ੂਨ ਕਰਨ ਪਿੱਛੋਂ ਬਹਾਦਰੀ ਦਾ ਮਾਣ ਮਹਿਸੂਸ ਕਰਨ ਲੱਗੇ ਅਤੇ ਉਹ ਤੁਰੰਤ ਆਪਣੇ ਅਸਲੀ ਕੁਦਰਤੀ ਵਣ ਮਾਨਸਰੂਪ ’ਚ ਤਬਦੀਲ ਹੋ ਗਏ। ਉਹਨਾਂ ਨੇ ਜੰਗਲ ਦੇ ਨਿਆਂ ਦੀ ਪ੍ਰਣਾਲੀ ਨੂੰ ਹਿੰਦੂ ਸੂਦਖੋਰਾਂ ’ਤੇ ਲਾਗੂ ਕਰ ਦਿੱਤਾ ਤੇ ਹੋਰ ਸਾਰੇ ਵਰਗਾਂ ਨੂੰ ਉਨ੍ਹਾਂ ਨੇ ਪੂਰੀ ਸੁਰੱਖਿਆ ਤੇ ਅਜ਼ਾਦੀ ਮੁਹੱਈਆ ਕੀਤੀ। ਇਸ ਦੇ ਨਾਲ ਸੰਥਾਲ ਆਗੂਆਂ ਨੇ ਆਪਣੇ ਅਗਿਆਨੀ ਚੇਲਿਆਂ ਨੂੰ ਭਰੋਸਾ ਦਿੱਤਾ ਕਿ ਦੱਖਣ ਦੀ ਅੰਗ੍ਰੇਜ਼ੀ ਹਕੂਮਤ ਉਹਨਾਂ ਦੇ ਇਸ ਵਰਤਾਅ ਨੂੰ ਕਾਨੂੰਨੀ ਸਹਿਮਤੀ ਦੇ ਕੇ ਲੜਾਈ ਦੀ ਲੁੱਟ ’ਚ ਬਰਾਬਰ ਦੀ ਹਿੱਸੇਦਾਰੀ ਵੀ ਦੇਵੇਗੀ। ਜਦ ਸੰਥਾਲਾਂ ਨੇ ਪੂਰੀ ਸ਼ਕਤੀ ਨਾਲ ਅੱਗੇ ਵਧਣਾ ਸ਼ੁਰੂ ਕੀਤਾ ਤਾਂ ਅੰਗ੍ਰੇਜ਼ਾਂ ਦੀ 1200 ਸਿਪਾਹੀਆਂ ਦੀ ਫ਼ੌਜ 80 ਮੀਲ ਦੂਰ ਤੱਕ ਨਜ਼ਰ ਨਹੀਂ ਆਈ। ਦੋ ਹਫਤਿਆਂ ਤਕ ਸੰਥਾਲਾਂ ਨੇ ਪੱਛਮੀ ਜ਼ਿਲ੍ਹੇ ’ਚ ਅੱਗ ਤੇ ਤਲਵਾਰ ਦੀ ਚਮਕ ਨੂੰ ਬਣਾਈ ਰੱਖਿਆ। ਹਥਿਆਰਬੰਦ ਇਨਕਲਾਬੀ ਹੁਣ ਆਪਣੇ ਆਗੂਆਂ ਦੇ ਕੰਟਰੋਲ ਤੋਂ ਬਾਹਰ ਹੋ ਗਏ ਸਨ। ਜੁਲਾਈ ਮਹੀਨਾ ਪੂਰਾ ਹੋਣ ਤੋਂ ਪਹਿਲਾਂ 20 ਤੋਂ ਵੱਧ ਪਿੰਡਾਂ ਨੂੰ ਅੱਗ ਲਾ ਦਿੱਤੀ ਗਈ। ਹਜ਼ਾਰਾਂ ਪਸ਼ੂਆਂ ਨੂੰ ਏਧਰ ਉਧਰ ਭਜਾ ਦਿੱਤਾ ਗਿਆ। ਅੰਗ੍ਰੇਜ਼ਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਅਨੇਕਾਂ ਅੰਗ੍ਰੇਜ਼ੀ ਚੌਂਕੀਆਂ ਅਤੇ ਕਾਰਖਾਨਿਆਂ ਉਪਰ ਸੰਥਾਲਾਂ ਦਾ ਕਬਜਾ ਹੋ ਗਿਆ। ਅੰਗ੍ਰੇਜ਼ੀ ਸਰਕਾਰ ਨੇ ਸਥਿਤੀ ’ਤੇ ਕਾਬੂ ਪਾਉਣ ਲਈ ਵੱਧ ਗਿਣਤੀ ’ਚ ਫ਼ੌਜ ਭੇਜੀ ਪਰ ਮੀਂਹ ਸ਼ੁਰੂ ਹੋਣ ਕਰਕੇ ਨਦੀਆਂ ਨੂੰ ਪਾਰ ਕਰਨਾ ਅਸੰਭਵ ਹੋ ਗਿਆ।

ਇਕ ਅੰਗ੍ਰੇਜ਼ ਅਧਿਕਾਰੀ ਅਨੁਸਾਰ ‘ਜਦ ਮੇਰੀ ਰੇਜਿਮੈਂਟ ਬੈਰਕਪੁਰ ’ਚ ਸੀ ਕਰਨਲ ਨੇ ਮੈਨੂੰ ਬੁਲਾ ਕੇ ਹੁਕਮ ਦਿੱਤਾ ਕਿ ਮੈਂ ਆਪਣੀ ਰੇਜਿਮੈਂਟ ਦੇ ਨਾਲ ਬੀਅਰ ਭੂਮੀ ’ਚ ਰਾਣੀਗੰਜ ਅਗਲੀ ਸਵੇਰੇ ਪਹੁੰਚ ਜਾਵਾਂ ਜਿੱਥੇ ਪਹਾੜੀ ਕਬੀਲੇ ਨੇ ਬਗਾਵਤ ਕਰ ਦਿੱਤੀ ਹੈ। ਇਸ ਘਟਨਾ ਬਾਰੇ ਪਹਿਲਾਂ ਮੈਂ ਕਦੀ ਨਹੀਂ ਸੁਣਿਆ ਸੀ। ਅਗਲੀ ਸੁਬਾਹ ਚਾਰ ਵਜੇ ਚਲ ਪਿਆ ਅਤੇ ਰੇਲ ਗੱਡੀਆਂ ਰਾਹੀਂ ਸਵੇਰੇ ਬਰਦਵਾਨ ਪਹੁੰਚਿਆ। ਉਥੋਂ ਦਾ ਕਮਿਸ਼ਨਰ ਮੇਰੇ ਕੋਲ ਆਇਆ ਤੇ ਉਸ ਨੇ ਮੈਨੂੰ ਬੀਅਰ ਭੂਮ ਦੀ ਰਾਜਧਾਨੀ ਸੂਰੀ ਪਹੁੰਚਣ ਦਾ ਹੁਕਮ ਦਿੱਤਾ ਕਿਉਂਕਿ ਉਥੇ ਹਮਲੇ ਦਾ ਸਿੱਧਾ ਖਤਰਾ ਸੀ। ਅਸੀਂ ਦੋ ਦਿਨ ਤੇ ਇਕ ਰਾਤ ਤਕ ਚਲਦੇ ਰਹੇ। ਸਾਰੇ ਰਾਹ ਮੀਂਹ ਪੈਂਦਾ ਰਿਹਾ ਤੇ ਮੇਰੇ ਫੌਜੀ ਭੁੱਖੇ-ਤਿਹਾਏ ਅੱਗੇ ਵਧਦੇ ਰਹੇ। ਸੂਰੀ ਪਹੁੰਚ ਕੇ ਵੇਖਿਆ ਕਿ ਹਰੇਕ ਪਿੰਡ ’ਚ ਦਹਿਸ਼ਤ ਸੀ। ਸੂਦਖੋਰ-ਵਪਾਰੀ ਹਿੰਦੂ ਲਾਇਨ ਲਾਕੇ ਤੇ ਅੱਖਾਂ ਭਰ ਕੇ ਸਾਡਾ ਸੁਆਗਤ ਕਰਨ

ਲਈ ਸੜਕ ਕਿਨਾਰੇ ਖੜ੍ਹੇ ਹੋ ਗਏ। ਥੱਕੇ ਹੋਏ ਸਿਪਾਹੀਆਂ ਮੂਹਰੇ ਮਿਠਾਈਆਂ ਤੇ ਭੁੰਨੇ ਹੋਏ ਚੌਲਾਂ ਦੀਆਂ ਚੀਜ਼ਾਂ ਦੇ ਢੇਰ ਲਾ ਦਿੱਤੇ। ਪ੍ਰਬੰਦ ਪੂਰੀ ਤਰ੍ਹਾਂ ਵਿਗੜਿਆ ਹੋਇਆ ਸੀ। ਰਾਤ-ਦਿਨ ਇਕ ਅਧਿਕਾਰੀ ਘੋੜੇ 'ਤੇ ਸਵਾਰ ਹੋਕੇ ਬੈਠਾ ਰਹਿੰਦਾ ਸੀ। ਜਲਦਬਾਜੀ 'ਚ ਜੇਹਲ ਦੀ ਨਾਕਬੰਦੀ ਕੀਤੀ ਗਈ ਅਤੇ ਖਜਾਨੇ ਵਿਚੋਂ ਬਹੁਤਾ ਪੈਸਾ ਖੂਹ 'ਚ ਛੁਪਾ ਦਿੱਤਾ ਗਿਆ।" ਇਸ ਸੰਕਟ ਸਮੇਂ ਕੇਂਦਰੀ ਸਰਕਾਰ ਨੇ ਸਹਿਯੋਗ ਦੇਣ ਤੋਂ ਮਨ੍ਹਾ ਕਰ ਦਿੱਤਾ। ਕੇਂਦਰ ਸਰਕਾਰ ਸਿਰਫ਼ ਮੌਜੂਦ ਸਬੂਤਾਂ ਦੇ ਅਧਾਰ 'ਤੇ ਹੀ ਕਾਰਵਾਈ ਕਰਦੀ ਸੀ ਤੇ ਸਥਾਨਕ ਪ੍ਰਸ਼ਾਸਨ ਸੰਕਟ ਦਾ ਵੱਧ ਮੁਕਾਬਲਾ ਕਰਨ ਦੇ ਬਾਵਜੂਦ ਵੀ ਉਹਨਾਂ ਬਾਰੇ ਬਹੁਤ ਘੱਟ ਲਿਖਦਾ ਸੀ। ਖੇਤਰੀ ਸਬੂਤਾਂ ਰਾਹੀਂ ਉਥੋਂ ਦੇ ਹਾਲਤਾਂ ਬਾਰੇ ਬਹੁਤ ਘੱਟ ਜਾਣਕਾਰੀ ਹਾਸਲ ਹੁੰਦੀ ਸੀ। ਭਾਰਤੀ ਅਧਿਕਾਰੀ ਖਤਰੇ ਤੋਂ ਬਹੁਤ ਡਰਦਾ ਹੈ ਤੇ ਮੁਲਾਜਮ ਸੰਦਾ ਦਾ ਪਹਿਲਾਂ ਅੰਦਾਜਾ ਲਾਉਣ 'ਚ ਨਾਕਾਮ ਰਹੇ। ਵੱਡੇ ਸੰਕਟ ਦਾ ਇਸ ਕਰਕੇ ਅੰਦਾਜਾ ਨਹੀਂ ਲੱਗਿਆ। ਜਿੱਥੋਂ ਤੱਕ ਹੋ ਸਕਿਆ ਹਰੇਕ ਮੈਜਿਸਟਰੇਟ ਨੇ ਇਹ ਨਹੀਂ ਮੰਨਿਆ ਕਿ ਉਸ ਦੇ ਜ਼ਿਲ੍ਹੇ 'ਚ ਸਰਕਾਰ ਵਿਰੁੱਧ ਬਗਾਵਤ ਚਲ ਰਹੀ ਹੈ ਅਤੇ ਜਿਹਨਾਂ ਨੂੰ ਬਗਾਵਤ ਦੇ ਜੁਰਮ ਬਦਲੇ ਫਾਂਸੀ ਹੋਣੀ ਚਾਹੀਦੀ ਹੈ। ਅਖੀਰ ਤਕ ਪ੍ਰਸਾਸ਼ਨਿਕ ਅਧਿਕਾਰੀਆਂ ਨੇ ਇਹ ਨਹੀਂ ਮੰਨਿਆ ਕਿ ਲੋਕ ਬਗਾਵਤ ਕਰ ਰਹੇ ਹਨ ਅਤੇ ਸ਼ਕਤੀ ਉਹਨਾਂ ਦੇ ਹੱਥਾਂ ਵਿੱਚੋਂ ਨਿਕਲ ਚੁੱਕੀ ਹੈ।

# ਕੀ ਭ੍ਰਿਸ਼ਟਾਚਾਰ ਦੀ ਸਰੀਰਕ ਚੀਰਫਾੜ ਤੋਂ ਭਾਵ?

ਖਬਰ ਹੈ ਕਿ ਜਨ ਲੋਕਪਾਲ ਦੀ ਹਮਾਇਤ 'ਚ ਅੰਨਾ ਹਜ਼ਾਰੇ ਨੂੰ ਇਕ ਕਰੋੜ ਤੋਂ ਵੱਧ ਮਿਸ ਕਾਲਾਂ ਕੀਤੀਆਂ ਗਈਆਂ ਕਿਉਂਕਿ ਇਹ ਸਭ ਮਿਸ ਕਾਲਾਂ ਸਨ ਸਪੱਸ਼ਟ ਹੈ ਕਿ ਕਾਲ ਕਰਨ ਵਾਲੇ ਕਿਸੇ ਵੀ ਵਿਅਕਤੀ ਨੇ ਅੰਨਾ ਤੋਂ ਇਹ ਸੁਆਲ ਨਹੀਂ ਪੁੱਛਿਆ ਹੋਵੇਗਾ ਕਿ ਕੀ ਹਰਸ਼ਦ ਮਹਿਤਾ, ਕੇਤਿਨ ਪਾਰਿਖ ਤੇ ਤੇਲਗੀ ਵਰਗੇ ਘਪਲੇਬਾਜਾਂ 'ਤੇ ਇਸ ਕਾਨੂੰਨ ਤਹਿਤ ਮੁਕੱਦਮਾ ਦਾਇਰਾ ਕੀਤਾ ਜਾ ਸਕਦਾ ਹੈ ਜਿਸ ਬਾਰੇ ਅੰਨਾ ਦਾ ਦਾਅਵਾ ਹੈ ਕਿ ਇਹ ਕਾਨੂੰਨ ਦੇਸ਼ 'ਚ ਭ੍ਰਿਸ਼ਟਾਚਾਰ ਦਾ ਮੁਢੋ ਨਾਸ਼ ਕਰ ਦੇਵੇਗਾ। ਇਹ ਤਿੰਨੋਂ ਭੱਦਰ ਪੁਰਸ਼ਾਂ ਨੇ ਮਲ ਕੇ ਜਾਲਸਬਾਜੀ 'ਤੇ ਧੋਖਾਧੜੀ ਰਾਹੀਂ ਜਿੰਨੇ ਪੈਸੇ ਨੂੰ ਏਧਰੋਂ ਉਧਰ ਕੀਤਾ ਹੈ ਉਹ ਕਵਾਤਰੋਚੀ, ਰਾਜਾ ਜਾਂ ਸਰਕਾਰੀ ਘਪਲਿਆਂ 'ਚ ਮੁਰਸੇ ਇਹਨਾਂ ਵਰਗੇ ਸਾਰੇ ਘਪਲੇ ਬਾਜਾਂ ਵਲੋਂ ਕੀਤੀ ਹੇਰਾਫੇਰੀ ਤੋਂ ਵੱਧ ਹੈ ਪਰ ਅੰਨਾ ਹਜ਼ਾਰੇ ਨੇ ਬਹੁਪ੍ਰਚਾਰਿਤ ਜਨ ਲੋਕਪਾਲ ਤਹਿਤ ਇਹਨਾਂ ਨੂੰ ਜੇਹਲ ਭੇਜਣਾ ਤਾਂ ਦੂਰ ਇਹਨਾਂ 'ਤੇ ਮੁਕਦਮਾ ਵੀ ਦਰਜ ਨਹੀਂ ਕੀਤਾ ਜਾ ਸਕਦਾ ਹੈ। ਅੰਨਾ ਹਜ਼ਾਰੇ ਵੱਲੋਂ ਪ੍ਰਧਾਨ ਮੰਤਰੀ ਨੂੰ ਲੋਕਪਾਲ ਦੇ ਦਾਇਰੇ 'ਚ ਸ਼ਾਮਲ ਕਰਨ ਪਰ ਅਜੇ ਖੂੰਖਾਰ ਘਪਲੇ-ਬਾਜਾਂ ਨੂੰ ਬਾਹਰ ਰੱਖਣ 'ਤੇ ਜ਼ੋਰ ਕਿਉਂ ਦਿੱਤਾ ਜਾਂਦਾ ਰਿਹਾ ਹੈ? ਅਜਿਹੇ ਸਾਫ਼ ਨਜ਼ਰ ਆਉਣ ਵਾਲੇ ਆਪਾ ਵਿਰੋਧਾਂ ਨੂੰ ਸਮਝਣ ਲਈ ਸਾਨੂੰ ਅੰਨਾ ਤੇ ਉਸ ਦੀ ਟੀਮ ਵਲੋਂ "ਭ੍ਰਿਸ਼ਟਾਚਾਰ" ਦੀ ਜੋ ਪ੍ਰੀਭਾਸ਼ਾ ਦਿੱਤੀ ਗਈ ਹੈ। ਉਸ ਦੇ ਸਰੀਰ ਦੀ ਚੀਰਫਾੜ ਕਰਕੇ ਦੇਖਣ ਦੀ ਲੋੜ ਹੈ। ਇਹ ਜਾਣਕਾਰੀ ਤੁਹਾਡੇ ਲਈ ਹੈਰਾਨੀਜਨਕ ਹੋ ਸਕਦੀ ਹੈ ਕਿ ਉਹ ਜਨ ਲੋਕਪਾਲ ਬਿਲ ਰਾਹੀਂ ਜਿਸ ਚੀਜ਼ ਨੂੰ ਜੜ੍ਹ ਤੋਂ ਪੁਟਣਾ ਚਾਹੁੰਦੇ ਹਨ ਉਸ ਬਿਲ 'ਚ ਇਸ ਸਭ ਤੋਂ ਵੱਡੇ ਅਪਰਾਧ ਦੀ ਆਪਣੀ ਪ੍ਰੀਭਾਸ਼ਾ ਤਕ ਵਿਕਸਤ ਨਹੀਂ ਕੀਤੀ ਗਈ ਹੈ।

ਜਨ ਲੋਕਪਾਲ ਬਿੱਲ ਦੇ ਲੇਖਕਾਂ ਨੇ ਇਸ ਦੀ ਧਾਰਾ 2 (4) 'ਚ "ਭ੍ਰਿਸ਼ਟਾਚਾਰ" ਦੀ ਪ੍ਰੀਭਾਸ਼ਾ 'ਚ ਉਹਨਾਂ ਸਾਰੀਆਂ ਚੀਜ਼ਾਂ ਨੂੰ ਸ਼ਾਮਲ ਕੀਤਾ ਹੈ ਜਿਹਨਾਂ ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ 1988 ਦੇ ਤਹਿਤ ਸਜਾ ਯੋਗ ਦੱਸਿਆ ਗਿਆ ਹੈ। ਇਸ ਲਈ ਜਨ ਲੋਕਪਾਲ ਬਿੱਲ 'ਚ ਭ੍ਰਿਸ਼ਟਾਚਾਰ ਦੀ ਪ੍ਰੀਭਾਸ਼ਾ 'ਚ ਕੁਝ ਵੀ ਨਵਾਂ ਨਹੀਂ ਹੈ। ਬਲਕਿ ਇਹਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ 'ਚੋਂ ਹੀ ਉਧਾਰ ਲਿਆ ਗਿਆ ਹੈ ਅਤੇ ਇਹ ਮੂਲ ਕਾਨੂੰਨ ਦੀਆਂ ਸਾਰੀਆਂ ਜਮਾਂਦਰੂ ਖਾਮੀਆਂ ਤੋਂ ਪੀੜਤ ਹੈ। ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦਾ ਮਕਸਦ ਕਦੀ ਵੀ ਆਮ ਤੌਰ 'ਤੇ ਹੁੰਦੇ ਭ੍ਰਿਸ਼ਟਾਚਾਰ ਨਾਲ ਨਿਪਟਣਾ ਨਹੀਂ ਸੀ। ਬਲਕਿ ਇਹ ਕਾਨੂੰਨ ਉਹਨਾਂ ਪਲਬਿਕ ਸਰਵੈਂਟਾਂ ਨੂੰ ਸਜਾ ਦੇਣ ਲਈ ਲਾਗੂ ਕੀਤਾ ਗਿਆ ਸੀ ਜੋ ਕਿਸੇ ਸਰਕਾਰੀ ਕੰਮ ਨੂੰ ਕਰਨ ਬਦਲੇ ਰਿਸ਼ਵਤ ਲੈਂਦੇ ਸਨ। ਸੰਖੇਪ 'ਚ ਕਿਹਾ ਜਾਏ ਭ੍ਰਿਸ਼ਟਾਚਾਰ ਰੋਕੂ ਕਾਨੂੰਨ 1988 ਦੀ ਧਾਰਾ (7) 'ਚ ਕਿਹਾ ਗਿਆ ਹੈ ਕਿ "ਜੋ ਕੋਈ ਵੀ ਸਰਕਾਰੀ ਮੁਲਾਜਮ ਹੋਣ ਦੇ ਨਾਤੇ ਕਿਸੇ ਬੰਦੇ ਪ੍ਰਤੀ ਕਿਸੇ ਤਰ੍ਹਾਂ ਦਾ ਪੱਖ ਲੈਣ ਜਾਂ ਕਿਸੇ ਵਿਅਕਤੀ ਨੂੰ ਸੇਵਾ ਮੁਹੱਈਆ ਕਰਨ ਬਦਲੇ ਉਸ ਤੋਂ ਕਿਸੇ ਤਰ੍ਹਾਂ ਦਾ ਤੋਹਫਾ ਲੈਂਦਾ ਹੈ ਉਹ ਸਜਾ ਦਾ ਭਾਗੀਦਾਰ ਹੋ ਸਕਦਾ ਹੈ ਜੋ ਪੰਜ ਸਾਲ ਤਕ ਦੀ ਹੋ ਸਕਦੀ ਹੈ।" ਇਸ ਤਰ੍ਹਾਂ ਜਨ ਲੋਕਪਾਲ ਬਿਲ 'ਚ ਭ੍ਰਿਸ਼ਟਾਚਾਰ ਦੀ ਬੇਹੱਦ ਕਦੀ ਛਾਂਟੀ ਤੇ ਸੀਮਤ ਪ੍ਰੀਭਾਸ਼ਾ ਨੂੰ ਅਪਣਾਇਆ ਗਿਆ

ਹੈ ਅਤੇ ਪਬਲਿਕ "ਸੈਕਟਰ ਜਾਂ ਨਿੱਜੀ ਖੇਤਰ 'ਚ ਹੋਣ ਵਾਲੀ ਜਾਹਲਸਾਜੀਤੇ ਧੋਖਾਧੜੀ ਦੇ ਉਹਨਾਂ ਸਾਰੇ ਕੰਮਾਂ ਨੂੰ ਇਸ ਦੇ ਦਾਅਰੇ ਤੋਂ ਬਾਹਰ ਰੱਖਿਆ ਗਿਆ ਹੈ। ਜੋ ਭਾਰਤੀ ਆਈ ਪੀ ਸੀ ਦੀ 410 ਤੋਂ 424 ਤਕ ਦੀਆਂ ਧਾਰਾਵਾਂ ਦੇ ਤਹਿਤ ਸਜਾਯੋਗ ਹੈ। ਇਸ ਹਾਲਤ 'ਚ ਹਰਸ਼ਦ ਮਹਿਤਾ, ਕੇਤਿਨ ਪਾਰਿਖ ਤੇ ਤੇਲਗੀ ਵਰਗੇ ਲੋਕ ਵੀ ਜਨ ਲੋਕਪਾਲ ਬਿੱਲ ਲਾਗੂ ਕਰਵਾਉਣ ਲਈ ਅੰਨ ਦੀ ਦੂਜੀ ਅਜ਼ਾਦੀ ਦੀ ਲੜਾਈ 'ਚ ਸ਼ਾਮਲ ਹੋ ਸਕਦੇ ਹਨ ਕਿਉਂਕਿ ਇਸ ਕਾਨੂੰਨ ਤਹਿਤ ਉਹਨਾਂ ਨੂੰ ਫੜਿਆ ਨਹੀਂ ਜਾ ਸਕਦਾ। ਅੱਜ ਜੀਵਨ ਦੇ ਹਰ ਖੇਤਰ ਨੂੰ ਭ੍ਰਿਸ਼ਟਾਚਾਰ ਨੇ ਜਕੜ ਲਿਆ ਹੈ। ਅਜਿਹਾ ਲਗਦਾ ਹੈ ਕਿ ਇਸ ਪ੍ਰਤੀ ਆਮ ਲੋਕਾਂ ਦੀ ਨਰਾਜ਼ਗੀ ਤੇ ਉਹਨਾਂ ਦੇ ਗੁੱਸੇ ਨੂੰ ਵੇਖਦੇ ਹੋਇਆ ਵੱਖ-ਵੱਖ ਸਮੂਹ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ 'ਚ ਕੁਦ ਪੈਣ ਲਈ ਪ੍ਰੇਰਿਤ ਹੋਏ ਹਨ। ਇਹਨਾਂ 'ਚ ਕੁਝ ਪੂਰੀ ਤਰ੍ਹਾਂ ਨੇਕ ਨੀਤੀ ਨਾਲ ਅੱਗੇ ਆਏ ਜਦਕਿ ਜਦ ਕੁਝ ਸਮੂਹਾਂ ਦਾ ਆਪਣਾ ਸਮਾਜਕ ਤੇ ਰਾਜਸੀ ਮਨੋਰਥ ਹੈ। ਗੱਲ ਚਾਹੇ ਜਿਹੋ ਜਿਹੀ ਮਰਜੀ ਹੋਵੇ ਨਾਗਰਿਕ ਸਮਾਜ ਦੇ ਖੁਦ ਬਣੇ ਰਖਵਾਲਿਆਂ ਦੀ ਤੰਗਨਜ਼ਰ ਸੋਚ 'ਚ ਪੈਂਦਾ ਹੋਏ ਹੰਕਾਰ ਤੇ ਨੈਤਿਕਤਾ ਬੋਧ ਚਲਦਿਆਂ ਦੇਸ਼ 'ਤੇ ਇਕ ਹੋਰ ਅਰਥਹੀਣ ਕਾਨੂੰਨ ਦਾ ਬੋਝ ਨਹੀਂ ਪਾਉਣਾ ਚਾਹੀਦਾ।

ਭ੍ਰਿਸ਼ਟਾਚਾਰ ਨੂੰ ਇਸ ਦੇ ਇਤਿਹਾਸਕ ਪਿਛੋਕੜ 'ਚ ਵੇਖਣਾ ਚਾਹੀਦਾ ਹੈ। ਇਹ ਇਕ ਅਜਿਹਾ ਆਦਮ ਪ੍ਰਜੀਵੀ ਹੈ ਜੋ ਅਤੀ ਪ੍ਰਾਚੀਨ ਕਾਲ ਤੋਂ ਮੌਜੂਦ ਹੈ ਤੇ ਪੈਦਾਵਾਰ ਦੀ ਵਿਧੀ 'ਚ ਬਦਲਾਅ ਦੇ ਨਾਲ ਆਪਣਾ ਰੰਗ ਬਦਲਦਾ ਰਹਿੰਦਾ ਹੈ। ਪੂੰਜੀਵਾਦ ਦੇ ਉਭਰਨ ਨਾਲ ਵਟਾਂਦਰੇ ਤੇ ਵੰਡ ਰਾਹੀਂ ਬਤੌਰ ਮੁਦਰਾ ਦੇ ਪੂਰਨ ਰੂਪ 'ਚ ਚੱਲਣ 'ਚ ਆਉਣ ਪਿਛੋਂ ਲੈਣ ਦੇ ਹਰੇਕ ਕੇਸ ਵਿੱਚ ਭ੍ਰਿਸ਼ਟਾਚਾਰ ਉਸ ਦਾ ਅਟੁੱਟ ਅੰਗ ਬਣ ਗਿਆ। ਚਾਹੇ ਤੁਸੀਂ ਸਕੂਲ 'ਚ ਦਾਖਲਾ ਲੈਣਾ ਹੋਵੇ, ਚਾਹੇ ਤੁਹਾਨੂੰ ਨੌਕਰੀ ਚਾਹੀਦੀ ਹੋਵੇ ਹੋ ਸਕਦਾ ਹੈ ਕਿ ਤੁਹਾਨੂੰ ਕ੍ਰਿਕਟ ਮੈਚ ਲਈ ਇਕ ਟਿਕਟ ਚਾਹੀਦੀ ਹੋਵੇ ਜਾਂ ਤੁਸੀਂ ਹਸਪਤਾਲ 'ਚ ਅੱਛਾ ਇਲਾਜ ਲੈਣਾ ਚਾਹੁੰਦੇ ਹੋਵੋ ਜਾਂ ਤੁਸੀਂ ਆਪਣੀ ਸਰਕਾਰੀ ਫਾਇਲ ਨੂੰ ਤੇਜੀ ਨਾਲ ਅੱਗੇ ਭੇਜਣਾ ਚਾਹੁੰਦੇ ਹੋਵੋ ਜਾਂ ਇਕ ਮਕਾਨ ਜਾਂ ਫਲੈਟ ਖਰੀਦਣਾ ਚਾਹੁੰਦੇ ਹੋਵੋ ਜਾਂ ਟੂ-ਜੀ-ਸਪੈਕਟਰਮ ਲਈ ਲਾਇਸੰਸ ਹਾਸਲ ਕਰਨਾ ਚਾਹੁੰਦੇ ਹੋ ਜਾਂ ਤੁਸੀਂ ਕੁੱਝ ਵੱਧ ਦੇਣ ਲਈ ਤਿਆਰ ਹੋ ਤਾਂ ਹਰ ਤਰ੍ਹਾਂ ਤੁਹਾਡੇ 'ਤੇ ਮੇਹਰਬਾਨੀ ਕਰਨ ਵਾਲਾ ਕੋਈ ਨਾ ਕੋਈ ਮੌਜੂਦ ਹੈ ਜਦ ਤਕ ਕਰੰਸੀ ਦੀ ਹੋਂਦ ਰਹੇਗੀ ਅਤੇ ਕਰੰਸੀ ਦਾ ਕਿਸੇ ਹੋਰ ਮਾਲ ਜਾਂ ਸੇਵਾ ਬਦਲੇ ਵਟਾਂਦਰਾ ਕੀਤਾ ਜਾਂਦਾ ਰਹੇਗਾ ਤਦ ਤਕ ਭ੍ਰਿਸ਼ਟਾਚਾਰ ਮੌਜੂਦ ਰਹੇਗਾ। ਇਸ ਲਈ ਇਹ ਸਮਝਣ ਦੀ ਲੋੜ ਹੈ ਕਿ ਵਿਸ਼ਵੀਕਰਨ ਦੇ ਦੌਰ 'ਚ ਭ੍ਰਿਸ਼ਟਾਚਾਰ ਦਾ ਮੁਢੋਂ ਨਾਸ ਸਿਰਫ਼ ਇਕ ਮ੍ਰਿਗ ਤ੍ਰਿਸ਼ਨਾ ਹੈ। ਅੱਜ ਸਰਹੱਦਾਂ ਦੇ ਆਰ ਪਾਰ ਮੁਦਰਾ ਦੇ ਵਹਾਅ ਦੀ ਰਫਤਾਰ ਬਹੁਤ ਤੇਜ ਹੋ ਗਈ ਹੈ। ਇਕ ਪਲ 'ਚ ਇੱਥੇ ਤਾਂ ਦੂਜੇ ਪਲ 'ਚ ਉਥੇ ਇਹ ਫਟਾਫਟ ਉਥੇ ਪਹੁੰਚ ਜਾਂਦੀ ਹੈ ਜਿੱਥੇ ਮੁਨਾਫਾ ਦੇਣ ਵਾਲੀਆਂ ਥਾਵਾਂ ਹਨ। ਵਿਸ਼ੇਸ਼ ਆਰਥਿਕ ਖੇਤਰਾਂ (ਸੇਜਾਂ) ਹੋਣ ਜਾਂ ਅਜਿਹੀਆਂ ਥਾਵਾਂ ਹਨ। ਜੋ ਟੈਕਸ ਦੇ ਮਾਮਲੇ 'ਚ ਸਵਰਗ ਹਨ। ਇਸ ਲਈ ਕਰੰਸੀ (ਮੁਦਰਾ) ਅੱਜ ਕਾਲੀ ਜਾਂ ਸਫੈਦ ਨਹੀਂ ਰਹਿ ਗਈ ਹੈ। ਬਲਕਿ ਇਹ ਹਰੀ ਹੋ ਗਈ ਹੈ।

'ਕਾਲੇ ਧਨ' ਦੀ ਪੈਦਾਵਾਰ ਦਾ ਸਭ ਤੋਂ ਮਹੱਤਵਪੂਰਨ ਕਾਰਨ ਖੁਦ ਸਰਕਾਰ

ਦੀਆਂ ਨੀਤੀਆਂ ਹਨ। ਵਿਸ਼ੇਸ਼ ਆਰਥਿਕ ਖੇਤਰਾਂ ਜਾਂ ਵਿਸ਼ੇਸ਼ ਆਰਥਿਕ ਆਂਚਲਾ ਦੀ ਉਸਾਰੀ ਅਤੇ ਅਜਿਹੇ ਇਲਾਕਿਆਂ 'ਚ ਲਗਣ ਵਾਲੇ ਉਦਯੋਗਾਂ ਨੂੰ ਸਭ ਤਰ੍ਹਾਂ ਦੇ ਟੈਕਸਾਂ 'ਚ ਦਿੱਤੀ ਜਾਣ ਵਾਲੀ ਛੋਟ ਇਕ ਤਰ੍ਹਾਂ ਨਾਲ ਟੈਕਸ ਚੋਰੀ ਦਾ ਖੁਲ੍ਹਾ ਸੱਦਾ ਹੈ ਜਦ ਭਾਰਤ ਵਲੋਂ ਹੋਰ ਛੋਟੇ ਦੇਸ਼ਾਂ ਦੇ ਨਾਲ ਟੈਕਸ ਤੋਂ ਬਚਣ ਲਈ ਸੰਧੀ ਕੀਤੀ ਜਾਂਦੀ ਹੈ ਤਾਂ ਕੇਸ ਹੋਰ ਗੰਭੀਰ ਹੋ ਜਾਂਦਾ ਹੈ। ਇਕ ਛੋਟਾ ਗੁਆਂਢੀ ਟਾਪੂ ਹੈ ਮਾਰਸੀਅਸ। ਭਾਰਤ ਨੇ ਇਸ ਦੇ ਨਾਲ ਦੁਵੱਲੇ ਬਚਾਅ ਸੰਧੀਨਾਮੇ ਨਾਲ ਦੋ ਦਹਾਕੇ ਪਹਿਲਾਂ ਦੇਸ਼ ਪੱਧਰ ਸਮਝੌਤਾ ਕਰ ਰੱਖਿਆ ਹੈ। ਭਾਰਤ ਦੇ ਆਮਦਨ ਟੈਕਸ ਕਾਨੂੰਨ 1961 ਦੀ ਧਾਰਾ 90 ਤੇ 91 ਤਹਿਤ ਉਹਨਾਂ ਟੈਕਸ ਦੇਣ ਵਾਲੀਆਂ ਨੂੰ ਦੋਹਰੇ ਢੰਗ ਨਾਲ ਟੈਕਸ ਰਿਆਇਤ ਦਿੱਤੀ ਗਈ ਹੈ ਜਿਹਨਾਂ ਨੇ ਉਸ ਦੇਸ਼ 'ਚ ਟੈਕਸ ਅਦਾ ਕੀਤਾ ਹੈ ਜਿਹਨਾਂ ਨਾਲ ਭਾਰਤ ਦੇ ਦੋਹਰੇ ਢੰਗ ਨਾਲ ਬਚਾਅ ਸੰਧੀ ਨਹੀ ਹੈ। ਇਸ ਤਰ੍ਹਾਂ ਭਾਰਤ ਦੋਹਾਂ ਤਰ੍ਹਾਂ ਨਾਲ ਟੈਕਸ ਦਾਤਿਆਂ ਨੂੰ ਛੋਟ ਦਿੰਦਾ ਹੈ। ਭਾਰਤ ਤੇ ਮਾਰਸੀਅਸ਼ ਵਿਚਕਾਰ ਸੰਧੀ ਅਨੁਸਾਰ ਕਿਸੇ ਸ਼ੇਅਰ ਹੋਲਡਰ ਸ਼ੇਅਰ ਦੀ ਵਿਕਰੀ ਤੋਂ ਹੋਣ ਵਾਲੇ ਪੂੰਜੀਗਤ ਲਾਭ 'ਤੇ ਟੈਕਸ ਉਸ ਦੇਸ਼ 'ਚ ਦੇਣਾ ਹੁੰਦਾ ਹੈ ਜਿੱਥੇ ਉਹ ਰਹਿੰਦੇ ਹਨ ਨਾ ਕਿ ਉਸ ਦੇਸ਼ ਨੂੰ ਜਿੱਥੋਂ ਦੀ ਕੰਪਨੀ ਦੇ ਸ਼ੇਅਰ ਨੂੰ ਵੇਚਿਆ ਹੈ। ਜੇ ਕੋਈ ਕੰਪਨੀ ਮਰਿਸ਼ਸ ਵਿੱਚ ਰਜਿਸਟਰਡ ਹੈ ਅਤੇ ਉਹ ਕਿਸੇ ਭਾਰਤੀ ਕੰਪਨੀ 'ਚ ਆਪਣੇ ਹਿੱਸੇ ਦਾ ਸ਼ੇਅਰ ਵੇਚ ਰਹੀ ਹੈ ਤਾਂ ਉਹ ਮਾਰਿਸ਼ਸ਼ 'ਚ ਟੈਕਸ ਅਦਾ ਕਰੇਗੀ ਨਾ ਕਿ ਭਾਰਤ ਵਿੱਚ। ਕਿਉਂਕਿ ਮਾਰਸਿਸ਼ 'ਚ ਪੂੰਜੀਗਤ ਲਾਭ 'ਤੇ ਟੈਕਸ ਨਹੀਂ ਲੱਗਦਾ ਹੈ ਇਸ ਲਈ ਸ਼ੇਅਰ ਵੇਚਣ ਵਾਲਾ ਆਪਣੇ ਲਾਭ 'ਤੇ ਕਿਸੇ ਤਰ੍ਹਾਂ ਦਾ ਟੈਕਸ ਦੇਣ ਤੋਂ ਬਚ ਜਾਂਦਾ ਹੈ। ਮਾਰਿਸਸ਼ ਨਾਲ ਸੰਧੀ ਦੇ ਕਾਰਨ ਜਿੰਨਾ ਕਾਲਾ ਧਨ ਪੈਦਾ ਹੁੰਦਾ ਹੈ। ਉਹ ਸਾਰੇ ਸੇਜਾਂ (sez) ਤੋਂ ਵੱਧ ਹੈ। ਵਿਦੇਸ਼ੀ ਕੰਪਨੀਆਂ ਵਲੋਂ ਮਾਰਿਸਸ਼ ਦੀ ਕੰਪਨੀ ਦਾ ਮਖੌਟਾ ਪਹਿਨਣ ਕੇ ਭਾਰਤ 'ਚ ਨਿਵੇਸ਼ ਕੀਤਾ ਜਾਂਦਾ ਹੈ। ਦਵੱਲੇ ਸਬੰਧਾਂ ਵਾਲੀ ਸੰਧੀ ਦਾ ਫਾਇਦਾ ਉਠਾ ਕੇ ਇਹ ਕੰਪਨੀਆਂ ਭਾਰਤ ਤੇ ਮਾਰਿਸਸ਼ ਦੋਨਾ ਦੇਸ਼ਾਂ 'ਚ ਟੈਕਸ ਦੇਣ ਤੋਂ ਬਚ ਜਾਂਦੀਆਂ ਹਨ। ਸੰਯੁਕਤ ਸੰਸਦੀ ਸੰਮਤੀ (ਜੇ ਪੀ ਸੀ) ਵੱਲੋਂ 2001 ਦੇ ਸ਼ੇਅਰ ਘਪਲੇ ਦੀ ਜਾਂਚ ਕੀਤੀ ਗਈ ਸੀ। ਜਿਸ ਦਾ ਸਰਗਨਾ ਸ਼ੇਅਰ ਦਲਾਲ ਕੇਤਨ ਪਾਰਿਖ ਸੀ।

ਇਸ ਜਾਂਚ ਵਿੱਚ ਮਾਰਿਸਸ 'ਚ ਰਜਿਸਟਰਡ ਕੰਪਨੀਆਂ ਵਾਲੇ ਉਪਰੋਕਿਤ ਸੰਧੀ ਦੀ ਵੱਡੀ ਪੱਧਰ 'ਤੇ ਦੁਰਵਰਤੋਂ ਦੀ ਗੱਲ ਉਜਾਗਰ ਹੋਈ ਸੀ। ਅਜਿਹਾ ਲੱਗਦਾ ਹੈ ਕਿ ਦਿੱਲੀ ਹਾਈ 'ਚ ਸਾਲ 2002 'ਚ ਦੋਹਰੇ ਟੈਕਸ ਬਚਾਅ ਸੰਧੀ ਦੀ ਦੁਰਵਰਤੋਂ ਖ਼ਿਲਾਫ ਕੇਸ ਦਾਇਰ ਕੀਤਾ ਗਿਆ ਸੀ। ਹਾਈਕੋਰਟ ਨੇ ਇਸ ਸਬੰਧੀ ਕੇਂਦਰ ਸਰਕਾਰ ਦੇ ਨਿਰਦੇਸ਼ ਨੂੰ ਬੇਅਸਰ ਕਰ ਦਿੱਤਾ ਸੀ ਹਾਈਕੋਰਟ 'ਚ ਇਸ ਫੈਸਲੇ ਖਿਲਾਫ਼ 2002 'ਚ ਸੁਪਰੀਮ ਕੋਰਟ 'ਚ ਇਕ ਅਪੀਲ ਦਾਇਰ ਕੀਤੀ ਗਈ ਸੀ। ਕੌਮਾਂਤਰੀ ਨਿਵੇਸ਼ਕਾਂ ਦੀ ਜਥੇਬੰਦੀ ਵੀ ਜਿਸ ਦੀ ਨੁਮਾਇੰਦਗੀ ਗਲੋਬਲ ਬਿਜਨਸ ਇੰਸਟੀਚੂਟ ਨੇ ਕੀਤੀ ਸੀ ਸਰਕਾਰ ਨਾਲ ਇਸ ਅਪੀਲ 'ਚ ਸ਼ਾਮਲ ਹੋਈ ਸੀ। ਅਰੁਣ ਜੇਤਲੀ ਜੋ ਅੱਗੇ ਚਲਕੇ 2003 'ਚ ਕੇਂਦਰੀ ਕਾਨੂੰਨ ਮੰਤਰੀ ਬਣੇ ਸਨ। ਜੀ. ਬੀ. ਆਈ. ਵਲੋਂ ਵਕੀਲ ਵਜੋਂ ਅਦਾਲਤ 'ਚ ਹਾਜ਼ਰ ਸਨ। ਸੁਪਰੀਮ ਕੋਰਟ ਨੇ ਹਾਈਕੋਰਟ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਸੀ ਅਤੇ ਇਹ ਫੈਸਲਾ ਦਿੱਤਾ ਸੀ ਕਿ ਕਿਸੇ ਹੋਰ ਦੇਸ਼ ਨਾਲ ਸੰਧੀ ਕਰਨਾ

ਰਾਜਸਤਾ ਨੂੰ ਪ੍ਰਭੂਸੱਤਾ ਭਰਪੂਰ ਅਧਿਕਾਰ ਹੈ। ਇਸ ਤਰ੍ਹਾਂ ਇਹ ਸੰਧੀ ਅਜੇ ਤਕ ਜਿੰਦਾ ਹੈ। ਅਰੁਣ ਜੇਤਲੀ ਹੁਣ ਇਸ ਸੰਧੀ ਖਿਲਾਫ਼ ਰਾਜ ਘਾਟ ਦੇ ਧਰਨੇ 'ਚ ਸ਼ਾਮਲ ਹੋ ਕੇ ਪਾਖੰਡ ਕਰ ਰਿਹਾ ਸੀ ਪਰ ਕੀ ਅੰਨਾ ਤੇ ਉਸ ਦੀ ਟੀਮ ਭ੍ਰਿਸ਼ਟਾਚਾਰ ਦੇ ਵਿਧੀ ਵਿਧਾਨਾ ਤੇ ਉਸਦੀ ਅੰਦਰੂਨੀ ਬਣਤਰ ਨੂੰ ਸਮਝਦੀ ਹੈ? ਜੂਨ ਲੋਕਪਾਲ ਬਿਲ ਕਰਨਾਟਕ ਦੇ ਲੋਕਪਾਲ ਕਾਨੂੰਨ ਦੀ ਨਕਲ ਤੋਂ ਵੱਧ ਕੁਝ ਨਹੀਂ ਹੈ। ਇਹ ਬਿੱਲ ਪਰਜੀਵੀ ਹੋਣ ਕਰਕੇ ਸ਼ਾਇਦ ਕੁਝ ਕਰ ਸਕੇਗਾ। ਸਾਨੂੰ ਭ੍ਰਿਸ਼ਟਾਚਾਰ ਖਿਲਾਫ਼ ਨਿਸ਼ਚਤ ਇਕ ਵੱਡੇ ਕਾਨੂੰਨ ਦੀ ਲੋੜ ਹੈ ਪਰ ਜਨ ਲੋਕਪਾਲ ਸਿਰਫ਼ ਇੱਕ ਨਾਟਕ ਹੈ। ਹੋ ਸਕਦਾ ਹੈ ਕਿ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਖਾਮੀਆਂ ਨੂੰ ਪੂਰੀ ਤਰ੍ਹਾਂ ਦਰੁਸਤ ਕਰਕੇ ਇਕ ਵੱਡਾ ਕਾਨੂੰਨ ਬਣ ਸਕਦਾ ਹੈ ਪਰ ਕੀ ਸਰਕਾਰ ਅਜਿਹਾ ਕਰੇਗੀ।

# ਜਨ-ਲੋਕਪਾਲ ਬਿਲ-ਮੁੱਢੋਂ ਹੀ ਨੁਕਸਦਾਰ ਕਿਵੇਂ?

"ਅਜਿਹਾ ਕਿਉਂ ਹੈ ਕਿ ਕੋਈ ਵੀ ਬੰਦਾ ਭ੍ਰਿਸ਼ਟਾਚਾਰ ਕਰਕੇ ਵੀ ਜ਼ੇਲ੍ਹ ਕਿਉਂ ਨਹੀਂ ਜਾਂਦਾ ਹੈ? ਅਜਿਹਾ ਇਸ ਲਈ ਕਿ ਸਾਡੇ ਇੱਥੇ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਤੇ ਭ੍ਰਿਸ਼ਟਾਚਾਰ ਵਿਰੋਧੀ ਏਜੰਸੀਆਂ ਪੂਰੀ ਤਰ੍ਹਾਂ ਸੜ ਚੁੱਕੀਆਂ ਹਨ ਅਤੇ ਇਸ ਲਈ ਭ੍ਰਿਸ਼ਟਾਚਾਰੀਆਂ ਨੂੰ ਸਜਾ ਦਵਾ ਸਕਣਾ ਲਗਭਗ ਅਸੰਭਵ ਹੋ ਗਿਆ ਹੈ। ਜਨ ਲੋਕਪਾਲ ਬਿਲ ਇਸ ਦਾ ਹੱਲ ਹੈ।" ਉਕਤ ਐਲਾਨ ਭ੍ਰਿਸ਼ਟਾਚਾਰ ਦੇ ਵਿਰੁੱਧ ਭਾਰਤ (ਇੰਡੀਆ ਅਗੇਂਸਟ ਕਰੱਪਸ਼ਨ) ਦੀ ਵੈੱਬਸਾਈਟ 'ਚ ਕੀਤੀ ਗਈ ਹੈ। ਭ੍ਰਿਸ਼ਟਾਚਾਰ ਵਿਰੁੱਧ ਭਾਰਤ ਦਾ ਉਕਤ ਐਲਾਨ ਕਿਸੇ ਨਵੀਂ ਵਸਤ ਦੀ ਮਸ਼ਹੂਰੀ ਵਰਗੀ ਵੱਧ ਦਿਸਦੀ ਹੈ, ਬਜਾਏ ਇਸ ਦੇ ਕਿ ਇਹ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਇਕ ਕਾਨੂੰਨ ਬਣਾਉਣ ਹਿੱਤ ਦੇਸ਼-ਵਿਆਪੀ ਮੁਹਿੰਮ ਦੀ ਸ਼ੁਰੂਆਤ ਕਰਨ ਲਈ ਲੋਕਾਂ ਨੂੰ ਕੀਤੀ ਗਈ ਅਪੀਲ ਹੋਵੇ। ਜੇ ਤੁਸੀਂ ਇਸ ਵੈਬਸਾਈਟ ਦੇ ਲਿੰਕ 'ਤੇ ਮਾਊਸ ਕਲਿਕ ਕਰੋਗੇ ਤਾਂ ਇਹ ਤੁਹਾਨੂੰ "ਜਨ ਲੋਕਪਾਲ ਬਿੱਲ" ਦੇ ਰੇਡੀਮੇਡ "2.2" ਲੜੀ ਤਕ ਲੈ ਜਾਵੇਗੀ। ਜਿਸ 'ਚ ਪਿਛਲੇ ਕਰੀਬ ਇਕ ਸਾਲ ਦੌਰਾਨ ਵਾਰ-ਵਾਰ ਤਬਦੀਲੀ ਕੀਤੀ ਗਈ ਹੈ। ਮੂਲ ਮਸੌਦਾ ਬਿੱਲ 'ਚ ਪਹਿਲਾਂ ਹੀ ਅਨੇਕਾਂ ਸੋਧਾਂ ਕੀਤੀਆਂ ਜਾ ਚੁੱਕੀਆਂ ਹਨ। ਇਸ ਦੇ ਬਾਵਜੂਦ 2.2 ਲੜੀ ਵੀ ਬੁਨਿਆਦੀ ਤੌਰ 'ਤੇ ਇਕ ਨੁਕਸਦਾਰ ਕਾਨੂੰਨ ਹੈ ਅੰਨਾ ਨੂੰ ਚਾਹੀਦਾ ਹੈ ਕਿ ਉਹ ਇਸ ਮੁੱਦੇ 'ਤੇ ਤੇਜੀ ਨਾਲ ਵਧਣ ਦੀ ਬਜਾਏ, ਹੌਲੀ ਚੱਲੇ ਤੇ ਵੱਡੀ ਗਿਣਤੀ 'ਚ ਉਹਨਾਂ ਲੋਕਾਂ ਨੂੰ ਇਸ ਅਮਲ 'ਚ ਸ਼ਾਮਲ ਕਰੇ ਜੋ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਆਮ ਤੌਰ 'ਤੇ ਚਿੰਤਤ ਹਨ ਅਤੇ ਉਨੀ ਹੀ ਜਾਣਕਾਰੀ ਰੱਖਦੇ ਹਨ। ਪ੍ਰਧਾਨ ਮੰਤਰੀ ਤੇ ਪੂਰੀ ਨਿਆਂਪਾਲਿਕਾ ਨੂੰ ਲੋਕਪਾਲ ਦੇ ਦਾਇਰੇ 'ਚ ਲਿਆਉਣ ਲਈ ਇਕ ਤੇਜ ਤੂਫਾਨ ਮਚਿਆ ਹੋਇਆ ਹੈ। ਤਰਕ ਇਹ ਹੈ ਕਿ ਇਕ ਭ੍ਰਿਸ਼ਟ ਪ੍ਰਧਾਨ ਮੰਤਰੀ ਤੇ ਇਕ ਭ੍ਰਿਸ਼ਟ ਜੱਜ ਦੇ ਨਾਲ ਹੀ ਉਹੀ ਵਰਤਾਅ ਕੀਤਾ ਜਾਣਾ ਚਾਹੀਦਾ ਹੈ ਜੋ ਕਿਸੇ ਵੀ ਭ੍ਰਿਸ਼ਟ ਬੰਦੇ ਨਾਲ ਕੀਤਾ ਜਾਂਦਾ ਹੈ। ਆਮ ਆਦਮੀ ਅਜਿਹੇ ਸਰਲ ਤਰਕ ਤੋਂ ਕਾਫ਼ੀ ਪ੍ਰੇਰਿਤ ਹੁੰਦਾ ਹੈ ਕਿਉਂਕਿ ਇਹ ਗੱਲ ਉਸ ਨੂੰ ਤੁਰੰਤ ਜਮਹੂਰੀ ਨਜ਼ਰ ਆਉਂਦੀ ਹੈ। ਜੇ ਆਮ ਆਦਮੀ ਨੂੰ ਇਹ ਨਹੀਂ ਦੱਸਿਆ ਜਾਂਦਾ ਕਿ ਅੰਨਾ ਦੇ ਲੋਕਪਾਲ ਬਿੱਲ ਦੇ ਤਹਿਤ ਜਿਸ ਲੋਕਪਾਲ ਦੀ ਨਿਯੁਕਤੀ ਕੀਤੀ ਜਾਵੇਗੀ। ਉਹ ਵੀ ਪ੍ਰਸ਼ਾਸਨਿਕ ਕਾਰਜ ਨੂੰ ਨਿਭਾਉਣ ਵਾਲਾ ਸਿਰਫ਼ ਇਕ ਸੰਵਿਧਾਨਿਕ ਪ੍ਰਾਣੀ ਹੀ ਹੋਵੇਗਾ ਜੋ ਭ੍ਰਿਸ਼ਟਾਚਾਰ ਦੀਆਂ ਸ਼ਕਾਇਤਾਂ ਸੁਣੇਗਾ ਅਤੇ ਇਹ ਤਹਿ ਕਰਨ ਲਈ ਉਸ ਦੀ ਜਾਂਚ ਕਰਵਾਏਗਾ ਕਿ ਕਸੂਰਵਾਰ 'ਤੇ ਮੁਕਦਮਾ ਚਲਾਉਣ ਲਈ ਲੋੜੀਂਦੇ ਤੱਥ ਤੇ ਗਵਾਹ ਮੌਜੂਦ ਹਨ ਕਿ ਨਹੀਂ। ਲੋਕਪਾਲ ਨੂੰ ਕਿਸੇ ਤਰ੍ਹਾਂ ਦਾ ਨਿਆਂਕਰਨ ਦੀ ਸ਼ਕਤੀ ਨਹੀਂ ਹੈ। ਉਹ ਨਾ ਤਾਂ ਕਿਸੇ ਨੂੰ ਦੋਸ਼ੀ ਐਲਾਨ ਕਰ ਸਕਦਾ ਹੈ ਤੇ ਨਾ ਹੀ ਉਸ 'ਤੇ ਮੁਕੱਦਮਾ ਚਲਾ ਸਕਦਾ ਹੈ। ਜਿਸ ਤਰ੍ਹਾਂ ਕਾਨੂੰਨ ਦੀ ਅਦਾਲਤ 'ਚ ਅਪਰਾਧ ਦੰਡ ਕੋਡ ਦੇ ਤਹਿਤ ਦੋਸ਼ ਸੂਚੀ (ਚਾਰਜਸ਼ੀਟ) ਦਾਖਲ ਕਰਨ ਦੇ ਨਾਲ ਕਿਸੇ ਪੁਲਸ ਅਧਿਕਾਰੀ ਦਾ ਕੰਮ ਖ਼ਤਮ ਹੋ ਜਾਂਦਾ ਹੈ ਠੀਕ ਉਸੇ ਤਰ੍ਹਾਂ ਹੀ ਲੋਕਪਾਲ ਦਾ ਕੰਮ ਵੀ ਉਸੇ ਪੜਾਅ 'ਤੇ ਖ਼ਤਮ ਹੋ ਜਾਂਦਾ ਹੈ। ਸਾਰ ਤੱਤ 'ਚ ਲੋਕਪਾਲ ਇਕ ਵੱਡਾ ਪੁਲਸ ਅਧਿਕਾਰੀ (ਸੁਪਰ-ਕਾਫ) ਨਹੀਂ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਤੇ ਸਮੁੱਚੀ

ਨਿਆਂ ਪਾਲਿਕਾ ਨੂੰ ਅਜਿਹੇ ਇਕ ਸੁਪਰ-ਕਾਪ ਦੇ ਅਧੀਨ ਰੱਖਣ ਦੇ ਸਿਟਿਆਂ ਦੀ ਪੜਤਾਲ ਕਰਨ ਤੋਂ ਪਹਿਲਾਂ ਅੰਨਾ ਤੇ ਉਨ੍ਹਾਂ ਦੀ ਟੀਮ ਵੱਲੋਂ ਲੋਕਪਾਲ ਨੂੰ ਜਾਂਚ ਦੌਰਾਨ ਜਿਨ੍ਹਾਂ ਸ਼ਕਤੀਆਂ ਨਾਲ ਨਿਵਾਜਿਆ ਗਿਆ ਹੈ ਉਸ ਦੇ ਨਜ਼ਰ ਮਾਰੀਏ ਪ੍ਰਸਤਾਵਿਤ ਜਨ ਲੋਕਪਾਲ ਬਿੱਲ ਦੀ ਧਾਰਾ 18 ਦੇ ਤਹਿਤ ਅੰਤਰਿਕ ਪੜ੍ਹਾਅ 'ਚ (ਯਾਨੀ ਜਦੋਂ ਜਾਂਚ ਚੱਲ ਰਹੀ ਹੈ) ਕਈ ਸ਼ਕਤੀਆਂ ਦਿੱਤੀਆਂ ਗਈਆਂ ਹਨ ਇਥੇ ਆਪਾਂ ਕੁਝ ਨੂੰ ਉਜਾਗਰ ਕਰਾਂਗੇ। ਧਾਰਾ 18 ਸ਼ਕਾਇਤ ਤੇ ਜਾਂਚ ਨਾਲ ਸੰਬੰਧਿਤ ਵਿਵਸਥਾ (5) "ਜੇ ਕਿਸੇ ਸ਼ਿਕਾਇਤ ਦੀ ਜਾਂਚ ਜਾਂ ਇਨਕੁਆਰੀ ਦੇ ਦਰਮਿਆਨ ਲੋਕਪਾਲ ਇਹ ਮਹਿਸੂਸ ਕਰਦਾ ਹੈ ਕਿ ਕਿਸੇ ਪਬਲਿਕ ਸਰਵੈਂਟ ਦੇ ਉਸ ਦੇ ਅਹੁਦੇ 'ਤੇ ਬਣੇ ਰਹਿਣ ਨਾਲ ਜਾਂਚ ਜਾਂ ਇਨਕੁਆਰੀ ਤੇ ਉਲਟਾ ਅਸਰ ਪੈ ਸਕਦਾ ਹੈ ਜਾਂ ਇਹ ਕਿ ਉਕਤ ਪਬਲਿਕ ਸਰਵੈਂਟ ਵੱਲੋਂ ਸਬੂਤਾਂ ਨੂੰ ਨਸ਼ਟ ਕੀਤਾ ਜਾ ਸਕਦਾ ਹੈ ਜਾਂ ਉਸ ਵੱਲੋਂ ਉਨ੍ਹਾਂ ਨਾਲ ਛੇੜਛਾੜ ਕੀਤੀ ਜਾ ਸਕਦੀ ਹੈ ਜਾਂ ਗਵਾਹਾਂ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਜੇ ਇਹ ਬੰਦਾ ਸਰਕਾਰੀ ਕਰਮਚਾਰੀ ਹੈ ਤਾਂ ਲੋਕਪਾਲ ਉਸ ਪਬਲਿਕ ਸਰਵੈਂਟ ਨੂੰ ਉਸ ਦੇ ਅਹੁਦੇ ਤੋਂ ਤਬਦੀਲ ਕਰਨ ਜਾਂ ਉਸ ਨੂੰ ਸਸਪੈਂਡ ਕਰਨ (ਨਿਲੰਬਿਤ) ਦੀ ਸਿਫ਼ਾਰਸ ਸਮੇਤ ਉਚਿਤ ਸਿਫਾਰਸਾਂ ਦੇ ਸਕਦਾ ਹੈ। ਇਸ ਉਪਧਾਰਾ ਦੇ ਤਹਿਤ ਲੋਕਪਾਲ ਵੱਲੋਂ ਕੀਤੀਆਂ ਸਿਫ਼ਾਰਸ਼ਾਂ ਦਾ ਅਜਿਹਾ ਹੁਕਮ ਹਾਸਲ ਹੋਣ ਦੇ 15 ਦਿਨਾਂ ਅੰਦਰ ਸਰਕਾਰੀ ਅਧਿਕਾਰੀ (ਪਬਲਿਕ ਅਥਾਰਟੀ ਜਾਂ ਤਾਂ ਪਾਲਣ ਕਰੇਗਾ ਜਾਂ ਉਸ ਨੂੰ ਖਾਰਜ ਕਰ ਦੇਵੇਗਾ। ਲੋਕਪਾਲ ਜੇ ਉਸ ਨੂੰ ਮਹੱਤਵਪੂਰਨ ਸਮਝਦਾ ਹੈ ਤਾਂ ਸਰਕਾਰੀ ਅਧਿਕਾਰੀ ਨੂੰ ਉਚਿਤ ਨਿਰਦੇਸ਼ ਦੇਣ ਲਈ ਹਾਈ ਹੋਰਟ ਜਾ ਸਕਦਾ ਹੈ।)

(6) ਜਿਨ੍ਹਾਂ ਮਸਲਿਆਂ ਨੂੰ ਕਿਸੇ ਸ਼ਿਕਾਇਤ ਦੀ ਜਾਂਚ ਪਿੱਛੋਂ ਲੋਕਪਾਲ ਸੰਤੁਸ਼ਟ ਹੈ ਕਿ ਮੰਤਰੀਆਂ, ਸੰਸਦ ਮੈਂਬਰਾਂ ਤੇ ਜੱਜਾਂ ਤੋਂ ਇਲਾਵਾ ਹੋਰ ਪਬਲਿਕ ਸਰਵੈਂਟਾਂ ਖਿਲਾਫ਼ ਦੋਸ਼ ਲਾਉਂਦੇ ਹੋਏ ਕੀਤੀ ਗਈ ਸ਼ਿਕਾਇਤ ਦੀ ਪੁਸ਼ਟੀ ਹੋ ਗਈ ਹੈ ਅਤੇ ਇਹ ਕਿ ਸੰਬੰਧਿਤ ਪਬਲਿਕ ਸਰਵੈਂਟ ਕੋਈ ਮੰਤਰੀ ਹੈ ਤਾਂ ਲੋਕਪਾਲ ਅਜਿਹੀ ਸਿਫਾਰਸ਼ ਰਾਸ਼ਟਰਪਤੀ ਨੂੰ ਕਰੇਗਾ ਜਾਂ ਇਸ ਦੀ ਪ੍ਰਾਪਤੀ ਦੇ ਇੱਕ ਮਹੀਨੇ ਅੰਦਰ ਅਜਿਹੀ ਸਿਫਾਰਸ਼ ਨੂੰ ਜਾਂ ਤਾਂ ਮੰਨਣ ਜਾਂ ਖਾਰਜ ਕਰ ਦੇਣ ਬਾਰੇ ਫੈਸਲਾ ਦੇਵੇਗਾ। ਬਸ਼ਰਤੇ ਇਸ ਧਾਰਾ ਦੀ ਵਿਵਸਥਾ ਪ੍ਰਧਾਨ ਮੰਤਰੀ ਤੇ ਲਾਗੂ ਨਹੀਂ ਹੋਵੇਗੀ।" ਧਾਰਾ 18 (5) ਤਹਿਤ ਜੇ ਲੋਕਪਾਲ ਨੂੰ ਇਹ "ਮਹਿਸੂਸ" ਹੁੰਦਾ ਹੈ ਕਿ ਜਾਂਚ ਦੇ ਦੌਰਾਨ ਸੁਪਰੀਮ ਕੋਰਟ ਦੇ ਚੀਫ ਜਸਟਿਸ ਜਾਂ ਕਿਸੇ ਜੱਜ ਜਾਂ ਪ੍ਰਧਾਨ ਮੰਤਰੀ ਜਾਂ ਕਿਸੇ ਕੇਂਦਰੀ ਮੰਤਰੀ ਜਾਂ ਚਾਹੇ ਉਹ ਜੋ ਕੋਈ ਵੀ ਹੋਵੇ, ਉਸ ਨੂੰ ਅਹੁਦੇ 'ਤੇ ਬਣੇ ਰਹਿਣ ਨਾਲ ਜਾਂਚ ਦੇ ਅਮਲ 'ਤੇ ਬੁਰਾ ਅਸਰ ਪੈ ਸਕਦਾ ਹੈ ਤਾਂ ਲੋਕਪਾਲ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਸਮੁਚਿਤ ਸਿਫਾਰਸ਼ਾਂ ਕਰ ਸਕਦਾ ਹੈ। ਜਿਸ 'ਚ ਉਸਨੂੰ ਆਪਣੇ ਅਹੁਦੇ ਤੋਂ ਤਬਦੀਲ ਜਾਂ ਹਟਾਉਣ ਦੀ ਸਿਫ਼ਾਰਸ਼ ਵੀ ਸ਼ਾਮਲ ਹੋ ਸਕਦਾ ਹੈ। ਮੰਨ ਲਓ ਇਹ ਕਾਫੀ ਨਹੀਂ ਸੀ ਇਸ ਲਈ ਇਸ ਦੀ ਧਾਰਾ 18 (7) ਦੇ ਤਹਿਤ ਜਾਂਚ ਪੂਰੀ ਹੋ ਜਾਣ 'ਤੇ ਲੋਕਪਾਲ ਵੱਲੋਂ ਪ੍ਰਧਾਨ ਮੰਤਰੀ ਤੋਂ ਇਲਾਵਾ ਅਜਿਹੇ ਕਿਸੇ ਵੀ ਵਿਅਕਤੀ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਦੀ ਸਿਫਾਰਸ਼ ਵੀ ਕੀਤੀ ਜਾ ਸਕਦੀ ਹੈ।

ਇਸ ਤਰ੍ਹਾਂ ਜਨ-ਲੋਕਪਾਲ ਬਿੱਲ ਦੀ ਧਾਰਾ 18 ਨੂੰ ਪੜ੍ਹ ਕੇ ਲੱਗਦਾ ਹੈ

ਕਿ ਅਦਾਲਤ ਵੱਲੋਂ ਕਿਸੇ ਜੱਜ ਜਾਂ ਕਿਸੇ ਮੰਤਰੀ ਜਾਂ ਇਥੋਂ ਤੱਕ ਕਿ ਪ੍ਰਧਾਨ ਮੰਤਰੀ ਨੂੰ ਕਿਸੇ ਭ੍ਰਿਸ਼ਟ ਆਚਰਣ ਲਈ ਦੋਸ਼ੀ ਠਹਿਰਾਏ ਜਾਣ ਤੋਂ ਪਹਿਲਾਂ ਹੀ ਲੋਕਪਾਲ, ਜੋ ਸਿਰਫ਼ ਇੱਕ ਸੰਵਿਧਾਨਕ ਪ੍ਰਸਾਸਿਕ ਹੈ, ਜੇ ਉਹ ਅਜਿਹਾ "ਮਹਿਸੂਸ" ਕਰਦਾ ਹੈ ਤਾਂ ਅਜਿਹੇ ਸਾਰੇ ਸੰਵਿਧਾਨਿਕ ਅਹੁਦੇਦਾਰਾਂ ਨੂੰ, ਜਾਂਚ ਦੌਰਾਨ (ਅੰਤਰਿਮ ਪੜਾਅ) ਹੀ ਤਬਦੀਲ ਕਰ ਸਕਦਾ ਹੈ, ਸਸਪੈਂਡ ਕਰ ਸਕਦਾ ਹੈ ਜਾਂ ਉਨ੍ਹਾਂ ਨੂੰ ਹਟਾ ਸਕਦਾ ਹੈ ਤਾਂ ਫਿਰ ਰੱਬ ਹੀ ਸੰਵਿਧਾਨ ਨੂੰ ਬਚਾਵੇ। ਸੰਵਿਧਾਨ ਦੇ ਘਾੜਿਆਂ ਨੇ ਇਸ ਕਈ ਸਿਧਾਂਤ ਦੀ ਪਿਉਂਦ ਲਾਈ ਹੈ ਜਿਸ ਨੂੰ ਅੱਜ ਸੰਵਿਧਾਨ ਦੇ ਬੁਨਿਆਦੀ ਢਾਂਚੇ ਵਜੋਂ ਮਾਨਤਾ ਮਿਲੀ ਹੋਈ ਹੈ। ਨਿਆਂਪਾਲਿਕਾ ਤੇ ਕਾਰਜਪਾਲਿਕਾ ਵਿਚਕਾਰ ਅਲਗਾਅ ਅਜਿਹਾ ਹੀ ਇੱਕ ਸਿਧਾਂਤ ਹੈ। ਜੋ ਸ਼ਾਇਦ ਕਿਸੇ ਲੋਕਰਾਜੀ ਰਾਜ ਦੀ ਨੀਂਹ ਹੈ। ਨਿਆਂਪਾਲਿਕਾ ਨੂੰ ਲੋਕਪਾਲ ਵਰਗੇ ਸੰਵਿਧਾਨਿਕ ਪ੍ਰਸ਼ਾਸਕ ਅਧੀਨ ਲਿਆ ਕੇ ਇਸ ਮੂਲ ਰੂਪ ਸੰਵਿਧਾਨਿਕ ਸਿਧਾਂਤ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਗਿਆ ਹੈ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਖੁਦ ਲੋਕਪਾਲ ਦੀ ਧਾਰਨਾ 'ਤੇ ਸੁਆਲ ਉਠਾਇਆ ਜਾਵੇ। ਅੰਨਾ ਵਲੋਂ ਕੀਤੇ ਗਏ ਦਾਅਵਿਆਂ ਦੇ ਉਲਟ ਇਹ ਗੱਲ ਮੰਨ ਲਈ ਗਈ ਹੈ ਕਿ ਲੋਕਪਾਲ ਨੂੰ ਭ੍ਰਿਸ਼ਟ ਕਿਰਦਾਰ ਲਈ ਕਿਸੇ ਬੰਦੇ ਨੂੰ ਦੋਸ਼ ਕਰਾਰ ਦਿੱਤੇ ਜਾਣ ਜਾਂ ਉਸ ਨੂੰ ਸਜਾ ਦੇਣ ਜਾਂ ਉਸ ਨੂੰ ਜੇਹਲ ਭੇਜਣ ਦਾ ਅਧਿਕਾਰ ਨਹੀਂ ਹੋਵੇਗਾ। ਜਨ ਲੋਕਪਾਲ ਬਿੱਲ ਦੇ ਪਾਸ ਹੋ ਜਾਣ ਪਿਛੋਂ ਵੀ ਦੋਸ਼ੀ 'ਤੇ ਮੁਕਦਮਾ ਚਲਾਉਣ ਤੇ ਸਜਾ ਦੇਣ ਦਾ ਅਧਿਕਾਰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਤਹਿਤ ਗਠਿਤ ਵਿਸ਼ੇਸ਼ ਅਦਾਲਤ ਨੂੰ ਹੀ ਹੋਵੇਗਾ। ਜੇ ਅੰਨਾ ਦੀ ਟੀਮ ਨੇ ਦੋਸ਼ੀਆਂ 'ਤੇ ਮੁਕਦਮਾ ਚਲਾਉਣ ਤੇ ਸਜਾ ਦੇਣ ਲਈ ਇਸ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਨੂੰ ਕਿਸ ਤਰ੍ਹਾਂ ਪ੍ਰਭਾਵਸ਼ਾਲੀ ਬਣਾਇਆ ਜਾਵੇ, ਇਸ ਬਾਰੇ ਇਕ ਵੀ ਸੁਝਾਅ ਨਹੀਂ ਦਿੱਤਾ ਗਿਆ ਹੈ। ਅੰਨਾ  ਤੇ ਉਸ ਦੀ ਟੀਮ ਨੇ ਆਪਣੇ ਉਕਤ ਵੈਬਸਾਈਟ 'ਚ ਇਹ ਐਲਾਨ ਕਰ ਦਿੱਤਾ ਹੈ ਕਿ ਭ੍ਰਿਸ਼ਟਾਚਾਰ ਰੋਕੂ ਕਾਨੂੰਨ 'ਸੜ' ਚੁਕਿਆ ਹੈ ਅਤੇ "ਭ੍ਰਿਸ਼ਟਾਚਾਰੀ ਨੂੰ ਸਜਾ ਦੇ ਸਕਣਾ ਲਗਭਗ "ਅਸੰਭਵ" ਹੋ ਗਿਆ ਹੈ ਤਾਂ ਲੋਕਪਾਲ ਦੀ ਭੂਮਿਕਾ ਕੀ ਹੋਵੇਗੀ ਜੋ ਇਸ ਨੂੰ ਜੇਤੂ ਬਣਾ ਦੇਵੇਗੀ? ਪੂਰੇ ਬਿਲ 'ਤੇ ਇਕ ਸਰਸਰੀ ਨਜ਼ਰ ਮਾਰਨ ਨਾਲ ਹੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਜਾਂਚ 'ਤੇ ਨਿਗਰਾਨੀ ਰੱਖਣ (ਮਾਨੀਟਰ ਕਰਨ) ਤੋਂ ਵੱਧ ਕੁਝ ਨਹੀਂ ਹੋਵੇਗਾ। ਭ੍ਰਿਸ਼ਟਾਚਾਰ ਦੇ ਕੇਸਾਂ ਦੀ ਵਿਸ਼ਾਲ ਗਿਣਤੀ ਨੂੰ ਵੇਖਦਿਆਂ ਅਜਿਹਾ ਕਰ ਸਕਣਾ ਹੀ ਅਸੰਭਵ ਹੋ ਜਾਵੇਗਾ। ਹਕੀਕਤ 'ਚ ਹੋਵੇਗਾ ਇਹ ਕਿ ਨਾਗਰਿਕਾਂ ਲਈ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਤਹਿਤ ਵਿਸ਼ੇਸ਼ ਅਦਾਲਤ ਤਕ ਜਾਣ ਦਾ ਰਾਹ 'ਚ ਲੋਕਪਾਲ ਇਕ ਵਾਧੂ ਅੜਿਕਾ ਬਣ ਜਾਵੇਗਾ। ਲੋਕਪਾਲ ਵਿਸ਼ੇਸ਼ ਅਦਾਲਤ 'ਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਚਲਾਉਣ ਲਈ ਮੰਜੂਰੀ ਦੇਣ ਵਾਲਾ ਲਾਜਮੀ ਹੀ ਦੂਜਾ ਅਧਿਕਾਰੀ ਬਣ ਜਾਵੇਗਾ। ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 19 ਵਿੱਚ ਮਾਮਲਾ ਚਲਾਉਣ ਲਈ ਮੰਜੂਰੀ ਦੇਣ ਵਾਲੇ ਅਧਿਕਾਰੀ ਦੀ ਵਿਵਸਥਾ ਹੈ ਜਿਸ ਦੀ ਇਜਾਜ਼ਤ ਬਗੈਰ ਕੋਈ ਸ਼ਹਿਰੀ ਸਿਧਾ ਵਿਸ਼ੇਸ਼ ਅਦਾਲਤ ਤਕ ਨਹੀਂ ਜਾ ਸਕਦਾ ਹੈ। ਇਹ ਧਾਰਾ ਹੁਣ ਵੀ ਬਣੀ ਰਹੇਗੀ। ਭ੍ਰਿਸ਼ਟਾਚਾਰ ਰੋਕਣ ਦੀ ਬਜਾਏ ਇਸ ਬਿੱਲ ਤਹਿਤ ਹੁਣ ਇਕ ਬਦਲਵੀਂ ਵਿਵਸਥਾ ਇਹ ਹੋ ਜਾਵੇਗੀ ਕਿ ਵਿਸ਼ੇਸ਼ ਅਦਾਲਤਾਂ ਤਕ ਜਾਣ ਲਈ ਨਾਗਰਿਕਾਂ ਨੂੰ ਲੋਕਪਾਲ ਦੀ ਇਜਾਜ਼ਤ

ਲੈਣੀ ਹੋਵੇਗੀ। ਕੀ ਅਸੀਂ ਲੋਕਪਾਲ ਵਜੋਂ ਇਸ ਵਾਧੂ ਅੜਿਕੇ ਦੀ ਲੋੜ ਹੈ। ਜਾਂ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 19 ਨੂੰ ਖ਼ਤਮ ਕਰਨ ਦੀ ਲੋੜ ਹੈ ਤਾਂ ਕਿ ਭ੍ਰਿਸ਼ਟਾਚਾਰ ਨਾਲ ਲੜਨ ਲਈ ਸਿੱਧੇ 'ਲੋਕ' ਨੂੰ  ਸ਼ਕਾਇਤ ਕੀਤੀ ਜਾ ਸਕੇ।

## ਦੇਸ਼ ਘਪਲਿਆਂ ਤੋਂ ਮਹਾਂ ਘਪਲਿਆਂ ਵੱਲ ਨੂੰ ?

# ਕੀ ਭ੍ਰਿਸ਼ਟਾਚਾਰ ਨੇ ਕੈਂਸਰ ਰੂਪ ਧਾਰਨ ਕਰ ਲਿਆ ਹੈ?

1947 ਸੱਤਾ ਬਦਲੀ ਤੋਂ ਫੌਰੀ ਪਿੱਛੋਂ ਤੋਂ ਇਸ ਦੇਸ਼ 'ਚ ਘਪਲੇ ਹੀ ਘਪਲੇ ਹੋਣ ਲੱਗੇ ਹਨ। ਪਹਿਲਾਂ ਛੋਟੇ ਘਪਲੇ ਹੋਏ, ਫਿਰ ਦਰਮਿਆਨੇ ਘਪਲੇ ਹੋਏ। ਇਨ੍ਹਾਂ ਦੋਹਾਂ ਨੂੰ ਹੀ ਜਦ ਸਾਡੇ ਹੁਕਮਰਾਨਾ ਨੇ ਨਜ਼ਰਅੰਦਾਜ਼ ਕਰਨਾ ਜਾਰੀ ਰੱਖਿਆ ਤਾਂ ਵੱਡੇ ਵੱਡੇ ਘਪਲੇ ਹੋਣ ਲੱਗੇ। ਜਦ ਘਪਲੇਬਾਜਾਂ ਨੂੰ ਸਬਕ ਸਿਖਾਉਣ ਵਾਲੀ ਸਜਾ ਨਹੀਂ ਮਿਲੀ ਤਾਂ ਹੁਣ 2-ਜੀ ਸਪੈਕਟ੍ਰਮ, ਆਦਰਸ਼ ਸੁਸਾਇਟੀ ਤੇ ਇਸਰੋ ਵਰਗੇ ਮਹਾਂ ਘਪਲੇ ਹੋਣ ਲੱਗੇ ਹਨ। ਜਦ ਪਾਣੀ ਸਿਰ ਤੋਂ ਉਪਰ ਲੰਘਣ ਲੱਗਿਆ ਤਾਂ ਨਾਗਰਿਕ ਸਮਾਜ ਨੇ ਪਹਿਲ ਕੀਤੀ ਤੇ ਅੰਨਾ ਹਜ਼ਾਰੇ ਦੇ ਵਰਤ 'ਤੇ ਬੈਠਣ ਦਾ ਨਾਟਕ ਸ਼ੁਰੂ ਹੋਇਆ। ਅੰਨੇ ਵਰਗਿਆਂ ਦੀ ਪਹਿਲ ਦੇ ਬਾਵਜੂਦ ਇਹ ਘਪਲੇ ਨਹੀਂ ਰੁੱਕੇ ਤਾਂ ਇਹ ਦੇਸ਼ ਦੇ ਜਮਹੂਰੀ ਕਹੇ ਜਾਂਦੇ ਲੋਕਰਾਜ ਨੂੰ ਨਾ ਪੂਰਾ ਹੋ ਸਕਣ ਵਾਲਾ ਘਾਟਾ ਪਾਉਣਗੇ। ਅੰਨੇ ਦੇ ਵਰਤ ਪਿੱਛੋਂ ਦੇਸ਼ ਦੇ ਭਾਰੂ ਵਰਗ ਨੇ ਕੋਈ ਉਮੀਦ ਪੈਦਾ ਨਹੀਂ ਕੀਤੀ। ਇਥੇ ਤਾਂ ਉਸ ਭਾਰੂ (ਪ੍ਰਭੂ) ਵਰਗ ਨੂੰ ਘਪਲਿਆਂ ਨੇ ਮਾਲਾਮਾਲ ਕੀਤਾ ਹੈ। 1947 ਤੋਂ ਫੌਰਨ ਪਿੱਛੋਂ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਕਾਲਾ ਬਜ਼ਾਰੀਆਂ ਨੂੰ ਨੇੜਿਉਂ ਦੇ ਖੰਬੇ ਤੋਂ ਲਟਕਾ ਦੇਣਾ ਚਾਹੀਦਾ ਹੈ। ਪਰ ਕਾਲਾ ਬਾਜ਼ਾਰੀ ਕੌਣ ਕਹੇ। ਚਰਚਿਤ ਜੀਪ ਸੈਂਕਡਲ 'ਚ ਜਿਸ ਵੀਕੇ ਕ੍ਰਿਸ਼ਨਾ ਮੈਨਿਨ ਦਾ ਨਾਂ ਆਇਆ ਉਸਨੂੰ ਕੁਝ ਹੀ ਸਾਲ ਪਿਛੋਂ ਇਨਾਮ ਵਜੋਂ ਰੱਖਿਆ ਮੰਤਰੀ ਬਣਾ ਦਿੱਤਾ ਗਿਆ। ਦੂਜਾ ਪਾਸੇ ਬਿਹਾਰ 'ਚ 1947 ਤੋਂ ਤੁਰੰਤ ਪਿੱਛੋਂ ਬਣੀ ਸੂਬਾ ਸਰਕਾਰ ਦੇ ਇਕ ਮੰਤਰੀ ਨੂੰ ਮਹਾਤਮਾ ਗਾਂਧੀ ਨੇ ਹਟਾਉਣ ਦੀ ਸਲਾਹ ਦਿੱਤੀ ਪਰ ਉਦੋਂ ਦੇ ਮੁਖ ਮੰਤਰੀ ਨੇ ਸਾਫ਼ ਜੁਆਬ ਦੇ ਦਿੱਤਾ ਕਿ ਉਸ ਮੰਤਰੀ ਨੂੰ ਹਟਾਉਣ ਤੋਂ ਪਹਿਲਾਂ ਮੈਂ ਖੁਦ ਮੁਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿਆਂਗਾ। ਪਿਛੋਂ ਇਸ ਮੰਤਰੀ ਨੂੰ ਕਾਂਗਰਸ ਨੇ ਬਿਹਾਰ ਦਾ ਮੁਖ ਮੰਤਰੀ ਬਣਾ ਦਿੱਤਾ। ਉਸ ਮੁਖ ਮੰਤਰੀ ਦੀ ਹਕੂਮਤ ਉਸ ਵੇਲੇ ਤਕ ਦੀ ਸਭ ਤੋਂ ਭ੍ਰਿਸ਼ਟ ਹਕੂਮਤ ਸੀ। ਇਹ ਤਾਂ ਸ਼ੁਰੂਆਤੀ ਗੱਲਾਂ ਹਨ। ਭ੍ਰਿਸ਼ਟਾਚਾਰੀਆਂ ਦਾ ਮਨੋਬਲ ਦਿਨੋ ਦਿਨ ਵਧਦਾ ਹੀ ਗਿਆ। ਜਾਤੀ ਅਤੇ ਪੈਸੇ ਦੇ ਅਧਾਰ 'ਤੇ ਭ੍ਰਿਸ਼ਟ ਲੋਕ ਵੀ ਚੋਣਾਂ ਜਿੱਤਦੇ ਗਏ। ਹਕੂਮਤ 'ਚ ਭ੍ਰਿਸ਼ਟਾਚਾਰ ਵਧਦਾ ਗਿਆ। ਕਈ ਲੋਕ ਕਹਿ ਰਹੇ ਹਨ ਕਿ ਇਹ ਰੋਗ ਲਾਇਲਾਜ ਹੈ। ਇਹ ਬੀਮਾਰੀ ਲਾਇਲਾਜ ਬਣੀ ਕਿਵੇਂ? ਇਕ ਵਾਰੀ ਕਿਸ ਨੇ 'ਆਜ਼ਾਦੀ' ਤੋਂ ਫੌਰਨ ਪਿੱਛੋਂ ਜਵਾਹਰ ਲਾਲ ਨਹਿਰੂ ਨੂੰ ਰਾਇ ਦਿੱਤੀ ਸੀ ਕਿ ਉਚ ਪੱਧਰੀ ਭ੍ਰਿਸ਼ਟਾਚਾਰ ਦੇ ਮਾਮਲਿਆਂ ਨੂੰ ਵੇਖਣ ਲਈ ਕੋਈ ਛਤਰੀ ਸੰਗਠਨ ਬਣਾਇਆ ਜਾਵੇ। ਕਿਉਂਕਿ ਸ਼ਕਾਇਤਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਇਸ 'ਤੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਨਾਲ ਮੰਤਰੀ ਤੇ ਅਫਸਰਾਂ ਦਾ ਮਨੋਬਲ ਡਿੱਗ ਪਵੇਗਾ। ਇਹ ਘਟਨਾਕ੍ਰਮ ਐਮ. ਓ. ਮਥਾਈ ਨੇ ਆਪਣੀ ਪੁਸਤਕ 'ਚ ਲਿਖਿਆ ਹੈ। ਮਥਾਈ 13 ਸਾਲ ਤਕ ਨਹਿਰੂ ਦੇ ਨਿੱਜੀ ਸਕੱਤਰ ਸਨ। ਸੰਨ 1956 ਦੀ ਗੱਲ ਹੈ। ਇਕ ਖਾਨ ਮਲਿਕ ਸਿਰਜ਼ਾਦੀਨ ਦੇ ਬੰਗਾਲ ਤੇ ਉੜੀਸਾ ਸਥਿਤ ਦਫਤਰਾਂ 'ਚ ਛਾਪੇ ਮਾਰੇ ਗਏ। ਉਹਨਾਂ 'ਚ ਕੁਝ ਨੇਤਾਵਾਂ ਦੇ ਭ੍ਰਿਸ਼ਟਾਚਾਰ ਦੇ ਸਬੂਤ ਮਿਲੇ। ਕਈ ਸਾਲ ਪਿੱਛੋਂ ਮਾਮਲਾ ਉਠਿਆ ਸੰਨ 1903 'ਚ ਤਤਕਲੀਨ ਕੇਂਦਰੀ ਖਾਨ ਮੰਤਰੀ ਕੇ ਡੀ.

ਮਾਲਵੀਆ ਨੇ ਇਹ ਮੰਨਿਆ ਕਿ ਉਹਨਾਂ ਨੇ ਸਿਰਾਜੁਦੀਨ ਤੋਂ 10 ਹਜ਼ਾਰ ਰੁਪਏ ਲਏ ਸਨ। ਜਾਂਚ ਦੀ ਮੰਗ ਕੇਂਦਰ ਸਰਕਾਰ ਨੇ ਪੂਰੀ ਨਹੀਂ ਕੀਤੀ। ਉਲਟਾ ਸਰਕਾਰ ਨੇ ਸਿਰਾਜੁਦੀਨ ਨੂੰ ਚੈਕੋ ਸਲਵਾਕੀਆ ਤੋਂ ਮਸ਼ੀਨਾਂ ਮੰਗਵਾਉਣ ਦਾ ਲਾਇਸੰਸ ਦੇ ਦਿੱਤਾ। ਭਾਰੀ ਦਬਾਅ ਪਿੱਛੋਂ ਜਾਂਚ ਕਮਿਸ਼ਨ ਬਣਿਆ ਤਾਂ ਰਿਪੋਟ ਆਉਣ ਤੋਂ ਪਹਿਲਾਂ ਹੀ ਮਾਲਵੀਆ ਤੋਂ ਅਸਤੀਫਾ ਲੈ ਲਿਆ ਗਿਆ। ਹਾਲਾਂਕਿ ਉਸ ਵੇਲੇ ਦੇ ਪ੍ਰਧਾਨ ਮੰਤਰੀ ਨੇ ਸੰਸਦ 'ਚ ਕਹਿ ਦਿੱਤਾ ਸੀ ਕਿ ਮਾਲਵੀਆ ਨਿਰਦੋਸ਼ ਹਨ। ਬਿਹਾਰ 'ਚ ਸੰਨ 1967 ਦੀ ਗੈਰ ਕਾਂਗਰਸੀ ਸਰਕਾਰ ਨੇ ਆਇਅਰ ਕਮਿਸ਼ਨ ਬਣਾਇਆ। ਇਸ ਕਮਿਸ਼ਨ ਨੇ ਕਾਂਗਰਸ ਦੇ ਛੇ ਸਾਬਕਾ ਮੰਤਰੀਆਂ ਨੂੰ (ਜਿਨ੍ਹਾਂ 'ਚ ਇੱਕ ਸਾਬਕਾ ਮੁਖ ਮੰਤਰੀ ਵੀ ਸੀ) ਭ੍ਰਿਸ਼ਟਾਚਾਰ ਦਾ ਦੋਸ਼ੀ ਠਹਿਰਾਇਆ ਪਰ ਕੁਝ ਹੀ ਸਾਲ ਪਿੱਛੋਂ ਜਦ ਇਕ ਮਿਲੀ ਜੁਲੀ ਸਰਕਾਰ ਬਣੀ ਤਾਂ ਆਇਅਰ ਕਮਿਸ਼ਨ ਬਣਾਉਣ ਵਾਲੇ ਨੇਤਾਵਾਂ ਨੇ ਦੋਸ਼ੀ ਪਾਏ ਗਏ ਨੇਤਾਵਾਂ ਨਾਲ ਹੀ ਹੱਥ ਮਿਲਾ ਲਿਆ। ਅਜਿਹੀ ਰਾਜਸੀ ਮੌਕਾਪ੍ਰਸਤੀ ਕਾਰਨ ਕਿਉਂ ਨਾ ਵਧਦਾ ਭ੍ਰਿਸ਼ਟਾਚਾਰ? ਵਧਿਆ ਵੀ ਤੇ ਖ਼ੂਬ ਵਧਿਆ। ਬਾਅਦ ਦੇ ਸਾਲਾਂ 'ਚ ਕੇਂਦਰ ਤੇ ਰਾਜ ਦੀਆਂ ਸਰਕਾਰਾਂ 'ਚ ਸਮਾਜਿਕ ਨਿਆ ਦੇ ਸਮਰੱਥਾ ਦੀ ਤੂਤੀ ਬੋਲਣ ਲੱਗੀ ਤਾਂ ਉਹਨਾਂ 'ਚੋਂ ਕਈ ਪ੍ਰਮੁਖ ਨੇਤਾਵਾਂ ਨੇ ਭ੍ਰਿਸ਼ਟਾਚਾਰ ਦੇ ਨਵੇਂ ਰਿਕਾਰਡ ਕਾਇਮ ਕਰਨੇ ਸ਼ੁਰੂ ਕਰ ਦਿੱਤੇ। ਝਮੂਮੋ ਸੰਸਦ ਰਿਸ਼ਵਤ ਕਾਂਡ 'ਤੇ ਜਦ ਸੰਸਦ ਵਿੱਚ ਬਹਿਸ ਚਲ ਰਹੀ ਸੀ ਤਾਂ ਝਮੂਮੋ ਦੇ ਇਕ ਐਮ. ਪੀ. ਨੇ ਤਰਕ ਦਿੱਤਾ ਕਿ ਪਹਿਲਾਂ ਵੀ ਤਾਂ ਸਵਰਨ ਜਾਤੀਆਂ ਦੇ ਨੇਤਾਵਾਂ 'ਤੇ ਅਜਿਹੇ ਦੋਸ਼ ਲਗਦੇ ਰਹੇ ਹਨ ਤਾਂ ਤੁਸੀਂ ਲੋਕ ਫਿਰ ਵੱਧ ਹੀ ਸ਼ੋਰ ਮਚਾ ਰਹੇ ਹੋ। ਉਹਨਾਂ ਖਿਲਾਫ਼ ਤੁਸੀਂ ਕੀ ਕੀਤਾ? ਹੁਣ ਜਦ ਪਿਛੜੇ 'ਤੇ ਆਦੀਵਾਸੀਆਂ 'ਤੇ ਦੋਸ਼ ਲੱਗ ਰਹੇ ਹਨ ਤਾਂ ਫਿਰ ਪੱਖ ਕਾਹਦੇ ਲਈ? ਸਰਕਾਰ ਬਚਾਉਣ ਲਈ ਉਦੋਂ ਦੇ ਹਾਕਮਾਂ ਨੇ ਝਮੂਮੋ ਸੰਸਦ ਰਿਸ਼ਵਤ ਕਾਂਡ 'ਚ ਕਿਸੇ ਨੂੰ ਕੋਈ ਸਜ਼ਾ ਹੀ ਨਹੀਂ ਹੋਣ ਦਿੱਤੀ। ਜਦ ਅਜਿਹੇ ਘਪਲਿਆਂ ਦੀ ਅਣਦੇਖੀ ਕੀਤੀ ਗਈ ਤਾਂ ਕੁਝ ਅਜਿਹੇ ਘਪਲੇ ਹੋਣ ਲੱਗੇ ਕਿ ਕੁਝ ਸਾਂਸਦਾਂ ਨੂੰ ਰੰਗੇ ਹੱਥੀਂ ਰਿਸ਼ਵਤ ਲੈਂਦੇ ਫੜ੍ਹ ਲੈਣਾ ਸੌਖਾ ਹੋ ਗਿਆ। ਇਕ ਸਟਿੰਗ ਅਪ੍ਰੇਸ਼ਨ ਦੌਰਾਨ ਪ੍ਰਸ਼ਨ ਪੁੱਛਣ ਬਦਲੇ ਰਿਸ਼ਵਤ ਲੈਣ ਦੇ ਦੋਸ਼ ਵਿੱਚ ਕਈ ਐਮ. ਪੀ. ਫੜ੍ਹੇ ਗਏ। ਇਸ 'ਤੇ ਸੰਸਦ ਨੂੰ ਕਾਰਵਾਈ ਕਰਨੀ ਪਈ। ਸੰਨ 2005 'ਚ ਲੋਕ ਸਭਾ ਦੇ ਦਸ ਅਤੇ ਰਾਜ ਸਭਾ ਦੇ ਇੱਕ ਮੈਂਬਰ ਦੀ ਮੈਂਬਰਸ਼ਿਪ ਇਸੇ ਦੋਸ਼ 'ਚ ਖ਼ਤਮ ਕੀਤੀ ਗਈ। ਪਿੱਛੋਂ ਜੇ ਮੀਡੀਆ ਦਾ ਸਿਟੰਗ ਅਪ੍ਰੇਸ਼ਨ ਨਾ ਸਫਲ ਹੋਇਆ ਹੁੰਦਾ ਤਾਂ ਇਹਨਾਂ ਸਾਂਸਦਾ ਦਾ ਕੁਝ ਨਹੀਂ ਸੀ ਵਿਗੜਣਾ। ਅੱਸੀ ਦੇ ਦਹਾਕੇ ਦਾ ਤੇਲ ਕਾਂਡ ਯਾਦ ਹੈ? ਇੰਡੀਅਨ ਆਇਲ ਕਾਰਪੋਰੇਸ਼ਨ ਨੇ ਤੇਲ ਅਤੇ ਹਾਈ ਸਪੀਡ ਡੀਜ਼ਲ ਦਾ ਖਰੀਦ ਲਈ ਟੈਂਡਰ ਜਾਰੀ ਕੀਤਾ। ਜੈਨ ਨਾਂ ਦੇ ਇਕ ਵਪਾਰੀ ਨੂੰ ਠੇਕਾ ਮਿਲਿਆ। ਕਰੀਬ 900 ਕਰੋੜ ਦੇ ਘਪਲੇ ਦਾ ਦੋਸ਼ ਲੱਗਿਆ। ਜਾਂਚ ਦਾ ਨਾਟਕ ਹੋਇਆ ਪਰ ਸਬੰਧਿਤ ਫਾਇਲ ਪ੍ਰਧਾਨ ਮੰਤਰੀ ਦਫ਼ਤਰੋਂ ਗਾਇਬ ਹੋ ਗਈ। ਸਬੰਧਤ ਮੰਤਰੀ ਪੀ ਸੀ ਸੇਠੀ ਉਦੋਂ ਤਾਂ ਹਟਾ ਲਏ ਗਏ ਪਰ ਪਿੱਛੋਂ ਫਿਰ ਮੰਤਰੀ ਬਣ ਗਏ। ਇਸ ਨਾਲ ਘਪਲੇਬਾਜਾਂ ਦਾ ਮਨੋਬਲ ਹੋਰ ਵੀ ਵਧਿਆ। ਬੋਫਰਸ ਘਪਲਾ, ਫੇਅਰਫੀਲਡ ਘਪਲਾ, ਪ੍ਰੈਟਰੋਲ ਪੰਪ ਅਲਾਟਮੈਂਟ ਘਪਲਾ, ਤੇ ਨਾਂ ਜਾਣੇ ਕਿੰਨੇ ਘਪਲੇ ਸਾਹਮਣੇ ਆਉਂਦੇ ਗਏ। ਸਭ ਨੂੰ ਵਾਰੀ-ਵਾਰੀ ਨਾਲ ਦਫਨ ਕਰ ਦਿੱਤਾ ਗਿਆ। ਬੋਫਰਸ ਘਪਲੇ 'ਚ ਕਾਂਗਰਸੀ ਨੇਤਾਵਾਂ

ਨੇ ਹਮੇਸ਼ਾ ਇਹੀ ਕਿਹਾ ਕਿ ਕਿਸੇ ਤਰ੍ਹਾਂ ਦੀ ਦਲਾਲੀ ਨਹੀਂ ਦਿੱਤੀ ਗਈ ਪਰ ਕੁਝ ਹੀ ਮਹੀਨੇ ਪਹਿਲਾਂ ਕੇਂਦਰੀ ਆਮਦਨ ਟੈਕਸ ਨਿਆ ਅਧਿਕਾਰੀ ਨੇ ਇਹ ਰਾਜ ਖੋਹਲ ਦਿੱਤਾ ਕਿ ਕਾਤ੍ਰੋਕੀ ਤੇ ਹੋਰ ਇਕ ਵਿਅਕਤੀ ਦੇ ਸਵਿਸ ਬੈਂਕਾਂ ਦੇ ਖਾਤਿਆਂ 'ਚ ਬੋਫਰਸ ਦਲਾਲੀ ਦੇ ਪੈਸੇ ਜਮਾ ਹੋਏ ਸਨ। ਅਟਲ ਬਿਹਾਰੀ ਵਾਜਪਾਈ ਦੀ ਹਕੂਮਤ ਸਮੇਂ ਵੀ ਘਪਲਿਆਂ ਨੂੰ ਰਫਾ ਦਫਾ ਕਰਨ ਦਾ ਕੰਮ ਸ਼ੁਰੂ ਹੋਇਆ। ਬਿਹਾਰ ਦੇ ਚਰਚਿਤ ਚਾਰਾ ਘਪਲੇ ਵਾਂਗੂੰ ਵੀ ਹਵਾਲਾ ਘਪਲਾ ਵੀ ਸਭ ਪਾਰਟੀਆਂ ਘਪਲਾ ਸੀ। ਸੀ. ਬੀ. ਆਈ. ਨੇ ਇਸ ਦੀ ਜਾਂਚ ਤਾਂ ਜ਼ਰੂਰ ਕੀਤੀ ਪਰ ਅਧੂਰੇ ਮਨ ਨਾਲ ਕਿਉਂਕਿ ਘਪਲੇਬਾਜਾਂ ਨੂੰ ਬਚਾ ਲੈਣ ਦਾ ਸੀ. ਬੀ. ਆਈ. 'ਤੇ ਉਚ ਪੱਧਰੀ ਦਬਾਅ ਸੀ। ਹਵਾਲਾ ਘਪਲੇ ਨਾਲ ਸਬੰਧਤ ਮਾਮਲਾ ਜਦ ਸੁਪਰੀਮ ਕੋਰਟ 'ਚ ਪਹੁੰਚਿਆ ਤਾਂ ਨਿਆ ਮੂਰਤੀ ਜੇ ਐਸ ਵਰਮਾ ਨੇ ਸੀ. ਬੀ. ਆਈ. ਨੂੰ ਇਸ ਗੱਲ ਲਈ ਫਟਕਾਰਿਆ ਕਿ ਉਸ ਨੇ ਇਸ ਕਾਂਡ ਦੀ ਠੀਕ ਤਰ੍ਹਾਂ ਨਾਲ ਜਾਂਚ ਕਿਉਂ ਨਹੀਂ ਕੀਤੀ। ਅਜਿਹੇ ਹਵਾਲਾ ਕਾਰੋਬਾਰੀਆਂ ਤੋਂ ਨਾਲ ਸਾਡੇ ਦੇਸ਼ ਦੇ ਵੱਡੇ-ਵੱਡੇ ਨੇਤਾਵਾਂ ਨੇ ਭਾਰੀ ਪੈਸਾ ਲਿਆ ਸੀ। ਉਹਨਾਂ ਨੇ ਕਸ਼ਮੀਰ ਦੇ ਦਹਿਸ਼ਤਗਰਦਾਂ ਨੂੰ ਵੀ ਪੈਸਾ ਪਹੁੰਚਾਉਣ ਦੀ ਜ਼ਿੰਮੇਵਾਰੀ ਸਾਡੇ ਦੇਸ਼ ਦੇ ਦੁਸ਼ਮਣਾਂ ਨੇ ਰੱਖੀ ਸੀ। ਅਟੱਲ ਸਰਕਾਰ ਦੇ ਕਰਨਾਮਿਆਂ 'ਤੇ ਇਕ ਨਜ਼ਰ ਮਾਰ ਲੈਣੀ ਚਾਹੀਦੀ ਹੈ। ਦਰਅਸਲ ਕਾਂਗਰਸੀ ਸਰਕਾਰਾਂ ਦੇ ਭ੍ਰਿਸ਼ਟਾਚਾਰਾਂ ਨਾਲ ਘਪਲੇਬਾਜਾਂ ਦਾ ਜਿੰਨਾ ਮਨੋਬਲ ਵਧਦਾ ਹੈ। ਉਸ ਤੋਂ ਕਈ ਗੁਣਾ ਮਨੋਬਲ ਗੈਰ-ਕਾਂਗਰਸੀ ਸਰਕਾਰਾਂ ਦੇ ਘਪਲੇ ਥੋੜੇ ਘਟ ਪੈਸਿਆਂ ਦੇ ਹੁੰਦੇ ਹਨ। ਵੈਸੇ ਕੁਝ ਖੇਤਰੀ ਦਲਾਂ ਦੇ ਘਪਲੇਬਾਜ ਨੇਤਾਵਾਂ ਨੇ ਜ਼ਰੂਰ ਕਈ ਕੇਸਾਂ ਵਿੱਚ ਕਾਂਗਰਸੀਆਂ ਨੂੰ ਪਿੱਛੇ ਛੱਡ ਦਿੱਤਾ। ਇਹਨਾਂ ਖੇਤਰੀ ਪਾਰਟੀਆਂ ਨੂੰ ਸਤਾ ਦੇ ਲਾਲਚ 'ਚ ਕੌਮੀ ਪਾਰਟੀਆਂ ਨੇ ਸਿਰ ਚੜ੍ਹਾਇਆ ਹੈ। ਇਸ ਨਾਲ ਵੀ ਭ੍ਰਿਸ਼ਟਾਚਾਰੀਆਂ ਦਾ ਮਨੋਬਲ ਵਧਿਆ ਹੈ। ਸਭ ਤੋਂ ਵੱਧ ਸ਼ਰਮਨਾਕ ਘਟਨਾ ਉਸ ਸਮੇਂ ਹੋਈ ਜਦ ਕੇਂਦਰ ਵਿਜੀਲੈਂਸ ਕਮਿਸ਼ਨਰ ਐਨ ਵਿਠੱਲ ਨੇ ਅਟਲ ਹਕੂਮਤ ਸਮੇਂ ਚਾਰ ਕੇਂਦਰੀ ਮੰਤਰੀਆਂ ਖਿਲਾਫ਼ ਕਾਰਵਾਈ ਸ਼ੁਰੂ ਕੀਤੀ। ਵਿਠਲ ਨੇ ਆਮਦਨ ਟੈਕਸ ਮਹਿਕਮੇ ਨੂੰ ਕਿਹਾ ਸੀ ਕਿ ਉਹ ਚਾਰ ਮੰਤਰੀਆਂ ਤੋਂ ਉਹਨਾਂ ਦੀ ਜਾਇਦਾਦ ਦਾ ਵੇਰਵਾ ਮੰਗਣ। ਇਹ ਮੰਤਰੀ ਹਵਾਲੇ ਘਪਲੇ ਦੇ ਦੋਸ਼ੀ ਰਹਿ ਚੁੱਕੇ ਸਨ। ਆਮਦਨ ਟੈਕਸ ਮਹਿਕਮੇ ਨੇ ਨੋਟਿਸ ਭਿਜਵਾ ਦਿੱਤਾ। ਫਿਰ ਕੀ ਸੀ ਅਟਲ ਸਰਕਾਰ ਨੇ ਵਿਜੀਲੈਂਸ ਕਮਿਸ਼ਨ ਨੂੰ ਹੀ ਹੁਕਮ ਰਾਹੀਂ ਬੇਅਸਰ ਕਰ ਦਿੱਤਾ। ਅਟਲ ਸਰਕਾਰ ਨੇ ਇਕ ਸੰਸਦੀ ਵਿਜੀਲੈਂਸ ਕਮਿਸ਼ਨ ਨੂੰ ਤਿੰਨ ਮੈਂਬਰੀ ਬਣਾ ਦਿੱਤਾ। ਇਸ ਤਰ੍ਹਾਂ ਦੀ ਹਾਲਤ 'ਚ ਉਹਨੀਂ ਦਿਨੀ ਚੋਣ ਕਮਿਸ਼ਨ ਨੂੰ ਇਕ ਮੈਂਬਰੀ ਤੋਂ ਤਿੰਨ ਮੈਂਬਰੀ ਬਣਾ ਦਿੱਤਾ ਸੀ। ਜਦ ਚੋਣ ਕਮਿਸ਼ਨਰ ਟੀ ਐਨ ਸੈਸ਼ਨ ਨਿਯਮ ਕਾਨੂੰਨ ਦੀਆਂ ਗੱਲਾਂ ਕਰ ਰਹੇ ਸੀ। ਵੱਡੀ ਉਮੀਦ ਨਾਲ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦੇ ਕੇ ਕੇਂਦਰੀ ਵਿਜੀਲੈਂਸ ਕਮਿਸ਼ਨ ਬਣਾਇਆ ਸੀ ਤਾਂ ਕਿ ਇਹ ਕਮਿਸ਼ਨ ਭ੍ਰਿਸ਼ਟਾਚਾਰ ਹਟਾਉਣ ਦੇ ਕੰਮ 'ਚ ਲੱਗੀਆਂ ਵੱਖ-ਵੱਖ ਸਰਕਾਰੀ ਏਜੰਸੀਆਂ ਲਈ ਛਤਰੀ ਦਾ ਕੰਮ ਕਰ ਸਕੇ। ਦਰਅਸਲ ਅਜ਼ਾਦੀ ਪਿੱਛੋਂ ਸਾਡੇ ਹਾਕਮਾਂ ਨੇ ਭ੍ਰਿਸ਼ਟਾਚਾਰ ਪ੍ਰਤੀ ਜੋ ਨਰਮ ਰਵੱਈਆ ਰੱਖਿਆ ਉਸ ਨਾਲ ਇਹ ਬੀਮਾਰੀ ਇਸ ਗਰੀਬ ਦੇਸ਼ ਲਈ ਅੱਜ ਕੈਂਸਰ ਸਾਬਤ ਹੋ ਰਹੀ ਹੈ। ਵਿਕਾਸ ਯੋਜਨਾਵਾਂ ਤੇ ਕਲਿਆਣ ਦੇ ਪੈਸਿਆਂ ਵਿੱਚੋਂ ਜ਼ਿਆਦਾਤਰ ਭ੍ਰਿਸ਼ਟ ਤੱਤ ਲੁੱਟ ਰਹੇ ਹਨ। ਇਸ ਨਾਲ ਗਰੀਬਾਂ ਦੀ ਗਰੀਬੀ ਵਧ ਰਹੀ

ਹੈ। ਅੱਜ 84 ਕਰੋੜ ਲੋਕਾਂ ਦੀ ਰੋਜ ਦੀ ਔਸਤ ਆਮਦਨ ਵੀਹ ਰੁਪਏ ਹੈ। ਦੂਜੇ ਪਾਸੇ ਕੁਝ ਲੋਕ ਲੁਟ ਕੇ ਅਰਬਪਤੀ ਬਣ ਗਏ ਹਨ। ਇਹ ਜ਼ਹਿਰ ਦੇਸ਼ 'ਚ ਲੋਕਤੰਤਰ ਦੇ ਜਾਰੀ ਰਹਿਣ 'ਚ ਅੜਿਕਾ ਬਣ ਸਕਦਾ ਹੈ। ਅਜਿਹਾ ਡਰ ਜਾਹਿਰ ਕੀਤਾ ਜਾ ਰਿਹਾ ਹੈ। ਕਾਸ਼ ਸਾਡੇ ਲੋਕ 1947 ਵੇਲੇ ਤੋਂ ਹੀ ਨਕਲੀ ਅਜ਼ਾਦੀ ਦੇ ਪਾਤਰਾਂ ਨੂੰ ਲਾਭ ਕਰਨ ਲਈ ਲੜਦੇ ਤੇ ਦਲਾਲ ਨੌਕਰਸ਼ਾਹ ਸਰਮਾਏਦਾਰੀ ਨਾਲ ਟੱਕਰ ਲੈ ਕੇ ਸਮਾਜਵਾਦ ਸਥਾਪਤ ਕਰਦੇ।

# ਕੀ ਫਸ ਗਏ ਅਮਰ ਸਿੰਘ (ਵੋਟ ਬਦਲੇ ਨੋਟ ਮਾਮਲਾ)

ਅਮਰ ਸਿੰਘ 22 ਜੁਲਾਈ ਨੂੰ ਦਿੱਲੀ ਪੁਲਸ ਦੀ ਅਪਰਾਧ ਸ਼ਾਖਾ ਦੇ ਇਕ ਅਜਿਹੇ ਕਮਰੇ 'ਚ ਗਏ ਜਿਸ 'ਚ ਗੱਲਬਾਤ ਰਿਕਾਰਡ ਕਰਨ ਲਈ ਵਿਸ਼ੇਸ਼ ਤੌਰ 'ਤੇ ਉਪਕਰਣ ਲਾਏ ਹੋਏ ਹਨ। ਉਹ ਅੱਧਾ ਘੰਟਾ ਪਹਿਲਾਂ ਪਹੁੰਚ ਗਏ ਸਨ। ਉਹਨਾਂ ਦੇ ਚਿਹਰੇ 'ਤੇ ਕੋਈ ਸਿਕਨ ਨਹੀਂ ਸੀ। ਵਿਸ਼ੇਸ਼ ਸਾਖਾ ਦੇ ਵਧੀਕ ਪੁਲਸ ਕਮਿਸ਼ਨਰ ਐਨ ਰਾਓ ਨੇ ਅਮਰ ਸਿੰਘ ਤੋਂ ਪੁੱਛਗਿੱਛ ਲਈ ਆਪਣੇ ਅਧਿਕਾਰੀਆਂ ਨੂੰ ਫੌਰਨ ਇਕੱਠਾ ਕੀਤਾ। ਅਮਰ ਸਿੰਘ ਨੇ ਉਹਨਾਂ ਤੋਂ ਮਾਮੂਲੀ ਸੁਆਲ ਪੁੱਛਿਆ ਕਿ ਉਹਨਾਂ ਕੋਲ ਉਹਨਾਂ 'ਤੇ ਲੱਗੇ ਦੋਸ਼ ਦਾ ਕੋਈ ਸਬੂਤ ਹੈ? ਕੁਲ ਅਤੇ ਤੇ ਮਹਾਂਵੀਰ ਭਗੋਰਾ ਨੂੰ ਖ਼ਰੀਦਣ ਲਈ ਉਹਨਾ (ਅਮਰ ਸਿੰਘ) ਨੇ ਕੋਈ ਪੈਸਾ ਇਕੱਠਾ ਕੀਤਾ।

ਅਧਿਕਾਰੀਆਂ ਨੇ ਕਿਹਾ ਕਿ ਇਸ ਮਾਮਲੇ 'ਚ ਉਹਨਾਂ ਪਾਸ ਭਾਜਪਾ ਸੰਸਦਾਂ ਦੇ ਬਿਆਨ ਹਨ ਕਿ ਅਮਰ ਸਿੰਘ ਨੇ ਭਾਰਤ ਅਮਰੀਕਾ ਪ੍ਰਮਾਣੂ ਕਰਾਰ 'ਤੇ ਸਰਕਾਰ 'ਚ ਫੁੱਟ ਪੈਣ ਪਿੱਛੋਂ ਬੇਭਰੋਸੀ ਮਤੇ ਦੌਰਾਨ ਭਾਜਪਾ ਦੇ ਵਿੱਪ ਦੇ ਖ਼ਿਲਾਫ਼ ਜਾ ਕੇ ਸਰਕਾਰ ਦੇ ਹੱਕ 'ਚ ਵੋਟ ਪਾਉਣ ਲਈ ਉਹਨਾਂ 'ਚੋਂ ਹਰੇਕ ਨੂੰ 3 ਕਰੋੜ ਰੁਪਏ ਦੇਣ ਦਾ ਵਾਅਦਾ ਕੀਤਾ। ਭਾਜਪਾ ਸੰਸਦਾਂ ਨੇ ਇਹ ਵੀ ਕਿਹਾ ਕਿ ਸੰਜੀਵ ਸਕਸੈਨਾ, ਜੋ ਅਮਰ ਸਿੰਘ ਲਈ ਕੰਮ ਕਰਦੇ ਸਨ। ਉਹਨਾਂ ਨੂੰ ਕਿਹਾ ਕਿ ਉਹਨਾਂ ਨੂੰ ਇੱਕ ਕਰੋੜ ਅਡਵਾਂਸ ਦਿੱਤੇ ਗਏ ਫਿਰ ਜੁਲਾਈ 2008 ਨੂੰ ਮਾਮਲੇ ਨੂੰ ਨਾਟਕੀ ਮੋੜ ਦਿੰਦੇ ਹੋਏ। ਇਹ ਸੰਸਦ ਲੋਕ ਸਭਾ ਦੇ ਅੰਦਰ ਪਹੁੰਚ ਕੇ ਇਕ ਕਰੋੜ ਰੁਪਏ ਦੀਆਂ ਗੁੱਟੀਆਂ ਲਹਿਰਾਉਂਦੇ ਹੋਏ ਦੱਸਣ ਲੱਗੇ ਕਿ ਇਹ ਰਕਮ ਉਹਨਾਂ ਨੂੰ ਬਤੌਰ ਰਿਸ਼ਵਤ ਦਿੱਤੀ ਗਈ ਫਿਰ ਉਹਨਾਂ ਨੇ ਇਹ ਰਕਮ ਸਪੀਕਰ ਸੋਮਨਾਥ ਚੈਟਰਜੀ ਦੇ ਦਫ਼ਤਰ 'ਚ ਜਮ੍ਹਾ ਕਰਵਾ ਦਿੱਤੀ। ਮੁਹਿੰਮ ਦੀ ਯੋਜਨਾ ਰਾਜਸਭਾ 'ਚ ਵਿਰੋਧੀ ਧਿਰ ਦੇ ਮੌਜੂਦਾ ਨੇਤਾ ਅਰੁਣ ਜੇਤਲੀ ਨੇ ਬਣਾਈ ਤੇ ਲਾਲ ਕ੍ਰਿਸ਼ਨ ਅਡਵਾਣੀ ਦੇ ਸਾਬਕਾ ਸਹਿਯੋਗੀ ਸੁਧੀਂਰਦ ਕੁਲਕਰਣੀ ਨੇ ਨੇਪਰੇ ਚਾੜ੍ਹੀ। ਉਸ ਨੂੰ ਸੀ. ਐਨ. ਐਨ. ਆਈ. ਬੀ ਐਨ 'ਤੇ ਵਿਖਾਇਆ ਜਾਣਾ ਸੀ। ਜਿਸ ਦੇ ਐਡੀਟਰ ਇਨ ਚੀਫ ਰਾਜਸਰ ਦੇ ਸਾਈ ਨੇ 22 ਜੁਲਾਈ 2008 ਨੂੰ ਸੰਸਦ ਦੇ ਬਾਹਰੋਂ ਆਪਣੀ ਸਨਸਨੀ ਖੇਜ ਪ੍ਰਸਾਰਿਤ ਕਰਨ ਦਾ ਐਲਾਨ ਕੀਤਾ ਸੀ ਪਰ ਉਸ ਦਿਨ ਇਹ ਸਟਿੰਗ ਪੇਸ਼ ਨਹੀਂ ਕੀਤਾ ਜਾ ਸਕਿਆ। ਸ਼ਾਮ ਨੂੰ ਸਰ ਦੇਸਾਈ ਇਕ ਵਾਰ ਫਿਰ ਆਪਣੇ ਚੈਨਲ ਤੋਂ ਇਹ ਦੱਸਣ ਲਈ ਸਾਹਮਣੇ ਆਏ ਕਿ ਉਹਨਾਂ ਨੇ "ਕੌਮੀ ਹਿੱਤ" ਵਿੱਚ ਸਨਸਨੀ ਖਬਰ ਨਾ ਪ੍ਰਸਾਰਿਤ ਕਰਨ ਦਾ ਫੈਸਲਾ ਕੀਤਾ ਹੈ। ਉਹਨਾਂ ਨੇ ਲੋਕ ਸਭਾ ਸਪੀਕਰ ਦੇ ਖਿਲਾਫ਼ ਟੇਪ ਜਮ੍ਹਾ ਕਰਵਾ ਦਿੱਤੀ ਅਤੇ 20 ਦਿਨਾਂ ਪਿੱਛੋਂ ਉਸ ਦਾ ਪ੍ਰਸਾਰਨ ਕੀਤਾ। 12 ਅਗਸਤ 2008 ਨੂੰ ਪ੍ਰਸਾਰਿਤ ਸਿਟੰਗ 'ਚ ਅਮਰ ਸਿੰਘ ਜਾਂ ਕਿਸੇ ਕਾਂਗਰਸੀ ਨੇਤਾ ਖ਼ਿਲਾਫ਼ ਸੰਸਦਾ ਨੂੰ ਨੋਟ ਦੇਣ ਜਾਂ ਅਜਿਹਾ ਵਾਇਦਾ ਕਰਨ ਦਾ ਕੋਈ ਆਡਿਓ ਜਾਂ ਵੀਡੀਓ ਸਬੂਤ ਨਹੀਂ ਸੀ। ਉਸ 'ਚ ਸਿਰਫ਼ ਏਨਾ ਸੀ ਕਿ ਸਕਸੇਨਾ ਅਰਗਲ ਦੇ ਘਰੇ ਮੇਜ 'ਤੇ ਪੈਸੇ ਰੱਖਣ ਪਿੱਛੋਂ ਅਮਰ ਸਿੰਘ ਨੂੰ ਫ਼ੋਨ ਕਰਕੇ ਇਹ ਦਸ ਰਹੇ ਸਨ ਕਿ "ਕੰਮ ਹੋ ਗਿਆ" ਅਮਰ ਸਿੰਘ ਨੇ ਮਨੁੱਖੀ ਵਸੀਲਿਆ ਦੇ ਵਿਕਾਸ ਮੰਤਰੀ ਕਪਿਲ ਸਿਬਲ ਨੂੰ ਜ਼ਿਕਰ ਕਰਦੇ ਹੋਏ ਅਪਰਾਧ ਸ਼ਾਖਾ ਦੇ ਪੁਛਗਿੱਛ ਕਰਨ ਵਾਲਿਆਂ ਨੂੰ ਬਹੁਤ ਚਤਰਾਈ ਨਾਲ ਸਫਾਈ

ਦਿੱਤੀ। ਸਿਬਲ ਨੇ ਏ. ਰਾਜ ਖ਼ਿਲਾਫ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਬਚਾਅ ਕਰਦਿਆਂ ਕਿਹਾ ਕਿ ਜਦ ਤਕ ਸਬੂਤ ਨਾ ਹੋਵੇ ਤਦ ਤਕ ਸ਼ਕਾਇਤ ਕਰਤਾ ਦਾ ਬਿਆਨ ਕੋਈ ਸਬੂਤ ਨਹੀਂ ਹੁੰਦਾ। ਇਸ ਉਪਰ ਕਿਸੇ ਨੂੰ ਸ਼ੱਕ ਨਹੀਂ ਹੈ ਕਿ 2008 'ਚ ਯੂ. ਪੀ. ਏ.-1 ਸਰਕਾਰ ਬਚਾਉਣ ਦੀ ਮੁਹਿਮ ਦੇ ਕੇਂਦਰ 'ਚ ਅਮਰ ਸਿੰਘ ਸਨ। 2011 'ਚ ਇਹ ਰਾਜਸੀ ਤਖਤ ਪਲਟ ਯੂ. ਪੀ. ਏ-2 ਦੀ ਬਦਕਿਸਮਤੀ ਬਣ ਸਕਦਾ ਹੈ ਕਿਉਂਕਿ 2008 ਦੇ ਮੁਖ ਰਾਜਸੀ ਲਾਭਪਾਤਰੀ ਅਜੇ ਵੀ ਹਕੂਮਤ 'ਚ ਹਨ। ਅਮਰ ਸਿੰਘ ਦਾ ਕਹਿਣਾ ਹੈ ਕਿ ਉਹ ਬੇਕਸੂਰ ਹਨ। ਉਹਨਾਂ ਦੇ ਹਮਲਾਵਰਾਂ ਨੂੰ ਉਹਨਾਂ ਦੇ ਕਸੂਰਵਾਰ ਹੋਣ ਦਾ ਉਨਾ ਹੀ ਭਰੋਸਾ ਹੈ, ਪਰ ਵੈਸੇ ਹੁਣ ਮੁੱਦਾ ਕਿਸੇ ਰਾਜਸੀ ਆਗੂ ਦੀ ਕਿਸਮਤ ਤੋਂ ਵੀ ਕਿਤੇ ਵੱਡਾ ਹੈ। ਜੇ ਅਮਰ ਸਿੰਘ ਨੇ ਕਿਸੇ ਕਾਰਨ ਇਹ ਕਹਿ ਦਿੱਤਾ ਕਿ 2008 'ਚ ਮਨਮੋਹਨ ਨੂੰ ਬਚਾਉਣ ਲਈ ਸੰਸਦਾਂ ਨੂੰ ਪੈਸਾ ਦਿੱਤਾ ਗਿਆ ਸੀ ਤਾਂ ਪ੍ਰਧਾਨ ਮੰਤਰੀ ਅੱਜ ਹੀ ਸਾਫ ਹੋ ਜਾਣਗੇ ਪਰ ਚਾਰ ਕਾਰਕਾਂ ਕਾਰਨ ਇਹ ਖੇਡ ਬਦਲ ਗਈ ਹੈ। ਅਮਰ ਸਿੰਘ ਹੁਣ ਮੁਲਾਇਮ ਸਿੰਘ ਯਾਦਵ ਨਾਲ ਜੁੜੇ ਨਹੀਂ ਹਨ ਅਤੇ ਇਟਾਵਾ 'ਚ ਉਹਨਾਂ ਨੇ ਇਕ ਭਾਸ਼ਣ ਰਾਹੀਂ ਧਮਕੀ ਦਿੱਤੀ ਕਿ ਵੋਟ ਬਦਲੇ ਨੋਟ 'ਚ ਉਹ ਮੁਲਾਇਮ ਦੀ ਭੂਮਿਕਾ ਦਾ ਪਰਦਾਫਾਸ਼ ਕਰ ਦੇਣਗੇ। ਕਾਂਗਰਸ ਕਦੀ ਇਹ ਨਹੀਂ ਕਹਿ ਸਕਦੀ ਕਿ ਅਮਰ ਸਿੰਘ ਕਿਹੜੀ ਕਰਵਟ ਲੈਣਗੇ। ਵਕਲੀ ਪ੍ਰਸ਼ਾਂਤ ਕੁਮਾਰ ਦੀ ਪਟੀਸ਼ਨ 'ਤੇ 15 ਜੁਲਾਈ 2011 ਨੂੰ ਸੁਪਰੀਮ ਕੋਰਟ ਨੇ ਵੋਟ ਬਦਲੇ ਨੋਟ ਕਾਂਡ ਦੀ ਢਿਲੀ ਜਾਂਚ ਲਈ ਦਿੱਲੀ ਪੁਲਸ ਦੀ ਦੱਬਕੇ ਖਿਚਾਈ ਕੀਤੀ। ਅਦਾਲਤ ਚਾਹੁੰਦੀ ਹੈ ਕਿ ਹਕੀਕਤ ਸਾਹਮਣੇ ਲਿਆਂਦੀ ਜਾਵੇ। ਇਕ ਮੁਖ ਖਿਡਾਰੀ ਕੁਲਕਰਨੀ ਦਾ ਕਹਿਣਾ ਹੈ ਕਿ ਉਹ ਅਮਰ ਸਿੰਘ ਦੀ ਮਿਲੀ ਭੁਗਤ ਨੂੰ ਸਾਬਤ ਕਰਨ ਲਈ ਤਿਆਰ ਹਨ। ਸਰਕਾਰ ਨੇ ਤਿੰਨ ਸਾਲਾਂ ਤਕ ਜਾਂਚ ਨੂੰ ਰੋਕੀ ਰੱਖਿਆ। ਉਸ ਨੇ 28 ਜੁਲਾਈ 2008 ਨੂੰ ਆਪਣੀ ਰੀਪੋਟ ਸੌਂਪ ਦਿੱਤੀ। ਉਸ ਨੇ ਕਿਹਾ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਰਾਜਸੀ ਸਕੱਤਰ ਅਹਿਮਦ ਪਟੇਲ ਖਿਲਾਫ਼ ਕੋਈ ਕੇਸ ਨਹੀਂ ਹੈ। ਅਤੇ "ਅਮਰ ਸਿੰਘ ਖਿਲਾਫ਼ ਕੋਈ ਠੋਸ ਸਬੂਤ" ਨਹੀਂ ਹਨ। ਉਸ ਨੇ ਕਿਹਾ ਕਿ ਭਾਜਪਾ ਕਾਰਕੁੰਨ ਸੁਹੈਲ ਹਿੰਦੁਸਤਾਨੀ ਸਕਸੈਨਾ ਅਤੇ ਕੁਲਕਰਨੀ ਦੀ ਭੂਮਿਕਾ ਸਮਝਣ ਲਈ "ਉਚਿਤ ਜਾਂਚ ਏਜੰਸੀ" ਤੋਂ ਜਾਂਚ ਕਰਵਾਈ ਜਾਵੇ। ਹਾਲੀ 'ਚ ਸਹਿਦੇਵ ਸਿੰਘ ਨੂੰ ਆਦੀਵਾਸੀ ਮਾਮਲਿਆਂ 'ਚ ਦੇ ਮੰਤਰੀ ਵਜੋਂ ਤਰੱਕੀ ਦੇ ਦਿੱਤੀ ਤਾਂ ਉਹ ਕਾਂਗਰਸ ਤੋਂ ਕੈਬਨਿਟ ਮੰਤਰੀ ਦਾ ਦਰਜਾ ਹਾਸਲ ਕਰਨ ਵਾਲੇ ਬਾਹਰ ਦੇ ਇਕੋ ਇਕ ਬੰਦੇ ਸਨ। ਦਿੱਲ ਪੁਲਸ ਦੀ ਜਾਂਚ 'ਚ ਕਿਸੇ ਸੁਕੀ ਨੂੰ ਪੁੱਛਗਿੱਛ ਲਈ ਤਲਬ ਨਹੀਂ ਕੀਤਾ ਗਿਆ ਸੀ। ਮਾਰਚ 2011 ਵਿੱਚ ਵਿਕੀਲੀਕਸ ਨੇ ਇਕ ਅਮਰੀਕੀ ਰਾਜਨਾਇਕ ਦੀ ਇਕ ਗੁਪਤ ਰੀਪੋਟ ਛਾਪੀ ਤਦ ਵੀ ਦਿੱਲੀ ਪੁਲਿਸ ਦੀ ਨੀਂਦ ਨਹੀਂ ਟੁੱਟੀ। ਵਿਕੀਲੀਕਸ ਦੀ ਰੀਪੋਟ 'ਚ ਕਿਹਾ ਗਿਆ ਸੀ ਇਕ ਕਾਂਗਰਸੀ ਅਹੁਦੇਦਾਰ ਨੇ ਇਕ ਅਮਰੀਕੀ ਰਾਜਨਾਇਕ ਨੂੰ ਤਿਜੌਰੀ 'ਚ ਰੱਖੇ 50 ਕਰੋੜ ਰੁਪਏ ਵਿਖਾ ਦਿੱਤੇ ਸਨ। ਉਸ ਨੇ ਸ਼ੇਖੀ ਮਾਰੀ ਸੀ ਕਿ ਇਹ ਰਕਮ ਬੇ-ਭਰੋਸੀ ਅਤੇ ਦੌਰਾਨ ਸਾਸਕਾਂ ਨੂੰ ਖਰੀਦਣ ਲਈ ਹੈ। ਵਿਕੀਲੀਕਸ ਦੇ ਖੁਲਾਸੇ ਨਾਲ ਸੰਸਦ 'ਚ ਹੰਗਾਮਾ ਮਚ ਗਿਆ ਸੀ। ਮਨਮੋਹਨ ਸਿੰਘ ਨੇ ਦਾਅਵਾ ਕੀਤਾ ਸੀ ਕਿ ਨਾ ਤਾਂ ਕਾਂਗਰਸ ਨਾ ਹੀ ਸਰਕਾਰ "ਇਸ ਤਰ੍ਹਾਂ ਦੇ ਗੈਰ ਕਾਨੂੰਨੀ ਕੰਮ 'ਚ ਸ਼ਾਮਲ ਸੀ।"

ਉਹਨਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਅਮਰ ਸਿੰਘ ਨੇ ਸਰਕਾਰ ਦੀ ਤਰਫੋ ਅਜਿਹਾ ਕੀਤਾ ਸੀ। ਇਸ ਦਿਨ ਬਾਰੇ ਸਭ ਕੁਝ ਭੁਲਾ ਦਿੱਤਾ ਗਿਆ ਅਤੇ ਕਾਂਗਰਸ ਮੰਨ ਚੁੱਕੀ ਸੀ ਕਿ ਉਸ ਨੇ ਉਸ ਨੂੰ ਦਫਨਾ ਦਿੱਤਾ ਹੈ ਤਾਂ ਹੀ ਸੁਪਰੀਮ ਕੋਰਟ ਦੇ ਹੁਕਮ ਨੇ ਇਸ ਨੂੰ ਇੱਕ ਵਾਰ ਫਿਰ ਜਿਉਂਦਾ ਕਰ ਦਿੱਤਾ। ਅਸਲ 'ਚ ਹੋਇਆ ਕੀ ਸੀ? ਦੋਸ਼ੀ ਕੌਣ ਸੀ? ਅਮਰ ਸਿੰਘ ਖਿਲਾਫ਼ ਦੋਸ਼ ਲਾਉਣ ਦੀ ਅਗਵਾਈ ਕੁਲਕਰਨੀ ਕਰ ਰਹੇ ਹਨ। ਜੋ ਵੋਟ ਬਦਲੇ ਨੋਟ ਦੇ ਸੱਕੀਆਂ ਵਿੱਚੋਂ ਇੱਕ ਹਨ। ਕੁਲਕਰਨੀ ਹੁਣ ਮੁਕੇਸ਼ ਅੰਬਾਨੀ ਦੇ ਪਾਲੇ ਪਲੋਸੇ ਅਬਜ਼ਰਵਰ ਰਿਸਰਚ ਫਾਊਂਡੇਸ਼ਨ ਦੇ ਮੁੰਬਈ ਚੈਪਟਰ ਦੇ ਚੇਅਰਮੈਨ ਹਨ। ਉਸ ਨੇ ਪਹਿਲੀ ਵਾਰੀ ਫੋਨ ਕਾਲ ਦੇ ਰਿਕਾਰਡ ਰਾਹੀਂ ਅਮਰ ਸਿੰਘ ਨਾਲ ਸਕਸੈਨਾ ਦੇ ਸਬੰਧ ਸਾਬਿਤ ਕਰਨ ਲਈ ਤਿਆਰ ਹਨ। ਅਮਰ ਸਿੰਘ ਹੁਣ ਆਪਣੇ ਸਬੰਧ ਤੋਂ ਮੁਕਰਨਾ ਚਾਹੁੰਦੇ ਹਨ। ਕੁਲਕਰਨੀ ਕੋਲ ਇਕ ਪੱਤਰ ਵੀ ਹੈ। ਜਿਸ ਨੂੰ ਅਮਰ ਸਿੰਘ ਨੇ ਸਕਸੈਨਾ ਦੇ ਬੇਟੇ ਦੇ ਦਿਲੀ ਦੇ ਇਕ ਕਾਲਜ 'ਚ ਦਾਖਲੇ ਲਈ ਲਿਖਿਆ ਸੀ ਅਤੇ ਦਫ਼ਤਰ ਦਾ ਪਤਾ 27, ਲੋਧੀ ਅਸਟੇਟ, ਦਿੱਲੀ ਲਿਖਿਆ ਹੈ। ਅਰਜੀ 'ਚ ਸਕਸੈਨਾ ਦੇ ਕਾਰੋਬਾਰ ਵਜੋਂ ਪ੍ਰਬੰਦਕ ਲਿਖਿਆ ਹੈ ਜੋ ਅਮਰ ਸਿੰਘ ਦਾ ਘਰ ਹੈ। ਉਸ 'ਚ ਟੈਲੀਫੋਨ ਨੰਬਰ 32565397 ਹੈ ਜੋ ਅਮਰ ਸਿੰਘ ਦੇ ਘਰੇ ਲੱਗਿਆ ਹੋਇਆ ਹੈ। ਕੁਲਕਰਨੀ ਦਾ ਕਹਿਣਾ ਹੈ ਕਿ ਮੈਨੂੰ ਹੁਣਵੀ ਸਮਝ ਨਹੀਂ ਆਉਂਦਾ ਕਿ ਸੰਸਦੀ ਸੰਮਤੀ ਨੇ ਅਮਰ ਸਿੰਘ ਸਾਂਸਦਾ ਤੇ ਮੈਂ, ਸੰਮਤੀ ਨੂੰ ਦੱਸਿਆ ਹੈ ਕਿ ਇਸ ਅਮਲ 'ਚ ਅਮਰ ਸਿੰਘ ਸ਼ਾਮਲ ਸਨ। ਹਰ ਕਿਸੇ ਨੂੰ ਪਤਾ ਹੈ ਕਿ ਸੰਜੀਵ ਸਕਸੈਨਾ ਅਮਰ ਸਿੰਘ ਦੇ ਕਰੀਬੀ ਸਹਿਯੋਗੀ ਹਨ ਤੇ ਉਹ ਉਸ ਰਾਜਸੀ ਆਗੂ ਲਈ ਕਰੀਬ ਇਕ ਦਹਾਕੇ ਤੋਂ ਕੰਮ ਕਰ ਰਹੇ ਹਨ।" ਕੁਲਕਰਣੀ ਅਗਸਤ ਦੇ ਦੂਜੇ ਹਫਤੇ ਦਿੱਲੀ ਪੁਲਸ ਦੀ ਪੁਛਗਿੱਛ 'ਚ ਅਮਰ ਸਿੰਘ ਦੀ ਲਿਪਾ ਪੋਚੀ ਦੇ ਸਬੂਤ ਵਜੋਂ ਪੇਸ਼ ਕਰਨ। ਇਹ ਇਕ ਹੋਰ ਡਿੰਗ ਦੀਆਂ ਤਸਵੀਰਾਂ ਹਨ। ਜਿਹਨਾਂ ਨੂੰ 3 ਅਗਸਤ 2008 ਨੂੰ ਅਮਰ ਸਿੰਘ ਤੇ ਉਸ ਵੇਲੇ ਦੀ ਭਾਰਤੀ ਜਨ-ਸ਼ਕਤੀ ਪਾਰਟੀ ਦੀ ਨੇਤਾ ਉਮਾ ਭਾਰਤੀ ਨੇ ਦਿੱਲੀ ਪੁਲਸ ਨੂੰ ਦਿੱਤਾ ਸੀ। ਇਹ ਇਕ ਦੂਜੇ ਸਿਟੰਗ ਅਪ੍ਰੇਸ਼ਨ ਦਾ ਹਿੱਸਾ ਹੈ। ਅਮਰ ਸਿੰਘ ਉਹਨਾਂ ਤਸਵੀਰਾਂ ਰਾਹੀਂ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਵੋਟ ਬਦਲੇ ਨੋਟ ਅਮਲ ਦੀ ਸਾਜ਼ਿਸ ਭਾਜਪਾ ਨੇ ਰਚੀ ਸੀ। ਉਸ ਟੇਪ 'ਚ ਭਾਜਪਾ ਨੇਤਾ ਅਰੁਣ ਜੇਤਲੀ ਦੇ 4 ਅਕਬਰ ਰੋਡ ਦਿੱਲੀ ਰਿਹਾਇਸ਼ ਤੋਂ ਸਕਸੈਨਾ ਨੂੰ ਇਕ ਥੈਲਾ ਲੈ ਕੇ ਬਾਹਰ ਆਉਂਦੇ ਵੇਖਿਆ ਗਿਆ ਸੀ ਜਿਸ 'ਚ ਪੈਸੇ ਭਰੇ ਹੋਣਗੇ, ਪਰ ਪਿੱਠਭੂਮੀ 'ਚ ਭਾਜਪਾ ਦੀ ਹੋਰਡਿੰਗ ਨਾਲ ਸਾਰੀ ਸਕੀਮ 'ਤੇ ਪਾਣੀ ਫਿਰ ਗਿਆ ਕਿਉਂਕਿ ਉਸ ਤੋਂ ਜ਼ਾਹਿਰ ਹੋ ਗਿਆ ਕਿ ਇਹ ਟੇਪ ਪਿੱਛੋਂ ਤਿਆਰ ਕੀਤੀ ਗਈ ਸੀ। ਉਸ ਰੀਪੋਟ 'ਚ ਰਿਸ਼ਵਤ ਖਾਰਜ ਕਰਨ ਲਈ ਅਰਗਲ ਨੂੰ ਅਸਲੀ ਸਟੇਟਮੈਂਟ ਕਰਾਰ ਦਿੱਤਾ ਗਿਆ ਹੈ। ਕੁਲਕਰਨੀ ਦਾ ਕਹਿਣਾ ਹੈ ਕਿ "ਉਸ ਹੋਰਡਿੰਗ ਤੋਂ ਸਾਬਤ ਕੁਲਕਰਣੀ ਇਹ ਵੀ ਦਸਣਗੇ ਕਿ ਸੀ. ਐਨ. ਐਨ. ਆਈ. ਬੀ. ਐਨ ਦੇ ਰਿਕਾਰਡ ਕੀਤੇ ਸਾਰੇ ਟੇਪ 26 ਜੁਲਾਈ 2008 ਨੂੰ ਸੋਮਨਾਥ ਚੈਟਰਜੀ ਨੂੰ ਨਹੀਂ ਸੌਂਪੇ ਗਏ। ਉਹਨਾਂ ਦਾ ਕਹਿਣਾ ਹੈ "ਸੀ. ਐਨ. ਐਨ. ਆਈ. ਬੀ. ਐਨ. ਦੇ ਪਤ੍ਰਕਾਰਾਂ ਨੇ ਆਪਣੇ ਬਿਆਨ 'ਚ ਭਾਜਪਾ ਦੀ ਮੇਜ਼ 'ਤੇ ਪੈਸੇ ਰੱਖਣ ਦਾ ਰਿਕਾਰਡ ਤਿਆਰ ਕਰਨ ਦੀ ਗੱਲ ਕਹੀ ਹੈ। ਉਹਨਾਂ ਕੋਲ ਵੋਟ ਹਾਸਲ ਕਰਨ ਲਈ ਪੈਸੇ ਦਿੱਤੇ ਜਾਣ ਦੇ ਸਬੂਤ ਹਨ ਪਰ ਉਹ

ਟੇਪ ਸੰਮਤੀ ਨੂੰ ਨਹੀਂ ਮਿਲੇ।" ਸੀ. ਐਨ. ਐਨ.-ਆਈ. ਬੀ. ਐਨ. ਦੇ ਸਰਦੇਸਾਈ ਇਸ ਦੋਸ਼ ਨੂੰ ਖਾਰਜ ਕਰਦੇ ਹਨ, ਸਰਦੇਸਾਈ ਦਾ ਕਹਿਣਾ ਹੈ ਕਿ, "ਸਾਡੀ ਜਾਂਚ ਦੌਰਾਨ ਸਾਰੇ ਫੁਟੇਜ ਇਸ ਮਾਮਲੇ ਦੀ ਜਾਂਚ ਕਰਨ ਵਾਲੀ ਸੰਸਦੀ ਸੰਮਤੀ ਨੂੰ ਦੇ ਦਿੱਤੇ ਗਏ।" ਅਪਰਾਧ ਸ਼ਾਖਾ ਸਰਦੇਸਾਈ ਸਮੇਤ ਇਸ ਸਿਟੰਗ ਅਪਰੇਸ਼ਨ 'ਚ ਹਿੱਸਾ ਲੈਣ ਵਾਲੇ ਉਹਨਾਂ ਦੇ ਸਹਿਯੋਗੀਆਂ ਨੂੰ ਵੀ ਪੁੱਛਗਿੱਛ ਲਈ ਬੁਲਾਏਗੀ। ਅਮਰ ਸਿੰਘ ਦੇ ਕਰੀਬੀ ਸੂਤਰਾਂ ਨੇ ਕੁਲਕਰਨੀ ਦੇ ਦੋਸ਼ਾਂ ਦਾ ਜੁਆਬ ਤਿਆਰ ਕਰ ਲਿਆ ਹੈ। ਅਮਰ ਸਿੰਘ ਦਾ ਬੁਨਿਆਦੀ ਅਧਾਰ ਇਹ ਹੈ ਕਿ ਵੋਟ ਲਈ ਨੋਟ ਕੋਈ ਅਪਰਾਧ ਨਹੀਂ। ਕਿਉਂਕਿ ਭਾਜਪਾ ਦੇ ਤਿੰਨ ਸਾਂਸਦਾਂ ਨੇ ਵੋਟ ਨਹੀਂ ਦਿੱਤਾ ਪਰ ਘਟਨਾਵਾਂ ਤੋਂ ਇਸ ਦਲੀਲ ਦੀ ਪੁਸ਼ਟੀ ਨਹੀਂ ਹੁੰਦੀ। ਅਮਰ ਸਿੰਘ ਨੇ ਆਪਣੀ ਪੁੱਛਗਿੱਛ ਕਰਨ ਵਾਲਿਆਂ ਨੂੰ ਇਹ ਦੱਸਕੇ ਅਚੰਭੇ 'ਚ ਪਾ ਦਿੱਤਾ ਕਿ ਉਹਨਾਂ ਨੂੰ ਪਤਾ ਹੈ ਕਿ ਹਿੰਦੁਸਤਾਨੀ ਜਿਸ ਨੇ ਤਿੰਨ ਸੰਸਦਾਂ ਨੂੰ ਸਕਸੈਨਾ ਨਾਲ ਮਿਲਣ 'ਚ ਮਦਦ ਕੀਤੀ ਨੇ ਅਪਰਾਧ ਸ਼ਾਖਾ ਦੇ ਸਾਹਮਣੇ ਮੰਨ ਲਿਆ ਹੈ ਕਿ ਉਹ ਮੁਹਿੰਮ ਦਾ ਮੁਖੀ ਸੀ ਅਤੇ ਉਸ ਨੇ ਕੈਮਰੇ ਦੇ ਸਾਹਮਣੇ ਅਮਰ ਸਿੰਘ ਤੇ ਅਹਿਮਦ ਪਟੇਲ ਨੂੰ ਫਸਾਉਣ ਲਈ ਸੰਸਦਾਂ ਦੀ ਵਰਤੋਂ ਕੀਤੀ। ਅਮਰ ਸਿੰਘ ਨੇ ਅਧਿਕਾਰੀਆਂ ਮੂਹਰੇ ਖੁਲਾਸਾ ਕੀਤਾਕਿ ਹਿੰਦੁਸਤਾਨੀ ਨੇ ਕਿਸ ਤਰ੍ਹਾਂ ਕਿਹਾ ਕਿ ਵੋਟ ਤੋਂ ਇੱਕ ਦਿਨ ਪਹਿਲਾਂ ਰਾਤ ਨੂੰ ਦਿੱਲੀ ਦੇ ਲੀ ਮੇਰਿਡਅਮ ਹੋਟਲ 'ਚ ਪਟੇਲ ਨੂੰ ਸਪਾਈ ਕੈਮਰੇ ਮੂਹਰੇ ਰਿਕਾਰਡ ਕਰਨ ਦੀ ਕੋਸ਼ਿਸ਼ ਨਾਕਾਮ ਹੋ ਗਈ। ਅਪਰਾਧ ਸ਼ਾਖਾਦੇ ਅਧਿਕਾਰੀਆਂ ਨੇ ਅਮਰ ਸਿੰਘ ਨੂੰ ਦੱਸਿਆ ਕਿ ਉਹਨਾਂ ਨੇ ਉਹਨਾਂ ਖਾਤਿਆਂ ਦਾ ਪਤਾ ਲਾ ਲਿਆ ਹੈ। ਜਿੱਥੋਂ ਪੈਸਾ ਕੱਢਿਆ ਗਿਆ ਸੀ ਅਤੇ ਉਹਨਾਂ ਦੇ ਪਹਿਲਾਂ ਦੇ ਕੇਸ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ। ਮੰਨਿਆ ਜਾਂਦਾ ਹੈ ਕਿ ਅਮਰ ਸਿੰਘ ਨੇ ਇਹਨਾਂ ਖਾਤਿਆਂ 'ਚੋਂ ਆਪਣੇ ਜਾਂ ਪਟੇਲ ਦੇ ਸਬੰਧਿਤ ਹੋਣ ਦੇ ਸਬੂਤ ਮੰਗੇ। ਮੰਨਿਆ ਜਾਂਦਾ ਹੈ ਕਿ ਉਹਨਾਂ ਨੇ ਅਪਰਾਧ ਸ਼ਾਖਾ ਨੂੰ ਦਿੱਤੀ ਗਈ ਕੁਲ ਸਤੇ ਦੀ ਗਵਾਹੀ ਵੱਲ ਇਸ਼ਾਰਾ ਕੀਤਾ। ਜਿਸ 'ਚ ਕਿਹਾ ਹੈ "ਮੈਂ ਅਮਰ ਸਿੰਘ ਨੂੰ ਕਦੀ ਨਹੀਂ ਮਿਲਿਆ" ਕੁਲਸਤੇ ਨੂੰ ਟੇਪ 'ਤੇ ਇਹ ਕਹਿੰਦੇ ਸੁਣਿਆ ਗਿਆ। "ਪੈਸਾ ਕਿੱਥੋਂ ਆਇਆ, ਅਰੁਣ ਜੀ ਨੂੰ ਪਤਾ ਹੈ" ਉਹਨਾਂ ਨੇ ਸੰਸਦੀ ਸੰਮਤੀ ਅਤੇ ਦਿੱਲੀ ਪੁਲਸ ਦੇ ਸਾਹਮਣੇ ਸੈਕਸੈਨਾ ਦੇ ਬਿਆਨ ਵੱਲ ਵੀ ਸੰਕੇਤ ਕੀਤਾ ਕਿ ਉਹਨਾਂ ਨੇ ਜੇਤਲੀ ਦੇ ਅਕਬਰ ਰੋਡ ਸਥਿਤ ਘਰ ਤੋਂ ਪੈਸੇ ਵਾਲਾ ਥੈਲਾ ਲਿਆ। ਅਮਰ ਸਿੰਘ ਚਾਹੁੰਦੇ ਹਨ ਕਿ ਦਿੱਲੀ ਪੁਲਸ ਜੇਤਲੀ ਤੇ ਕੁਲਕਰਨੀ ਦੀ ਜਾਂਚ ਕਰੇ। ਜਿਹਨਾਂ ਨੇ ਹਿੰਦੁਸਤਾਨੀ ਅਤੇ ਖਬਰੀ ਚੈਨਲ ਨਾਲ ਮਿਲਕੇ ਸਾਜਿਸ਼ ਰਚੀ ਸੀ। ਟੇਪ 'ਚ ਸੈਕਸੈਨਾ ਤੇ ਸਮਾਜਵਾਦੀ ਪਾਰਟੀ ਨੇਤਾ ਰੇਣਤੀ ਰਮਨ ਸਿੰਘ ਸਾਂਸਦਾਂ ਨੂੰ ਨਕਦੀ ਦਿੱਤੇ ਜਾਣ ਤੇ ਸੌਦੇ ਬਾਰੇ ਗੱਲਬਾਤ ਕਰਦੇ ਸੁਣ ਗਏ ਹਨ। ਇਸ ਸਬੰਧ 'ਚ ਪੁੱਛੇ ਜਾਣ 'ਤੇ ਅਮਰ ਸਿੰਘ ਜ਼ੋਰ ਦੇ ਕੇ ਕਹਿੰਦੇ ਹਨ ਕਿ ਉਹਨਾਂ ਨੇ ਕਿਤੇ ਇਹ ਨਹੀਂ ਕਿਹਾ ਹੈ ਕਿ ਪੈਸਾ ਵੋਟ ਖਰੀਦਣ ਲਈ ਹੈ। ਉਹਨਾਂ ਇਹ ਵੀ ਕਿਹਾ ਹੈ ਕਿ ਦੋ ਸਾਂਸਦਾਂ ਦਾ ਇਕ ਕਾਰ 'ਚੋਂ ਉਹਨਾਂ ਦੇ ਘਰ ਆਉਣਾ ਇਹ ਸਾਬਤ ਨਹੀਂ ਕਰਦਾ ਕਿ ਉਹਨਾਂ ਨੂੰ 22 ਜੁਲਾਈ ਸਵੇਰੇ ਮਿਲੇ ਸਨ। ਉਹ ਉਸ ਕਾਰ ਦਾ ਆਪਣੇ ਘਰ ਆਉਣ ਨੂੰ 'ਸਾਜਿਸ਼' ਦਾ ਹਿੱਸਾ ਮੰਨਦੇ ਹਨ। ਉਹਨਾਂ ਤੋਂ ਫਿਰ ਪੁਛਗਿੱਛ ਹੋਵੇਗੀ। ਸੁਪਰੀਮ ਹਕੀਕਤ ਜਾਨਣਾ ਚਾਹੁੰਦੀ ਹੈ। ਕੀ ਸਾਨੂੰ ਕਦੀ ਪਤਾ ਲੱਗੂ? ਕੇਸ ਦੇ ਵੱਖ-ਵੱਖ ਗਵਾਹਾਂ ਦੇ ਗੁਮਰਾਹ ਕਰਨ

ਵਾਲੇ ਜੁਆਬਾਂ ਨੇ ਜਾਇਜ ਸੁਆਲਾਂ ਨੂੰ ਟਾਲ ਦਿੱਤਾ ਹੈ ਪਰ ਇਸ ਘਟੀਆ ਕਹਾਣੀ ’ਚ ਸਿੰਘ ਦੇਵ ਦੀ ਪ੍ਰਧਾਨਗੀ ਵਾਲੀ ਸੰਸਦੀ ਸੰਮਤੀ ਦੇ ਵਰਤਾਅ ਤੋਂ ਵੱਧ ਸ਼ਾਇਦ ਕੁਝ ਵੀ ਡੂੰਘਾ ਨਹੀਂ ਹੈ। ਸਿੰਘ ਦੇਵ ਨੇ ਇਸ ਭੇਦ ਦੇ ਕੇਂਦਰ ਅਮਰ ਸਿੰਘ ਨੂੰ ਤਲਬ ਕਰਨੋ ਨਾਂਹ ਕੀਤੀ। ਕਾਰਣ? ਸਿੰਘ ਦੇਵ ਅਨੁਸਾਰ ਰਾਜਸਭਾ ਦੇ ਇਕ ਮੈਂਬਰ ਨੂੰ ਉਸੇ ਸੰਮਤੀ ਸਾਹਮਣੇ ਬਹੁਤ “ਜਟਿਲ” ਅਮਲ ਸੀ। ਇਸ ਦਲੀਲ ’ਚ ਦਮ ਨਹੀਂ। ਮਨਮੋਹਨ ਸਰਕਾਰ ਆਪਣੀ ਭਰੋਸੇਯੋਗਤਾ ਬਣਾਈ ਰੱਖਣਾ ਚਾਹੇ ਤਾਂ ਬੇਹਤਰ ਕੰਮ ਕਰੇ।

# ਕੀ ਹੈ ਗੈਰ ਕਾਨੂੰਨੀ ਵਿਤ ਵਹਾਅ ਬੁਨਾਮ ਡਕੈਤੀ ਦੇ ਪੈਸੇ ਦੇ ਨਿਕਾਸ ਦਾ ਵੱਡਾ ਪਰਨਾਲਾ?

ਗਲੋਬਲ ਫਾਇਨੈਂਸ਼ੀਅਲ ਇੰਟਸਰਿਟੀ ਵਲੋਂ ਕਰਾਏ ਇਕ ਨਵੇਂ ਅਧਿਐਨ ਭਾਰਤ ਤੋਂ ਦੇਸ਼ੋਂ ਬਾਹਰ ਜਾਣ ਵਾਲੇ ਧਨ ਦੌਲਤ (ਗ਼ੈਰ ਕਾਨੂੰਨੀ ਵਿਤੀ ਵਹਾਅ) ਨਾਲ ਹਰ 24 ਘੰਟੇ 'ਚ ਔਸਤਨ 240 ਕਰੋੜ ਰੁਪਏ ਦਾ ਨੁਕਸਾਨ ਹੁੰਦਾ ਹੈ। ਸਾਲ 1948 ਤੋਂ 2008 ਦਰਮਿਆਨ ਗੈਰ ਕਾਨੂੰਨੀ ਪੂੰਜੀ ਦੀ ਉਡਾਣ ਨਾਲ ਦੇਸ਼ ਨੂੰ 213 ਬਿਲੀਅਨ ਡਾਲਰ (ਮੋਟੇ ਤੌਰ 'ਤੇ 9.7 ਲੱਖ ਕਰੋੜ ਰੁਪਏ) ਦਾ ਹਰਜਾ ਹੋਇਆ ਹੈ। ਪਰ ਗਲੋਬਲ ਫਾਇਨੈਂਸ਼ੀਅਲ ਇਟਰਗਿਟੀ (GFI) ਦੇ ਅਧਿਐਨ ਮੁਤਾਬਕ ਇਸ ਵਿੱਚੋਂ 125 ਬਿਲੀਅਨ ਡਾਲਰ (5.7 ਲੱਖੀ ਕਰੋੜ ਰੁਪਏ) ਤੋਂ ਵੱਧ ਦਾ ਹਰਜਾ ਸਾਲ 2000 ਤੋਂ 2008 ਵਿਚਕਾਰ ਹੋਇਆ ਹੈ। ਗਲੋਬਲ ਫਾਇਨੈਂਸ਼ੀਅਲ ਇੰਟਰਗ੍ਰਿਟੀ ਕਹਿੰਦਾ ਹੈ ਕਿ ਇਹ "ਨਜ਼ਾਇਜ਼ ਵਿਤੀ ਵਹਾਅ ਆਮ ਤੌਰ 'ਤੇ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਤੇ ਦਲਾਲੀ, ਅਪਰਾਧਿਕ ਸਰਗਰਮੀਆਂ ਤੇ ਦੇਸ਼ ਦੇ ਟੈਕਸ ਅਧਿਕਾਰੀਆਂ ਤੋਂ ਜਾਇਦਾਦ ਨੂੰ ਛੁਪਾਉਣ ਦੇ ਯਤਨਾ ਦਾ ਸਿੱਟਾ ਸੀ।" ਗਲੋਬਲ ਫਾਇਨਾਸ਼ੀਅਲ ਇੰਟਰਗ੍ਰਿਟੀ ਵਾਸ਼ਿੰਗਟਨ (ਅਮਰੀਕਾ) ਸਥਿਤ ਕੌਮਾਂਤਰੀ ਨੀਤੀ ਕੇਂਦਰ ਦਾ ਇਕ ਪ੍ਰੋਗਰਾਮ ਹੈ। ਇਹ ਇਕ ਗੈਰ ਲਾਭਦਾਇਕ ਖੋਜ ਤੇ ਐਡਵੋਕੇਸੀ ਸੰਸਥਾ ਜੋ ਐਸੀ 'ਕੌਮਾਂਤਰੀ ਤੇ ਬਹੁਪੱਖੀ ਨੀਤੀਆਂ ਸੁਰੱਖਿਆ ਉਪਾਵਾਂ ਤੇ ਸਮਝੌਤਿਆਂ ਨੂੰ ਹੱਲਾਸ਼ੇਰੀ ਕਰਦੀ ਹੈ। ਜਿਸ ਦਾ ਉਦੇਸ਼ ਮੁਦਰਾ ਦੇ ਸੀਮਾ ਪਾਰ ਗੈਰ-ਕਾਨੂੰਨੀ ਪ੍ਰਵਾਹ ਨੂੰ ਰੋਕਣਾ ਹੈ।" 2004 ਤੋਂ ਲੈ ਕੇ 2008 ਤਕ ਸਿਰਫ਼ ਪੰਜ ਸਾਲਾਂ ਦੇ ਦਰਮਿਆਨ ਹੀ ਇਸ ਤਰ੍ਹਾਂ ਦੇ ਵਹਾਅ ਨਾਲ ਦੇਸ਼ ਨੂੰ ਮੋਟੇ ਤੌਰ 'ਤੇ 4.3 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਜਾਣੀ ਕਿ ਅੱਜਕੱਲ੍ਹ ਸੰਸਦ ਤੇ ਮੀਡੀਆ 'ਚ ਛਾਏ ਟੂ-ਜੀ ਸਪੈਕਟ੍ਰਮ ਘਪਲੇ ਦੀ ਰਾਸ਼ੀ ਨਾਲ ਲਗਭਗ ਢਾਈ ਗੁਣਾ ਵੱਧ। ਭਾਰਤ ਦੇ ਕੰਟਰੋਲਰ ਮਹਾਂਲੇਖਾ ਪ੍ਰੀਖਕ (ਕੈਗ) ਨੇ 2-ਜੀ ਘਪਲੇ ਨੂੰ ਲਗਭਗ 18 ਲੱਖ ਕਰੋੜ ਮੰਗਿਆ ਹੈ। ਗਲੋਬਲ ਫਾਇਨਾਂਸੀਅਲ ਇੰਟਗ੍ਰਿਟੀ ਨੇ ਕਿਹਾ ਹੈ ਕਿ ਉਹਨਾਂ ਗੈਰ ਕਾਨੂੰਨੀ ਵਹਾਅ 'ਤੇ ਵਾਪਸੀ ਦਰ ਨੂੰ ਜੋੜ ਦਿੱਤਾ ਜਾਵੇ ਤਾਂ 213 ਬਿਲੀਅਨ ਡਾਲਰ ਦਾ ਮੌਜੂਦਾ ਮੁੱਲ 462 ਬਿਲੀਅਨ ਡਾਲਰ (21 ਲੱਖ ਕਰੋੜ ਰੁਪਏ) ਦੇ ਅੰਕੜੇ 'ਤੇ ਪੁੱਜ ਜਾਵੇਗਾ। ਹੈਰਾਨੀਜਨਕ ਤੌਰ 'ਤੇ ਸਾਲ 2004 ਤੋਂ 2008 ਵਿਚਕਾਰ ਜੋ ਰਕਮ ਦੇਸ਼ ਤੋਂ ਬਾਹਰ ਗਈ। ਉਹ 96 ਬਿਲਿਅਨ ਡਾਲਰ ਤੋਂ ਵੱਧ ਸੀ ਜਿਵੇਂ ਕਿ ਰੀਪੋਟ ਦੇ ਲੇਖਕ ਦੇਵਕਰ ਨੇ ਦਾ ਹਿੰਦੂ ਅਖਬਾਰ ਨੂੰ ਦੱਸਿਆ ਹੈ ਕਿ "ਭਾਰਤ 'ਚ ਸਾਲ 193 ਬਿਲੀਅਨ ਡਾਲਰ ਦੀ ਔਸਤ ਪੂੰਜੀਦਰ ਨਾਲ ਪੂੰਜੀ ਖੋਤੀ ਜਾ ਰਹੀ ਹੈ। ਭਾਰਤ ਪੂੰਜੀ ਦੇ ਅਜਿਹੇ ਨੁਕਸਾਨ ਨੂੰ ਅਨਦੇਖਾ ਨਹੀਂ ਕਰ ਸਕਦਾ ਹੈ।" ਜਿਵੇਂ ਕਿ ਰੀਪੋਟ 'ਚ ਪੇਸ਼ ਕੀਤਾ ਗਿਆ ਹੈ ਕਿ "ਜੇ ਭਾਰਤ ਨੇ ਪੂੰਜੀ ਨੁਕਸਾਨ ਦੇ ਇਸ ਢੇਰ ਤੋਂ ਬਚਣ ਦਾ ਇੰਤਜਾਮ ਕੀਤਾ ਹੁੰਦਾ ਤਾਂ ਦੇਸ਼ ਆਪਣੇ ਕੁਲ ਬਾਹਰੀ ਦਰਜ 230.6 ਬਿਲੀਅਨ ਡਾਲਰ (ਸਾਲ 2008 ਦੇ ਅੰਤ ਵਿੱਚ) ਦਾ ਭੁਗਤਾਨ ਕਰ ਸਕਦਾ ਸੀ ਅਤੇ ਇਸ ਪਿਛੋਂ ਵੀ ਉਸ ਦੇ ਪਾਸ ਗਰੀਬੀ ਹਟਾਓ ਤੇ ਆਰਥਿਕ ਵਿਕਾਸ ਪ੍ਰੋਗਰਾਮ ਲਈ ਅੱਧੀ ਰਾਸ਼ੀ ਬਾਕੀ ਰਹਿ ਜਾਂਦੀ ਹੈ।" ਸਾਲ 2004-08 ਦੀ ਰਫਤਾਰ 'ਤੇ (ਅੱਜ ਇਹ ਰਫਤਾਰ ਤੇਜ ਹੋ ਗਈ ਹੈ) ਰੋਜਾਨਾ

ਔਸਤਾਨ ਕਰੀਬ 240 ਰੁਪਏ ਦੀ ਦਰ ਨਾਲ ਅਰਥਚਾਰੇ ਦੀਆਂ ਧਮਨੀਆਂ ਤੋਂ ਬਾਹਰ ਨਿਕਲ ਰਿਹਾ ਹੈ। ਗਲੋਬਲ ਫਾਇਨਾਂਸ਼ੀਅਲ ਇੰਟਗ੍ਰਿਟੀ ਦੇ ਡਾਇਰੈਕਟਰ ਰੇਅਮੰਡ ਡਬਲਯੂ ਬੈਕਰ ਨੇ ਰੀਪੋਟ ਦੀ ਭੂਮਿਕਾ 'ਚ ਕਿਹਾ ਹੈ ਕਿ 462 ਬਿਲਿਅਨ ਵੀ "ਇਕ ਮੋਟਾ ਅੰਦਾਜਾ ਹੀ ਹੈ ਇਸ 'ਚ ਤਸੱਕਰੀ, ਵਪਾਰ 'ਚ ਗਲਤ ਕੀਮਤ ਲਾਉਣ ਦੇ ਤਰੀਕਿਆਂ ਤੇ ਮੁਹੱਈਆ ਅੰਕੜਿਆਂ 'ਚ ਖਾਮੀਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ।" ਇਹਨਾਂ ਸਭ ਗੱਲਾਂ ਨੂੰ ਸ਼ਾਮਲ ਕਰ ਲਵੋ ਤਾਂ "ਇਹ ਅੰਕਲਨ ਪੂਰੀ ਤਰ੍ਹਾਂ ਤਰਕਸੰਗਤ ਸੰਗਤ ਹੋਵੇਗਾ ਕਿ ਅਜ਼ਾਦੀ ਦੇ ਬਾਅਦ ਤੋਂ ਹੁਣ ਤਕ ਅੱਧੇ ਤੋਂ ਵੱਧ ਟ੍ਰਿਲੀਅਨ ਡਾਲਰ ਭਾਰਤ ਤੋਂ ਬਾਹਰ ਚਲਾ ਗਿਆ ਹੈ।"

ਗਲੋਬਲ ਫਾਇਨਾਂਸ਼ੀਅਲ ਇੰਟਰਗ੍ਰਿਟੀ ਦੇ ਅਧਿਐਨ ਦੀ ਸੁਰਖੀ ਹੈ, "ਗੈਰ ਕਾਨੂੰਨੀ ਵਿਤ ਵਹਾਅ ਦੀ ਚਾਲਿਕਾ ਅਤੇ ਗਤਿਕੀ 1948-2008 ਇਸ ਦੇ ਲੇਖਕ ਡਾ. ਕਰ ਪੂਰਵ 'ਚ ਕੌਮਾਂਤਰੀ ਮੁਦਰਾਕੋਸ਼ ਦੇ ਇਕ ਉਚ ਅਰਥਸਾਸ਼ਤਰੀ ਸਨ ਅਤੇ ਅੱਜ ਕੱਲ੍ਹ ਗਲੋਬਲ ਫਾਇਨਾਂਸ਼ੀਅਲ ਇੰਟਰਗਿਟੀ ਦੇ ਮੋਹਰੀ ਅਰਥ ਸਾਸ਼ਤਰੀ ਹਨ। ਉਹਨਾ ਨੇ ਗੈਰ ਕਾਨੂੰਨੀ ਵਹਾਅ "ਪ੍ਰਭਾਸ਼ਿਤ ਕਰਦੇ ਹੋਏ ਕਿਹਾ ਹੈ ਕਿ ਇਸ 'ਚ ਇਹ "ਰਾਸ਼ੀ ਸ਼ਾਮਲ ਹੈ ਜੋ ਗੈਰ ਕਾਨੂੰਨੀ ਢੰਗ ਨਾਲ ਇਕੱਠੀ ਕੀਤੀ, ਤਬਦੀਲ ਜਾਂ ਵਰਤੀ ਗਈ ਹੈ। ਜੇ ਦੋਸ਼ ਦੇ ਉਦਮ, ਪ੍ਰਚਾਲਨ ਜਾਂ ਵਰਤੋਂ ਨਾਲ ਕਾਨੂੰਨਾ ਨੂੰ ਤੋੜਿਆ ਗਿਆ ਹੈ ਤਾਂ ਇਹ ਨਜ਼ਾਇਜ ਪੈਸਾ ਹੈ।" ਐਸੀਕੋਸ਼ ਤਬਦੀਲੀ ਦਾ ਉਸ ਦੇ ਦੇਸ਼ 'ਚ ਲੇਖਾ ਜੋਖਾ ਨਹੀਂ ਹੁੰਦਾ ਕਿਉਂਕਿ ਇਹ ਕੰਮ ਉਸ ਰਾਸ਼ਟਰ ਦੇ ਕਾਨੂੰਨਾਂ ਅਤੇ ਬੈਂਕ ਨਿਯਮਾ ਦੀ ਉਲੰਘਣਾ ਕਰਕੇ ਕੀਤਾ ਜਾਂਦਾ ਹੈ। ਅਧਿਐਨ ਕਹਿੰਦਾ ਹੈ ਕਿ ਇਹ ਗੈਰ ਕਾਨੂੰਨੀ ਵਹਾਅ ਏਨੇ ਵੱਡੇ ਪੈਮਾਨੇ 'ਤੇ ਹੋ ਰਿਹਾ ਹੈ ਕਿ "ਸਾਲ 2008 ਦੇ ਅੰਤ 'ਚ ਪੂੰਜੀ ਦੀ ਕੁਲ ਉਡਾਣ ਭਾਰਤ ਦੀ ਕੁਲ ਘਰੇਲੂ ਪੈਦਾਵਾਰ ਦੇ ਲਗਭਗ 16.6 ਫੀਸਦੀ ਦੇ ਸਮਤੁਲ ਸੀ" ਰੀਪੋਟ 'ਚ ਕਿਹਾ ਗਿਆ ਅੰਦਾਜਾ ਸਾਲ 2009 ਦੀ ਚੋਣ ਸਮੇਂ ਮੀਡੀਆ 'ਚ ਪਏ 14 ਟ੍ਰੀਲੀਅਨ ਡਾਲਰ ਦੇ ਅੰਕੜੇ ਤੋਂ ਕਿਤੇ ਘੱਟ ਹੈ। ਇਸ ਦੇ ਬਾਵਜੂਦ ਰੀਪੋਟ ਕਹਿੰਦੀ ਹੈ ਕਿ ਇਹ "ਅੰਕੜਾ ਤਦ ਵੀ ਬੇਚੈਨ ਕਰ ਦੇਣ ਵਾਲੇ ਪੂੰਜੀ ਦੀ ਹਰਜੇ ਨੂੰ ਦਰਸਾਉਂਦਾ ਹੈ।" ਉਕਤ ਅਧਿਐਨ ਦੇ ਅਨੁਸਾਰ ਪੂੰਜ ਦੀ ਗੈਰ ਕਾਨੂੰਨੀ ਉਡਾਣ "ਆਮਦਨ ਫੰਡ ਦੀ ਹਾਲਤ ਨੂੰ ਬਦਤਰ ਬਣਾਉਂਦੀ ਹੈ। ਬਾਹਰੀ ਮਦਦ ਦੀ ਪ੍ਰਭਾਵ ਸੀਸ਼ਲਤਾ ਨੂੰ ਘੱਟ ਕਰ ਦਿੰਦੀ ਹੈ ਅਤੇ ਆਰਥਿਕ ਵਿਕਾਸ 'ਚ ਅੜਿਕਾ ਚਾਹੁੰਦੀ ਹੈ।" ਇਕ ਐਸੇ ਦੇਸ਼ 'ਚ ਇਹ ਇਕ ਸੁਭਾਵਿਕ ਨਤੀਜਾ ਲਗਦਾ ਹੈ ਜਿਥੇ ਗੈਰ ਜੱਥੇਬੰਦ ਖੇਤਰ ਦੇ ਉਪਕਰਣਾ ਨੂੰ ਦੇ ਕੌਮੀ ਕਮਿਸ਼ਨ (NCEUS) ਅਨੁਸਾਰ 8360 ਲੱਖ (ਜਾਂ 836 ਕਰੋੜ) ਲੋਕ ਰੋਜਾਨਾ 20 ਰੁਪਏ ਜਾਂ ਉਸ ਤੋਂ ਘੱਟ ਖਰਚ ਤੇ ਗੁਜਾਰਾ ਕਰ ਰਹੇ ਹਨ। ਗ਼ੈਰ-ਕਾਨੂੰਨੀ ਵਹਾਅ ਭਾਰਤ ਦੀ ਬਰੋਬਰ ਚਲਦੀ ਅਰਥ ਵਿਵਸਥਾ ਦੇ ਇੱਕ ਵੱਡੇ ਹਿੱਸੇ ਦਾ ਵੀ ਨਿਰਮਾਣ ਕਰਦੀ ਹੈ।" ਬਾਹਰੀ ਦੇਸ਼ਾਂ 'ਚ ਰੱਖੀ ਗਈ। ਇਸ ਤਰ੍ਹਾਂ ਦੀ ਨਜਾਇਜ ਧਨ ਦੌਲਤ ਦਾ ਕੁਲ ਮੂਲ ਭਾਰਤ ਦੀ ਅੰਡਰਗਰਾਊਂਡ (ਖੁਫੀਆ) ਅਰਥਚਾਰੇ ਦਾ ਲਗਭਗ 72 ਫੀਸਦੀ ਹਿੱਸੇ ਦੀ ਨੁਮਾਇੰਦਗੀ ਕਰਦੀ ਹੈ। ਕਈ ਖੋਜੀਆਂ ਨੇ ਇਸ ਅੰਡਰ-ਗਰਾਊਂਡ (ਰੂਹਪੋਸ਼) ਅਰਥਚਾਰੇ ਦਾ ਅੰਦਾਜਾ ਭਾਰਤ ਦੀ ਕੁਲ ਪੈਦਾਵਾਰ ਦੇ 50 ਫੀਸਦੀ (ਜਾਂ ਸਾਲ 2008 ਦੇ ਅੰਤ 'ਚ ਲੱਗਭਗ 640 ਬਿਲੀਅਨ ਡਾਲਰ) ਦੇ ਬਰਾਬਰ ਕੀਤਾ ਹੈ। ਇਸ ਦਾ ਮਤਲਬ

ਇਹ ਹੈ ਕਿ ਭਾਰਤ ਦਾ ਅੰਡਰਗਰਾਊਂਡ ਅਰਥਚਾਰੇ ਦੀ ਨਜਾਇਜ ਜਾਇਦਾਦ ਦਾ ਸਿਰਫ਼ ਲਗਭਗ 28 ਫੀਸਦੀ ਹੀ ਦੇਸ਼ ਦੇ ਅੰਦਰ ਰਹਿੰਦਾ ਹੈ।" ਇਹ ਇਸ ਤਰਕ ਨੂੰ (ਹੱਲਾਸ਼ੇਰੀ) ਤਾਕਤ ਮੁਹੱਈਆ ਕਰਦਾ ਹੈ ਕਿ "ਸਰਕਾਰ ਦਾ ਧਿਆਨ ਖਿੱਚਣ ਬਗੈਰ ਜਾਇਦਾਦ ਜਮ੍ਹਾ ਕਰਨ ਦੀ ਚਾਹਤ ਸੀਮਾ ਪਾਰ ਨਜਾਇਜ ਜਾਇਦਾਦ ਦੀ ਤਬਦੀਲੀ ਦੀਆਂ ਮੁਢਲੀਆਂ ਪ੍ਰੇਰਣਾਵਾਂ ਵਿੱਚੋਂ ਇੱਕ ਹੈ। ਗਲੋਬਲ ਫਾਇਨਾਂਸ਼ੀਅਲ ਇੰਟਗਟ੍ਰੀਜ਼ ਦਾ ਅਧਿਐਨ ਹੋਰਨਾ ਗੱਲਾਂ ਤੋਂ ਇਲਾਵਾ ਦੋ ਮਹੱਤਵਪੂਰਨ ਬਿੰਦੂਆਂ ਨੂੰ ਸਾਹਮਣੇ ਲਿਆਉਂਦਾ ਹੈ ਜੋ ਦੇਸ਼ 'ਚ ਚਲ ਰਹੀਆਂ ਬਹਿਸਾਂ ਲਈ ਨਿਸ਼ਚਿਤ ਹੀ ਬਾਲਣ ਦੇਵੇਗਾ। ਪਹਿਲਾਂ 1991 ਦੇ ਸ਼ੁਰੂ ਹੋਏ ਆਰਥਿਕ ਉਦਾਰੀਕਰਣ ਤੇ ਸੁਧਾਰਾਂ ਦੇ ਯੁੱਗ 'ਚ ਪ੍ਰਵਾਹ ਦਾ ਨਾਲਾ ਵੱਡਾ ਹੋ ਕੇ ਨਦੀ ਬਣ ਗਿਆ ਹੈ। ਦੂਜਾ "ਉਚ ਸਕਲ-ਜਾਇਦਾਦ ਦੇ ਮਾਲਕਾਂ ਤੇ ਕੰਪਨੀਆਂ ਨੂੰ ਭਾਰਤ ਦੇ ਨਿੱਜੀ ਖੇਤਰ ਤੋਂ ਨਜਾਇਜ਼ ਬਾਹਰੀ ਵਹਾਅ ਦੇ ਮੁਢਲੇ ਚਾਲਕ ਵਜੋਂ ਪਾਇਆ ਗਿਆ ਹੈ।" ਉਥੇ "ਭਾਰਤ ਦੀ ਭੂਮੀਗਤ ਅਰਥ-ਵਿਵਸਥਾ ਵੀ ਨਜਾਇਜ਼ ਵਿਤੀ ਵਹਾਅ ਦੀ ਇਕ ਮਹੱਤਵਪੂਰਨ ਚਾਲਿਕਾ ਹੈ।"

ਜਿਵੇਂ ਕਿ ਮਿਸਟਰ ਬੈਕਰ ਕਹਿੰਦੇ ਹਨ "ਇਹ ਗੱਲ ਸਪਸ਼ਟ ਹੈ ਕਿ ਸਾਲ 1991-2008 ਦੇ ਸੁਧਾਰਾਂ ਬਾਅਦ ਦੇ ਅਰਸੇ 'ਚ ਵਟਾਂਦਰੇ ਤੇ ਵਪਾਰ ਉਦਾਰੀਕਰਨ ਦੇ ਮਾਮਲੇ ਨੇ ਭਾਰਤ ਅਰਥਚਾਰੇ ਦੀ ਨਜਾਇਜ ਮੁਦਰਾ ਦੇ ਬਾਹਰੀ ਵਹਾਅ ਨੂੰ ਤੇਜ ਕਰ ਦਿੱਤਾ ਹੈ। ਵਪਾਰ 'ਚ ਗਲਤ ਕੀਮਤ ਪੈਦਾ ਕਰਨ ਦੇ ਮੌਕਿਆਂ 'ਚ ਵਾਧਾ ਹੋਇਆ ਹੈ ਅਤੇ ਵਿਸ਼ਵੀ ਪ੍ਰਛਾਵਾਂ ਵਿਤੀ ਵਿਵਸਥਾ ਦੇ ਵਿਸਥਾਰ ਨੇ ਗਰਮ ਮੁਦਰਾ ਨੂੰ ਸਮਾਯੋਜਿਤ ਕਰ ਲਿਆ ਹੈ। ਖਾਸ ਕਰਕੇ ਅਜਾਹ ਦੀਪ ਸਮੂਹਾਂ 'ਚ ਗੁਪਤ ਖੇਤਰ ਧਿਕਾਰ 'ਚ ਸਥਿਤੀ ਪ੍ਰਚਛਨਣ ਕੰਪਨੀਆਂ ਨੇ ਭਾਰਤ ਤੋਂ ਅਰਬਾਂ ਡਾਲਰ ਬਾਹਰ ਲੈ ਜਾਣਾ ਅਸਾਨ ਬਣਾ ਦਿੱਤਾ ਹੈ। ਜੋ ਚਾਰੋਂ ਪਾਸੇ ਘੁੰਮ ਕੇ ਅਲਪਕਾਲਿਕ ਤੇ ਲੰਮੇ ਦਾਅ ਤੋਂ ਨਿਵੇਸ਼ ਵਜੋਂ ਵਾਪਸ ਆਉਂਦੀ ਹੈ। ਅਕਸਰ ਹੀ ਫਿਰ ਤੋਂ ਅਜਿਹੇ ਤਬਾਦਲੇ ਦੇ ਮਕਸਦ ਨਾਲ ਜੋ ਰਿਕਾਰਡ 'ਚ ਦਰਜ ਨਾ ਹੋਵੇ ਅਤੇ ਇਹ ਚੱਕਰ 'ਚ ਖੁਦ ਨੂੰ ਮਜ਼ਬੂਤ ਕਰਦਾ ਰਹਿੰਦਾ ਹੈ।"

## ਕਰੰਸੀ ਨੋਟਾਂ ਸਬੰਧੀ

# ਕੀ ਕਾਨੂੰਨੀ ਤੌਰ 'ਤੇ ਗਾਂਧੀ ਰਾਸ਼ਟਰ ਪਿਤਾ ਹੈ?

ਕੀ ਮਹਾਤਮਾ ਗਾਂਧੀ ਨੂੰ ਰਾਸ਼ਟਰ ਪਿਤਾ ਐਲਾਨਣ ਦਾ ਫੈਸਲਾ ਭਾਰਤ ਸਰਕਾਰ ਨੇ ਕਦੀ ਨਹੀਂ ਲਿਆ? ਕੀ ਭਾਰਤ ਸਰਕਾਰ ਦੀ ਕੇਂਦਰੀ ਮੁਦਰਾ (ਕਰੰਸੀ ਨੋਟ) 'ਤੇ ਛਪ ਰਹੀ ਮਹਾਤਮਾ ਗਾਂਧੀ ਦੀ ਤਸਵੀਰ ਕਾਨੂੰਨ ਨੁਕਤੇ 'ਤੋਂ ਜਾਇਜ ਹੈ? ਕੀ ਹੁਣ ਭਾਰਤ ਸਰਕਾਰ (ਰਿਜਰਵ ਬੈਂਕ) ਨੋਟ 'ਤੇ ਛਪ ਰਹੀ ਗਾਂਧੀ ਦੀ ਤਸਵੀਰ ਬਾਰੇ ਪੁਨਰ ਵਿਚਾਰ ਕਰ ਰਹੀ ਹੈ? ਦੇਸ਼ ਤੇ ਕਾਨੂੰਨ ਦੀ ਆਮ ਸਮਝ ਰੱਖਣ ਵਾਲਾ ਕੋਈ ਵੀ ਬੰਦਾ ਇਹਨਾਂ ਤਿੰਨਾਂ ਸੁਆਲਾਂ ਦਾ ਜੁਆਬ ਨਾਂਹ ਵਿੱਚ ਹੀ ਦੇਵੇਗਾ। ਪਰ ਅਸਲੀਅਤ ਇਹ ਹੈ ਕਿ ਇਹਨਾਂ ਤਿੰਨਾਂ ਸੁਆਲਾਂ ਦੇ ਜੁਆਬ 'ਹਾਂ' ਵਿੱਚ ਹਨ। ਇਸ ਲਈ ਹੁਣ ਇਹ ਮੁੱਦਾ ਇਕ ਕਾਨੂੰਨ ਦੀ ਸ਼ਕਲ ਅਖਤਿਆਰ ਕਰ ਚੁੱਕਿਆ ਹੈ। ਪਹਿਲਾਂ ਕਰੰਸੀ ਨੋਟ ਵਾਲਾ ਮਾਮਲਾ। ਦਰਅਸਲ 1947 ਤੋਂ ਪਹਿਲਾਂ ਅੰਗ੍ਰੇਜ਼ੀ ਰਾਜ ਸਮੇਂ ਜਾਰਜ ਪੰਜਵੇਂ ਦੀ ਤਸਵੀਰ ਵਾਲੇ ਨੋਟ ਚਲਦੇ ਸਨ। ਸੰਨ 1947 'ਚ ਅਜ਼ਾਦੀ ਪਿੱਛੋਂ ਭਾਰਤ ਦੇ ਰਾਜ ਚਿੰਨ ਅਸ਼ੋਕ ਚੱਕਰ ਨੂੰ ਕਰੰਸੀ ਨੋਟ 'ਚ ਜਗਾਹ ਦਿੱਤੀ ਗਈ। ਇਹ ਫੈਸਲਾ 11 ਸਤੰਬਰ 1947 ਨੂੰ ਉਸ ਵੇਲੇ ਦੀ ਕੈਬਨਿਟ ਨੇ ਲਿਆ ਸੀ। ਦਿਲਚਸਪ ਗੱਲ ਇਹ ਹੈ ਕਿ ਜੇ ਅੱਜ ਤੁਸੀਂ ਸਰਕਾਰ ਤੋਂ ਇਸ ਫੈਸਲੇ ਪ੍ਰਤੀ ਸੂਚਨਾ ਅਧਿਕਾਰ ਕਾਨੂੰਨ ਤਹਿਤ ਪੁੱਛੋਗੇ ਤਾਂ ਵੀ ਨਹੀਂ ਮਿਲਣੀ ਕਿਉਂਕਿ ਸਰਕਾਰ ਨੇ ਸਪਸ਼ਟ ਕਿਹਾ ਹੈ ਕਿ ਇਸ ਸਬੰਧ 'ਚ ਰਿਕਾਰਡ ਜਾਂ ਦਸਤਾਵੇਜ ਮੁਹੱਈਆ ਨਹੀਂ ਹਨ। ਯਾਨੀ ਸਰਕਾਰ ਨੇ ਅਸ਼ੋਕ ਸਤੰਭ ਦੀ ਵਰਤੋਂ ਕਰੰਸੀ ਨੋਟ 'ਤੇ ਕਰਨ ਦਾ ਫੈਸਲਾ ਤਾਂ ਕੀਤਾ ਸੀ ਪਰ ਉਸ ਦਾ ਵੇਰਵਾ ਮੁਹੱਈਆ ਨਹੀਂ ਹੈ। ਹਾਲ ਦੀ ਘੜੀ ਨੋਟ 'ਤੇ ਅਸ਼ੋਕ ਸਤੰਭ ਸ਼ਾਨ ਨਾਲ ਮੌਜੂਦ ਰਿਹਾ 1989 ਤੱਕ। 1989 ਤੋਂ 1995 ਵਿਚਕਾਰ ਵਿੱਤ ਮੰਤਰਾਲੇ ਨੇ ਆਪਣੀ ਪੱਧਰ ਤੇ ਫੈਸਲਾ ਲਿਆ ਤੇ ਉਸ ਉੱਪਰ ਅਮਲ ਵੀ ਕੀਤਾ ਕਿ ਸਾਰੇ ਕਰੰਸੀ ਨੋਟਾਂ 'ਚ ਸਿਰਫ਼ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਤਸਵੀਰ ਛਾਪੀ ਜਾਵੇਗੀ। ਇਸ ਫੈਸਲੇ 'ਤੇ 6 ਸਾਲਾਂ 'ਚ ਪੜਾਅ ਵਾਰ ਤਰੀਕੇ ਨਾਲ ਅਮਲ ਕੀਤਾ ਗਿਆ ਅਤੇ 10 ਰੁਪਏ ਤੋਂ ਲੈ ਕੇ 1000 ਰੁਪਏ ਤੱਕ ਦੇ ਸਾਰੇ ਨੋਟਾਂ 'ਤੇ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਨੇ ਅਸ਼ੋਕ ਸਤੰਭ ਦੀ ਥਾਂ ਲੈ ਲਈ। ਵਿੱਤ ਮੰਤਰਾਲੇ ਦੇ ਉਪ ਪ੍ਰਬੰਦਕ ਵੀ. ਕੇ. ਵੇਲੁਕੁਟੀ ਨੇ 28 ਅਗਸਤ 1996 ਨੂੰ ਸਮਾਜਿਕ ਵਰਕਰ ਰਤਨ ਲਾਲ ਕੇਨ ਦੀ ਚਿੱਠੀ ਦੇ ਜੁਆਬ ਵਿੱਚ ਸਪਸ਼ਟ ਕੀਤਾ ਕਿ ਸਰਕਾਰ ਨੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਤਸਵੀਰ ਤੋਂ ਇਲਾਵਾ ਕਿਸੇ ਹੋਰ ਫੋਟੋ ਨੂੰ ਨੋਟਾਂ 'ਤੇ ਨਾ ਛਾਪਣ ਦਾ ਫੈਸਲਾ ਲਿਆ ਸੀ। ਇਸ ਵੇਰਵੇ ਤੋਂ ਵੀ ਲੱਗਦਾ ਹੈ ਕਿ ਸਭ ਕੁਝ ਠੀਕ ਹੀ ਹੋਇਆ ਹੈ ਪਰ ਦਰਅਸਲ ਇੰਨੀਆਂ ਪ੍ਰੀਕ੍ਰਿਆਵਾਂ 'ਚ ਤਿੰਨ ਮਹੱਤਵਪੂਰਨ ਕਾਨੂੰਨਾਂ ਦੀ ਉਲੰਘਣਾ ਹੋ ਚੁੱਕੀ ਸੀ ਤੇ ਮਹਾਤਮਾ ਗਾਂਧੀ ਦੇ ਰਾਸ਼ਟਰ ਪਿਤਾ ਹੋਣ ਦੀ ਗਲਤ ਬਿਆਨੀ ਵੀ ਹੋ ਚੁੱਕੀ ਸੀ।

22 ਫਰਵਰੀ ਨੂੰ ਉਸ ਵੇਲੇ ਦੇ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਉਸ ਵੇਲੇ ਦੇ ਰੱਖਿਆ ਮੰਤਰੀ ਜਾਰਜ ਫਰਨਾਂਡਿਸ ਨੂੰ ਚਿੱਠੀ ਲਿਖ ਕੇ ਸੂਚਨਾ ਦਿੱਤੀ ਸੀ ਕਿ ਡਾ. ਭੀਮਰਾਓ ਅੰਬੇਦਕਰ ਨੂੰ ਸਰਕਾਰ ਸ਼ਰੇਆਮ 'ਭਾਰਤੀ ਸੰਵਿਧਾਨ

ਦੇ ਪਿਤਾਮਾ' ਦੀ ਉਪਾਧੀ ਨਹੀਂ ਦੇ ਸਕਦੀ। ਇਸ ਲਈ ਪੱਤਰ 'ਚ ਭਾਰਤੀ ਸੰਵਿਧਾਨ ਦੀ ਧਾਰਾ 18 (1) ਦਾ ਹਵਾਲਾ ਵੀ ਦਿੱਤਾ ਗਿਆ ਹੈ। ਜੋ ਕਿਸੇ ਬੰਦੇ ਨੂੰ ਐਸੀ ਪਦਵੀ ਜਾਂ ਖਿਤਾਬ ਦੇਣ ਤੋਂ ਸਰਕਾਰ ਨੂੰ ਰੋਕਦੀ ਹੈ। ਇਸ ਚਿੱਠੀ 'ਚ ਅਡਵਾਨੀ ਨੇ ਸਾਫ਼-ਸਾਫ਼ ਇਹ ਵੀ ਲਿਖਿਆ ਕਿ ਮਹਾਤਮਾ ਗਾਂਧੀ ਨੂੰ ਲੋਕ ਰਾਸ਼ਟਰ ਪਿਤਾ ਦੇ ਨਾਂ ਨਾਲ ਬੁਲਾਉਂਦੇ ਹਨ ਪਰ ਐਸਾ ਕੋਈ ਖਿਤਾਬ ਜਾਂ ਉਪਾਧੀ ਸਰਕਾਰ ਨੇ ਰਵਾਇਤੀ ਤੌਰ 'ਤੇ ਕਦੀ ਨਹੀਂ ਦਿੱਤੀ ਹੈ। ਅੰਬੇਦਕਰ ਦੇ ਬਹਾਨੇ ਮਹਾਤਮਾ ਗਾਂਧੀ ਬਾਰੇ ਜਦ ਲਾਲ ਕ੍ਰਿਸ਼ਨ ਅਡਵਾਨੀ ਨੇ ਸਪਸ਼ਟ ਕਰ ਦਿੱਤਾ ਤਾਂ ਹੈਰਾਨੀ ਦੀ ਗੱਲ ਹੈ ਕਿ ਵਿੱਤ ਮੰਤਰਾਲੇ ਦੇ ਰਿਜ਼ਰਵ ਬੈਂਕ ਨੇ ਆਪਣੇ ਫੈਸਲੇ 'ਚ ਇਹਨਾਂ ਨੂੰ ਰਾਸ਼ਟਰ ਪਿਤਾ ਕਿਵੇਂ ਸੰਬੋਧਿਤ ਕੀਤਾ। ਦਰਅਸਲ 1950 ਦੇ ਇਕ ਕਾਨੂੰਨ ਇੰਬਲਮ ਐਂਡ ਨੇਮਸ (ਪ੍ਰਿਵੇਸ਼ਨ ਆਫ ਇਪ੍ਰੋਪਰ ਯੂਜ਼) ਐਕਟ ਯਾਨੀ ਪ੍ਰਤੀਕ ਤੇ ਨਾਮ (ਗਲਤ ਵਰਤੋਂ ਰੋਕੂ) ਕਾਨੂੰਨ ਤਹਿਤ ਬਣੀ ਸੂਚੀ 'ਚ ਮਹਾਤਮਾ ਗਾਂਧੀ ਦਾ ਨਾਂ ਸ਼ਾਮਲ ਹੈ। ਇਸ ਕਾਨੂੰਨ ਤਹਿਤ ਬਣੀ ਸੂਚੀ ਦੇ ਨਾਂਵਾਂ ਦਾ ਕਿਸੇ ਵੀ ਤਰ੍ਹਾਂ ਦੇ ਕਾਰੋਬਾਰੀ ਜਾਂ ਵਪਾਰਕ (ਤਜ਼ਾਰਤੀ) ਕੰਮਾਂ 'ਚ ਵਰਤੋਂ ਗ਼ੈਰ ਕਾਨੂੰਨੀ ਹੈ। ਇਸ ਕਾਨੂੰਨ ਦੇ ਆਧਾਰ 'ਤੇ ਸਰਕਾਰ ਨੇ ਪ੍ਰਸਿੱਧ ਫਾਊਂਟੇਨ ਪੈਨ ਕੰਪਨੀ ਮੋਬਲਾਂ ਖਿਲਾਫ਼ ਸੁਪ੍ਰੀਮ ਕੋਰਟ 'ਚ ਮੁਕੱਦਮਾ ਦਾਇਰ ਕੀਤਾ ਸੀ। ਦਰਅਸਲ ਮੋਬਲਾਂ ਨੇ ਗਾਂਧੀ ਜੀ ਦੀ ਯਾਦ ਵਿੱਚ ਅਜਿਹੇ ਵਿਸ਼ੇਸ਼ ਪੈਨ ਦੀ ਇਕ ਲੜੀ ਜਾਰੀ ਕੀਤੀ ਸੀ ਜਿਸ ਦੀ ਨਿੱਬ 'ਤੇ ਮਹਾਤਮਾ ਗਾਂਧੀ ਦੀ ਫੋਟੋ ਸੀ। ਸੁਪਰੀਮ ਕੋਰਟ ਨੇ ਦਲੀਲ ਮੰਨਦੇ ਹੋਇਆ ਮੋਬਲਾਂ ਵਿਰੁੱਧ ਫੈਸਲਾ ਦਿੱਤਾ ਸੀ ਤੇ ਕੰਪਨੀ ਨੂੰ ਇਹਨਾਂ ਪੈਨਾ ਨੂੰ ਵਾਪਸ ਲੈਣਾ ਪਿਆ ਸੀ। ਅਜਿਹੀ ਹਾਲਤ 'ਚ ਜੇ ਸਰਕਾਰ ਖੁਦ ਹੀ ਕਰੰਸੀ ਨੋਟਾਂ 'ਤੇ ਮਹਾਤਮਾ ਗਾਂਧੀ ਦੀ ਫੋਟੋ ਛਾਪ ਰਹੀ ਹੈ ਜੋ ਸਭ ਤੋਂ ਵੱਡੀ ਤਜ਼ਾਰਤੀ (ਵਪਾਰਕ) ਸਰਗਰਮੀ ਹੈ। ਜੋ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਕੋਈ ਹੋਰ ਕਰੇ ਤਾਂ ਗ਼ੈਰ-ਕਾਨੂੰਨੀ ਅਤੇ ਸਰਕਾਰ ਜੇ ਕਰੇ ਤਾਂ ਸਭ ਸਹੀ ਹੈ, ਚਲਦਾ ਹੈ। ਅਜਿਹਾ ਹੀ ਇਕ ਹੋਰ ਕਾਨੂੰਨ ਹੈ, ਰਿਜ਼ਰਵ ਬੈਂਕ ਆਫ ਇੰਡੀਆ ਐਕਟ 1934 ਇਸ ਦੀ ਧਾਰਾ 25 ਸਪਸ਼ਟ ਕਰਦੀ ਹੈ ਕਿ ਕਰੰਸੀ ਨੋਟਾਂ ਜਾਂ ਉਸ ਦੇ ਡਿਜ਼ਾਇਨ 'ਚ ਕਿਸੇ ਵੀ ਤਬਦੀਲੀ ਨੂੰ ਕੇਂਦਰ ਸਰਕਾਰ (ਯਾਨੀ ਕੈਬਨਿਟ) ਦੀ ਮੰਨਜ਼ੂਰੀ ਲਾਜ਼ਮੀ ਹੈ। ਸੈਂਟਰਲ ਬੋਰਡ ਆਫ ਰਿਜ਼ਰਵ ਬੈਂਕ ਆਫ ਇੰਡੀਆ ਅਜਿਹੀਆਂ ਤਬਦੀਲੀਆਂ ਦੀ ਸਿਰਫ਼ ਸਿਫਾਰਸ਼ ਕਰ ਸਕਦਾ ਹੈ। ਜਦ 1989 'ਚ ਨੋਟਾਂ ਤੋਂ ਅਸ਼ੋਕ ਸਤੰਭ ਨੂੰ ਹਟਾ ਕੇ ਮਹਾਤਮਾ ਗਾਂਧੀ ਦੀ ਤਸਵੀਰ ਲਾਈ ਗਈ ਤਾਂ ਇਹ ਫੈਸਲਾ ਰਿਜ਼ਰਵ ਬੈਂਕ ਤੇ ਵਿੱਤ ਮੰਤਰਾਲੇ ਦੀ ਪੱਧਰ 'ਤੇ ਹੀ ਕਰ ਲਿਆ ਗਿਆ ਤੇ ਕੈਬਨਿਟ (ਕੇਂਦਰੀ ਸਰਕਾਰ) ਦੀ ਮੰਨਜ਼ੂਰੀ ਇਸ 'ਚ ਨਹੀਂ ਲਾਈ ਗਈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀ ਜਦ ਚਵੰਨੀ (25 ਪੈਸੇ) ਦਾ ਸਿੱਕਾ ਬੰਦ ਕਰਨ ਦਾ ਫੈਸਲਾ ਲਿਆ ਗਿਆ ਤਾਂ ਕੈਬਨਿਟ ਨੇ ਬਕਾਇਦਾ ਮੀਟਿੰਗ ਕਰਕੇ ਮੰਨਜ਼ੂਰੀ ਦਿੱਤੀ ਤਾਂ ਹੀ ਇਹ ਵਿਧਾਨਕ ਤੌਰ 'ਤੇ ਬੰਦ ਹੋਈ। ਸਮਾਜ ਸੇਵੀ ਨੇ ਰਤਨ ਲਾਲ ਕੇਨ ਨੇ ਜਦ ਇਹ ਮਾਮਲਾ ਵਿੱਤ ਮੰਤਰਾਲੇ ਤੇ ਰਿਜ਼ਰਵ ਬੈਂਕ ਕੋਲ ਉਠਾਇਆ ਤਾਂ ਲੰਮਾ ਸਮਾਂ ਜੁਆਬ ਨਹੀਂ ਮਿਲਿਆ। ਕੇਨ ਨੇ ਆਪਣੀ ਸੂਚਨਾ ਅਧਿਕਾਰ ਅਰਜੀ 'ਚ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਨੂੰ ਅਸ਼ੋਕ ਸਤੰਭ ਹਟਾ ਕੇ ਲਾਉਣ ਦੀ ਵਾਜਬੀਅਤ 'ਤੇ ਵੀ ਸੁਆਲ ਉਠਾਏ ਸਨ ਤੇ ਇਹ ਸੁਝਾਅ ਵੀ ਦਿੱਤਾ ਸੀ ਕਿ ਮਹਾਤਮਾ ਗਾਂਧੀ ਦੀ ਥਾਂ ਜਾਂ ਤਾਂ ਅਸ਼ੋਕ ਸਤੰਭ ਨੂੰ ਵਾਪਸ

ਲਿਆਂਦਾ ਜਾਵੇ ਜਾਂ ਭੀਮ ਰਾਓ ਅੰਬੇਦਕਰ ਵਰਗੇ ਲੋਕਾਂ ਦੀਆਂ ਤਸਵੀਰਾਂ ਲਾਈਆਂ ਜਾਣ। ਰਾਸ਼ਟਰਪਤੀ ਨੂੰ ਵੀ ਇਕ ਚਿੱਠੀ ਰਤਨ ਲਾਲ ਕੇਨ ਨੇ ਭੇਜੀ। ਤਿੰਨ ਦਸੰਬਰ 2010 ਨੂੰ ਭਾਰਤੀ ਰਿਜ਼ਰਵ ਬੈਂਕ ਇੰਡੀਆ ਨੇ ਜੁਆਬ 'ਚ ਲਿਖਿਆ ਕਿ ਰਾਸ਼ਟਰਪਤੀ ਨੂੰ ਭੇਜੇ ਪੱਤਰ ਦੇ ਪ੍ਰਸੰਗ 'ਚ ਸੂਚਿਤ ਕੀਤਾ ਜਾ ਰਿਹਾ ਹੈ ਕਿ ਰਿਜ਼ਰਵ ਬੈਂਕ ਨੇ ਕਰੰਸੀ ਨੋਟਾਂ ਦੀ ਨਵੀ ਲੜੀ ਦੇ ਡਿਜ਼ਾਇਨ ਲਈ ਇਕ ਉਚ ਪੱਧਰੀ ਸੰਮਤੀ ਬਣਾਈ ਹੈ ਅਤੇ ਤੁਹਾਡੇ ਦੋਨਾਂ ਸੁਝਾਵਾਂ ਨੂੰ ਸੰਮਤੀ ਮੂਹਰੇ ਰੱਖਿਆ ਜਾ ਰਿਹਾ ਹੈ। ਫਿਰ ਤੋਂ ਰਿਜ਼ਰਵ ਬੈਂਕ ਨੇ 10 ਜਨਵਰੀ 2011 ਨੂੰ ਇਕ ਚਿੱਠੀ ਭੇਜ ਕੇ ਉੱਚ ਪੱਧਰੀ ਸੰਮਤੀ ਦੇ ਨਾਵਾਂ ਦੀ ਸੂਚੀ ਭੇਜੀ ਤੇ ਇਹ ਵੀ ਸਪਸ਼ਟ ਕੀਤਾ ਕਿ ਸੰਮਤੀ ਦੇ ਵਿਚਾਰ ਅਧੀਨ ਕਿਹੜੇ-ਕਿਹੜੇ ਪੰਜ ਮੁੱਦੇ ਹੋਣਗੇ-

1. ਅਜਿਹਾ ਡਿਜ਼ਾਇਨ ਜੋ ਭਾਰਤੀ ਸਭਿਆਚਾਰ ਤੇ ਇਤਿਹਾਸ ਦੀ ਛਵੀ ਪੇਸ਼ ਕਰਦਾ ਹੋਵੇ ਜਾਂ ਅਧੁਨਿਕ ਤੇ ਭਵਿੱਖ ਨੂੰ ਦਰਸਾਉਣ ਵਾਲਾ ਡਿਜ਼ਾਇਨ।

2. ਨਕਲੀ ਨੋਟ ਬਣਾਉਣਾ ਲਗਭਗ ਅਸੰਭਵ ਤੇ ਬਹੁਤ ਮਹਿੰਗਾ ਹੋ ਜਾਵੇ।

3. ਡਿਜ਼ਾਇਨ ਲੋਕਾਂ ਨੂੰ ਦਿਲ ਖਿਚਵਾ ਤੇ ਸੁੰਦਰ ਲੱਗੇ।

4. ਘੱਟ ਨਿਗਾਹ ਵਾਲੇ ਜਾਂ ਨੇਤਰਹੀਣਾਂ ਨੂੰ ਵੀ ਨੋਟ ਪਹਿਚਾਨਣ 'ਚ ਕੋਈ ਦਿੱਕਤ ਨਾ ਆਵੇ।

5. ਮਸ਼ੀਨੀ ਅਮਲ ਨਾਲ ਵਰਤੋਂ ਕੀਤੇ ਜਾਣ ਲਾਇਕ ਡਿਜ਼ਾਇਨ।

ਚਿੱਠੀ ਨੂੰ ਇਹ ਸਪਸ਼ਟ ਕਿਹਾ ਗਿਆ ਹੈ ਕਿ ਸੰਮਤੀ ਨੂੰ ਚਾਰ ਮਹੀਨਿਆਂ 'ਚ ਆਪਣੀਆਂ ਸਿਫਾਰਸ਼ਾਂ ਕਰਨ ਲਈ ਕਿਹਾ ਗਿਆ ਹੈ। ਜ਼ਿਕਰਯੋਗ ਹੈ ਕਿ ਇਹਨਾਂ ਸਿਫਾਰਸ਼ਾਂ ਨੂੰ ਵਿੱਤ ਮੰਤਰਾਲੇ ਕੈਬਨਿਟ ਕੋਲ ਮੰਨਜ਼ੂਰੀ ਲਈ ਭੇਜੇਗਾ। ਚਾਰ ਮਹੀਨਿਆਂ ਦਾ ਸਮਾਂ ਤਾਂ ਅਪ੍ਰੈਲ 2011 ਦੀ ਸਮਾਪਤੀ ਨਾਲ ਖ਼ਤਮ ਹੋ ਗਿਆ ਪਰ ਅਜੇ ਤੱਕ ਇਸ ਸੰਮਤੀ ਨੇ ਆਪਣੀਆਂ ਸਿਫਾਰਸ਼ਾਂ ਤਿਆਰ ਨਹੀਂ ਕੀਤੀਆਂ ਹਨ। ਹਾਲ ਦੀ ਘੜੀ ਬੈਂਕ ਦੀ ਇਹ ਮੰਨਜੂਰੀ (ਇਕਬਾਲ ਕਰਨਾ) ਆਪਣੇ ਆਪ 'ਚ ਅਹਿਮ ਹੈ ਕਿ ਨੋਟਾਂ ਉੱਪਰ ਅਸ਼ੋਕ ਸਤੰਭ ਦੀ ਵਾਪਸੀ ਤੇ ਅੰਬੇਦਕਰ ਦੀਆਂ ਤਸਵੀਰਾਂ ਦੇ ਪ੍ਰਕਾਸ਼ਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਘੱਟੋ ਘੱਟ ਇਹ ਤਾਂ ਤਹਿ ਹੋਇਆ ਕਿ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਦੇ ਪ੍ਰਕਾਸ਼ਨ 'ਚ ਕਾਨੂੰਨੀ ਉਲੰਘਨਾਵਾਂ ਹੋਈਆਂ ਹਨ।

# ਸਮਾਜਿਕ ਸਰੋਕਾਰਾਂ ਤੋਂ ਦੂਰ ਹੁੰਦਾ ਮੀਡੀਆ

ਭਾਰਤੀ ਅਰਥਚਾਰੇ 'ਚ ਮੀਡੀਆ ਤੇ ਮਨੋਰੰਜਨ ਉਦਯੋਗ ਸਭ ਤੋਂ ਤੇ ਜੀਵਨ ਵਿੱਚ ਵਧ ਰਹੇ ਸੈਕਟਰਾਂ ਵਿੱਚੋਂ ਇੱਕ ਹੈ। ਇੱਕ ਅਧਿਐਨ ਅਨੁਸਾਰ, ਇਹ ਉਦਯੋਗ 18 ਫੀਸਦੀ ਦੀ ਦਰ ਨਾਲ ਵਧ ਰਿਹਾ ਹੈ ਅਤੇ ਸੰਨ 2011 ਤੱਕ ਇਹ ਇੱਕ ਹਜ਼ਾਰ ਅਰਬ ਰੁਪਏ ਦਾ ਹੋ ਜਾਵੇਗਾ। ਦੇਸ਼ 'ਚ ਅਖ਼ਬਾਰਾਂ ਦੇ ਕਰੀਬ 25 ਕਰੋੜ ਪਾਠਕ ਹਨ ਜੋ ਪੜ੍ਹਨਾ ਲਿਖਣਾ ਜਾਣਦੇ ਹਨ। ਇਸ ਤੋਂ ਇਲਾਵਾ 35 ਕਰੋੜ ਅਜਿਹੇ ਹਨ ਜੋ ਪੜ੍ਹਨਾ ਲਿਖਣਾ ਜਾਣਦੇ ਹਨ ਪਰ ਅਜੇ ਕੋਈ ਅਖ਼ਬਾਰਾਂ-ਮੈਗਜ਼ੀਨ ਨਹੀਂ ਪੜ੍ਹਦੇ। ਦੇਸ਼ ਦੀ ਅੱਧੀ ਤੋਂ ਵੱਧ ਅਬਾਦੀ 30 ਸਾਲਾਂ ਤੋ ਘੱਟ ਉਮਰ ਦੀ ਹੈ ਅਤੇ ਮੀਡੀਆ ਲਈ ਇੱਕ ਵੱਡਾ ਸੰਭਾਵਿਤ ਬਜ਼ਾਰ ਹੈ। ਇਸ ਤੋਂ ਇਹ ਜ਼ਾਹਿਰ ਹੈ ਕਿ ਦੇਸ਼ ਵਿੱਚ ਪ੍ਰਿੰਟ ਮੀਡੀਆ ਦੇ ਵਿਸਤਾਰ ਦੀਆਂ ਕਿੰਨੀਆਂ ਸੰਭਾਵਨਾਵਾਂ ਮੌਜੂਦ ਹਨ। ਦੇਸ਼ ਦੇ 11 ਕਰੋੜਾਂ ਘਰਾਂ 'ਚ ਟੈਲੀਵਿਜ਼ਨ ਸੈੱਟ ਹਨ ਤੇ ਇਨ੍ਹਾਂ 'ਚੋਂ 65 ਫੀਸਦੀ ਕੇਬਲ ਸੇਟੇਲਾਈਟ ਨਾਲ ਜੁੜੇ ਹਨ। ਮੋਟੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਕਰੀਬ 50 ਕਰੋੜ ਲੋਕ ਟੈਲੀਵਿਜ਼ਨ ਰੱਖਦੇ ਹਨ। ਰੇਡਿਓ ਦੀ ਪਹੁੰਚ ਲੱਗਭੱਗ ਪੂਰੇ ਦੇਸ਼ ਵਿੱਚ ਹੈ। ਨਵੀਆਂ ਤਕਨਾਲੋਜੀਆਂ ਦੇ ਆਉਣ ਨਾਲ ਇੰਟਰਨੈਟ ਤੇ ਮੋਬਾਇਲ 'ਚ ਪਸਰ ਰਹੀ ਕ੍ਰਾਂਤੀ ਨਾਲ ਦਿਨਾਂ 'ਚ ਭਾਰਤੀ ਮੀਡੀਆ ਉਦਯੋਗ ਕਿਹੋ ਜਿਹਾ ਰੂਪ ਧਾਰਨ ਕਰੇਗਾ।

30 ਵਕਤ ਭਾਰਤ 'ਚ 30 ਕਰੋੜ ਲੋਕਾਂ ਦਾ ਮੱਧ ਵਰਗ ਹੈ ਜਿਸ ਕੋਲ ਅੰਦਰੂਨੀ ਕਾਰਜ ਸ਼ਕਤੀ ਹੈ ਅਤੇ ਮੀਡੀਆ ਸਮੇਤ ਸਭ ਤਰ੍ਹਾਂ ਦੀਆਂ ਵਸਤਾਂ ਦਾ ਇੱਕ ਵੱਡਾ ਬਾਜ਼ਾਰ ਹੈ। ਇਸ ਮੱਧ ਦਾ ਲਗਾਤਾਰ ਵਿਸਥਾਰ ਹੋ ਰਿਹਾ ਹੈ ਤੇ ਜਲਦੀ ਹੀ ਇਹ ਯੂਰਪੀ ਯੂਨੀਅਨ ਤੋਂ ਕਿਤੇ ਵੱਡਾ ਬਾਜ਼ਾਰ ਬਣਨ ਜਾ ਰਿਹਾ ਹੈ। ਭਾਰਤੀ ਅਰਥਚਾਰੇ ਦੀ ਮੌਜੂਦਾ ਵਾਧਾ ਦਰ ਜੇ ਜਾਰੀ ਰਹੀ ਤਾਂ ਕੁਝ ਸਾਲਾਂ 'ਚ ਭਾਰਤ ਅਮਰੀਕਾ ਤੇ ਚੀਨ ਤੋਂ ਬਾਅਦ ਤੀਜਾ ਵੱਡਾ ਅਰਥਚਾਰਾ ਹੋਵੇਗਾ (ਪਰ ਇੱਥੇ ਇਹ ਵੀ ਜ਼ਿਕਰ ਕਰਨਾ ਲਾਜ਼ਮੀ ਹੈ ਕਿ ਅਰਥਚਾਰੇ ਦਾ ਵਾਧਾ ਤੇ ਸਮੁੱਚੇ ਸਮਾਜ ਦੇ ਵਿਕਾਸ 'ਚ ਫਰਕ ਹੈ) ਇਸ ਨਵੇਂ ਅਰਥਚਾਰੇ 'ਚ ਕਰੋੜਾਂ ਲੋਕ ਬਾਜ਼ਾਰ ਤੋਂ ਬਾਹਰ ਹੀ ਨਹੀਂ ਹੋਣਗੇ ਬਲਕਿ ਨਵੇਂ ਅਰਥਚਾਰੇ 'ਚ ਉਨ੍ਹਾਂ ਦੀ ਉਪਯੋਗਿਕ ਨਹੀਂ ਹੋਵੇਗੀ।

ਭਾਰਤੀ ਅਰਥਚਾਰਾ, ਮੀਡੀਆ ਤੇ ਮਨੋਰੰਜਨ ਸਨਅਤ ਤੇ ਬਾਜ਼ਾਰ 'ਚ ਇਸ ਤਰ੍ਹਾਂ ਦਾ ਵਾਧਾ ਤੇ ਵਿਸਥਾਰ ਦੇ ਨਾਲ ਹੀ ਦੇਸ਼ ਦੇ ਰਾਜਸੀ ਆਰਥਿਕ ਤੇ ਸਭਿਆਚਾਰਕ ਜੀਵਨ 'ਚ ਇਸ ਦੇ ਦਖਲ ਤੇ ਪ੍ਰਭਾਵ ਵੀ ਨਿਰੰਤਰ ਡੂੰਘਾ ਤੇ ਵਿਆਪਕ ਹੁੰਦਾ ਜਾ ਰਿਹਾ ਹੈ। ਮੀਡੀਆ ਦੇ ਇਸ ਉਦਯੋਗ 'ਚ ਅਖ਼ਬਾਰ, ਰੇਡਿਓ ਤੋਂ ਲੈ ਕੇ ਸਿਨੇਮਾ, ਸੰਗੀਤ ਤੇ ਵੀਡੀਓ ਗੇਮਿੰਗ ਵਰਗੇ ਨਵੇਂ ਉਤਪਾਦ (ਵਸਤਾਂ) ਵੀ ਆਉਂਦੇ ਹਨ। ਇਸ ਉਦਯੋਗ ਨੂੰ ਮੋਟੇ ਤੌਰ 'ਤੇ ਸਮਾਚਾਰ ਤੇ ਮਨੋਰੰਜਨ ਦੋ ਸ਼੍ਰੇਣੀਆਂ 'ਚ ਵੰਡਿਆ ਜਾ ਸਕਦਾ ਹੈ। ਸਮਾਚਾਰ ਸੈਕਟਰ ਦਾ ਹਿੱਸਾ ਸਿਰਫ਼ 8 ਫੀਸਦੀ ਹੋਣ ਦੇ ਬਾਵਜੂਦ ਇਹ ਇਸ ਲਈ ਮਹੱਤਵਪੂਰਨ ਹੈ ਕਿ ਇਹ ਰਾਜਨੀਤੀ ਨੂੰ ਸਿੱਧਾ ਪ੍ਰਭਾਵਿਤ ਕਰਦਾ ਹੈ। ਉਥੇ ਮਨੋਰੰਜਨ ਦਾ ਪ੍ਰਭਾਵ ਸਮਾਜ ਤੇ ਸਭਿਆਚਾਰ 'ਤੇ ਵੱਧ ਹੁੰਦਾ ਹੈ। ਪਰ ਮੀਡੀਆ ਇੱਕ ਵਿਚਾਰਧਾਰਕ ਤੇ ਸਭਿਆਚਾਰ ਉਦਯੋਗ ਵੀ ਹੈ ਅਤੇ

ਇਸ ਰੂਪ 'ਚ ਮੀਡੀਆ ਦੀ ਹਰ ਵਸਤ ਰਾਜਨੀਤੀ ਅਰਥ ਸਾਸ਼ਤਰ ਤੇ ਸਭਿਆਚਾਰ ਦਾ ਇੱਕ ਸੰਪੂਰਨ ਪੈਕੇਜ ਹੁੰਦਾ ਹੈ। ਇਸ ਪ੍ਰਸੰਗ 'ਚ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੀ 2008-09 ਦੀ ਸਲਾਨਾ ਰੀਪੋਟ ਦੇ ਇਹ ਅੰਕੜੇ ਵੀ ਤੇ ਮਹੱਤਵਪੂਰਨ ਹੋ ਜਾਂਦੇ ਹਨ ਕਿ ਦੇਸ਼ ਦੇ 394 ਰਜਿਸਟਰਡ ਟੈਲੀਵਿਜ਼ਨ ਚੈਨਲਾਂ 'ਚ 211 ਸਮਾਚਾਰ ਚੈਨਲ ਹਨ। ਸੰਨ 2000 'ਚ ਵੀ ਨਿੱਜੀ ਖੇਤਰ 'ਚ ਟੈਲੀਵਿਜ਼ਨ ਦਾ ਦਾਖਲਾ ਹੋਇਆ ਸੀ ਪਰ 9 ਸਾਲਾਂ 'ਚ ਇਸ ਨੇ ਵਿਸ਼ਾਲ ਰੂਪ ਧਾਰਨ ਕਰ ਲਿਆ ਹੈ। ਪਰ ਅੱਜ ਵੀ ਸਰਕਾਰ ਕੋਲ ਨਵੇਂ ਚੈਨਲਾਂ ਦੇ ਜਿੰਨੇ ਵੀ (ਅਰਜੀਆਂ) ਵਿਚਾਰਧੀਨ ਹਨ, ਉਨ੍ਹਾਂ 'ਚੋਂ ਬਹੁਤੀਆਂ ਖਬਰਾਂ ਦੀਆਂ ਹੀ ਅਰਜੀਆਂ ਹਨ।

ਮੀਡੀਆ ਜਨਤਕ ਹਿੱਤ ਦੀ ਬਜਾਏ ਇੱਕ ਮੁਨਾਫਾਖੋਰ ਧੰਦੇ ਬਣ ਗਏ ਹਨ ਜਿਨ੍ਹਾਂ 'ਚ ਖਬਰ ਪੈਪਸੀ-ਕੋਕ ਵਾਂਗੂੰ ਖਪਤ ਦੀ ਵਸਤੂ ਬਣ ਰਹੀ ਹੈ। ਜਿਸ ਦਾ ਮਕਸਦ ਖਪਤਕਾਰਾਂ ਨੂੰ ਖਿੱਚ ਪਾਉਣਾ ਹੈ। ਇਸੇ ਕਾਰਨ ਮੀਡੀਆ 'ਚ ਇੱਕ ਐਸੀ ਦੌੜ ਲੱਗੀ ਹੋਈ ਹੈ ਕਿ ਜੋ ਕਿਸੇ ਵੀ ਕੀਮਤ 'ਤੇ ਨਵੇਂ ਅਰਥਚਾਰੇ ਨਾਲ ਜਨਮੇ ਖਪਤਕਾਰ ਨੂੰ ਜਿੱਤਣਾ ਚਾਹੁੰਦੀ ਹੈ। ਨੱਬੇ ਦੇ ਦਹਾਕੇ 'ਚ ਸ਼ੁਰੂ ਕੀਤੇ ਗਏ ਨਵਉਦਾਰਵਾਦੀ ਸੁਧਾਰਾਂ ਪਿੱਛੋਂ ਮੀਡੀਆ ਇੱਕ ਅਜਿਹਾ ਉਦਯੋਗ ਬਣ ਗਿਆ ਹੈ ਜਿਸ ਦਾ ਮਕਸਦ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੈ ਅਤੇ ਜੋ ਸਮਾਜਿਕ ਸਰੋਕਾਰਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਇਸ ਤੋਂ ਇਲਾਵਾ ਮੀਡੀਆ ਦੀ ਮਾਲਕੀ ਦਾ ਵੀ ਕੇਂਦਰੀਕਰਨ ਹੋ ਰਿਹਾ ਹੈ ਅਤੇ ਇਸ ਦੀ ਅੰਤਰਵਸਤੂ ਸੁੰਗੜਦੀ ਜਾ ਰਹੀ ਹੈ। ਰਾਜਧਾਨੀ ਦਿੱਲੀ ਦੀ ਹੀ ਉਦਾਹਰਣ ਲਓ ਤਾਂ 15-20 ਸਾਲ ਪਹਿਲਾਂ ਇੱਥੇ ਅਨੇਕਾਂ ਦੈਨਿਕ ਅਖਬਾਰ ਸਨ ਜੋ ਸਾਡੇ ਕੌਮੀ ਜੀਵਨ ਦੀਆਂ ਵੱਖ-ਵੱਖ ਵਿਚਾਰਧਾਰਾਵਾਂ ਦੀ ਨੁਮਾਇੰਦਗੀ ਕਰਦੇ ਸਨ। 'ਟਾਈਮਜ਼ ਆਫ਼ ਇੰਡੀਆ', ਮੱਧ ਮਾਰਗੀ ਮੰਨਿਆ ਜਾਂਦਾ ਸੀ 'ਹਿੰਦੂਸਤਾਨ ਟਾਈਮਜ਼' ਸਰਕਾਰ ਸਮਰਥਕ ਸੀ ਤਾਂ 'ਇੰਡੀਆਨ ਐਕਸਪ੍ਰੈਸ' ਦੇ ਸਰਕਾਰ ਵਿਰੋਧੀ ਤੇਵਰ ਹੁੰਦੇ ਸਨ। 'ਸਟੈਟਸਮੈਨ' ਇੱਕ ਸੱਜੇ ਪੱਖੀ ਅਖਬਾਰ ਸੀ ਤਾਂ 'ਪੈਟ੍ਰਿਆਟ' ਖੱਬੇਪੱਖੀ ਰੁਝਾਣ ਰੱਖਦਾ ਸੀ। ਪਰ ਅੱਜ ਦਿੱਲੀ ਦੇ ਮੀਡੀਆ 'ਚ ਇਹ ਵੰਨਗੀ ਖਤਮ ਹੋ ਗਈ ਹੈ। ਹੁਣ 'ਟਾਈਮਜ਼ ਆਫ਼ ਇੰਡੀਆ' ਤੇ 'ਹਿੰਦੁਸਤਾਨ ਵਾਈਮਜ਼' ਦੋਨੋਂ ਹੀ ਅਖਬਾਰਾਂ ਦੀ ਸੰਪਾਦਕੀ ਦੀ ਅੰਤਰਵਸਤੂ 'ਚ ਕੋਈ ਬੁਨਿਆਦੀ ਫਰਕ ਨਹੀਂ ਹੈ ਤੇ ਇਨ੍ਹਾਂ ਦੀ ਦੌੜ ਬਾਜ਼ਾਰ ਹੜੱਪਣ ਤੱਕ ਸੀਮਤ ਹੈ। ਇਸਦੇ ਨਾਲ ਹੀ ਅਲੋਚਨਾਤਮਕ ਤੇ ਗੰਭੀਰ ਰਾਜਸੀ ਜਰਨਲਿਜ਼ਮ ਹਾਸ਼ੀਏ 'ਤੇ ਚਲਾ ਗਿਆ ਹੈ। ਅੱਜ ਮੀਡੀਆ ਕੌਮ ਤੇ ਸਮਾਜ ਦੇ ਸਾਹਮਣੇ ਇੱਕ ਦਿਨ 'ਚ 4-5 ਅਜਿਹੀਆਂ ਘਟਨਾਵਾਂ ਨੂੰ ਇੱਕੋ ਜਿਹਾ ਪੇਸ਼ ਨਹੀਂ ਕਰਦਾ ਜਿਨ੍ਹਾਂ ਨਾਲ ਕੌਮ ਤੇ ਸਮਾਜ ਦਾ ਏਜੰਡਾ ਤਹਿ ਹੋਵੇ। ਕਈ ਵਾਰੀ ਆਮ ਲੋਕਾਂ ਲਈ ਇਹ ਸਮਝਣਾ ਮੁਸ਼ਕਲ ਹੋ ਜਾਂਦੈ ਕਿ ਕਿਹੜੀਆਂ ਘਟਨਾਵਾਂ ਮਹੱਤਵਪੂਰਨ ਹਨ ਅਤੇ ਕਿਹੜੀਆਂ ਨਹੀਂ। ਰਵਾਇਤੀ ਤੌਰ 'ਤੇ ਇੱਕ ਸੰਪਾਦਕ, ਇੱਕ ਪੱਤਰਕਾਰ ਲੋਕਾਂ ਦੀਆਂ ਤਰਜੀਹਾਂ ਨੂੰ ਵੀ ਤਹਿ ਕਰਦਾ ਸੀ ਅਤੇ ਇਸ ਤਰ੍ਹਾਂ ਰਾਜਨੀਤੀ ਨੂੰ ਪ੍ਰਭਾਵਿਤ ਕਰਨ ਤੇ ਸਮਾਜਿਕ ਵਿਕਾਸ ਦਾ ਮਾਰਗ ਪ੍ਰਭਾਵਿਤ ਕਰਨ 'ਚ ਅਹਿਮ ਭੂਮਿਕਾ ਨਿਭਾਉਂਦਾ ਸੀ। ਅੱਜ ਦੇ ਦ੍ਰਿਸ਼ 'ਚ ਇੱਕ ਹੋਰ ਰੂਪ 'ਚ ਵੀ ਮੀਡੀਆ ਸ਼ਕਤੀ ਦਾ ਕੇਂਦਰੀਕਰਨ ਹੋ ਰਿਹਾ ਹੈ ਅਤੇ 10-15 ਸਾਲ ਪਹਿਲਾਂ ਦਾ ਸਥਾਨਕ, ਖੇਤਰੀ ਤੇ ਕੌਮੀ ਮੀਡੀਆ ਦਾ ਢਾਂਚਾ ਵੀ ਢਹਿ ਢੇਰੀ ਹੋ ਗਿਆ ਹੈ। ਖੇਤਰੀ ਨੇ ਸਥਾਨਕ ਨੂੰ

ਹੜੱਪ ਲਿਆ ਹੈ, ਕੌਮੀ ਖੇਤਰੀ 'ਚ ਦਾਖਲ ਹੋ ਗਿਆ ਹੈ ਤਾਂ ਖੇਤਰੀ ਨੇ ਕੌਮੀ ਮੀਡੀਆ 'ਚ ਘੁਸਪੈਠ ਸ਼ੁਰੂ ਕਰ ਦਿੱਤੀ ਹੈ। ਮੁੱਠੀਭਰ ਵੱਡੇ ਅਦਾਰੇ ਬਾਜ਼ਾਰ ਦੇ ਬਹੁਤ ਵੱਡੇ ਹਿੱਸੇ ਨੂੰ ਕੰਟਰੋਲ ਕਰਦੇ ਹਨ। ਇਸ ਅਮਲ ਦੇ ਜਾਰੀ ਰਹਿਣ ਨਾਲ ਮੀਡੀਆ ਦਾ ਨਿਗਮੀਕਰਨ ਹੋ ਜਾਵੇਗਾ ਅਤੇ ਉਦਯੋਗ, ਵਪਾਰ ਤੇ ਮੀਡੀਆ ਦੇ ਵਿਚਕਾਰ ਦੀ ਵੰਡਰੇਖਾ ਅਲੋਪ ਹੋ ਜਾਵੇਗੀ। ਮੀਡੀਆ ਦੀ ਮਾਲਕੀ ਦੇ ਕੇਂਦਰੀਕਰਣ ਤੇ ਅੰਤਰਵਸਤੂ ਦੇ ਸੁੰਗੜ ਜਾਣ ਪਿੱਛੋਂ ਲੋਕਾਂ ਨੂੰ ਵੱਡੀ ਮਾਤਰਾ 'ਚ ਸਮਾਚਾਰ ਤੇ ਸੂਚਨਾਵਾਂ ਮਿਲਦੀਆਂ ਹਨ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਆਜ਼ਾਦ ਅਰਥਚਾਰੇ 'ਚ ਲੋਕਾਂ ਕੋਲ ਵਿਕਲਪਾਂ ਦੀ ਭਰਮਾਰ ਹੈ ਪਰ ਅਸਲ ਤੌਰ 'ਤੇ ਲੋਕਾਂ ਦੇ ਬਦਲ ਬਹੁਤ ਸੀਮਤ ਹੋ ਗਏ ਹਨ ਅਤੇ ਹਰ ਖਬਰੀ ਸੰਗਠਨ ਲੱਗਭੱਗ ਇੱਕ ਤਰ੍ਹਾਂ ਦੀਆਂ ਵਸਤਾਂ ਪੇਸ਼ ਕਰ ਰਿਹਾ ਹੈ। ਟੈਲੀਵਿਜ਼ਨ ਦੇ ਖੇਤਰ ਬਾਰੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਇਹ ਬਾਜ਼ਾਰ ਵਿਰੋਧੀ ਹੈ ਜਿੱਥੇ ਹਰ ਦੁਕਾਨ 'ਚ ਇੱਕ ਹੀ ਵਸਤ ਵੇਚੀ ਜਾ ਰਹੀ ਹੈ ਜਿਸ 'ਚ ਸਭ ਤੋਂ ਵੱਧ ਮੁਨਾਫ਼ਾ ਕਮਾਉਣਾ ਦੀ ਸਮਰੱਥਾ ਹੋਵੇ।

ਮੀਡੀਆ ਦੀ ਮਾਲਕੀ ਤੇ ਅੰਤਰਵਸਤੂ 'ਚ ਇਨ੍ਹਾਂ ਨਾਕਾਰਤਮਕ ਰੁਝਾਣਾਂ ਦੇ ਬਰਾਬਰ ਮੀਡੀਆ ਦੀ ਤਾਕਤ ਵਧਦੀ ਜਾ ਰਹੀ ਹੈ ਅਤੇ ਲੋਕਰਾਜੀ ਸਲਾਹ ਮਸ਼ਵਰਾ ਜ਼ਿਆਦਾਤਰ ਮੀਡੀਆ 'ਤੇ ਨਿਰਭਰ ਹੁੰਦਾ ਜਾ ਰਿਹਾ ਹੈ। ਰਾਜਸੀ ਪ੍ਰਚਾਰ ਦਾ ਰੂਪ ਬਦਲ ਗਿਆ ਹੈ। ਹੁਣ ਘਰ-ਘਰ ਜਾ ਕੇ ਪਹਿਲਾਂ ਵਰਗਾ ਪ੍ਰਚਾਰ ਨਹੀਂ ਹੁੰਦਾ ਅਤੇ ਅਜਿਹੀਆਂ ਰੈਲੀਆਂ ਵੀ ਨਹੀਂ ਹੁੰਦੀਆਂ ਕਿ ਨੇਤਾਵਾਂ ਨੂੰ ਸੁਣਨ ਲਈ ਭੀੜ ਇਕੱਠੀ ਹੋ ਜਾਵੇ। ਹੁਣ ਸਾਰਾ ਧਿਆਨ ਇਸ ਗੱਲ 'ਤੇ ਕੇਂਦਰਿਤ ਕੀਤਾ ਜਾਂਦਾ ਹੈ ਕਿ ਕਿਸੇ ਵੀ ਰਾਜਸੀ ਸਰਗਰਮੀ ਲਈ ਕਿੰਨੀ ਵੱਡੀ ਮੀਡੀਆ ਕਵਰੇਜ ਕੀਤੀ ਜਾਵੇ ਅਤੇ ਇਸ ਕਵਰੇਜ ਲਈ ਪ੍ਰਬੰਧ ਦੀਆਂ ਨਵੀਆਂ ਤਕਨੀਕਾਂ ਵਿਕਸਤ ਹੋ ਗਈਆਂ ਹਨ। ਨੇਤਾਵਾਂ ਦੀ ਐਸੀ ਜਮਾਤ ਪੈਦਾ ਹੋ ਗਈ ਹੈ ਜੋ ਲੋਕਾਂ ਨਾਲ ਜੁੜਨ ਦੀ ਬਜਾਏ ਟੈਲੀਵਿਜ਼ਨ ਦੇ ਪਰਦੇ 'ਤੇ ਪਰਫਾਰਮ ਕਰਨ 'ਚ ਵੱਧ ਰੁਚੀ ਰੱਖਦੇ ਹਨ। ਗੰਭੀਰ ਮੁੱਦਿਆਂ ਤੇ ਬੁਨਿਆਦੀ ਰਾਜਸੀ ਸਲਾਹ ਮਸ਼ਵਰੇ ਦੀ ਬਜਾਏ ਤੂੰ-ਤੂੰ, ਮੈਂ-ਮੈਂ ਦਾ ਸ਼ੋਰ ਵੱਧ ਹੁੰਦਾ ਹੈ। ਵਪਾਰਕ ਦੌੜ 'ਚ ਫਸੇ ਮੀਡੀਆ ਨੂੰ ਵੀ ਇਹ ਰਾਸ ਆਉਂਦਾ ਹੈ ਅਤੇ ਅੱਜ ਸੂਚਨਾ ਦੇ ਮਨੋਰੰਜਨੀਕਰਣ ਪਿੱਛੋਂ ਰਾਜਨੀਤੀ ਦਾ ਵੀ ਮਨੋਰਜੰਨੀਕਰਣ ਹੋ ਰਿਹਾ ਹੈ। ਰਾਜਨੀਤੀ ਦੇ ਮਨੋਰੰਜਨੀਕਰਣ ਦੇ ਖੇਤਰ 'ਚ ਦਾਖਲ ਹੋਣ ਨਾਲ ਲੋਕਰਾਜੀ ਅਮਲ 'ਚ ਲੋਕਾਂ ਦੀ ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨ ਦੀ ਮੀਡੀਆ ਦੀ ਭੂਮਿਕਾ ਨੂੰ ਭਾਰੀ ਨੁਕਸਾਨ ਹੋਇਆ ਹੈ। ਅੱਜ ਦਾ ਮੀਡੀਆ ਰਾਜਨੀਤੀ ਦਾ ਸਤਹੀਕਰਣ ਕਰ ਰਿਹਾ ਹੈ ਤੇ ਰਾਜਸੀ ਜੀਵਨ 'ਚ ਪਣਪ ਰਹੇ ਨਕਾਰਤਮਕ ਰੁਝਾਣਾਂ 'ਤੇ ਰੋਕ ਲਾਉਣ ਦੀ ਆਪਣੀ ਰਵਾਇਤੀ ਭੂਮਿਕਾ ਤੋਂ ਦੂਰ ਹੋ ਰਿਹਾ ਹੈ। ਦੂਜੇ ਪਾਸੇ ਖਬਰਾਂ ਦੇ ਮੂਲ ਸ਼ੁਭਾਅ ਨਾਲ ਵੀ ਛੇੜਛਾੜ ਕੀਤੀ ਜਾ ਰਹੀ ਹੈ। ਜਿਸ ਦੀ ਵਜ੍ਹਾ ਨਾਲ ਕਈ ਸਮਾਚਾਰੀ ਘਟਨਾਵਾਂ ਖਬਰ ਨਹੀਂ ਬਣਦੀਆਂ ਤੇ ਅਨੇਕ ਗੈਰ-ਸਮਾਚਰੀ ਘਟਨਾਵਾਂ ਵੱਡੀਆਂ ਘਟਨਾਵਾਂ ਵਜੋਂ ਪੇਸ਼ ਕੀਤੀਆਂ ਜਾਂਦੀਆਂ ਹਨ। ਇਸ ਅਮਲ ਕਾਰਨ ਲੋਕ ਅਨੇਕਾਂ ਉਨ੍ਹਾਂ ਵੱਡੀਆਂ ਘਟਨਾਵਾਂ ਤੋਂ ਜਾਣੂ ਨਹੀਂ ਹੁੰਦੇ ਜਿਨ੍ਹਾਂ ਦਾ ਸਬੰਧ ਉਨ੍ਹਾਂ ਦੇ ਜੀਵਨ ਨਾਲ ਹੁੰਦਾ ਹੈ। ਅੱਜ ਦਾ ਮੀਡੀਆ ਉਸ ਸਮਾਜਿਕ ਤਬਕੇ 'ਤੇ ਕੇਂਦਰਿਤ ਹੈ ਜਿਸ ਕੋਲ ਬਹੁਤੀ ਕਾਰਜਸ਼ਕਤੀ ਹੈ ਅਤੇ 5 ਹਾਰ ਕਰੋੜ ਦੀ ਇਸ਼ਤਿਹਾਰਬਾਜ਼ੀ ਦਾ ਟੀਚਾ

ਹੈ। ਇਹੀ ਉਹ ਤਬਕਾ ਹੈ ਜੋ ਖਪਤਕਾਰ ਸੱਭਿਆਚਾਰ ਦੀ ਪਕੜ ਵਿੱਚ ਹੈ ਅਤੇ ਨਵੀਆਂ-ਨਵੀਆਂ ਵਸਤਾਂ 'ਤੇ ਟੁੱਟ ਰਿਹਾ ਹੈ। ਇਨ੍ਹਾਂ ਰੁਝਾਣਾਂ ਕਾਰਨ ਮੀਡੀਆ ਦੇ ਨਾਲ ਸਾਖ ਤੇ ਭਰੋਸ਼ੇਯੋਗਤਾ 'ਤੇ ਸੰਕਟ ਦੇ ਸੰਘਣੇ ਬਦਲ ਛਾ ਰਹੇ ਹਨ। ਇੱਕ ਖਪਤਕਾਰ ਮੀਡੀਆ ਵਸਤਾਂ ਦੀ ਭਾਵੇਂ ਹੀ ਕਿੰਨੀ ਖਪਤ ਕਿਉਂ ਨਾ ਕਰੇ, ਪਰ ਮੀਡੀਆ ਸਬੰਧੀ ਇਸ ਦੇ ਅੰਦਰ ਦਾ ਨਾਗਰਿਕ ਬੇਚੈਨ ਹੈ। ਇਸ ਨਾਲ ਇੱਕ ਗੁੰਝਲਦਾਰ ਹਾਲਤ ਪੈਦਾ ਹੋ ਰਹੀ ਹੈ। ਇੱਕ ਅਜਿਹਾ ਮੀਡੀਆ ਜਿਸ 'ਤੇ ਲੋਕਰਾਜੀ ਸਲਾਹ ਮਸ਼ਵਰਾ ਜ਼ਿਆਦਾਤਰ ਨਿਰਭਰ ਹੁੰਦਾ ਜਾ ਰਿਹਾ ਹੈ। ਉਥੇ ਆਪਣੀ ਸ਼ਾਖ ਤੇ ਭਰੋਸੇਯੋਗਤਾ ਨੂੰ ਗੁਆ ਰਿਹਾ ਹੈ। ਅਜਿਹੇ 'ਚ ਲੋਕਰਾਜ ਤੇ ਲੋਕਰਾਜੀ ਅਮਲਾਂ 'ਚ ਮੀਡੀਆ ਦੀ ਭੂਮਿਕਾ ਸਬੰਧੀ ਗੰਭੀਰ ਸੁਆਲ ਪੈਦਾ ਹੋ ਰਹੇ ਹਨ। ਮੀਡੀਆ ਤੇ ਸਮਾਜ 'ਚ ਇੱਕ ਖਾਈ ਪੈਦਾ ਹੋ ਗਈ ਹੈ। ਵਪਾਰੀ ਮੀਡੀਆ ਕਾਫ਼ੀ ਹੱਦ ਤੱਕ ਸਮਾਜ ਦਾ ਅਕਸ ਨਹੀਂ ਰਹਿ ਗਿਆ ਹੈ। ਬਲਕਿ ਸਮਾਜ ਨੂੰ ਪ੍ਰਭਾਵਿਤ ਕਰਨ ਦੀ ਉਸਦੀ ਭੂਮਿਕਾ ਤੰਗ ਹੁੰਦੀ ਜਾ ਰਹੀ ਹੈ। ਦੇਸ਼ ਦੇ ਰਾਜਸੀ ਜੀਵਨ 'ਚ ਪਣਪ ਰਹੀਆਂ ਬੁਰਾਈਆਂ ਪ੍ਰਤੀ ਉਹ ਬੇਫ਼ਿਕਰ ਹੈ। ਇੱਕ ਪਾਸੇ ਇਸ਼ਤਿਹਾਰ ਉਦਯੋਗ, ਮੀਡੀਆ ਤੇ ਖਪਤਕਾਰ ਦੇ ਰਵਾਇਤੀ ਸਬੰਧ ਇਸ ਵਿਕਾਸਸ਼ੀਲ ਸਮਾਜ 'ਚ ਅਜੇ ਪ੍ਰਭਾਸ਼ਿਤ ਹੀ ਹੋ ਰਹੇ ਹਨ ਤਾਂ ਦੂਜੇ ਪਾਸੇ ਭਾਰਤੀ ਸਮਾਜ, 'ਲੋਕਰਾਜ' ਤੇ ਮੀਡੀਆ ਵਿੱਚ ਦੇ ਸਬੰਧ ਇੱਕ ਅਜਿਹੇ ਦੌਰ 'ਚੋਂ ਗੁਜ਼ਰ ਰਹੇ ਹਨ ਜਿਨ੍ਹਾਂ ਦੀ ਕੋਈ ਸਪੱਸ਼ਟ ਤਸਵੀਰ ਖਿੱਚਣਾ ਅੱਜ ਦੀ ਤਰੀਕ ਸੰਭਵ ਨਹੀਂ ਦਿਸਦਾ।

# ਇਕ ਦਵਾਈ ਦਾ ਪੇਟੈਂਟ ਜਾਂ ਲੱਖਾਂ ਲੋਕਾਂ ਦੀ ਮੌਤ ਦਾ ਪੈਗਾਮ

ਪੇਟੈਂਟ ਮੁਹੱਈਆ ਕਰਨ ਸਬੰਧੀ ਅੱਜ ਕੱਲ੍ਹ ਇਕ ਕੇਸ ਸੁਪਰੀਮ ਕੋਰਟ ਦੇ ਸਾਹਮਣੇ ਹੈ। ਇਸ ਕੇਸ 'ਚ ਇਕ ਪੱਖ 'ਚ ਸਵਿਸ ਫਾਰਮਾ ਕੰਪਨੀ ਨੋਵਾਰਟਸ ਹੈ ਤਾਂ ਦੂਜੇ ਪੱਖ 'ਚ ਭਾਰਤ ਸਰਕਾਰ, ਕੈਂਸਰ ਰੋਗੀ ਸਹਾਇਤਾ ਐਸੋਸੀਏਸ਼ਨ ਤੇ ਹੋਰ ਲੋਕ ਹਨ। ਨੋਵਾਰਟਸ ਕੰਪਨੀ ਆਪਣੀ ਇਕ ਨਵੇਂ ਕੈਂਸਰ ਦੇ ਦਵਾ ਦੇ ਪੇਟੈਂਟ ਦੀ ਮੰਗ ਕਰ ਰਹੀ ਹੈ। ਜੇ ਇਸ ਕੇਸ 'ਚ ਨੋਵਾਰਟਸ ਕੰਪਨੀ ਜਿੱਤ ਜਾਂਦੀ ਹੈ ਤਾਂ ਇਹ ਲੱਖਾਂ ਲੋਕਾਂ ਦੀ ਮੌਤ ਦਾ ਫੁਰਮਾਨ ਬਣ ਜਾਵੇਗਾ। ਸਿਵਸ ਕੰਪਨੀ ਨੋਵਾਰਟਸ ਨੇ ਇਕ ਨਵਾਂ ਕ੍ਰਿਸਟਲਾਈਨ ਸਾਲਟ ਇਮਾਟਿਨਿਬ ਮੇਸਾਈਲੇਟ ਤਿਆਰ ਕੀਤਾ ਹੈ ਜਿਸ ਨੂੰ ਉਸ ਨੇ ਗਲੀਵੇਕ ਬ੍ਰਾਂਡ ਨਾਂ ਨਾਲ ਬਜ਼ਾਰ 'ਚ ਉਤਾਰਿਆ ਹੈ ਕਿਉਂਕਿ ਕੈਂਸਰ ਦੀ ਇਹ ਮੂਲ ਦਵਾਈ ਭਾਰਤ 'ਚ ਪੇਟੈਂਟ ਦੇ ਦਾਇਰੇ ਤੋਂ ਬਾਹਰ ਹੈ ਇਸ ਲਈ ਭਾਰਤੀ ਦਵਾ ਕੰਪਨੀਆਂ ਇਸ ਨੂੰ ਬਣਾਉਂਦੀਆਂ ਰਹਿੰਦੀਆਂ ਹਨ ਅਤੇ ਲਗਭਗ 8000 ਰੁਪਏ ਮਹੀਨਾ ਦੀ ਦਰ ਨਾਲ ਵੇਚਦੀਆਂ ਹਨ। ਜਦਕਿ ਇਸ ਦਵਾਈ ਨੂੰ ਨੋਵਾਰਟਿਸ 1.2 ਲੱਖ ਰੁਪਏ ਮਹੀਨੇ ਦੀ ਕੀਮਤ 'ਤੇ ਵੇਚਦੀ ਹੈ। ਨੋਵਾਰਟਿਸ ਜੇ ਉਕਤ ਦਵਾ ਦਾ ਪੇਟੈਂਟ ਹਾਸਲ ਕਰ ਲੈਂਦੀ ਹੈ ਤਾਂ ਉਸ ਨੂੰ 20 ਸਾਲ ਤਕ ਇਸ ਦਵਾਈ ਦੀ ਅਜਾਰੇਦਾਰੀ ਮਿਲ ਜਾਵੇਗੀ। ਤੇ ਫਿਰ ਇਹ ਤਹਿ ਹੈ ਕਿ ਲੱਖਾਂ ਲੋਕ ਇਸ ਭਾਰੀ ਬੋਝਲ ਇਲਾਜ ਨੂੰ ਕਰਾਉਣ ਦੀ ਆਸਰਥਾ ਕਾਰਨ ਮਰ ਜਾਣਗੇ। 2006 ਨੂੰ ਭਾਰਤੀ ਪੇਟੈਂਟ ਆਫਿਸ ਨੇ ਨਿਯਮ ਬਣਾਇਆ ਸੀ ਕਿ ਨਵਾਂ ਸਾਲਟ (ਕਿਸੇ ਦਵਾਈ ਦਾ) ਪੇਟੈਂਟ ਦਾ ਤਦ ਤਕ ਅਧਿਕਾਰ ਨਹੀਂ ਹੋਵੇਗਾ। ਜਦ ਤਕ ਇਹ ਸਾਬਤ ਨਹੀਂ ਹੋ ਜਾਂਦਾ ਕਿ ਨਵੇਂ ਸਾਲਟ ਨਾਲ ਰੋਗਾਂ ਨਾਲ ਲੜਨ ਦੀ ਸਮਰੱਥਾ 'ਚ ਵਾਧਾ ਹੋ ਗਿਆ ਹੈ। ਇਸ ਨਿਯਮ ਦੇ ਤਹਿਤ ਮਦਰਾਸ ਹਾਈਕੋਰਟ 'ਚ ਕੰਪਨੀ ਨੇ ਦਾਅਵਾ ਕੀਤਾ ਕਿ ਉਸਦੇ ਨਵੇਂ ਸਾਲਟ ਨਾਲ ਸਮਰੱਥਾ ਬੇਹਤਰ ਹੋਈ ਹੈ ਪਰ ਮਦਰਾਸ ਹਾਈਕੋਰਟ ਨੇ ਰੋਗਾਂ ਨਾਲ ਲੜਨ ਦੀ ਸਮਰੱਥਾ 'ਚ ਵਾਧੇ ਨੂੰ ਖਾਰਿਜ ਕਰਦਿਆ ਕੰਪਨੀ ਨੂੰ ਪੇਟੈਂਟ ਦੇਣ ਤੋਂ ਨਾਂਹ ਕਰ ਦਿੱਤੀ।

ਕੰਪਨੀ ਹੁਣ ਭਾਰਤੀ ਪੇਟੈਂਟ ਕਾਨੂੰਨ ਦੇ ਇਸ ਨਿਯਮ ਦੀ ਸਪਸ਼ਟ ਵਿਆਖਿਆ ਲਈ ਸੁਪਰੀਮ ਕੋਰਟ 'ਚ ਜਾ ਪਹੁੰਚੀ ਹੈ ਜਦ ਇਹ ਮਾਮਲਾ ਮੁਲਤਵੀ ਪਿਆ ਸੀ। ਜਾਹਿਰ ਹੈ ਕਿ ਉਦਾਰੀਕਰਨ ਦੇ ਦੌਰ 'ਚ ਭਾਰਤ ਸਰਕਾਰ ਨੇ ਵੀ ਪ੍ਰਕ੍ਰਿਆ ਪੇਟੈਂਟ ਦੀ ਥਾਂ ਉਤਪਾਦ ਪੇਟੈਂਟ ਆਪਣਾ ਲਿਆ ਸੀ ਹਾਲਾਂਕਿ ਪਿਛੋਂ ਕੁਝ ਮਹੱਤਵਪੂਰਨ ਦਵਾਈਆਂ ਨੂੰ ਇਸ ਪੇਟੈਂਟ ਦੇ ਦਾਇਰੇ ਤੋਂ ਬਾਹਰ ਰੱਖ ਦਿੱਤਾ ਗਿਆ। ਹੁਣ ਉਤਪਾਦ ਪੇਟੈਂਟ ਦੀਆਂ ਵਿਵਸਥਾਵਾਂ ਨੂੰ ਵਰਤ ਕੇ ਬਹੁਕੌਮੀ ਫਾਰਮਾ ਕੰਪਨੀਆਂ ਆਪਣੇ ਸਾਲਟ 'ਚ ਕੁਝ ਫੇਰਬਦਲ ਕਰਕੇ ਪੇਟੈਂਟ ਹਾਸਲ ਕਰਨ ਦੀ ਤਾਕ ਵਿੱਚ ਹਨ। ਇਹ ਕੋਈ ਇਕੱਲਾ ਇਕਹਿਰਾ ਮਾਮਲਾ ਨਹੀਂ ਹੈ ਪਰ ਇਸ ਮਾਮਲੇ 'ਚ ਨੋਵਾਰਟਿਸ ਨੂੰ ਪੇਟੈਂਟ ਮਿਲ ਜਾਂਦਾ ਹੈ ਤਾਂ ਫਿਰ ਇਹਨਾਂ ਦਾਅਵਿਆਂ ਦੀ ਝੜੀ ਲੱਗ ਜਾਵੇਗੀ। ਦੁਨੀਆਂ ਦੇ ਸਾਰੇ ਗਰੀਬ ਮੁਲਕਾਂ 'ਚ ਜਿੱਥੇ ਸਾਮਰਾਜੀ ਅਜ਼ਾਰੇਦਾਰੀ ਵੱਧ ਹੈ ਉਥੇ ਇਹ ਕੰਪਨੀਆਂ ਅਜੇਹੇ ਪੇਟੈਂਟ ਹਾਸਲ ਕਰਦੀਆਂ ਰਹਿੰਦੀਆਂ ਹਨ। ਜਿਸ ਕਾਰਨ ਭਾਰਤ

ਦੀਆਂ ਸਸਤੀਆਂ ਦਵਾਈਆਂ ਵੱਡੇ ਪੈਮਾਨੇ ’ਤੇ ਭਾਰਤ ’ਚ ਇਨ੍ਹਾਂ ਦੇਸ਼ਾਂ ਦੇ ਮਰੀਜਾਂ ਨੂੰ ਮੁਕਾਬਲਤਨ ਸਸਤਾ ਇਲਾਜ (ਹਾਲਾਂਕਿ 8000 ਰੁਪਏ ਮਾਸਕ ਦਾ ਇਲਾਜ ਵੀ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੈ) ਮੁਹੱਈਆ ਕਰਵਾਉਂਦੀਆਂ ਰਹਿੰਦੀਆਂ ਹਨ। ਅਜੇਹੇ ’ਚ ਹੁਣ ਇਹਨਾਂ ਵੱਡੇ ਫਾਰਮਾ ਨਿਗਮਾਂ ਦੇ ਚੁੰਗਲ ’ਚ ਦਵਾ ਖੇਤਰ ਜਾਣ ਨਾਲ ਆਮ ਬੀਮਾਰੀਆਂ ਦਾ ਇਲਾਜ 15 ਤੋਂ 20 ਗੁਣਾ ਮਹਿੰਗਾ ਹੋ ਜਾਵੇਗਾ। ਵਿਸ਼ਵੀਕਰਨ ਉਦਾਰੀਕਰਨ ਦੇ ਸਾਰੇ ਹਮਲਿਆਂ ਵਿੱਚੋਂ ਇਕ ਹੋਰ ਹਮਲੇ ਦਾ ਸ਼ਿਕਾਰ ਜਲਦੀ ਹੀ ਭਾਰਤ ਦੇ ਲੋਕ ਬਣਨ ਵਾਲੇ ਹਨ।

# ਨਜਾਇਜ ਕਬਜੇ ਹਟਾਉਣ ਬਹਾਨੇ ਲੱਖਾਂ ਪ੍ਰੀਵਾਰ ਉਜੜੇ

ਪੰਜ ਸਾਲ ਦੇ ਫਜਲ ਨੂੰ ਨਹੀਂ ਪਤਾ ਕਿ ਆਖਰ ਪੀਲੇ ਪੰਜ ਵਾਲੀਆਂ ਗੱਡੀਆਂ ਨੇ ਉਹਨਾਂ ਦਾ ਘਰ ਕਿਉਂ ਤੋੜ ਦਿੱਤਾ। ਉਸ ਨੂੰ ਏਨਾ ਹੀ ਪਤਾ ਹੈ ਕਿ ਉਸ ਦੀ ਭੈਣ ਦੀ ਸ਼ਾਦੀ ਜੋ ਹਫਤੇ ਪਿੱਛੋਂ ਹੋਣ ਵਾਲੀ ਸੀ ਹੁਣ ਨਹੀਂ ਹੋਵੇਗੀ। ਉਹ ਆਪਣੀ ਮਾਂ ਤੇ ਬਾਪੂ ਨੂੰ ਹੈਰਤ ਨਾਲ ਵੇਖਦਾ ਹੈ। ਪਰ ਉਸ ਦੇ ਇਸ ਸੁਆਲ ਦਾ ਜੁਆਬ ਕਿਸੇ ਪਾਸ ਨਹੀਂ ਕਿ ਉਸ ਦੇ ਪ੍ਰੀਵਾਰ ਨੂੰ ਸਕੂਲ 'ਚ ਕਿਉਂ ਰਹਿਣਾ ਪੈ ਰਿਹਾ ਹੈ ਅਤੇ ਛੋਟੀ ਪਤੀਲੀ ਦੀ ਥਾਂ ਵੱਡੀ ਦੇਗ 'ਚੋਂ ਖਾਣਾ ਕਿਉਂ ਮਿਲ ਰਿਹਾ ਹੈ। ਝਾਰਖੰਡ 'ਚ ਹੀ ਮਾਸੂਮ ਫਜਲ ਵਾਂਗੂੰ ਹੀ 13 ਹਜ਼ਾਰ ਬੱਚਿਆਂ ਦੇ ਪ੍ਰੀਵਾਰ 'ਕਬਜੇ ਹਟਾਓ ਮੁਹਿੰਮ' ਦੀ ਭੇਂਟ ਚੜ੍ਹ ਚੁੱਕੇ ਹਨ। ਇਸ ਦੇ ਨਾਲ ਹੀ ਰਾਜਸੀ ਸੰਵੇਦਨਾ ਤੇ ਰਹਿਮ ਦੀ ਗੁੰਜਾਇਸ਼ ਵੀ ਇਸ ਮੁਹਿੰਮ ਦੀ ਭੇਂਟ ਚੜ੍ਹ ਗਈ ਹੈ। ਇਸੇ ਦੇ ਨਾਲ ਹੀ ਝਾਰਖੰਡ ਹਾਈਕੋਰਟ 'ਚ 'ਸਿਟੀਜ਼ਨ ਕਾਜ' ਨਾਮਕ ਸੰਸਥਾ ਵਲੋਂ ਦਾਇਰ ਜਨਹਿਤ ਪਟੀਸ਼ਨ 'ਚ ਅਦਾਲਤ ਨੇ ਪੂਰੇ ਰਾਜ ਨੂੰ ਕਬਜੇ ਤੋਂ ਮੁਕਤ ਕਰਾਉਣ ਦਾ ਹੁਕਮ ਇਕ ਮਹੀਨਾ ਪਹਿਲਾਂ ਦਿੱਤਾ ਸੀ। ਅਦਾਲਤ ਨੇ ਅਜੇਹਾ ਨਹੀਂ ਕਿਹਾ ਸੀ ਕਿ ਗਰੀਬਾਂ ਨੂੰ ਉਜਾੜਣ ਦੀ ਮੁਹਿੰਮ ਚਲਾ ਕੇ ਵੱਡੇ-ਵੱਡੇ ਜਮੀਨ ਹੜੱਪਣ ਵਾਲਿਆਂ ਨੂੰ ਬਚਾਇਆ ਜਾਵੇ। ਪਰ ਝਾਰਖੰਡ ਦੇ ਅਫ਼ਸਰਾਂ ਨੇ ਅਜੇਹਾ ਹੀ ਕੀਤਾ। ਰਾਜ ਨੇਤਾਵਾਂ ਨੇ ਆਪਣੇ-ਆਪਣੇ ਵੋਟ ਬੈਂਕ ਨੂੰ ਬਚਾਉਣ ਲਈ ਇਸ ਦੇ ਵਿਰੁੱਧ ਵੀ ਅੰਦੋਲਨ ਕਰਨਾ ਸ਼ੁਰੂ ਕਰ ਦਿੱਤਾ। ਇਸ ਨਾਲ ਮਾਮਲਾ ਏਨਾ ਭੜਕਿਆ ਕਿ ਹਿੰਸਕ ਝੜਪ 'ਚ ਪੁਲਸ ਨੇ ਦੋ ਨੌਜਵਾਨਾਂ ਨੂੰ ਮਾਰ ਸੁਟਿਆ।

ਸਰਕਾਰ ਦੀ ਬੇਰਹਿਮੀ ਦਾ ਆਲਮ ਇਹ ਹੈ ਕਿ ਮੁਖ ਮੰਤਰੀ ਉਸ ਸਮੇਂ ਜਰਮਨੀ ਦੀ ਸੈਰ ਕਰ ਰਹੇ ਸੀ ਅਤੇ ਗਰੀਬਾਂ ਦੇ ਮਸੀਹਾ ਦੀ ਪਾਰਟੀ ਹੋਣ ਦਾ ਦਾਅਵਾ ਕਰਨ ਵਾਲੀ ਝਾਰਖੰਡ ਮੁਕਤੀ ਮੋਰਚਾ ਸ਼ਿਬੂ ਸੋਰੇਨ ਨੂੰ ਸੱਤਾ-ਮੋਹ ਨੇ ਇਕ ਬਿਆਨ ਵੀ ਨਹੀਂ ਦੇਣ ਦਿੱਤਾ। ਕਬਜ਼ਾ ਹਟਾਓ ਮੁਹਿੰਮ ਦਾ ਵਿਰੋਧ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਬੇਕਾਰੋ ਦੇ ਵਿਧਾਇਕ ਸਮਰੇਸ਼ ਸਿੰਘ ਨੇ ਕੀਤਾ ਸੀ। ਉਹਨਾਂ ਨੇ ਵਿਧਾਨ ਸਭਾ 'ਚ ਇਸ ਹੱਦ ਤੱਕ ਹੰਗਾਮਾ ਮਚਾਇਆ ਕਿ ਉਸ ਦੀ ਰੀਪੋਟਰ ਟੇਬਲ 'ਤੇ ਨੱਚਣ ਦੀਆਂ ਤਸਵੀਰਾਂ ਹਰ ਅਖਬਾਰ ਤੇ ਚੈਨਲ ਨੇ ਵਿਖਾਈਆਂ, ਉਸ ਸਮੇਂ ਮੁਹਿੰਮ ਕਿਉਂਕਿ ਰਾਂਚੀ 'ਚ ਨਹੀਂ ਚਲ ਰਹੀ ਸੀ ਇਸ ਲਈ ਕਿਸੇ ਨੂੰ ਇਸ ਦੀ ਵਿਆਪਕਤਾ ਦਾ ਅੰਦਾਜ਼ਾ ਨਹੀਂ ਸੀ। ਪਰ ਜਿਉਂ ਹੀ ਮੁਹਿੰਮ ਦਾ ਬੁਲਡੋਜ਼ਰ ਰਾਂਚੀ ਆਇਆ ਤਾਂ ਇਥੇ ਭਾਜਪਾ ਤੇ ਕਾਂਗਰਸ ਦੇ ਨੁਮਾਇੰਦਿਆਂ ਦਾ ਇਕੱਠ ਬੱਝ ਗਿਆ। ਰਾਜਧਾਨੀ 'ਚ ਪਹਿਲੀ ਵੱਡੀ ਕਾਰਵਾਈ ਨਾਗਾ ਬਾਬਾ ਖਟਾਲ ਇਲਾਕੇ ਨੂੰ ਤਹਿਸ ਨਹਿਸ ਕਰਨ 'ਚ ਹੋਈ। ਇਸ ਇਲਾਕੇ 'ਚ ਕਰੀਬ ਦਸ ਹਜ਼ਾਰ ਲੋਕ ਪਿਛਲੇ 30 ਸਾਲਾਂ ਤੋਂ ਰਹਿੰਦੇ ਆ ਰਹੇ ਸਨ। ਬਿਹਾਰ ਦੇ ਪ੍ਰਵਾਸੀਆਂ ਲਈ ਸ਼ਹਿਰ ਦੇ ਅੰਦਰ-ਅੰਦਰ ਇਹ ਸਭ ਤੋਂ ਮੁਖ ਕੇਂਦਰ ਸੀ। ਇਸ ਨੂੰ 15 ਸਾਲ ਪਹਿਲਾਂ ਹੀ ਨਜਾਇਜ ਬਸਤੀ ਐਲਾਨਿਆ ਜਾ ਚੁਕਿਆ ਸੀ ਪਰ ਲਾਲੂ ਯਾਦਵ ਦੀ ਹਕੂਮਤ ਵਿੱਚ ਇਸ ਬਸਤੀ ਨੂੰ ਛੂਹਣਾ ਵੀ ਮੁਸ਼ਕਲ ਸੀ ਤੋੜਨ ਦੀ ਗੱਲ ਤਾਂ ਕੋਈ ਸੋਚ ਵੀ ਨਹੀਂ ਸਕਦਾ ਸੀ। ਬਿਹਾਰ ਤੋਂ

ਝਾਰਖੰਡ ਅਲੱਗ ਹੋਇਆ ਤਾਂ ਇਸ ਇਲਾਕੇ ਦੇ ਜ਼ਿਆਦਾਤਰ ਵੋਟਰ ਭਾਜਪਾ ਦੇ ਸਮਰਥਕ ਹੋ ਗਏ। ਝਾਰਖੰਡ ਵਿਧਾਨ ਸਭਾ ਸਪੀਕਰ ਸੀਪੀ ਸਿੰਘ ਸ਼ਹਿਰੀ ਖੇਤਰ ਦੇ ਹੀ ਵਿਧਾਇਕ ਹਨ। ਉਹਨਾਂ ਨੂੰ ਪਤਾ ਸੀ ਕਿ ਮੁਹਿੰਮ ਚਲੇਂਗੀ ਪਰ ਉਸ ਦਾ ਰੂਪ ਕੀ ਹੋਵੇਗਾ, ਇਹ ਪਤਾ ਨਹੀਂ ਸੀ। ਉਹ ਕਬਜਾ ਹਟਾਓ ਮੁਹਿੰਮ ਦੇ ਵਿਚ ਨਿਕਲ ਸਕਦੇ ਇਸ ਤੋਂ ਪਹਿਲਾਂ ਹੀ 28 ਮਾਰਚ ਨੂੰ ਨਾਗਾ ਬਾਬਾ ਖਟਾਲ 'ਤੇ ਹਕੂਮਤ ਨੇ ਹਮਲਾ ਬੋਲ ਦਿੱਤਾ। ਸੀਪੀ ਸਿੰਘ ਨੇ ਧਮਕੀ ਭਰੇ ਲਹਿਜੇ 'ਚ ਕਿਹਾ ਤਾਂ ਜ਼ਰੂਰ ਪਰ ਮੁਹਿੰਮ ਜਾਰੀ ਰਹੀ ਤਾਂ ਉਹ ਅਸਤੀਫਾ ਦੇ ਦੇਣਗੇ ਪਰ ਦਿੱਤਾ ਨਹੀਂ। ਸ਼ਾਇਦ ਉਹਨਾਂ ਨੂੰ ਵੀ ਪਤਾ ਸੀ ਕਿ ਸਰਕਾਰ 'ਚ ਕੋਈ ਸੁਨਣ ਵਾਲਾ ਨਹੀਂ ਹੈ। ਇਸ ਲਈ ਗੱਦੀ ਛੱਡਣੀ ਬੇਕਾਰ ਜਾਵੇਗੀ।

ਵੈਸੇ ਉਹਨਾਂ ਨੇ ਸੜਕ 'ਤੇ ਉਤਰ ਕੇ ਅੰਦੋਲਨ ਵੀ ਨਹੀਂ ਕੀਤਾ। ਇਸ ਕਰਕੇ ਉਹਨਾਂ ਨੂੰ ਆਪਣੇ ਸਮਰਥਕਾਂ ਦੀ ਆਲੋਚਨਾ ਦਾ ਸ਼ਿਕਾਰ ਵੀ ਹੋਣਾ ਪਿਆ। ਦੂਜੇ ਪਾਸੇ ਕੇਂਦਰੀ ਮੰਤਰੀ ਸੁਬੋਧਕਾਂਤ ਨੂੰ ਇਸ ਪੂਰੇ ਮਾਮਲੇ ਨੂੰ ਖੂਬ ਅੱਛੀ ਤਰ੍ਹਾ ਵਰਤਿਆ। ਸਹਾਏ ਕਾਂਗਰਸੀ ਹਨ ਤੇ ਮੁਸਲਮਾਨਾ ਨਾਲ ਉਹਨਾਂ ਦਾ ਅੱਛਾ ਰਿਸ਼ਤਾ ਜਨਤਾ ਦਲ ਦੇ ਸਮੇਂ ਤੋਂ ਹੀ ਬਣਿਆ ਹੋਇਆ ਸੀ। ਘੱਟ ਗਿਣਤੀਆਂ ਨਾਲ ਲਗਾਅ ਸਬੰਧੀ ਉਹਨਾਂ ਦੀ ਤੁਲਨਾ ਸਵਰਗੀ ਅਰਜਨ ਸਿੰਘ ਨਾਲ ਕੀਤੀ ਜਾ ਸਕਦੀ ਹੈ। ਨਾਗਾ ਬਾਬਾ ਖੁਟਾਲ ਪਿੱਛੋਂ ਜਦ ਇਕ ਹੋਰ ਬਸਤੀ ਇਸਲਾਮ ਨਗਰ ਨੂੰ ਤੋੜਨ ਦੀ ਗੱਲ ਚੱਲੀ ਤਾਂ ਸਹਾਏ ਨੇ ਵਿਰੋਧ ਦਾ ਮੋਰਚਾ ਸੰਭਾਲ ਲਿਆ। ਇਸ ਤੋਂ ਇਲਾਵਾ ਬਾਬੂ ਲਾਲ ਮਰਾਂਡੀ ਦੀ ਪਾਰਟੀ ਝਾਰਖੰਡ ਵਿਕਾਸ ਮੋਰਚਾ ਨੇ ਵੀ 'ਕਬਜਾ ਹਟਾਓ ਮੁਹਿੰਮ' ਦਾ ਵਿਰੋਧ ਕਰਕੇ ਥਾਂ-ਥਾਂ ਆਪਣੀ ਪਕੜ ਮਜ਼ਬੂਤ ਹੋਣ ਦਾ ਅਹਿਸਾਸ ਦਿਵਾ ਦਿੱਤਾ।

ਇਸ ਪੂਰੇ ਘਟਨਾਕ੍ਰਮ 'ਚ ਸਭ ਤੋਂ ਖ਼ਤਰਨਾਕ ਚੁੱਪ ਵੱਟਣ ਦਾ ਸਿਹਰਾਂ ਸ਼ਿਬੂ ਸੋਰੇਨ ਤੇ ਉਸ ਦੀ ਪਾਰਟੀ ਕੌ : ਮੁਕਤੀ ਮੋਰਚਾ ਨੂੰ ਜਾਂਦਾ ਹੈ। ਝਮੁਮੋ-ਭਾਜਪਾ ਦੇ ਬੇ ਮੇਲ ਰਿਸ਼ਤੇ ਦੀ ਬੁਨਿਆਦ ਤੇ ਟਿਕੀ ਕਥਿਤ ਐਨਡੀਏ ਸਰਕਾਰ ਨੂੰ ਇਸ ਪੂਰੇ ਕੇਸ 'ਚ ਸੱਪ ਸੁੰਘ ਗਿਆ। ਕੌਮੁਮੋਂ ਖੁਦ ਨੂੰ ਗਰੀਬਾਂ ਦੀ ਪਾਰਟੀ ਦਸਦੀ ਆਈ ਹੈ। ਪਰ ਬੀਮਾਰ ਸ਼ਿਬੂ ਸੋਰੇਨ ਬਿਸਤਰੇ ਤੋਂ ਇਹ ਬਿਆਨ ਵੀ ਨਹੀਂ ਦਿੱਤਾ ਕਿ ਉਜੜੇ ਲੋਕਾਂ ਦਾ ਮੁੜ ਵਸੇਬਾ ਹੋਣਾ ਚਾਹੀਦਾ ਹੈ। ਵੈਸੇ ਪਾਰਟੀ ਅੰਦਰ ਇਹ ਵੀ ਚਰਚਾ ਹੈ ਕਿ 'ਬਾਬਾ' ਨੂੰ ਬੋਲਣ ਨਹੀਂ ਦਿੱਤਾ ਜਾ ਰਿਹਾ। ਕੁਲ ਮਿਲਾਕੇ ਕਾਂਗਰਸ ਤੇ ਝਾਵਿਮੋ ਦੇ ਨਾਲ-ਨਾਲ ਝਮੁਮੋ ਦੀ ਵੀ ਮੌਕਾਪ੍ਰਸਤੀ ਖੁਲ੍ਹ ਕੇ ਸਾਹਮਣੇ ਆ ਗਈ ਹੈ।

ਸਭ ਤੋਂ ਤਕਲੀਫਦੇਹ ਸਥਿਤੀ ਭਾਜਪਾ ਦੀ ਹੈ। ਪਾਰਟੀ 'ਚ ਖਲਬਲੀ ਮੱਚੀ ਹੈ ਕਿ ਜੇ ਅਦਾਲਤ ਦੇ ਹੁਕਮਾ ਦੀ 100 ਫੀਸਦੀ ਪਾਲਣਾ ਹੋ ਗਈ ਤਾਂ ਭਾਜਪਾ ਲਈ ਅਗਲੀ ਚੋਣ ਲੜਨੀ ਮੁਸ਼ਕਲ ਹੋ ਜਾਵੇਗੀ। ਵੈਸੇ ਸਰਕਾਰ ਦੇ ਕਿਸੇ ਵੀ ਮੰਤਰੀ ਨੂੰ ਨੀਤੀ ਸਪਸ਼ਟ ਨਹੀਂ ਹੈ।

# ਕੀ ਹੈ ਅਮਰੀਕੀ ਸਾਮਰਾਜ ਦੀ ਜੰਗਬਾਜ ਨੀਤੀ?

ਦਹਿਸ਼ਤਗਰਦੀ ਦੀ ਆੜ ’ਚ ਸੰਨ 2001 ’ਚ ਅਮਰੀਕੀ ਸਾਮਰਾਜ ਨੇ ਅਫਗਾਨਿਸਤਾਨ ਤੇ ਹਮਲਾ ਕੀਤਾ। ਅਫਗਾਨਿਸਤਾਨ ’ਚ ਅਮਰੀਕਾ ਨੇ ਆਪਣੀ ਕਠਪੁਤਲੀ ਸਰਕਾਰ ਕਾਇਮ ਕਰ ਲਈ। ਹੁਣ ਇੱਥੇ ਡੇਢ ਲੱਖ ਵਿਦੇਸ਼ੀ ਸਿਪਾਹੀ ਹਨ ਜਿਨਾਂ ’ਚ ਅਮਰੀਕਾ ਦੇ ਇਕ ਲੱਖ ਤੇ ਸਾਮਰਾਜੀ ਗੁੱਟ-ਨਾਟੋ ਦੇ ਪੰਜਾਹ ਹਜ਼ਾਰ ਫ਼ੌਜੀ ਸਿਪਾਹੀ ਸ਼ਾਮਲ ਹਨ। ਅਮਰੀਕੀ ਹਾਕਮ ਲਗਾਤਾਰ ਝੂਠ ਬੋਲ ਰਹੇ ਹਨ ਕਿ ਇਹ ਦਹਿਸ਼ਤਗਰਦੀ ਨੂੰ ਖਤਮ ਤੇ ਦੁਨੀਆਂ ’ਚ ਸ਼ਾਂਤੀ ਤੇ ਜਮਹੂਰੀਅਤ ਦੀ ਸਥਾਪਤੀ ਲਈ ਲੜੀ ਜਾ ਰਹੀ ਹੈ। ਅਫਗਾਨਿਸਤਾਨ ’ਤੇ ਅਮਰੀਕੀ ਕਬਜੇ ਦੇ 10 ਵਰ੍ਹੇ ਅਮਰੀਕੀ ਹਾਕਮਾਂ ਦੇ ਇਹਨਾਂ ਦਾਅਵਿਆਂ ਨੂੰ ਰੱਦ ਕਰ ਚੁੱਕੇ ਹਨ। ਦੁਨੀਆਂ ਦਾ ਸਭ ਤੋਂ ਵੱਡਾ ਦਹਿਸ਼ਤ ਪਸੰਦ ਅਮਰੀਕੀ ਸਾਮਰਾਜ ਮੁੱਢ ਤੋਂ ਮੱਧ ਪੂਰਬ ਤੇ ਏਸ਼ੀਆ ਮਹਾਂਦੀਪ ’ਚ ਦਾਬਾ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਇਸ ਸਬੰਧੀ ‘ਵਰਲਡ ਟ੍ਰੇਡ ਸੈਂਟਰ’ ਤੇ ‘ਪੈਂਟਾਗਨ’ ਉਪਰ 9 ਸਤੰਬਰ 2001 ਨੂੰ ਹੋਏ ਹਮਲਿਆਂ ਦਾ ਅਮਰੀਕਾ ਨੂੰ ਬਹੁਤ ਫਾਇਦਾ ਹੋਇਆ। 7 ਅਕਤੂਬਰ 2001 ਨੂੰ ਅਮਰੀਕਾ ਤੇ ਇੰਗਲੈਂਡ ਦੀਆਂ ਫ਼ੌਜਾਂ ਨੇ ਅਫਗਾਨਿਸਤਾਨ ਤੇ ਧੱਕੇ ਨਾਲ ਬੰਬਾਰੀ ਕੀਤੀ। ਪਿੱਛੋਂ ਇਸ ’ਚ ਦੂਜੇ ਸਾਮਰਾਜੀ ਦੇਸ਼ ਵੀ ਸ਼ਾਮਿਲ ਹੋ ਗਏ ਸਨ ਤੇ ਇਸ ਹਮਲੇ ਦੀ ਸਕੀਮ 9 ਸਤੰਬਰ ਤੋਂ ਕਈ ਮਹੀਨੇ ਪਹਿਲਾਂ ਬਣਾ ਲਈ ਗਈ ਸੀ।

ਅਮਰੀਕਾ ਨੂੰ ਇਹ ਭੁਲੇਖਾ ਸੀ ਕਿ ਅਫਗਾਨਿਸਤਾਨ ’ਤੇ ਕਬਜਾ ਕਰਨਾ ਤਾਂ ਖੱਬੇ ਹੱਥ ਦਾ ਕੰਮ ਹੈ ਪਰ ਉਥੋਂ ਦੇ ਲੋਕਾਂ ਤੇ ਕੀਤੇ ਭਿਅੰਕਰ ਅਤਿਆਚਾਰ ਪਿੱਛੋਂ ਵੀ ਅਫਗਾਨੀਆਂ ਨੂੰ ਕਾਬੂ ਨਹੀਂ ਕੀਤਾ ਜਾ ਸਕਿਆ। ਅਫਗਾਨੀਆਂ ਨੇ ਪਿਛਲੇ ਦਹਾਕੇ ਦੌਰਾਨ ਅਮਰੀਕੀ ਹਾਕਮਾਂ ਦੀ ਨੀਂਦ ਹਰਾਮ ਕਰ ਰੱਖੀ ਹੈ। ਅਮਰੀਕੀ ਸਾਸ਼ਕ ਜੋ ਮਰਜ਼ੀ ਭਾਵੇਂ ਕਬਜਾ ਕਰਨ ਦੇ ਦਾਅਵੇਕਰਨ ਪਰ ਇਹ ਸਭ ਝੂਠੇ ਬਾਣ ਹਨ। ਅਸਲ ’ਚ ਅਮਰੀਕਾ ਆਫਗਾਨਿਸਤਾਨ ’ਚ ਯੁੱਧ ਹਾਰ ਚੁੱਕਿਆ ਹੈ। ਵਿਦੇਸ਼ੀ ਸਿਪਾਹੀ ਹੌਂਸਲੇ ਛੱਡ ਚੁੱਕੇ ਹਨ। ਅਮਰੀਕੀਆਂ ਲਈ ਨਾ ਤਾਂ ਅਫਗਾਨਿਸਤਾਨ ’ਚ ਬੈਠੇ ਰਹਿਣਾ ਸੰਭਵ ਹੈ ਅਤੇ ਨਾ ਹੀ ਉਥੋਂ ਭਜਣਾ ਸੌਖਾ ਹੈ। ਅੱਗੇ ਖੂਹ ਪਿੱਛੇ ਖਾਤਾ ਹੈ। ਉਥੇ ਹਮਲਾ ਕਰਦੇ ਸਮੇਂ ਅਮਰੀਕੀ ਸਾਮਰਾਜੀ ਹਾਕਮ ਨੇ ਦਾਅਵਾ ਕੀਤਾ ਸੀ ਅਫਗਾਨਿਸਤਾਨ ਤੋਂ ਤਾਲਿਬਾਨ ਨੂੰ ਖ਼ਤਮ ਕਰਕੇ ਉਥੇ ਜਮਹੂਰੀ ਰਾਜ ਸਥਾਪਤ ਕੀਤਾ ਜਾਵੇਗਾ ਪਰ ਇਹ ਵਾਅਦਾ ਨਿਭਾਇਆ ਨਹੀਂ ਗਿਆ। ਉਲਟਾ ਉਕੇ ਕਠਪੁਤਲੀ ਸਰਕਾਰ ਬਣਾ ਦਿੱਤੀ ਜਿਸ ਤੋਂ ਅਫਗਾਨ ਲੋਕ ਭਾਰੀ ਨਫ਼ਰਤ ਕਰਦੇ ਹਨ। ਲੋਕਾਂ ਦੀ ਜਿਉਣ ਹਾਲਤਾਂ ਦਿਨ-ਬ-ਦਿਨ ਘਿਰਦੀਆਂ ਜਾ ਰਹੀਆਂ ਹਨ। ਔਰਤਾਂ ਦੀ ਹਾਲਤ ਵੀ ਮਾੜੀ ਹੋ ਗਈ ਹੈ। ਅਫਗਾਨ ਲੋਕ ਭਾਰੀ ਅਤਿਆਚਾਰ ਦੇ ਸ਼ਿਕਾਰ ਹਨ। ਸਮੂਹਕ ਕਤਲੇਆਮ, ਬਿਮਾਰੀ, ਰਾਤਾਂ ਨੂੰ ਪੈਂਦੇ ਛਾਪੇ ਗ੍ਰਿਫ਼ਤਾਰੀਆਂ, ਤਸੀਹੇ, ਗੁਪਤ ਹੱਤਿਆਵਾਂ, ਤੇ ਡਰੋਨ ਹਮਲਿਆਂ ਰਾਹੀਂ ਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਮਰੀਕੀ ਬੰਬ, ਮਿਜ਼ਾਇਲਾਂ ਤੇ ਗੋਲੀਆਂ ਹਜ਼ਾਰਾਂ ਬੇਗੁਨਾਹ ਔਰਤਾਂ ਮਰਦਾਂ ਤੇ ਬੱਚਿਆਂ ਨੂੰ ਨਿਸ਼ਾਨਾ ਬਣਾ ਚੁੱਕੇ ਹਨ। ਵਿਦੇਸ਼ੀ ਫ਼ੌਜੀ ਅਕਸਰ ਅਫਗਾਨੀਆਂ ਦੀ ਉਹਨਾਂ ਦੇ ਘਰਾਂ ਅੰਦਰ ਵੜਕੇ ਕੁਟਮਾਰ ਕਰਦੇ ਹਨ, ਤਲਾਸ਼ੀ

ਲੈਂਦੇ ਹਨ, ਲੋਕਾਂ ਨੂੰ ਫੜ ਕੇ ਲੈ ਜਾਂਦੇ ਹਨ ਤੇ ਤਸੀਹੇ ਦਿੰਦੇ ਹਨ। ਲੋਕਾਂ ਨੂੰ ਬਿਨਾਂ ਵਾਰਨਿੰਗ ਗੋਲੀ ਮਾਰ ਦਿੱਤੀ ਜਾਂਦੀ ਹੈ। ਮਾਰੀ ਗਈ ਜਨਤਾ ਨੂੰ ਦਹਿਸ਼ਤ ਪਸੰਦ ਦੱਸਿਆ ਜਾਂਦਾ ਹੈ। ਇਕ ਛੋਟੇ ਕਸਬੇ ਗਾਰਦੇਜ ਵਿਚ ਇਕ ਪਰਿਵਾਰ ਦੇ ਛੇ ਮੈਂਬਰਾਂ ਨੂੰ ਗੋਲੀਆਂ ਨੂੰ ਭੁੰਨ ਦਿੱਤਾ ਗਿਆ। ਇਹਨਾਂ 'ਚ ਤਿੰਨ ਔਰਤਾਂ (ਗਰਭਵਤੀ) ਸਨ। ਬਾਕੀਆਂ ਨੂੰ ਪੁੱਛਗਿੱਛ ਦੀ ਆੜ 'ਚ ਗ੍ਰਿਫ਼ਤਾਰ ਕਰਕੇ ਤਸੀਹੇ ਦਿੱਤੇ ਗਏ। ਅਫਗਾਨ ਲੋਕ ਸਾਮਰਾਜੀਆਂ ਦੇ ਇਸ ਅਤਿਆਚਾਰ ਨੂੰ ਹਮੇਸ਼ਾ ਲਈ ਯਾਦ ਰੱਖੇਗੀ। ਅਫਗਾਨਾ ਦੀ ਔਰਤਾਂ ਕੁਪੋਸ਼ਨ ਦਾ ਸ਼ਿਕਾਰ ਹਨ। ਉਥੇ ਸਿਹਤ ਸਹੂਲਤਾਂ ਦਾ ਮਿਆਰ ਦਿਨ-ਬ-ਦਿਨ ਡਿੱਗ ਰਿਹਾ ਹੈ। ਕੱਟੜ ਇਸਲਾਮੀ ਯੁੱਧ ਸਰਦਾਰਾਂ ਨੂੰ ਅਮਰੀਕੀ ਹਾਕਮਾਂ ਨੇ ਅਫਗਾਨਿਸਤਾਨ ਦੀ ਹਕੂਮਤੀ ਕੁਰਸੀ ਤੇ ਬਿਠਾਕੇ ਔਰਤਾਂ ਨੂੰ ਮਾੜੇ ਮੋਟੇ ਹੱਕਾਂ ਤੋਂ ਵੀ ਵਾਂਝਿਆ ਕਰ ਦਿੱਤਾ ਹੈ। ਇਹਨਾਂ ਇਸਲਾਮੀ ਕੱਟੜ ਪੰਥੀਆਂ ਘੋਰ ਨਾਰੀ-ਵਿਰੋਧੀ ਨੀਤੀਆਂ ਲਾਗੂ ਕੀਤੀਆਂ। ਉਥੇ ਦੀ ਕਰਜ਼ਈ ਸਰਕਾਰ ਨੇ ਕਾਨੂੰਨ ਬਣਾ ਕੇ ਵਿਆਹ ਵਿੱਚ ਬਲਾਤਕਾਰ ਨੂੰ ਮਾਨਤਾ ਦੇ ਦਿੱਤੀ। ਔਰਤਾਂ ਦੀ ਅਜ਼ਾਦੀ ਤੇ ਮਜਹੂਰੀਅਤ ਦੇ ਬਹਾਨੇ ਦੋ ਕਾਨੂੰਨ ਪਾਸ ਕੀਤੇ ਹਨ। ਪਹਿਲਾਂ ਆਪਣੇ ਪਤੀ ਦੀ ਆਗਿਆ ਪਾਲਣ ਦਾ ਹੱਕ ਦੂਜਾ ਨਮਾਜ ਪੜ੍ਹਨ ਦਾ ਹੱਕ ਪਰ ਮਸਜਿਦ ਵਿੱਚ ਨਹੀਂ। ਡ੍ਰੋਨ ਹਮਲਿਆਂ ਦਾ ਗਿਣਤੀ ਵਧਦੀ ਜਾ ਰਹੀ ਇਹ ਹਮਲੇ ਬਿਨਾਂ ਪਾਈਲਟ ਵਾਲੇ ਜਹਾਜ਼ਾਂ ਰਾਹੀ ਕੀਤੇ ਜਾਂਦੇ ਹਨ। ਬੇਰਾਕ ਓਬਾਮਾ ਦੀ ਹਕੂਮਤੀ ਅਰਸੇ ਦੌਰਾਨ ਇਹ ਹਮਲੇ ਹੋਰ ਵੀ ਵਧ ਗਏ ਹਨ। ਪਹਿਲਾਂ ਇਹ ਗਿਣਤੀ ਅੱਧੀ ਸੀ ਹੁਣ 20 ਡਰੋਨ ਹਮਲੇ ਰੋਜਾਨਾ ਕੀਤੇ ਜਾਂਦੇ ਹਨ।

ਜਨਵਰੀ 2009 ਤੋਂ 2010 ਤੱਕ ਅਮਰੀਕੀ ਸਿਪਾਹੀਆਂ ਨੇ ਅਫਗਾਨ ਲੋਕਾਂ 'ਤੇ 184 ਮਿਜ਼ਾਇਲਾਂ ਤੇ 66 ਲੇਜ਼ਰ ਬੰਬਾਂ ਨਾਲ ਹਮਲੇ ਕੀਤੇ। ਬਹਾਨਾ ਇਹ ਕਿ ਇੱਥੇ ਅੱਤਵਾਦੀ ਲੁਕੇ ਹੋਏ ਹਨ ਜਦਕਿ ਨਿਸ਼ਾਨਾ ਆਮ ਸ਼ਹਿਰੀਆਂ ਨੂੰ ਬਣਾਇਆ ਜਾਂਦਾ ਹੈ। ਅਮਰੀਕੀ ਰਾਸ਼ਟਰਪਤੀ ਬੇਰਾਕ ਓਬਾਮਾ ਨੇ 20 ਜੂਨ 2011 ਨੂੰ ਕਿਹਾ ਕਿ ਅਫਗਾਨਿਸਤਾਨ ਤੋਂ 32000 ਫ਼ੌਜੀ ਵਾਪਸ ਬੁਲਾਏ ਜਾ ਰਹੇ ਹਨ ਅਤੇ ਇਸ ਜੰਗ ਨੂੰ ਖ਼ਤਮ ਕਰਨ ਦੀ ਸ਼ੁਰੂਆਤ ਹੋਵੇਗੀ। ਜਿਵੇਂ ਕਿ ਓਬਾਮਾ ਨੇ ਸੱਤਾ ਸੰਭਾਲਣ ਤੋਂ ਪਹਿਲਾਂ ਵੀ ਇਹ ਯਕੀਨ ਦਵਾਇਆ ਸੀ ਕਿ ਉਹਨਾਂ ਦੀ ਸਰਕਾਰ ਅਫਗਾਨਿਸਤਾਨ ਜੰਗ ਰੋਕ ਦੇਵੇਗੀ। ਓਬਾਮਾ ਦੇ ਸੱਤਾ ਸੰਭਾਲਣ ਪਿੱਛੋਂ ਤਾਂ ਉਹਨਾਂ ਨੇ ਸਿਪਾਹੀਆਂ ਦੀ ਗਿਣਤੀ 32000 ਤੋਂ ਵਧਾ ਕੇ ਇਕ ਲੱਖ ਕਰ ਦਿੱਤੀ ਹੁਣ ਜੇ 32000 ਵਾਪਸ ਵੀ ਬੁਲਾਏ ਜਾਣ ਤਾਂ ਵੀ ਗਿਣਤੀ ਪਹਿਲਾਂ ਨਾਲੋਂ ਦੁਗਣੀ ਰਹਿ ਜਾਵੇਗੀ। ਜਿਸ ਅੱਤਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਜੰਗ ਲੜੀ ਜਾ ਰਹੀ ਹੈ। ਉਸ ਦਾ ਜਨਮਦਾਤਾ ਵੀ ਅਮਰੀਕਾ ਆਪ ਹੈ। 1979 'ਚ ਰੂਸੀ ਸਾਮਰਾਜ ਨੇ ਅਫਗਾਨਿਸਤਾਨ 'ਤੇ ਕਬਜਾ ਕੀਤਾ। ਆਪਣੇ ਵਿਰੋਧੀ ਰੂਸ ਨੂੰ ਖਿਦੇੜਨ  ਲਈ ਅਮਰੀਕਾ 'ਤੇ ਕਬਜਾ ਕੀਤਾ। ਆਪਣੇ ਵਿਰੋਧੀ ਰੂਸ ਨੂੰ ਖਿਦੇੜਨ ਲਈ ਅਮਰੀਕਾ ਨੇ ਤਿੰਨ ਅਰਬ ਡਾਲਰ ਕੱਟੜ ਪੰਥੀ ਇਸਲਾਮੀ ਗੁੱਟਾਂ ਨੂੰ ਦਿੱਤੀ। ਓਸਾਮਾ ਬਿਨ ਲਾਦੇਨ ਨੇ ਵੀ ਅਮਰੀਕੀ ਛਤਰ-ਛਾਇਆ ਹੇਠ ਆਪਣੀਆਂ ਕਾਰਵਾਈਆਂ ਸ਼ੁਰੂ ਕੀਤੀਆਂ। ਅਮਰੀਕਾ ਦਾ ਇਹ ਪ੍ਰਚਾਰ ਕਿ ਅਫਗਾਨਿਸਤਾਨ 'ਚ ਜੰਗ ਅੱਤਵਾਦ ਦੇ ਖਾਤਮੇ ਲਈ ਹੈ, ਇਹ ਸਫੈਦ ਝੂਠ ਹੈ। ਅਫਗਾਨਿਸਤਾਨ ਨੇ ਕਬਜਾ ਕਰਕੇ ਅਮਰੀਕਾ ਦੱਖਣ ਏਸ਼ੀਆ 'ਚ ਆਪਣਾ ਅੱਡਾ

ਸਥਾਪਤ ਕਰਨਾ ਚਾਹੁੰਦਾ ਸੀ।

ਕੈਸਪੀਅਨ ਸਾਗਰ ਵਿੱਚ ਮਿਲਣ ਵਾਲੇ ਤੇਲ 'ਤੇ ਉਹਨਾਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ। ਅਮਰੀਕੀ ਇਤਿਹਾਸ ਦੀ ਸਭ ਤੋਂ ਲੰਮੀ ਜੰਗ ਹੈ ਇਹ ਅਫਗਾਨਿਸਤਾਨ ਦੀ। ਪਰ ਇਸਦੇ ਬਾਵਜੂਦ ਵੀ ਅਮਰੀਕਾ ਅਫਗਾਨੀ ਲੋਕਾਂ ਤੇ ਕੰਟਰੋਲ ਸਥਾਪਤ ਨਹੀਂ ਕਰ ਸਕਿਆ ਹੈ। ਹੁਣ ਤਾਂ ਇਹ ਸੰਭਵ ਵੀ ਨਹੀਂ ਹੈ। ਅੱਜ ਬਸਤੀਵਾਦ ਦਾ ਦੌਰ ਨਹੀਂ ਹੈ। ਇਸ ਲਈ ਕਿਸੇ ਦੇਸ਼ ਨੂੰ ਬਸਤੀ ਬਣਾਉਣਾ ਸੰਭਵ ਹੀ ਨਹੀਂ। ਇਰਾਕ 'ਚ ਵੀ ਅਜਿਹਾ ਹੀ ਵਾਪਰ ਰਿਹਾ ਹੈ। ਤੱਥ ਇਸ ਗੱਲ ਦੇ ਹੱਕ 'ਚ ਹਨ, ਸਾਮਰਾਜਵਾਦ ਦੇ ਖਾਤਮੇ ਬਿਨਾਂ ਕੌਮਾਂ ਜਾਂ ਦੇਸ਼ ਦੀ ਮੁਕਤੀ ਨਹੀਂ ਹੋ ਸਕਦੀ। ਜਿਸ ਲਈ ਸਾਮਰਾਜ ਵਿਰੋਧੀ ਸਾਂਝਾ ਮੋਰਚਾ ਸੰਸਾਰ ਪੱਧਰ 'ਤੇ ਬਨਣਾ ਅਟਲ ਹੈ।

# ਕੀ ਹੈ ਦਹਿਸ਼ਤਗਰਦੀ ਖਿਲਾ.ਫ ਜੰਗ ਦਾ ਅਮਰੀਕੀ ਦਾਅਵਾ?

ਅਮਰੀਕਾ ਪੂਰੀ ਦੁਨੀਆਂ 'ਚ ਫੈਲੀ ਦਹਿਸ਼ਤਗਰਦੀ ਵਿਰੁੱਧ ਜੰਗ ਛੇੜਣ ਦਾ ਦਾਅਵਾ ਕਰਦਾ ਹੈ ਪਰ ਸਚਾਈ ਇਹ ਹੈ ਕਿ ਖੁਦ ਅਮਰੀਕਾ ਦੁਨੀਆਂ ਦਾ ਸਭ ਤੋਂ ਵੱਡਾ ਦਹਿਸ਼ਤਗਰਦੀ ਹੈ। ਅੱਜ ਜਿਹਨਾਂ ਇਸਲਾਮ ਕੱਟੜਪੰਥੀਆਂ ਨਾਲ ਲੜਨ ਦੇ ਬਹਾਨੇ ਇਰਾਕ ਅਫਗਾਨਿਸਤਾਨ ਤੇ ਦੁਨੀਆਂ ਦੇ ਕਈ ਦੇਸ਼ਾਂ 'ਚ ਅਮਰੀਕਾ ਬੰਬਾਰੀ ਕਤਲੇਆਮ, ਫ਼ੌਜੀ ਕਬਜਿਆਂ ਦਾ ਸਿਲਸਿਲਾ ਜਾਰੀ ਰੱਖ ਰਿਹਾ ਹੈ। ਇਹ ਉਸ ਦੇ ਪੈਦਾ ਕੀਤੇ ਜੰਗਲੀ ਲੋਕ ਹਨ। ਅਮਰੀਕਾ ਅੱਤਵਾਦ ਦੇ ਨਾਂ ਹੇਠ ਦੁਨੀਆਂ ਦੇ ਲੋਕਾਂ ਵਿਰੁੱਧ ਜੰਗ ਛੇੜੀ ਬੈਠਾ ਹੈ। ਉਹ ਆਪਣੇ ਸਾਮਰਾਜੀ ਦਾਬੇ ਲਈ ਯੁੱਧ ਤੇ ਦਹਿਸ਼ਤਗਰਦੀ ਦਾ ਕਹਿਰ ਢਾਹ ਰਿਹਾ ਹੈ। ਅਮਰੀਕੀ ਹਾਕਮਾਂ ਦੇ ਚੋਣਵੇਂ ਅਪਰਾਧਾਂ ਦੀ ਸੂਚੀ ਦੱਖਣੀ ਚਾਹੀਦੀ ਹੈ।

ਅਮਰੀਕਾ ਦੇ ਮੂਲ ਨਿਵਾਸੀਆਂ ਦਾ ਕਤਲੇਆਮ-ਅਮਰੀਕਾ ਦੇ ਬਾਨੀ ਜਦ ਉਤਰੀ ਅਮਰੀਕਾ ਪਹੁੰਚੇ ਉਦੋਂ ਤੋਂ ਲੈ ਕੇ ਵੀਹਵੀਂ ਸਦੀ ਤਕ ਮੂਲ ਨਿਵਾਸੀਆਂ ਦੇ ਕਤਲੇਆਮ ਦਾ ਤੇ ਉਹਨਾਂ ਦੀਆਂ ਜ਼ਮੀਨ ਹੜੱਪਣ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ। ਅਜਿਹੀਆਂ ਬਥੇਰੀਆਂ ਘਟਨਾਵਾਂ ਵਿੱਚ "ਹੰਝੂਆਂ ਦਾ ਰਾਹ" (ਟ੍ਰੇਲ ਆਫ ਟੀਅਰਸ) ਨਾਂ ਨਾਲ ਮਸ਼ਹੂਰ ਇਹ ਇਤਿਹਾਸਕ ਘਟਨਾ ਵੀ ਸ਼ਾਮਿਲ ਹੈ। ਜਦ ਦੱਖਣ ਪੂਰਬੀ ਅਮਰੀਕਾ ਦੇ ਹਜ਼ਾਰਾਂ ਮੂਲ ਬਸ਼ਿੰਦਿਆਂ ਨੂੰ ਦੱਖਣ-ਪੂਰਬੀ ਅਮਰੀਕਾ ਤੋਂ ਉਜਾੜ ਕੇ ਅਕੋਲਾਹਮਾ ਵੱਲ ਕੂਚ ਕਰਨ ਲਈ ਮਜ਼ਬੂਰ ਕੀਤਾ ਗਿਆ। ਅਜਿਹੇ 15000 ਚੇਰੋਕੀ ਲੋਕਾਂ ਵਿੱਚੋਂ 4000 ਸਫਰ ਦੌਰਾਨ ਹੀ ਮਾਰੇ ਗਏ। ਅਫਰੀਕੀ ਤੋਂ ਲਿਜਾਏ ਗਏ ਕਾਲੇ ਗੁਲਾਮਾਂ ਤੋਂ ਖੇਤਾ ਦਾ ਕੰਮ ਕਰਵਾਉਂਦੇ ਸਮੇਂ, ਉਹਨਾਂ ਦੇ ਨਾਲ ਡੰਗਰਾਂ ਵਰਗਾ ਵਰਤਾਅ ਕਰਨ ਅਤੇ ਬੇ-ਰਹਿਮ ਤੇ ਜ਼ਾਲਮਾਨਾ ਢੰਗ ਨਾਲ ਤਸੀਹੇ ਦੇਣ ਦਾ ਸਿਲਸਿਲਾ ਉਨੀਵੀਂ ਸਦੀ ਦੇ ਉਤਰਾਅ ਤਕ ਜਾਰੀ ਰਿਹਾ। ਦਾਸ ਪ੍ਰਥਾ ਤੇ ਰੋਕ ਪਿੱਛੋਂ ਵੀ ਕਾਲੀ ਅਬਾਦੀ ਜਬਰ ਤੇ ਭੇਦਭਾਵ ਦਾ ਸ਼ਿਕਾਰ ਬਣੀ ਰਹੀ। ਕਾਲਿਆ ਦੀ ਇਕ ਛੋਟੀ ਜਿਹੀ ਅਬਾਦੀ ਉਪਰ ਉਠ ਕੇ ਅੱਜ ਕੁਲੀਨ ਬਹੁਗਿਣਤੀ ਕਾਲ ਅੱਜ ਵੀ ਸਮਾਜਕ ਅਲਗਾਅ ਤੇ ਅਪਮਾਨਜਨਕ ਭੇਦਭਾਵ ਦਾ ਸ਼ਿਕਾਰ ਹਨ। 1846-1848 ਅਮਰੀਕਾ ਫ਼ੌਜਾਂ ਨੇ ਮੈਕਸੀਕੋ 'ਤੇ ਹਮਲਾ ਕਰਕੇ ਮੈਕਸੀਕੀ ਬੰਦਰਗਾਹਾਂ ਦੀ ਘੇਰ ਬੰਦੀ ਕਰ ਲਈ ਅਤੇ ਮੈਕਸੀਕੋ ਸ਼ਹਿਰ ਤੇ ਕਬਜਾ ਕਰ ਲਿਆ। ਬਦਲੇ 'ਚ ਮੈਕਸੀਕੋ ਨੂੰ ਆਪਣੀ ਜ਼ਮੀਨ ਦਾ ਬਹੁਤ ਵੱਡਾ ਹਿੱਸਾ ਅਮਰੀਕਾ ਨੂੰ ਦੇਣਾ ਪਿਆ। ਜਿਸ ਵਿੱਚ ਨਿਊ ਮੈਕਸੀਕੋ, ਕੈਲੇਫੋਰਨੀਆ ਤੇ ਉਤਰੀ ਮੈਕਸੀਕੋ ਦਾ ਬਹੁਤ ਵੱਡਾ ਹਿੱਸਾ ਸ਼ਾਮਲ ਸੀ। 1898 'ਚ ਕਿਊਬਾ ਦੀ ਅਜ਼ਾਦੀ ਦੀ ਮਦਦ ਕਰਨ ਦੇ ਬਹਾਨੇ ਅਮਰੀਕਾ ਨੇ ਪ੍ਰਸ਼ਾਂਤ ਮਹਾਂਸਾਗਰ ਤੇ ਕੈਰਬਿਅਨ 'ਚ ਸਥਿਤ ਸਪੇਨੀ ਫ਼ੌਜਾ 'ਤੇ ਹਮਲਾ ਕੀਤਾ ਤੇ ਉਹਨਾਂ ਨੂੰ ਹਰਾਉਣ ਪਿੱਛੋਂ ਸਪੇਨੀ ਬਸਤੀਆਂ-ਕਿਊਬਾ, ਪਯੂਟਰਿਕੋ, ਗੁਆਮ ਤੇ ਫਿਲਸਤੀਨ ਉਪਰ ਆਪਣਾ ਦਾਬਾ ਸਥਾਪਤ ਕਰ ਗਿਆ। 1899 'ਚ ਫਿਲਪੀਅਨਸ ਦੀਆਂ ਬਸਤੀਵਾਦ ਵਿਰੋਧੀ ਸ਼ਕਤੀਆਂ ਨੂੰ ਅਮਰੀਕਾ ਨੇ ਬੇ-ਰਹਿਮੀ ਨਾਲ ਕੁਚਲ ਦਿੱਤਾ। ਪ੍ਰਸਿੱਧ ਅਮਰੀਕੀ ਲੇਖਕ ਮਾਰਕ ਟਵੇਨ ਦੇ ਸ਼ਬਦਾਂ ਵਿੱਚ

"ਉਹਨਾਂ ਨੂੰ ਦਫਨ ਕਰ ਦਿੱਤਾ ਗਿਆ ਪਿੰਡਾਂ ਨੂੰ ਸਾੜ ਦਿੱਤਾ ਗਿਆ, ਵਿਧਵਾਵਾਂ ਤੇ ਅਨਾਥ ਬੱਚਿਆਂ ਨੂੰ ਘਰੋਂ ਬਾਹਰ ਕੱਢ ਦਿੱਤਾ ਗਿਆ। ਦਰਜਨਾਂ ਦੇਸ਼ ਭਗਤ ਨੇਤਾਵਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਅਤੇ ਬਚੇ ਹੋਏ ਲਪ ਫਿਲੀਪੀਨਸ ਨਿਵਾਸੀਆਂ ਨੂੰ ਗੁਲਾਮ ਬਣਾ ਲਿਆ ਗਿਆ।" 1915 'ਚ ਅਮਰੀਕਾ ਨੇ ਹੈਤੀ ਤੇ ਹਮਲਾ ਕਰਕੇ ਕਬਜਾ ਕਰ ਲਿਆ। ਅਮਰੀਕਾ ਸਮੁੰਦਰੀ ਫ਼ੌਜੀ ਸਿੱਧੇ ਹੈਤੀਆਨ ਨੈਸ਼ਨਲ ਬੈਂਕ 'ਚ ਪਹੁੰਚੇ ਤੇ ਸੋਨੇ ਦੇ ਸਾਰੇ ਦੇ ਸਾਰੇ ਰਿਜ਼ਰਵ ਭੰਡਾਰ ਚੁੱਕ ਕੇ ਨਿਊਯਾਰਕ ਸਿਟੀ ਪਹੁੰਚਾ ਦਿੱਤਾ। ਵਿਰੋਧ ਨੂੰ ਅਮਰੀਕੀ ਫ਼ੌਜ ਨੇ ਬੇ-ਰਹਿਮੀ ਨਾਲ ਕੁਚਲ ਦਿੱਤਾ। ਨੇਤਾਵਾਂ ਦੇ ਕਤਲ ਕਰ ਦਿੱਤੇ ਗਏ। ਬਸਤੀਆਂ ਸਾੜ ਕੇ ਜ਼ਮੀਨ ਹੇਠ ਦੱਬ ਦਿੱਤੀਆਂ ਗਈਆਂ ਅਤੇ 15000 ਤੋਂ 30,000 ਵਿਚਕਾਰ ਹੈਤੀ ਵਾਸੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

1921 'ਚ ਪੁਲਸ ਕੂ-ਕਲਕਸ-ਕੁਲਾਨ ਦੇ ਫਾਸਿਸਟ ਗੁੰਡਿਆਂ ਤੇ ਕਾਲੇ ਨਸਲਵਾਦੀ ਦੀ ਇਕ ਭੀੜ ਨੇ ਤੁਲਸਾ (ਔਕਲਾਹਾਮਾ) 'ਚ ਕਾਲੀ ਅਬਾਦੀ 'ਤੇ ਹਮਲਾ ਕਰਕੇ ਸੈਂਕੜੇ ਲੋਕਾਂ ਨੂੰ ਮਾਰ ਦਿੱਤਾ ਅਤੇ ਘਰਾਂ ਨੂੰ ਲੁੱਟ ਲਿਆ। ਫਿਰ ਪੁਲਸ ਨੇ 6 ਜਹਾਜ਼ਾਂ ਰਾਹੀਂ ਬੰਬ ਸੁੱਟ ਕੇ ਪੂਰੀ ਬਸਤੀ ਨੂੰ ਸਾੜ ਕੇ ਸੁਆਹ ਕਰ ਦਿੱਤਾ। 1945 'ਚ ਦੂਜੀ ਸੰਸਾਰ ਜੰਗ ਦੇ ਅੰਤ ਵਿੱਚ ਜਦ ਜਪਾਨ ਦੀ ਹਾਰ ਸੌਖੀ ਸੀ, ਉਸ ਸਮੇਂ ਆਪਣੀ ਸਾਮਰਾਜੀ ਚੌਧਰ ਸਿੱਧ ਕਰਨ ਅਤੇ ਸਾਮਰਾਜੀ ਕੈਂਪ ਨੂੰ ਵਧਾਉਣ ਲਈ ਅਤੇ ਸਮਾਜਵਾਦੀ ਕੈਂਪ ਨੂੰ ਡਰਾਉਣ ਲਈ ਅਮਰੀਕਾ ਨੇ ਹੀਰੋਸੀਮਾ ਤੇ ਨਾਗਾਸਾਕੀ 'ਤੇ ਪ੍ਰਮਾਣੂ ਬੰਬ ਸੁੱਟੇ। ਇਸ 'ਚ ਦੋ ਲੱਖ ਸ਼ਹਿਰੀ ਫੌਰਨ ਮਾਰੇ ਗਏ। ਲੱਖਾਂ ਦੀ ਅਬਾਦੀ ਸਾਲਾਂ ਤੱਕ ਵਿਕਰਣ ਤੋਂ ਪੈਦਾ ਹੋਈਆਂ ਬੀਮਾਰੀਆਂ ਨਾਲ ਘੁਟ ਘੁਟ ਕੇ ਮਰਦੀ ਰਹੀ। ਤੇ ਦਹਾਕਿਆਂ ਤਕ ਵਿਕਰਣ ਤੋਂ ਪੈਦਾ ਬੀਮਾਰੀਆਂ ਨਾਲ ਗ੍ਰਸਿਤ ਬੱਚੇ ਪੈਦਾ ਹੁੰਦੇ ਰਹੇ। ਟੋਕੀਓ 'ਤੇ ਬੰਬਾਰੀ ਕਾਰਨ ਲੱਗੀ ਅੱਗ ਵਿਚ ਹਜ਼ਾਰਾਂ ਲੋਕ ਮਾਰੇ ਗਏ ਅਤੇ ਲੱਖਾਂ ਲੋਕ ਬੇਘਰ ਹੋਏ। 1950-53 ਦੌਰਾਨ ਕੋਰੀਆ 'ਤੇ ਹਮਲੇ ਦੌਰਾਨ ਅਮਰੀਕਾ ਨੇ ਜਿੰਨੇ ਬੰਬ 'ਤੇ ਤੋਪਾਂ ਦੇ ਗੋਲੇ ਵਰਾਏ। ਉਨੇ ਉਸ ਨੇ ਪੂਰੀ ਸੰਸਾਰ ਜੰਗ ਵਿੱਚ ਵੀ ਨਹੀਂ ਵਰਤੇ ਹੋਣਗੇ। ਅਮਰੀਕੀ ਹਵਾਈ ਫ਼ੌਜ ਦੇ ਜਨਰਲ ਕਰਟਿਸ ਲਮੇ ਨੇ ਦਾਅਵਾ ਕੀਤਾ ਸੀ ਕਿ ਅਮਰੀਕੀ ਜਹਾਜ਼ਾਂ ਨੇ ਬੰਬਾਰੀ ਕਰਕੇ ਉਤਰੀ ਕੋਰੀਆ ਦੇ ਹਰ ਛੋਟੇ-ਵੱਡੇ ਸ਼ਹਿਰ ਨੂੰ ਸਾੜ ਕੇ ਸੁਆਹ ਕਰ ਦਿੱਤਾ ਸੀ। 1965 ਤੋਂ 1975 ਦੌਰਾਨ ਵਿਅਤਨਾਮ ਲੋਕਾਂ ਦੇ ਮੁਕਤੀ ਯੁੱਧ ਨੂੰ ਕੁਚਲਣ ਦੀਆਂ ਕੋਸ਼ਿਸ਼ਾਂ ਸਮੇਂ ਅਮਰੀਕਾ ਨੇ ਵਿਅਤਨਾਮ ਤੇ ਗੁਆਂਢੀ ਦੇਸ਼ਾਂ-ਕੰਮ ਪੂਚੀਆ ਤੇ ਲਾਓਸ 'ਤੇ ਕੁਲ 70 ਲੱਖ ਟਨ ਬੰਬ ਸੁੱਟੇ ਸਨ। ਹਜ਼ਾਰਾਂ ਪਿੰਡ ਫ਼ੌਜ ਨੇ ਉਲਾੜ ਦਿੱਤੇ। 'ਮਈ ਲਾਰਡ ਕਤਲੇਆਮ' ਵਰਗੀ ਹੈ ਇਹ ਅਤਿਆਚਾਰੀ ਘਟਨਾ ਸੀ। ਵੀਅਤਨਾਮੀ ਮੁਕਤੀ ਜੰਗ ਦੇ ਇਹਨਾਂ ਦਸ ਵਰ੍ਹਿਆਂ ਦੌਰਾਨ ਲਗਭਗ 30 ਲੱਖ ਵਿਅਤਨਾਮੀ ਮਾਰੇ ਗਏ। ਕਿਊਬਾ (1962) - ਸੀ. ਆਈ. ਏ. ਨੇ ਕੁਝ ਕਿਊਬਿਆਈ ਅਪ੍ਰਵਾਸੀਆਂ ਨੂੰ ਟ੍ਰੇਨਿੰਗ ਤੇ ਹਥਿਆਰ ਦੇ ਕੇ ਭੰਨ ਤੋੜ ਤੇ ਬਗਾਵਤ ਉਕਸਾਉਣ ਲਈ ਕਿਊਬਾ ਭੇਜਿਆ। ਬੀਤੀ ਅੱਧੀ ਸਦੀ ਤੋਂ ਕਿਊਬਾ ਦੀ ਆਰਥਿਕ ਘੇਰਾਬੰਦੀ ਜਾਰੀ ਹੈ। ਸੀ. ਆਈ. ਏ. ਫਿਦੇਲ ਕਾਸਤਰੋ ਦੀ ਹੱਤਿਆ ਲਈ 100 ਤੋਂ ਵੀ ਵੱਧ ਕੋਸ਼ਿਸ਼ਾਂ ਕਰ ਚੁੱਕੀ ਹੈ। 1965 'ਚ ਡੋਮਿਨਕਨ ਗਣਰਾਜ 'ਚ 20,000 ਅਮਰੀਕੀ ਸਮੁੰਦਰੀ ਫ਼ੌਜੀਆਂ ਨੇ ਇਕ ਇਨਕਲਾਬੀ

ਬਗਾਵਤ ਨੂੰ ਕੁਚਲਣ ਲਈ ਹਮਲਾ ਕੀਤਾ ਜਿਸ ਵਿੱਚ 6000 ਤੋਂ 10,000 ਵਿਚਕਾਰ ਲੋਕ ਮਾਰੇ। ਇਹਨਾਂ 'ਚ ਬਹੁਤੇ ਗਰੀਬ ਤੇ ਮਜ਼ਦੂਰ ਬਸਤੀਆਂ ਦੇ ਲੋਕ ਸਨ ਜਿਹਨਾਂ ਨੂੰ ਸਮੂਹਕ ਕਬਰਾਂ 'ਚ ਦਫਨ ਕਰ ਦਿੱਤਾ ਗਿਆ। 1991 'ਚ ਅਪ੍ਰੇਸ਼ਨ ਡੇਜ਼ਰਟ ਸਟਾਰਮ ਦੇ ਨਾਂ ਹੇਠ ਇਰਾਕ ਤੇ ਪਹਿਲਾਂ ਅਮਰੀਕੀ ਹਮਲੇ ਦੌਰਾਨ ਲੱਖਾਂ ਲੋਕ ਮਾਰੇ ਗਏ ਜਾਂ ਜਖ਼ਮੀ ਹੋਏ। ਜਿਹਨਾਂ ਨੂੰ ਪਿੱਛੋਂ ("ਹਾਈਵੇ ਆਫ ਡੈਥ" ਦੇ ਨਾਂ ਹੇਠ ਜਾਣਿਆ ਗਿਆ) 48 ਘੰਟਿਆਂ ਦੇ ਅੰਦਰ ਹੀ 25000 ਸ਼ਹਿਰੀ ਤੇ ਫ਼ੌਜੀ ਮਾਰੇ ਗਏ। 1993 'ਚ ਸੋਮਾਲੀਆ 'ਚ ਅਮਰੀਕੀ ਫ਼ੌਜ ਦੇ ਇਕ ਹੈਲੀਕਾਪਟਰ ਨੇ ਇਕ ਭੀੜ 'ਤੇ ਮਿਜ਼ਾਇਲ ਰਾਹੀਂ 100 ਨਿਹੱਥੇ ਲੋਕ ਮਾਰ ਦਿੱਤੇ। ਇਰਾਨੀ ਯਾਤਰੀ ਜਹਾਜ ਨੂੰ ਮਾਰ 1988 'ਚ ਮਾਰ ਡੇਗਿਆ ਜਿਸ 'ਚ ਸਵਾਰ ਕੁਲ 290 ਮੁਸਾਫਿਰ (66 ਬੱਚਿਆ ਸਮੇਤ) ਮਰ ਗਏ। ਅਮਰੀਕਾ ਨੇ ਇਸ ਘਟਨਾ ਉਪਰ ਕੋਈ ਅਫਸੋਸ ਜਾਹਿਰ ਨਹੀਂ ਕੀਤਾ। ਉਸ ਵੇਲੇ ਦੇ ਰਾਸ਼ਟਰਪਤੀ ਐਚ ਡਬਲਯੂ ਬੁਸ਼ ਨੇ ਕਿਹਾ "ਅਮਰੀਕਾ ਦੀ ਤਰਫੋਂ ਮੈਂ ਕਦੀ ਮੁਆਫੀ ਨਹੀਂ ਮੰਗਣੀ, ਸੱਚ ਜੋ ਵੀ ਹੋਵੇ ਮੈਂ ਉਸ ਦੀ ਪ੍ਰਵਾਹ ਨਹੀਂ ਕਰਦਾ।"

ਅਫਗਾਨਿਸਤਾਨ 2001 ਤੋਂ ਲੈ ਕੇ ਹੁਣ ਤੱਕ ਮਾਰੂ - (ਹਤਿਆਰੇ) ਰਸਾਇਣਕ ਹਥਿਆਰ ਰੱਖਣ (ਜੋ ਕਦੀ ਨਹੀਂ ਮਿਲੇ) ਅਤੇ ਅਲਕਾਇਦਾ ਨਾਲ ਮਿਲੀ-ਭੁਗਤ (ਜੋ ਕਦੀ ਸਾਬਤ ਨਹੀਂ ਹੋਈ) ਦਾ ਦੋਸ਼ ਲਾਕੇ ਅਮਰੀਕਾ ਨੇ ਇਰਾਕ 'ਤੇ ਕਬਜਾ ਜਮਾਇਆ। ਇਸ ਦੂਜੇ ਇਰਾਕੀ ਯੁੱਧ ਤੇ ਅਮਰੀਕੀ ਕਬਜੇ ਦੌਰਾਨ ਇਕ ਲੱਖ ਇਰਾਕੀ ਨਾਗਰਿਕ ਮਾਰੇ ਜਾਂ ਚੁੱਕੇ ਹਨ ਅਤੇ 40 ਲੱਖ ਆਪਣੇ ਘਰਾਂ ਤੋਂ ਉਜੜਣ ਲਈ ਮਜ਼ਬੂਰ ਹੋਏ ਹਨ। 2004 'ਚ ਹੈਤੀ ਆਪਣੇ ਘਰਾਂ ਤੋਂ ਉਜੜਣ ਲਈ ਮਜ਼ਬੂਰ ਹੋਏ ਹਨ। 2004 'ਚ ਹੈਤੀ 'ਚ ਦੀ ਫਰਵਰੀ ਨੂੰ ਅਮਰੀਕੀ ਫ਼ੌਜ ਨੇ ਹੈਤੀ ਦੇ ਰਾਸ਼ਟਰਪਤੀ ਅਰਿਸਟਾਈਡ ਨੂੰ ਅਗਵਾਹ ਕਰ ਲਿਆ ਤੇ ਉਸ ਨੂੰ ਜਬਰਦਸਤੀ ਇਕ ਜਹਾਜ 'ਚ ਬਿਠਾ ਕੇ ਮੱਧ ਅਮਰੀਕੀ ਗਣਰਾਜ ਭੇਜ ਦਿੱਤਾ। ਕਈ ਦਿਨਾਂ ਤੱਕ ਅਮਰੀਕੀ ਸਮੁੰਦਰੀ ਫ਼ੌਜੀ ਰਾਜਧਾਨੀ 'ਤੇ ਕਬਜਾ ਕਰਕੇ ਬੈਠੇ ਰਹੇ।

ਤਸੀਹਾ ਚੈਬਰ - ਅਬੂ ਗਰੇਬ (ਇਰਾਕ) ਗੁਆਤਨਾਮੋ (ਕਿਊਬਾ) ਅਤੇ ਬਗਰਾਮ (ਅਫਗਾਨਿਸਤਾਨ) ਨੇ ਅਮਰੀਕੀ ਤਸੀਹਾ ਕੇਂਦਰਾਂ 'ਚ ਦੁਨੀਆਂ ਭਰ ਦੇ ਲੋਕਾਂ ਨੂੰ ਕੈਦ ਕਰਕੇ ਲਿਆਂਦਾ ਜਾਂਦਾ ਹੈ ਅਤੇ ਕਈ ਕਿਸਮ ਦੇ ਤਸੀਹੇ ਦਿੱਤੇ ਜਾਂਦੇ ਹਨ ਅਤੇ ਬਿਨਾਂ ਕੋਈ ਮੁਕੱਦਮਾ ਚਲਾਏ ਮਾਰ ਦਿੱਤਾ ਜਾਂਦਾ ਹੈ। ਅਜਿਹੇ ਕਈ ਤਸੀਹਾ ਕੇਂਦਰ ਮੱਧਪੂਰਬ ਵਿਚ ਵੀ ਹਨ ਅਤੇ ਯੂਰਪ 'ਚ ਅਮਰੀਕਾ ਦੇ ਕਈ ਗੁਪਤ ਜੇਹਲਖਾਨੇ ਹਨ। 2009 ਤੋਂ ਲੈ ਕੇ ਹੁਣ ਤਕ ਡ੍ਰੋਨ ਨਾਂ ਦੇ ਮਨੁੱਖ ਰਹਿਤ ਜਹਾਜ਼ਾਂ ਨਾਲ ਦਹਿਸ਼ਤਗਰਦਾਂ ਦੇ ਸਫਾਏ ਦੇ ਨਾਂ ਹੇਠ ਕੀਤੇ ਜਾਂਦੇ ਹਮਲਿਆਂ 'ਚ ਪਾਕਿਸਤਾਨ, ਅਫਗਾਨਿਸਤਾਨ ਤੇ ਯਮਨ 'ਚ ਹਜ਼ਾਰਾਂ ਨਿਰਦੋਸ਼ ਸ਼ਹਿਰੀ ਮਾਰੇ ਜਾ ਚੁੱਕੇ ਹਨ ਅਤੇ ਬਸਤੀਆਂ ਦੀ ਭਾਰੀ ਤਬਾਹੀ ਹੋਈ ਹੈ। ਅਮਰੀਕਾ ਦੇ ਚੋਣਵੇਂ ਹਮਲਿਆਂ, ਜੰਗੀ-ਜੁਰਮਾ ਤੇ ਦਹਿਸ਼ਤਗਰਦੀ ਕੁਕਰਮਾਂ ਦੀ ਇਕ ਮੂੰਹ ਬੋਲਦੀ ਸੂਚੀ ਹੈ। ਜਿਸ 'ਚ **ਅਸਨਟਾਈਨਾ 1890 ਚੀਲੀ 1891 ਹੈਤੀ 1891- ਹਵਾਈ 1893 - ਬਲਿਊਫੀਲਡ ਨਿਕਾਰਾਗੂਹਾ - 1894 ਅਤੇ 1899 ਚੀਨੀ 1894-95 ਕੋਰੀਆਂ 1894-96, ਕੋਰਿੰਟੋ ਨਿਕਾਰਾ ਗੂਆ - 1896, ਚੀਨ 1898-1900 ਫਿਲਫੀਅਨਸ 1898-1910, ਕਿਊਬਾ ਤੇ ਯੂਟਰੋਰਿਕੋ**

**1898-1902, ਸਾਨੇਯੁਆਨ ਦੇਲ ਸੁਰ-ਨਿਕਾਂਰਾਗੂਆ 1898, ਸਮੋਆ 1899, ਪਨਾਮਾਂ 1901-14, ਪਨਾਮਾ ਕਨਾਲ ਜੋਨ-1914, ਹੈਂਡਰੂਮਸ 1903, ਡੋਮਿਨਿਕਨ-ਰੀਪਬਲਿਕ 1903-04, ਕੋਰੀਆ 1904-05, ਕਿਊਬਾ-1906-09, ਨਿਕਾਗੁਰਮਾ 1907, ਹੈਂਡੂਰਾਸ 1907, ਪਨਾਮਾ 1908, ਨਿਕਾਰਾਗੁਆ 1910, ਕਿਊਬਾ 1912, ਪਨਾਮਾ 191, ਹੈਂਡਰਾਸ 1912, ਨਿਕਾਰਾਗੁਆ 1912, ਵੇਮੈਕਸਿਕੋ (ਹੇਰਾਕੂਜ਼) 1914, ਡੋਂਮਿਨਿਕਲਾਵ ਰੀਪ ਬਲਕਿਕ 1914, ਮੈਕਸੀਕ 1914-18, ਹੈਤੀ 1914-34; ਡੇਮਿਨਿਕਨ ਰੀਪਬਲਕਿਕ 1916-24, ਕਿਊਬਾ 1917 ਸੋਵੀਅਤ ਸੰਘ 1918, ਪਨਾਮਾ 1918, ਹੈਡੂਰਾਸ 1919, ਗੁਆਟਮਾਲਾ 1920, ਤੁਰਕੀ 1922, ਚੀਨ 1922, ਹੈਂਡਰੂਸ 1924 ਪਨਾਮਾ 1925, ਅਲ-ਸਲਵਾਡੋਰ 1932, ਕੋਰੀਆ 1950-53; ਪਿਊਟ੍ਰੋਰਿਕੋ 1950, ਗਵਾਲੇਮਾਲਾ 1954, ਮਿਸ਼ਰ 1956, ਲੇਬਨਾਨ 1958, ਪਨਾਮਾ 1958, ਕਿਊਬਾ 1962, ਡੇਮਿਨਿਕਨ ਰੀਪ ਬਲਿਕ 1965, ਵੀਅਤਨਾਮ 1965-75 ਗਵਾਟਮਾਲਾ 1967, ਓਮਾਨਾ 1970, ਈਰਾਨ 1980, ਅਲ ਸਲਵਾਡੋਰ 1981, ਨਿਕਾਰਗੁਆ 1981, ਗ੍ਰੇਨਾਡਾ 1982, ਲੇਬਨਾਨ 1982, ਹੈਂਡੂਰਾਸ 1983, ਬੋਲੀਵਿਆ 1986, ਪਨਾਮਾ 1989, ਇਰਾਕ 1991, ਯੂਗੋਸਲਾਵੀਆ 1992, ਸੋਮਾਲੀਆ 1993, ਹੈਤੀ 1994, ਲਾਇਬੇਰਿਆ 1996, ਸੁਡਾਨ 1998, ਅਫਗਾਨਿਸਤਾਨ 1998 ਤੋਂ ਹੁਣ ਤੱਕ ਇਰਾਕ 2003 ਤੋਂ ਹੁਣ ਤੱਕ.....।**

ਅਮਰੀਕੀ ਕੰਪਨੀਆਂ ਪੂਰੀ ਦੁਨੀਆਂ ਦੀਆਂ ਧਨ ਦੌਲਤਾਂ, ਕੁਦਰਤੀ ਸਾਧਨਾ ਨੂੰ ਤੇ ਆਮ ਮੇਹਨਤਕਸ਼ ਲੋਕਾਂ ਨੂੰ ਲੁੱਟ ਰਹੀਆਂ ਤੇ ਤਬਾਹ ਕਰ ਰਹੀਆਂ ਹਨ। ਭੂਪਾਲ ਗੈਸ ਤਰਾਸਦੀ ਦੇ ਕਤਲੇਆਮ ਨੂੰ ਪੂੰਜੀਵਾਦ ਦੇ ਸਰਾਪ ਵਜੋਂ ਇਤਿਹਾਸ 'ਚ ਯਾਦ ਰੱਖਿਆ ਜਾਵੇਗਾ। ਐਗਰੀ ਬਿਜਨਸ ਦੇ ਨਾਂ ਹੇਠ ਤੀਜੀ ਦੁਨੀਆਂ ਦੇ ਦੇਸ਼ਾਂ 'ਚ ਸਲਾਨਾ ਕਰੋੜਾਂ ਦੀ ਅਬਾਦੀ ਉਜੜ ਰਹੀ ਹੈ। ਲੋਕਾਂ ਨੂੰ ਪੇਟ ਭਰ ਰੋਟੀ ਵੀ ਨਹੀਂ ਮਿਲ ਰਹੀ ਹੈ। ਦੂਜੇ ਪਾਸੇ ਅਮਰੀਕੀ ਖੁਸ਼ਹਾਲ ਲੋਕ ਆਪਣੇ ਐਸ਼ੋ-ਅਰਾਮ 'ਤੇ ਜਿੰਨਾ ਖਰਚ ਕਰਦੇ ਹਨ। ਉਸ ਦਾ ਪੂਰੀ ਦੁਨੀਆਂ 'ਚ ਕੋਈ ਸਾਨੀ ਨਹੀਂ ਹੈ। ਜ਼ਾਹਿਰ ਹੈ ਕਿ ਸਿਰਫ਼ ਅਮਰੀਕਾ ਹੀ ਨਹੀਂ ਸਭ ਸਾਮਰਾਜੀ ਦੇਸ਼ ਮਨੁੱਖਤਾ ਦੇ ਦੁਸ਼ਮਣ ਅਤੇ ਅਪਰਾਧੀ ਹਨ।

ਸਾਮਰਾਜਵਾਦ ਦਾ ਮਤਲਬ ਹੈ ਦਿਊ ਕਦ ਅਜ਼ਾਰੇਦਾਰ ਸਰਮਾਏਦਾਰ ਘਰਾਣਿਆਂ ਤੇ ਵਿੱਤੀ ਸੰਸਥਾਵਾਂ ਰਾਹੀਂ ਪੂਰੀ ਦੁਨੀਆਂ ਦੇ ਅਰਥ-ਚਾਰਿਆਂ ਤੇ ਰਾਜਸੀ ਪ੍ਰਬੰਧਾਂ ਤੇ ਸਮੁੱਚੀ ਜਨਤਾ ਦੇ ਜੀਵਨ ਨੂੰ ਕੰਟਰੋਲ ਕਰਨਾ। ਸਾਮਰਾਜ ਦਾ ਮਤਲਬ ਉਹਨਾਂ ਪ੍ਰਜੀਵੀ ਹਾਕਮਾਂ ਤੋਂ ਹੈ, ਜੋ ਦੁਨੀਆਂ ਦੇ ਅਰਬਾਂ ਆਮ ਲੋਕਾਂ ਨੂੰ ਨਿਚੋੜਕੇ ਪੂੰਜੀ-ਇਕੱਠੀ ਕਰਦੇ ਹਨ। ਇਸ ਦਾ ਮਤਲਬ ਉਹਨਾਂ ਪ੍ਰਜੀਵੀ ਵਿਤੀ ਲੁਟੇਰਿਆਂ ਤੋਂ ਹੈ ਜੋ ਕੰਪਿਊਟਰ ਦੇ ਕੀ-ਬੋਰਡ ਦੇ ਕੁੱਝ ਬਟਨ ਦੱਬਕੇ ਧਨ ਦੀ ਬੇਅੰਤ ਰਾਸ਼ੀ ਨੂੰ ਇਕ ਤੋਂ ਦੂਜੀ ਥਾਂ ਤਬਦੀਲ ਕਰ ਲੈਂਦੇ ਹਨ ਅਤੇ ਲੱਖਾਂ ਲੋਕਾਂ ਨੂੰ ਸੜਕਾਂ 'ਤੇ ਧੱਕੇ ਖਾਣ ਲਈ ਮਜ਼ਬੂਰ ਕਰ ਦਿੰਦੇ ਹਨ। ਸਾਮਰਾਜ ਦਾ ਮਤਲਬ ਹੈ ਯੁੱਧ ਤੋਂ ਪੀੜਤ ਲੋਕਾਂ ਦੇ ਵਿਰੋਧ ਨੂੰ ਕੁਚਲਣ ਲਈ ਯੁੱਧ ਤੇ ਮੁਕਾਬਲੇ ਦੇ ਸਾਮਰਾਜੀ ਦੇਸ਼ ਵਿਚਕਾਰ ਜੰਗ। ਇਹਨਾਂ ਦੇਸ਼ਾਂ ਦੇ ਹਾਕਮ ਕੰਪਿਊਟਰ ਦਾ ਇਕ ਬਟਨ ਦਬ ਕੇ ਮਨੁੱਖਤਾ ਨੂੰ ਬੇਹਿਸਾਬ ਤਬਾਹੀ-ਬਰਬਾਦੀ ਦੇ ਕੰਢੇ 'ਤੇ ਧੱਕ ਦੇਣ ਦੀ ਸਮਰੱਥਾ ਰੱਖਦੇ ਹਨ। ਅਮਰੀਕਾ ਸੰਸਾਰ

ਦਾ ਸਭ ਤੋਂ ਵੱਡਾ ਸਾਮਰਾਜੀ ਹੈ ਤੇ ਸੰਸਾਰ ਪੂੰਜੀਵਾਦ ਦਾ ਚੌਧਰੀ ਹੈ। ਅਮਰੀਕੀ ਹਾਕਮ ਜਮਾਤ ਅਮਰੀਕੀ ਜਮਹੂਰੀਅਤ ਦੇ ਗੁਣ ਗਾਉਂਦੀ ਰਹਿੰਦੀ ਹੈ ਪਰ ਅਸਲ 'ਚ ਇਹ ਅਜਿਹਾ ਪੂੰਜੀਵਾਦ ਹੈ ਜੋ ਨਾ ਸਿਰਫ਼ ਪੂਰੀ ਦੁਨੀਆਂ ਲਈ ਬਲਕਿ ਥੋੜੇ ਜਿਹੇ ਅਮੀਰਾਂ ਨੂੰ ਛੱਡ ਕੇ ਬਹੁ-ਗਿਣਤੀ ਆਮ ਅਮਰੀਕੀਆਂ ਲਈ ਵੀ ਇਕ ਅਪਰਾਧੀ, ਜਾਲਮ ਖੂਨ ਪ੍ਰਬੰਦ ਹੈ। ਖੁਸ਼ਹਾਲ ਮੱਧਵਰਗ ਦੀ ਅਬਾਦੀ ਭਾਰਤ 'ਚ ਪਿਛਲੇ ਨਵ-ਉਦਾਰਵਾਦ ਦੇ ਦੋ ਦਹਾਕਿਆਂ ਦੌਰਾਨ ਵਧੀ ਫੁਲੀ ਹੈ। ਜਿਸ ਦੀਆਂ ਨਜ਼ਰਾਂ 'ਚ ਅਮਰੀਕਾ 'ਸਵੱਰਗ' ਹੈ।

ਦੇਸ਼ ਦੀ 121 ਕਰੋੜ ਅਬਾਦੀ 'ਚੋਂ ਮੁਸ਼ਕਲ ਸਾਰੇ 12-14 ਕਰੋੜ ਲੋਕਾਂ ਦੀ ਇਹ ਅਬਾਦੀ ਹੈ। ਜਿਸ ਲਈ ਸਾਰੇ ਸ਼ਾਪਿੰਗ ਮਾਲ, ਮਲਟੀਪਲੈਕਸ-ਅਪਾਰਟਮੈਂਟਸ-ਫਾਰਮ ਹਾਊਸ-ਪੰਜ ਤਾਰਾ ਹੋਟਲ, ਕਲੱਬ, ਅਰਾਮ ਘਰ, ਤਰ੍ਹਾਂ ਤਰ੍ਹਾਂ ਦੀਆਂ ਕਾਰਾਂ ਬਾਈਕ, ਏਸੀ, ਫਰਿਜ, ਹਵਾਈ ਸੈਰਾਂ ਆਦਿ ਸਭ ਕੁਝ ਹੈ। 20 ਰੁਪਏ ਦਿਹਾੜੀ ਤੋਂ ਹੇਠਾਂ ਵਾਲੀ ਅਬਾਦੀ 77.5 ਫੀਸਦੀ ਕੁਪੋਸ਼ਣ ਦਾ ਸ਼ਿਕਾਰ ਹੈ। ਜੋ 40 ਕਰੋੜ ਲੋਕਾਂ ਤੇ ਕਰੋੜ ਬੇ-ਘਰਿਆਂ ਦੇ ਨਰਕੀ ਜੀਵਨ ਦੇ ਸਾਗਰ 'ਚ ਇਹ ਉਚ ਮੱਧ ਵਰਗ ਦੇ ਲੋਕ ਐਸ਼ ਅਰਾਮ ਤੇ ਖਾਣ-ਪੀਣ ਦੇ ਟਾਪੂਆਂ 'ਤੇ ਰਹਿੰਦੇ ਹਨ। ਇਹਨਾਂ ਦਾ ਉਪਰਲਾ ਹਿੱਸਾ ਤਾਂ ਯੂਰਪ ਤੇ ਅਮਰੀਕਾ ਦੇ ਧਨੀ ਲੋਕਾਂ ਦੇ ਪੱਧਰ ਦਾ ਜੀਵਨ ਜਿਉਂਦਾ ਹੈ। ਇਹ ਉਹ ਲੋਕ ਹਨ ਜੋ ਅਮਰੀਕੀ ਜਮਹੂਰੀਅਤ ਦੇ ਗੁਣ ਗਾਉਂਦੇ ਹਨ। ਉਸ ਦੇ ਕਿਰਦਾਰ ਤੇ ਅਪਰਾਧ 'ਤੇ ਪਰਦਾ ਵੀ ਪਾਉਂਦੇ ਹਨ। ਆਪਣੀਆਂ ਔਲਾਦਾਂ ਨੂੰ ਬਿਜਨਸ ਮੈਨੇਜਮੈਂਟ ਦਾ ਕੋਰਸ ਕਰਵਾ ਕੇ ਤੇ ਸਾਫਟ ਵੇਅਰ ਇੰਜਨੀਅਰ ਆਦਿ ਬਣਾ ਕੇ ਅਮਰੀਕਾ ਭੇਜਣ ਦੇ ਲਈ ਖਾਦੇ-ਪੀਂਦੇ ਔਸਤ ਮੱਧ ਵਰਗ ਦਾ ਆਦਮੀ ਵੀ ਸਭ ਕੁਝ ਕਰਨ ਲਈ ਤਿਆਰ ਹੁੰਦਾ ਹੈ। ਜੋ ਉਪਰ ਵਾਲੇ ਹਨ ਉਹਨਾਂ ਨੂੰ ਤਾਂ "ਸਵੱਰਗ" ਅਮਰੀਕਾ ਹੈ ਹੀ। ਉਹ ਤਾਂ ਭਾਰਤ 'ਚ ਅਮਰੀਕਾ ਵਾਲਾ ਜੀਵਨ ਜਿਉਂਦੇ ਹਨ। ਅਮਰੀਕਾ ਦੇ ਪ੍ਰਸੰਸ਼ਕ ਬੁੱਧੀਜੀਵੀ ਇਸ ਇਤਿਹਾਸ ਅਪਰਾਧ ਦੇ ਬੌਧਿਕ ਏਜੰਟ ਹਨ। (ਅੰਕੜੇ ਰਿਵੋਲੂਸ਼ਨਰੀ ਵਰਕਰ 'ਚ ਪ੍ਰਕਾਸ਼ਨਾ 'ਤੇ ਅਧਾਰਤ ਹਨ)।

✪✪✪